Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
IN MORGAN HILL, GILROY,& HOLLISTER
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING THE ENTIRE SOUTHBAY FROM SAN JOSE TO SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 25, Issue 13; March 30, 2024
20451 N. Plum Grove Rd., Palatine, IL 60074
Ph:847-359-0746, Fax:847-705-9388


## ਪੰਜਾਬ: ਚਾਰ ਧਿਰੀ ਮੁਕਾਬਲੇ ਲਈ ਪਿੜ ਬੱਝਿਆ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਮੈਦਾਨ ਭਖਿਆ ਹੋਇਆ ਹੈ। ਸੂਬੇ ਦੀਆਂ 13 ਲੋਕ ਸਭਾ ਸੀਟਾਂ ਲਈ ਸੱਤ ਗੇੜਾਂ ਦੀਆਂ ਚੋਣਾਂ ਦੇ ਆਖਰੀ ਪੜਾਅ ਵਿਚ ਪਹਿਲੀ ਜੂਨ ਨੂੰ ਵੋਟਾਂ ਪੈਣਗੀਆਂ। ਲੋਕ ਸਭਾ ਚੋਣਾਂ ਦੇ ਪਿਛਲੇ ਕਈ ਦਹਾਕਿਆਂ ਦੇ ਇਤਿਹਾਸ ਵਿਚ ਇਨ੍ਹਾਂ ਚੋਣਾਂ ਵਿਚ ਪਹਿਲੀ ਵਾਰ ਪ੍ਰਮੁੱਖ ਚਾਰ ਸਿਆਸੀ ਧਿਰਾਂ- ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ (ਆਪ) ਅਤੇ ਭਾਜਪਾ ਆਹਮੋ-ਸਾਹਮਣੇ ਹਨ। 'ਇੰਡੀਆ ਗੱਠਜੋੜ' ਦਾ ਹਿੱਸਾ 'ਆਪ' ਅਤੇ ਕਾਂਗਰਸ ਪਹਿਲਾਂ ਹੀ ਪੰਜਾਬ ਵਿਚ ਭਾਈਵਾਲੀ ਦੀ ਥਾਂ ਵੱਖ-ਵੱਖ ਚੋਣਾਂ ਲੜ ਰਹੇ ਹਨ, ਹੁਣ ਅਕਾਲੀ ਦਲ ਬਾਦਲ ਅਤੇ ਭਾਜਪਾ ਦੇ ਗੱਠਜੋੜ ਬਾਰੇ ਲਾਈਆਂ ਜਾ ਰਹੀਆਂ ਕਿਆਸਰਾਈਆਂ ਦਾ ਵੀ ਅੰਤ ਹੋ ਗਿਆ ਹੈ। ਦੋਵਾਂ ਧਿਰਾਂ ਨੇ ਗੱਠਜੋੜ ਦੀ ਥਾਂ ਆਪਣੇ ਪੱਧਰ ਉਤੇ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ।

ਅਕਾਲੀ ਦਲ ਇਸ ਨੂੰ ਪੰਜਾਬ ਦੇ ਹਿੱਤਾਂ ਲਈ ਲਿਆ ਫੈਸਲਾ ਦੱਸ ਰਿਹਾ ਹੈ ਪਰ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਵਾਰ 'ਪੰਥਕ ਧਿਰ' ਨੂੰ ਭਗਵਾ ਪਾਰਟੀ ਨਾਲ ਭਾਈਵਾਲੀ ਘਾਟੇ ਦਾ ਸੌਦਾ ਲੱਗ ਰਹੀ ਸੀ। ਇਸ ਦਾ ਦੂਜਾ ਕਾਰਨ ਟਿਕਟਾਂ ਦੀ ਵੰਡ ਵੀ ਦੱਸਿਆ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਬਾਰੇ ਦਿੱਤੇ ਤਾਜ਼ਾ ਬਿਆਨ ਤੋਂ ਕਿਆਸ ਲਾਏ ਜਾ ਰਹੇ ਹਨ ਕਿ ਭਗਵਾ ਧਿਰ ਅਕਾਲੀ ਦਲ ਨਾਲ ਭਾਈਵਾਲੀ ਲਈ ਤਿਆਰ ਸੀ ਪਰ ਕਿਸਾਨ ਜਥੇਬੰਦੀਆਂ ਵੱਲੋਂ ਚੋਣਾਂ ਵਿਚ ਭਾਜਪਾ ਅਤੇ ਇਸ ਦੀਆਂ ਭਾਈਵਾਲਾਂ ਦਾ ਵਿਰੋਧ ਕਰਨ ਦੇ ਐਲਾਨ ਤੋਂ ਬਾਅਦ ਅਕਾਲੀ ਦਲ ਸੋਚਾਂ ਵਿਚ ਪਿਆ ਹੋਇਆ ਸੀ।



### ਅਕਾਲੀ-ਭਾਜਪਾ ਗੱਠਜੋੜ ਤੋੜਨਾ ਡਰਾਮਾ ਕਰਾਰ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਵੇਂ ਭਾਜਪਾ ਤੇ ਅਕਾਲੀ ਦਲ ਵੱਲੋਂ ਗੱਠਜੋੜ ਦੀ ਗੱਲਬਾਤ ਨੂੰ ਜਨਤਕ ਤੌਰ 'ਤੇ ਖਤਮ ਕਰਨ ਦਾ ਐਲਾਨ ਕੀਤਾ ਗਿਆ ਹੈ ਪਰ ਮੈਨੂੰ ਭਰੋਸਾ ਹੈ ਕਿ ਦੋਵੇਂ ਸੰਸਥਾਵਾਂ ਇਕ ਦੂਜੇ ਦਾ ਸਹਿਯੋਗ ਕਰ ਰਹੀਆਂ ਹਨ। ਰਾਸ਼ਟਰਪਤੀ ਦੀ ਵੋਟ ਤੋਂ ਲੈ ਕੇ ਸੀ.ਏ.ਏ. ਬਿੱਲ ਦੇ ਪਾਸ ਹੋਣ ਤੱਕ, ਅਕਾਲੀ ਦਲ ਨੇ ਲਗਾਤਾਰ ਆਪਣੇ ਆਪ ਨੂੰ ਭਾਜਪਾ ਨਾਲ ਜੋੜਿਆ ਹੈ। ਅਕਾਲੀ-ਭਾਜਪਾ ਗਠਜੋੜ ਤੋੜਨਾ ਮਹਿਜ਼ ਡਰਾਮਾ ਹੈ।

ਇਹ ਵੀ ਚਰਚਾ ਸੀ ਕਿ ਅਕਾਲੀ-ਭਾਜਪਾ ਗੱਠਜੋੜ ਹੋਣ ਦੀ ਸੂਰਤ ਵਿਚ ਭਾਜਪਾ ਵੱਲੋਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਤੋਂ ਇਲਾਵਾ ਲੁਧਿਆਣਾ ਤੇ ਪਟਿਆਲਾ ਦੀ ਸੀਟ 'ਤੇ ਵੀ ਆਪਣਾ ਦਾਅਵਾ ਜਤਾਇਆ ਜਾ ਰਿਹਾ ਸੀ। ਇਸ ਤੋਂ ਸਥਾਨਕ ਅਕਾਲੀ ਦਲ ਦੇ ਕਾਰਕੁਨ ਦੁਚਿੱਤੀ ਵਿਚ ਸਨ। ਪੰਜਾਬ ਵਿਚ ਇਕੱਲੇ ਚੋਣ ਲੜਨ ਦਾ ਐਲਾਨ ਭਾਜਪਾ ਨੇ ਕੀਤਾ ਹਾਲਾਂਕਿ

*(ਬਾਕੀ ਸਫਾ 6 'ਤੇ)*

## ਸਿੱਖਾਂ ਨੂੰ ਸ਼ਾਸਤਰ ਤੇ ਸ਼ਸਤਰ ਦੇ ਧਾਰਨੀ ਹੋਣ ਦੀ ਤਾਕੀਦ

**ਚੰਡੀਗੜ੍ਹ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਖ਼ਾਲਸਾ ਪੰਥ ਦੀ ਚੜ੍ਹਦੀਕਲਾ ਦੇ ਪ੍ਰਤੀਕ ਕੌਮੀ ਜੋੜ ਮੇਲਾ ਹੋਲਾ-ਮਹੱਲਾ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਦਿੰਦਿਆਂ ਹੋਲਾ-ਮਹੱਲਾ ਦੀ ਸਮੁੱਚੀ ਸਿੱਖ ਕੌਮ ਨੂੰ ਵਧਾਈ ਦਿੰਦਿਆਂ ਅੰਮ੍ਰਿਤਧਾਰੀ ਹੋ ਕੇ ਸ਼ਾਸਤਰ ਤੇ ਸ਼ਸਤਰ ਦੇ ਧਾਰਨੀ ਹੋਣ ਦੀ ਤਾਕੀਦ ਕੀਤੀ ਹੈ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਅੱਜ ਸਿੱਖਾਂ ਨੂੰ ਏਕਤਾ ਦੇ ਸੂਤਰ ਵਿਚ ਬੱਝਣ ਦੀ ਵੱਡੀ ਲੋੜ ਹੈ। ਜਦੋਂ ਤੱਕ ਸਿੱਖ ਭਾਈਚਾਰਕ ਤੌਰ ਉਤੇ ਇਤਫ਼ਾਕ ਕਾਇਮ ਨਹੀਂ ਕਰਦੇ, ਸਰਕਾਰਾਂ ਧੱਕਾ ਕਰਦੀਆਂ ਰਹਿਣਗੀਆਂ। ਉਨ੍ਹਾਂ ਆਖਿਆ ਕਿ ਅੱਜ ਪੰਜਾਬ ਦੇ ਕਿਸਾਨ ਆਪਣੇ ਹੱਕ ਲੈਣ ਲਈ ਸੜਕਾਂ ਉਤੇ ਰੁਲ ਰਹੇ ਹਨ ਪਰ ਜਦੋਂ ਸੱਤਾਧਾਰੀ ਵੋਟਾਂ ਮੰਗਣ ਆਉਣ ਤਾਂ ਆਮ ਲੋਕ ਉਨ੍ਹਾਂ ਦੀ ਜਵਾਬਦੇਹੀ ਜ਼ਰੂਰ ਕਰਨ। ਉਨ੍ਹਾਂ ਆਖਿਆ ਕਿ ਬੰਦੀ ਸਿੰਘ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ ਅਤੇ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਜੇਕਰ ਆਪਣੇ ਹੱਕਾਂ ਲਈ ਹਥਿਆਰ ਚੁੱਕਣ ਵਾਲੇ ਬੰਦੀ ਸਿੰਘ ਅਤਿਵਾਦੀ ਸਨ ਤਾਂ ਸਾਰਾ ਖ਼ਾਲਸਾ ਪੰਥ ਹੀ ਅਤਿਵਾਦੀ ਹੈ, ਕਿਉਂਕਿ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਖ਼ਾਲਸਾ ਪੰਥ ਨੂੰ ਗੁਰੂ ਸਾਹਿਬਾਨ ਨੇ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢ ਕੇ ਅੰਮ੍ਰਿਤਧਾਰੀ ਬਣਾਉਣ ਅਤੇ ਧਰਮ ਪ੍ਰਚਾਰ ਕਰਨ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਦਾ ਕੀ ਗੁਨਾਹ ਸੀ, ਜਿਨ੍ਹਾਂ ਨੂੰ ਸਰਕਾਰ ਨੇ ਪੰਜਾਬ ਤੋਂ ਸੈਂਕੜੇ ਕਿਲੋਮੀਟਰ ਦੂਰ ਡਿਬਰੂਗੜ੍ਹ ਦੀ ਜੇਲ੍ਹ ਵਿਚ ਐਨ.ਐਸ.ਏ. ਲਗਾ ਕੇ ਨਜ਼ਰਬੰਦ ਕੀਤਾ ਹੋਇਆ ਹੈ। ਜੇਕਰ ਧਰਮ ਪ੍ਰਚਾਰ ਕਰਨਾ ਗੁਨਾਹ ਹੈ ਤਾਂ ਇਹ ਗੁਨਾਹ ਹਰ ਸਿੱਖ ਕਰੇਗਾ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੇਂਦਰ ਸਰਕਾਰ 'ਤੇ ਸਿੱਖਾਂ ਨੂੰ ਧਾਰਮਿਕ, ਆਰਥਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਅਤੇ ਭੂਗੋਲਿਕ ਤੌਰ ਉਤੇ ਕਮਜ਼ੋਰ ਕਰਨ ਦੇ ਦੋਸ਼ ਲਾਉਂਦਿਆਂ ਆਖਿਆ ਹੈ ਕਿ ਪੰਜਾਬ ਦੇ ਲੋਕਾਂ ਕੋਲੋਂ ਖੇਤੀਬਾੜੀ ਵਰਗਾ ਸਵੈਮਾਣ ਵਾਲਾ ਕਿੱਤਾ ਖੋਹ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੇ ਮਾਰੂ ਹੀਲੇ ਵਰਤੇ ਜਾ ਰਹੇ ਹਨ। ਸਰਕਾਰ ਪੰਜਾਬ ਦੇ ਲੋਕਾਂ ਨੂੰ ਮੁਸੀਬਤ ਵਿਚੋਂ ਕੱਢਣ ਦੀ ਥਾਂ ਮੁਸੀਬਤਾਂ ਵਿਚ ਫਸਾ ਰਹੀ ਹੈ। ਇਸ ਲਈ ਪੰਜਾਬ ਵਾਸੀਆਂ ਨੂੰ ਅਜਿਹੀਆਂ ਚਾਲਾਂ ਤੋਂ ਸੁਚੇਤ ਹੋਣ ਦੀ ਲੋੜ ਹੈ।




Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City
WILLIAM E. WEISS Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloода Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS


Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵਲੋਂ 'ਅੰਤਰਰਾਸ਼ਟਰੀ ਔਰਤ ਦਿਵਸ' ਤੇ ਪੰਜਾਬੀ ਮਾਂ-ਬੋਲੀ ਬਾਰੇ ਚਰਚਾ

**ਬਰੈਂਪਟਨ:** ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵਲੋਂ ਲੰਘੀ 17 ਮਾਰਚ ਕਰਵਾਏ ਗਏ ਸਮਾਗ਼ਮ ਵਿਚ 'ਅੰਤਰਰਾਸ਼ਟਰੀ ਔਰਤ ਦਿਵਸ' ਅਤੇ ਪੰਜਾਬੀ ਮਾਂ-ਬੋਲੀ ਦੀ ਅਜੋਕੀ ਸਥਿਤੀ ਤੇ ਇਸ ਦੇ ਪਸਾਰ ਬਾਰੇ ਵਿਚਾਰ-ਚਰਚਾ ਹੋਈ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸੰਘਾ ਵਲੋਂ ਸਰੋਤਿਆਂ ਨੂੰ 'ਜੀ ਆਇਆਂ' ਕਹਿਣ ਤੋਂ ਬਾਅਦ ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਇਸ ਸੈਸ਼ਨ ਦੀ ਕਾਰਵਾਈ ਆਰੰਭੀ।





ਸੈਸ਼ਨ ਦੇ ਪਹਿਲੇ ਬੁਲਾਰੇ ਡਾ. ਸੁਰਿੰਦਰਜੀਤ ਕੌਰ ਨੇ ਅੰਤਰਰਾਸ਼ਟਰੀ ਔਰਤ ਦਿਵਸ ਦੇ ਇਤਿਹਾਸ ਨਾਲ ਸਬੰਧਤ ਜਰਮਨ ਦੀ ਇਸਤਰੀ ਲੀਡਰ ਕਲਾਰਾ ਜ਼ੈੱਟਕਿਨ ਜਿਸ ਨੂੰ 'ਜਰਮਨ ਕਮਿਊਨਿਜ਼ਮ ਦੀ ਦਾਦੀ' ਵੀ ਕਿਹਾ ਜਾਂਦਾ ਹੈ, ਬਾਰੇ ਦੱਸਿਆ। ਉਨ੍ਹਾਂ ਸਿੱਖ ਇਤਿਹਾਸ ਦੀ ਵੀਰਾਂਗਣਾ ਮਾਈ ਭਾਗੋ ਦੀ ਵੀ ਗੱਲ ਕੀਤੀ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰੀ ਦੇ ਫ਼ਲਸਫ਼ੇ ਨੂੰ ਅਮਲੀ ਰੂਪ ਦਿੰਦਿਆਂ ਹੌਸਲਾ ਢਾਹ ਚੁੱਕੇ ਆਪਣੇ ਪਤੀ ਮਹਾਂ ਸਿੰਘ ਤੇ ਉਸ ਦੇ ਸਾਥੀਆਂ ਦੀ ਸੁੱਤੀ ਅਣਖ ਨੂੰ ਜਗਾਉਂਦਿਆਂ ਉਨ੍ਹਾਂ ਦੀ ਅਗਵਾਈ ਕੀਤੀ ਸੀ।

ਡਾ. ਪਰਗਟ ਸਿੰਘ ਬੱਗਾ ਨੇ ਆਪਣੇ ਸੰਬੋਧਨ ਵਿਚ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਨਾਲ ਦੱਸਿਆ ਕਿ ਪੁਰਾਣੇ ਸਮੇਂ ਵਿਚ ਆਮ ਔਰਤਾਂ ਨੂੰ ਤਾਂ ਕੀ, ਰਾਜ-ਘਰਾਣਿਆਂ ਦੀਆਂ ਔਰਤਾਂ ਨੂੰ ਵੀ ਸਮਾਜਿਕ ਆਜ਼ਾਦੀ ਹਾਸਲ ਨਹੀਂ ਸੀ ਅਤੇ ਉਨ੍ਹਾਂ ਨੂੰ ਵੀ ਕਈ ਇਮਤਿਹਾਨਾਂ ਵਿਚੋਂ ਗੁਜ਼ਰਨਾ ਪਿਆ। ਇਸ ਵਿਸ਼ੇ 'ਤੇ ਕਰਨ ਅਜਾਇਬ ਸੰਘਾ ਤੇ ਹੋਰ ਬੁਲਾਰਿਆਂ ਨੇ ਵੀ ਵਿਚਾਰ ਪ੍ਰਗਟ ਕੀਤੇ। ਰਾਜਕੁਮਾਰ ਓਸ਼ੋਰਾਜ ਨੇ ਪੰਜਾਬੀ ਮਾਂ-ਬੋਲੀ ਦੀ ਅਜੋਕੀ ਸਥਿਤੀ ਅਤੇ ਇਸ ਦੇ ਪ੍ਰਚਾਰ ਤੇ ਪਸਾਰ ਬਾਰੇ ਕਿਹਾ ਕਿ ਦੁਨੀਆਂ-ਭਰ ਵਿਚ 15 ਕਰੋੜ ਲੋਕਾਂ ਵੱਲੋਂ ਬੋਲੀ ਜਾ ਰਹੀ ਪੰਜਾਬੀ ਨੂੰ ਇਸ ਸਮੇਂ ਕਈ ਹੋਰ ਸਥਾਨਕ ਭਾਸ਼ਾਵਾਂ ਵਾਂਗ ਜਿਊਂਦੇ ਰਹਿਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਜੇਕਰ ਚੜ੍ਹਦੇ ਪੰਜਾਬ ਵਿਚ ਇਸ ਨੂੰ ਅੰਗਰੇਜ਼ੀ ਅਤੇ ਹਿੰਦੀ ਤੋਂ ਖ਼ਤਰਾ ਮਹਿਸੂਸ ਹੋ ਰਿਹਾ ਹੈ ਤਾਂ ਲਹਿੰਦੇ ਪੰਜਾਬ ਵਿਚ ਅਰਬੀ, ਫ਼ਾਰਸੀ ਤੇ ਉਰਦੂ ਇਸ ਨੂੰ ਦੱਬੀ ਬੈਠੀਆਂ ਹਨ। ਵਿਦੇਸ਼ਾਂ ਵਿਚ ਵੱਸਣ ਵਾਲੇ ਪੰਜਾਬੀਆਂ ਦੀ ਤੀਸਰੀ ਪੀੜ੍ਹੀ ਪੰਜਾਬੀ ਮਾਂ-ਬੋਲੀ ਤੋਂ ਦੂਰ ਹੁੰਦੀ ਜਾ ਰਹੀ ਹੈ। ਉਨ੍ਹਾਂ ਮਾਪਿਆਂ ਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਬੋਲੀ ਨਾਲ ਜੋੜਨ 'ਤੇ ਜ਼ੋਰ ਦਿੱਤਾ।

ਡਾ. ਜਗਮੋਹਨ ਸਿੰਘ ਸੰਘਾ, ਇਕਬਾਲ ਬਰਾੜ ਤੇ ਕੁਲ ਦੀਪ, ਡਾ. ਨਬੀਲਾ ਰਹਿਮਾਨ ਅਤੇ ਦਿਆਲ ਸਿੰਘ, ਡਾ. ਰਜ਼ਾਕ ਸ਼ਾਹਿਦ ਦੇ ਸੱਦੇ 'ਤੇ ਫ਼ਰਵਰੀ ਮਹੀਨੇ ਲਹਿੰਦੇ ਪੰਜਾਬ ਦੀ ਯਾਤਰਾ 'ਤੇ ਗਏ ਸਨ, ਉਨ੍ਹਾਂ ਨੇ ਓਧਰਲੇ ਪੰਜਾਬ ਦੇ ਲੋਕਾਂ ਦੀ ਪ੍ਰਾਹੁਣਚਾਰੀ ਅਤੇ ਉਨ੍ਹਾਂ ਦੇ ਨਿੱਘੇ ਸੁਭਾਅ ਦੀ ਗੱਲ ਕੀਤੀ। ਉਨ੍ਹਾਂ ਆਪਣੀ ਲਘੂ ਫ਼ਿਲਮ 'ਡਰਾਈਡ ਐਪਰੀਕੌਟਸ' ਲਾਹੌਰ ਦੇ 'ਪਿਲਾਕ' (ਪੰਜਾਬ ਇੰਸਟੀਚਿਊਟ ਆਫ਼ ਲੈਂਗੂਏਜ ਐਂਡ ਕਲਚਰਲ) ਦੇ ਵਿਸ਼ਾਲ ਹਾਲ ਅਤੇ ਦਿਆਲ ਸਿੰਘ ਆਡੀਟੋਰੀਅਮ ਵਿਚ ਸੈਂਕੜੇ ਵਿਦਵਾਨਾਂ, ਫ਼ਿਲਮ ਲਾਈਨ ਨਾਲ ਜੁੜੀਆਂ ਮਹਾਨ ਸ਼ਖ਼ਸੀਅਤਾਂ ਅਤੇ ਵਿਦਿਆਰਥੀਆਂ ਦੀ ਭਰਵੀਂ ਹਾਜ਼ਰੀ ਵਿਚ ਰਿਲੀਜ਼ ਕਰਨ ਅਤੇ ਬਾਬਾ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ ਦੇ ਵਾਈਸ-ਚਾਂਸਲਰ ਡਾ. ਮੁਹੰਮਦ ਅਫਜ਼ਲ ਨਾਲ ਹੋਈ ਮੋਹ ਭਰੀ ਮੁਲਾਕਾਤ ਬਾਰੇ ਵੀ ਦੱਸਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਡਾ. ਜਗਮੋਹਨ ਸੰਘਾ, ਇਕਬਾਲ ਬਰਾੜ, ਰਾਜ ਕੁਮਾਰ ਓਸ਼ੋਰਾਜ ਅਤੇ ਕੁਲ ਦੀਪ ਆਹਲੂਵਾਲੀਆ ਸ਼ਾਮਲ ਸਨ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿਚ ਹੋਏ ਕਵੀ-ਦਰਬਾਰ ਦਾ ਸੰਚਾਲਨ ਕਵਿੱਤਰੀ ਡਾ. ਸੁਰਿੰਦਰਜੀਤ ਨੇ ਕੀਤਾ। ਇਸ ਦੌਰਾਨ ਕਰਨ ਅਜਾਇਬ ਸਿੰਘ ਸੰਘਾ, ਤਲਵਿੰਦਰ ਮੰਡ, ਮਲੂਕ ਸਿੰਘ ਕਾਹਲੋਂ, ਇਕਬਾਲ ਬਰਾੜ, ਡਾ. ਜਗਮੋਹਨ ਸੰਘਾ, ਹਰਮੇਸ਼ ਜੀਂਦੋਵਾਲ, ਜੱਸੀ ਭੁੱਲਰ, ਹਰਦਿਆਲ ਝੀਤਾ, ਰਾਸ਼ਿਦ ਨਦੀਮ, ਹਜ਼ਰਤ ਸ਼ਾਮ, ਡਾ. ਅਮਰਜੀਤ ਸਿੰਘ, ਡਾ. ਪਰਗਟ ਸਿੰਘ ਬੱਗਾ, ਹਰਜਿੰਦਰ ਸਿੰਘ ਭਸੀਨ, ਅੰਮ੍ਰਿਤ ਢਿੱਲੋਂ, ਮਕਸੂਦ ਚੌਧਰੀ, ਬਸ਼ੱਰਤ ਰਿਹਾਨ, ਪ੍ਰਕਾਸ਼ ਰਾਹੂ, ਰੂਬੀ ਕਰਤਾਰਪੁਰੀ, ਕੁਲਦੀਪ ਕੌਰ, ਸੁਰਿੰਦਰਜੀਤ ਕੌਰ, ਡਾ. ਹਰਦੀਪ ਕੌਰ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਕੌਰ ਗਿੱਲ, ਪਰਮਜੀਤ ਬਾਂਗਾ, ਰਮਿੰਦਰ ਵਾਲੀਆ ਅਤੇ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚੋਂ ਉਜ਼ਮਾ ਮਹਿਮੂਦ, ਕੁਲਵਿੰਦਰ ਕੰਵਲ, ਸ਼ਿੰਦਰਪਾਲ ਸਿਰਸਾ ਅਤੇ ਸੁਰਜੀਤ ਕੌਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅਖੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤ।

**-ਰਿਪੋਰਟ: ਡਾ. ਸੁਖਦੇਵ ਸਿੰਘ ਝੰਡ**

# ਪੰਜਾਬੀ ਸਾਹਿਤ ਸਭਾ ਵਲੋਂ ਕੌਮਾਂਤਰੀ ਮਹਿਲਾ ਦਿਵਸ 'ਤੇ ਸਾਹਿਤਕ ਇਕੱਤਰਤਾ

**ਨਵੀਂ ਦਿੱਲੀ:** ਪੰਜਾਬੀ ਸਾਹਿਤ ਸਭਾ ਨੇ ਆਪਣੀ ਸਾਹਿਤਕ ਇਕੱਤਰਤਾ ਪ੍ਰੋ. ਜਸਪਾਲ ਕੌਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ ਵਿਚ ਕਰਵਾਈ। ਕੈਨੇਡਾ ਤੋਂ ਆਈ ਨਾਮਵਰ ਕਵਿੱਤਰੀ, ਕਹਾਣੀਕਾਰ ਤੇ ਵਾਰਤਕਕਾਰ ਸੁਰਿੰਦਰ ਗੀਤ ਨੇ 'ਤਾਏ ਕੇ ਚੋਰ ਉਚੱਕੇ ਨਹੀਂ' ਨਾਂ ਦੀ ਕਹਾਣੀ ਪੜ੍ਹੀ ਜਿਸ ਵਿਚ ਕੈਨੇਡਾ ਦੇ ਮੂਲ ਨਿਵਾਸੀਆਂ ਉਤੇ ਰੰਗ-ਨਸਲ ਦੇ ਵਾਹਕਾਂ ਵੱਲੋਂ ਅਤਿਆਚਾਰਾਂ, ਅਣਮਨੁੱਖੀ ਵਰਤਾਰੇ ਤੇ ਦੋ ਮੁੱਖ ਪਾਤਰਾਂ ਦੀ ਮਨੋ-ਸਥਿਤੀ ਨੂੰ ਬਹੁਤ ਹੀ ਬਰੀਕਬੀਨੀ ਨਾਲ ਪੇਸ਼ ਕੀਤਾ ਗਿਆ ਸੀ। ਮੁੱਖ ਪਾਤਰ 'ਮੈਂ' ਦੀ ਵੇਦਨਾ-ਸੰਵੇਦਨਾ ਭਰੇ ਸੰਵਾਦਾਂ ਨੇ ਹਾਜ਼ਰ ਸਰੋਤਿਆਂ ਦੇ ਦਿਲਾਂ ਨੂੰ ਵਾਰ-ਵਾਰ ਟੁੰਬਿਆ ਤੇ ਭਾਵੁਕ ਹੋ ਗਏ। ਦੋ ਕਵਿਤਾਵਾਂ ਵੀ ਸੁਣਾਈਆਂ।



ਉਪਰੰਤ ਸੁਰਿੰਦਰ ਗੀਤ ਨੇ ਆਪਣੀ ਬਾਈ ਕੁ ਸਾਲ ਦੀ ਉਮਰ ਵਿਚ ਵਿਆਹ ਹੋ ਕੇ ਕੀਤੇ ਪਰਵਾਸ ਦੌਰਾਨ ਵੱਖ-ਵੱਖ ਇਮਾਰਤਾਂ ਵਿਚ ਫਰਸ਼ਾਂ ਦੀ ਸਫ਼ਾਈ, ਬਰਤਨਾਂ ਦੀ ਧੁਲਾਈ, ਸ਼ੀਸ਼ਾ ਫੈਕਟਰੀ ਵਿਚ ਹੱਥਾਂ ਉਤੇ ਕੱਟ-ਪੱਛ ਨਾਲ ਲਹੂ ਰਿਸਣ ਤੇ ਫਿਰ ਕੈਲਗਰੀ ਸਿਟੀ ਦੇ ਪੁਲਿਸ ਮਹਿਕਮੇ ਵਿਚ ਕੀਤੇ ਮਾਣਮੱਤੇ ਕਾਰਜਾਂ ਬਾਰੇ ਵਿਸਥਾਰ ਵਿਚ ਦੱਸਿਆ। ਡਾ. ਵਨੀਤਾ ਨੇ ਕੌਮਾਂਤਰੀ ਔਰਤ ਦਿਹਾੜੇ ਮੌਕੇ ਔਰਤ ਜਾਤੀ ਨਾਲ ਸੰਬੰਧਿਤ 'ਅਹੱਲਿਆ' ਨਾਂ ਦੀ ਲੰਮੀ ਕਵਿਤਾ ਸੁਣਾਈ ਜਿਸ ਦੀ ਸਰੋਤਿਆਂ ਨੇ ਵਡਿਆਈ ਕੀਤੀ। ਡਾ. ਅਮੀਆ ਕੁੰਵਰ ਨੇ 'ਤੂੰ ਹੀ ਤੂੰ', 'ਤੂੰ ਉਧੜਦਾ ਗਿਆ' ਕਵਿਤਾਵਾਂ ਸੁਣਾਈਆਂ, ਜਿਨ੍ਹਾਂ ਨੇ ਸਰੋਤਿਆਂ ਦੇ ਮਨਾਂ 'ਤੇ ਨਿਵੇਕਲੀ ਛਾਪ ਛੱਡੀ।

ਪ੍ਰੋ. ਜਸਪਾਲ ਕੌਰ ਨੇ ਇਸ ਇਕੱਤਰਤਾ ਵਿਚ ਤਿੰਨੋਂ ਲੇਖਕਾਵਾਂ ਦੇ ਅਕਾਦਮਿਕ ਯੋਗਦਾਨ ਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਮੁੱਲਵਾਨ ਟਿੱਪਣੀਆਂ ਕਰਦਿਆਂ ਆਖਿਆ ਕਿ ਸੁਰਿੰਦਰ ਗੀਤ ਦੀ ਕਵਿਤਾ ਹੋਵੇ ਜਾਂ ਕਹਾਣੀ; ਸਹਿਜਤਾ ਤੇ ਸੰਵੇਦਨਸ਼ੀਲਤਾ ਉਸ ਦੇ ਮੀਰੀ ਗੁਣ ਹਨ। ਉਨ੍ਹਾਂ ਕਿਹਾ ਕਿ ਵਨੀਤਾ ਸਮਰੱਥ ਕਵਿਤਰੀ ਹੈ ਤੇ ਉਸ ਵੱਲੋਂ ਪੜ੍ਹੀ ਕਵਿਤਾ ਵਿਚ ਮਿਥ ਜ਼ਰੀਏ ਵਿਅੰਗ ਭਾਵ ਦੀ ਸਿਰਜਣਾ ਪ੍ਰਤੱਖ ਦਿਸਦੀ ਹੈ। ਅੰਮੀਆ ਕੁੰਵਰ ਦੇ ਮਾਨਵੀ ਰਿਸ਼ਤਿਆਂ ਤੇ ਉਨ੍ਹਾਂ ਵਿਚ ਦਰਾਰਾਂ ਤੇ ਖਿੱਚੋਤਾਣਾਂ ਦਾ ਜ਼ਿਕਰ ਸੀ। ਪ੍ਰੋਗਰਾਮ ਦੇ ਸ਼ੁਰੂ ਵਿਚ ਪੰਜਾਬੀ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਮੰਚ ਉਤਲੇ ਚੌਹਾਂ ਸਾਹਿਤਕਾਰਾਂ ਨਾਲ ਸੰਖੇਪ ਜਾਣ-ਪਛਾਣ ਕਰਵਾਉਣ ਮਗਰੋਂ ਮੰਚ ਸੰਚਾਲਨ ਡਾ. ਜਸਪਾਲ ਕੌਰ ਹੁਰਾਂ ਨੂੰ ਕਰਨ ਦੀ ਗੁਜ਼ਾਰਿਸ਼ ਕੀਤੀ। ਇਕੱਤਰਤਾ ਵਿਚ ਸਭਾ ਦੇ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ, ਪੱਤਰਕਾਰ ਪ੍ਰਭਜੋਤ ਸਿੰਘ, ਐਮ. ਐਚ. ਗਰਚਾ, ਸਿਮਰਨਜੀਤ ਕੌਰ, ਗਾਇਕ ਸੁਰਿੰਦਰ ਸਾਗਰ, ਫਿਲਮਸਾਜ਼ ਤਰਸੇਮ ਸਿੰਘ, ਕੈਪਟਨ ਦੇਵ ਤੇ ਹੋਰ ਸਾਹਿਤਕਾਰ ਸ਼ਾਮਲ ਹੋਏ।

-ਬਲਬੀਰ ਮਾਧੋਪੁਰੀ

# ਮਹਿਲਾ ਦਿਵਸ ਨੂੰ ਸਮਰਪਿਤ ਮੀਟਿੰਗ ਵਿਚ ਸੀਨੀਅਰਜ਼ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ

**ਕੈਲਗਰੀ:** ਕੈਲਗਰੀ ਵਿਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ 16 ਮਾਰਚ ਨੂੰ ਜੈਨੇਸਜ਼ ਸੈਂਟਰ ਵਿਚ ਹੋਈ। ਸਭਾ ਦੇ ਕੋਆਰਡੀਨੇਟਰ ਗੁਰਚਰਨ ਥਿੰਦ ਨੇ ਸਭ ਨੂੰ ਜੀ ਆਇਆਂ ਆਖ ਮੀਟਿੰਗ ਦਾ ਆਗਾਜ਼ ਕੀਤਾ ਅਤੇ ਮਾਰਚ ਮਹੀਨੇ ਦੇ ਮਹੱਤਵਪੂਰਨ ਦਿਹਾੜੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ 1908 ਵਿਚ ਨਿਊਯਾਰਕ ਸ਼ਹਿਰ ਦੇ ਕੱਪੜੇ ਦੇ ਕਾਰਖਾਨੇ ਵਿਚ ਔਰਤਾਂ ਦੇ ਵੱਡੇ ਸਮੂਹ ਵਲੋਂ ਕੰਮ ਦੇ ਸਥਾਨ 'ਤੇ ਉਨ੍ਹਾਂ ਨਾਲ ਹੋਣ ਵਾਲੇ ਵਿਤਕਰਿਆਂ ਦੇ ਵਿਰੋਧ ਪ੍ਰਦਰਸ਼ਨ ਨਾਲ ਔਰਤਾਂ ਦੀ ਬਰਾਬਰੀ ਦੀ ਜੱਦੋ-ਜਹਿਦ ਸ਼ੁਰੂ ਹੋਈ, ਪ੍ਰੰਤੂ ਅੱਜ ਪੂਰੀ ਸਦੀ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਔਰਤਾਂ ਤੇ ਮਰਦਾਂ ਦੀ ਮਜ਼ਦੂਰੀ ਵਿਚਲਾ ਅੰਤਰ ਵਿਕਸਤ ਦੇਸ਼ਾਂ ਦੇ ਵੱਡੇ-ਛੋਟੇ ਅਦਾਰਿਆਂ ਵਿਚ ਮੌਜੂਦ ਹੈ।

1977 ਵਿਚ ਯੂ.ਐਨ.ਓ. ਵਲੋਂ 8 ਮਾਰਚ ਦਾ ਦਿਨ ਦੁਨੀਆਂ ਭਰ ਵਿਚ ਮਹਿਲਾ ਦਿਵਸ ਵਜੋਂ ਐਲਾਨਿਆ ਗਿਆ, ਜਿਸ ਤਹਿਤ ਲਿੰਗਕ ਬਰਾਬਰੀ, ਔਰਤਾਂ 'ਤੇ ਹੋਣ ਵਾਲੀ ਹਿੰਸਾ ਅਤੇ ਦੁਰਵਿਹਾਰ ਰੋਕਣਾ, ਔਰਤਾਂ ਦੇ ਰਿਪਰੋਡਕਟਿਵ (ਜਣਨ) ਅਧਿਕਾਰ, ਵੋਟ ਅਧਿਕਾਰ ਆਦਿ ਨੂੰ ਯਕੀਨੀ ਬਣਾਉਣ 'ਤੇ ਕੇਂਦਰਤ ਕੀਤਾ ਗਿਆ। ਸੋ ਅੱਧੀ ਸਦੀ ਬਾਅਦ ਵੀ, ਸਮੁੱਚੀ ਦੁਨੀਆਂ ਦੀਆਂ ਔਰਤਾਂ ਦੇ ਇਹ ਹੱਕ ਕਿੱਥੋਂ ਤੱਕ ਸੁਰੱਖਿਅਤ ਹਨ, ਇਨ੍ਹਾਂ ਦਾ ਮੁਲਾਂਕਣ ਕਰਨ ਦੀ ਲੋੜ ਹੈ। ਉਨ੍ਹਾਂ ਨੇ ਨੌਜੁਆਨਾਂ ਨੂੰ 'ਯੂਥ ਸਪੀਕਸ ਗਰੁੱਪ' ਰਾਹੀਂ ਸਭਾ ਨਾਲ ਜੋੜਨ ਅਤੇ ਨੌਜੁਆਨਾਂ ਦੀ ਗੱਲ ਉਨ੍ਹਾਂ ਦੀ ਜ਼ਬਾਨੀ ਕਮਿਊਨਿਟੀ ਨਾਲ ਸਾਂਝੀ ਕਰਨ ਲਈ ਸਭਾ ਦਾ ਪਲੈਟਫਾਰਮ ਉਪਲੱਬਧ ਕਰਵਾਉਣ ਬਾਰੇ ਦੱਸਿਆ।




ਉਪਰੰਤ ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਕਿਹਾ ਕਿ ਸਾਡੇ ਮਰਦ ਪ੍ਰਧਾਨ ਸਮਾਜ ਵਿਚ ਇਸ ਤੋਂ ਵੱਡਾ ਲਿੰਗਕ ਵਿਤਕਰਾ ਕੀ ਹੋ ਸਕਾਦਾ ਹੈ ਕਿ ਔਰਤ ਨੂੰ ਦਿੱਤੀਆਂ ਅਸੀਸਾਂ ਮਰਦਾਂ ਦੇ ਖਾਤੇ ਜਾਂਦੀਆਂ ਹਨ ਅਤੇ ਮਰਦਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਗਾਲ੍ਹਾਂ ਔਰਤ ਦੀ ਝੋਲੀ ਵਿਚ ਪੈਂਦੀਆਂ ਹਨ। ਕੁਲਦੀਪ ਘਟੌੜਾ ਨੇ ਔਰਤ ਨੂੰ ਆਪਣੀ ਅੰਦਰਲੀ ਸ਼ਕਤੀ ਪਹਿਚਾਨਣ ਦਾ ਸੱਦਾ ਦਿੱਤਾ। ਗੁਰਦੀਸ਼ ਗਰੇਵਾਲ ਨੇ ਔਰਤਾਂ ਨਾਲ ਸਬੰਧਤ ਆਪਣੀਆਂ ਦੋ ਰਚਨਾਵਾਂ ਪੇਸ਼ ਕੀਤੀਆਂ। ਸਭਾ ਦੇ ਖਜ਼ਾਨਚੀ ਕਿਰਨ ਕਲਸੀ ਨੇ 'ਇਬਾਦਤ ਤਾਂ ਮੈਂ ਕਰ ਲੈਣੀ ਸੀ, ਜੇ ਤੈਨੂੰ ਵੀ ਰੱਬ ਬਣਨਾ ਆ ਗਿਆ ਹੁੰਦਾ' ਕਵਿਤਾ ਦੇ ਤਾਹਨੇ ਵਰਗੇ ਬੋਲਾਂ ਨਾਲ ਮਰਦ ਨੂੰ ਸੰਬੋਧਿਤ ਕੀਤਾ।

ਸੈਂਟਰ ਫਾਰ ਨਿਊਕਮਰਜ਼ ਤੋਂ ਰਿਜ਼ਵਾਨ ਖਾਨ, ਨੇ ਸੀਨੀਅਰਜ਼ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਸੈਂਟਰ ਵਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਭਾ ਵਿਚ ਪਹਿਲੀ ਵਾਰ ਸ਼ਾਮਲ ਹੋਏ ਕਾਫ਼ੀ ਸਮਾਂ ਹਾਂਗਕਾਂਗ ਰਹਿ ਕੇ ਆਏ ਮਨਜੀਤ ਕੌਰ ਸੰਧੂ ਨੇ ਆਪਣੇ ਉਥੋਂ ਦੇ ਅਤੇ ਕੈਨੇਡਾ ਦੇ ਤਜਰਬੇ ਸਾਂਝੇ ਕੀਤੇ। ਗੁਰਨਾਮ ਕੌਰ ਨੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਚੇਤ ਦੇ ਮਹੀਨੇ ਵਿਚ ਚੜ੍ਹੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਔਰਤ ਨਾਲ ਹੀ ਸੰਸਾਰ ਚਲਦਾ ਹੈ ਅਤੇ ਅਧਿਆਤਮਕ ਮਾਰਗ ਦੀ ਸੰਪੂਰਨਤਾ ਵੀ ਔਰਤ ਦੀ ਸ਼ਮੂਲੀਅਤ ਨਾਲ ਹੁੰਦੀ ਹੈ। ਸੁਰਿੰਦਰ ਵਿਰਦੀ ਨੇ ਹਰ ਔਰਤ ਦੀ ਇੱਜ਼ਤ ਕਰਨ ਦਾ ਸੁਨੇਹਾ ਦਿੱਤਾ। ਐਕਸ਼ਨ ਡਿਗਨਟੀ ਤੋਂ ਆਏ ਸੁਖਵੰਤ ਕੌਰ ਪਰਮਾਰ ਨੇ ਵੀ ਵਿਚਾਰਾਂ ਦੀ ਸਾਂਝ ਪਾਈ। ਸਭਾ ਦੇ ਸਭ ਤੋਂ ਸੀਨੀਅਰ ਮੈਂਬਰ ਬਲਜਿੰਦਰ ਗਿੱਲ ਨੇ ਫੇਸਬੁੱਕ 'ਤੇ ਹੋਏ ਆਪਣੇ ਤਜਰਬੇ ਸਾਂਝੇ ਕੀਤੇ। ਸੁਰਿੰਦਰ ਸੰਧੂ ਨੇ 'ਮੈਂ ਜੱਟੀ ਦੇਸ਼ ਪੰਜਾਬ ਦੀ ਮੇਰਾ ਦਗ ਦਗ ਕਰਦਾ ਰੰਗ' ਗੀਤ ਬੁਲੰਦ ਆਵਾਜ਼ ਵਿਚ ਗਾ ਕੇ ਰੰਗ ਬੰਨ੍ਹ ਦਿੱਤਾ। ਅੰਤ ਵਿਚ ਸਕੱਤਰ ਗੁਰਨਾਮ ਕੌਰ ਨੇ ਸਭ ਦਾ ਧੰਨਵਾਦ ਕੀਤਾ ਅਤੇ ਅਗਲੇ ਮਹੀਨੇ ਦੀ ਮੀਟਿੰਗ ਲਈ ਅਗਾਊਂ ਸੱਦਾ ਦਿੱਤਾ।

***ਰਿਪੋਰਟ: ਗੁਰਚਰਨ ਕੌਰ ਥਿੰਦ***
***ਫੋਨ: 403-402-9635: 403-590-9629***

# ਅਮਰੀਕਾ ਪੜ੍ਹਨ ਆਏ ਭਾਰਤੀ ਵਿਦਿਆਰਥੀ ਦੀ ਭੇਤਭਰੀ ਮੌਤ

## * ਪੁਲਿਸ ਨੇ ਮੌਤ ਪਿੱਛੇ ਕਿਸੇ ਸਾਜ਼ਿਸ਼ ਤੋਂ ਕੀਤਾ ਇਨਕਾਰ



**ਬੋਸਟਨ:** ਬੋਸਟਨ (ਮਾਸਾਚੂਸੈਟਸ) ਪੜ੍ਹਾਈ ਕਰਨ ਆਏ 20 ਸਾਲਾ ਭਾਰਤੀ ਵਿਦਿਆਰਥੀ ਅਭੀਜੀਤ ਪਰਚੂਰ ਦੀ ਭੇਤਭਰੀ ਮੌਤ ਹੋ ਗਈ ਹੈ। ਆਂਧਰਾ ਪ੍ਰਦੇਸ਼ ਦਾ ਰਹਿਣਾ ਵਾਲਾ ਪਰਚੂਰ ਮ੍ਰਿਤਕ ਹਾਲਤ ਵਿਚ ਮਿਲਿਆ। ਨਿਊਯਾਰਕ ਵਿਚਲੇ ਭਾਰਤੀ ਕੌਂਸਲਖਾਨੇ ਨੇ ਕਿਹਾ ਹੈ ਕਿ ਪੁਲਿਸ ਦੀ ਮੁੱਢਲੀ ਜਾਂਚ ਵਿਚ ਪਰਚੂਰ ਦੀ ਮੌਤ ਪਿੱਛੇ ਕਿਸੇ ਸਾਜ਼ਿਸ਼ ਨੂੰ ਰੱਦ ਕੀਤਾ ਗਿਆ ਹੈ ਤੇ ਕਿਹਾ ਹੈ ਕਿ ਇਹ ਆਮ ਮੌਤ ਲੱਗਦੀ ਹੈ ਹਾਲਾਂਕਿ ਮਾਮਲਾ ਅਜੇ ਜਾਂਚ ਅਧੀਨ ਹੈ। ਸੋਸ਼ਲ ਮੀਡੀਆ ਐਕਸ ਉਪਰ ਪਾਏ ਬਿਆਨ ਵਿਚ ਕੌਂਸਲਖਾਨੇ ਨੇ ਪਰਚੂਰ ਦੀ ਮੌਤ ਉਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਸਦੀ ਮ੍ਰਿਤਕ ਦੇਹ ਭਾਰਤ ਭੇਜਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਕੌਂਸਲਖਾਨੇ ਨੇ ਇਹ ਵੀ ਕਿਹਾ ਹੈ ਕਿ ਪਰਚੂਰ ਦੀ ਮੌਤ ਦੇ ਕਾਰਨ ਦੀ ਜਾਂਚ ਹੋ ਰਹੀ ਹੈ ਤੇ ਵਿਦਿਆਰਥੀ ਦੇ ਮਾਪੇ ਜਾਂਚਕਾਰਾਂ ਦੇ ਸੰਪਰਕ ਵਿਚ ਹਨ। ਪਰਚੂਰ ਆਂਧਰਾ ਪ੍ਰਦੇਸ਼ ਦੇ ਗੰਟੂਰ ਦਾ ਰਹਿਣ ਵਾਲਾ ਸੀ ਤੇ ਬੋਸਟਨ ਯੂਨੀਵਰਸਿਟੀ ਵਿਚ ਇੰਜਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਉਹ ਇਕ ਹੋਰ ਵਿਦਿਆਰਥੀ ਨਾਲ ਇਕ ਕਮਰੇ ਵਿਚ ਰਹਿੰਦਾ ਸੀ। ਪੁਲਿਸ ਨੇ ਉਸ ਦੀ ਲਾਸ਼ ਯੂਨੀਵਰਸਿਟੀ ਕੈਂਪਸ ਨੇੜੇ ਜੰਗਲੀ ਖੇਤਰ ਵਿਚ ਲਾਵਾਰਸ ਛੱਡੇ ਇਕ ਵਾਹਨ ਵਿਚੋਂ ਬਰਾਮਦ ਕੀਤੀ ਹੈ। ਇਸ ਸਾਲ ਭਾਰਤੀ ਮੂਲ ਦੇ ਕਿਸੇ ਵਿਅਕਤੀ ਨਾਲ ਵਾਪਰੀ ਇਸ ਕਿਸਮ ਦੀ ਇਹ 9ਵੀਂ ਘਟਨਾ ਹੈ ਜਿਸ ਕਾਰਨ ਭਾਰਤੀ ਭਾਈਚਾਰੇ ਵਿਚ ਚਿੰਤਾ ਤੇ ਡਰ ਦਾ ਮਾਹੌਲ ਹੈ।

-ਹੁਸਨ ਲੜੋਆ ਬੰਗਾ

# Change of Name

**This is to certify that I TAJINDER, son of JOGINDER SINGH resident of H. No. 28 SHITAL NAGAR WARD NO. 2 DAV College Distt: Jalandhar PUNJAB 14408 India, now living at 2324 ELWOOD AVE SOUTH BEND IN 46628. I have changed my name from TAJINDER to TAJINDER SINGH. All concerned please note.**


# ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

**ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ**

**ਚਾਹਵਾਨ ਸੰਪਰਕ ਕਰਨ: 469-353-9516**


# Truck Shop For Lease

**Truck Shop Truck Wash Restaurant with 2 Pump huge building is available for lease on Highway 10 Texas**

**Contact: 469-353-9516**



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

## ਲੜਕੇ ਦੀ ਲੋੜ ਹੈ

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 29 ਸਾਲ, 5'5" ਡੈਂਟਿਸਟ, ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਡਾਕਟਰ ਜਾਂ ਇੰਜਨੀਅਰ ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਚਾਹਵਾਨ 224-422-4773 'ਤੇ ਸੰਪਰਕ ਕਰਨ।

11-14

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 31 ਸਾਲ, 5'7" ਆਰ.ਐਨ/ਬੀ.ਐਸ.ਐਨ. ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਇਲੀਨੋਇ ਤੇ ਨਾਲ ਲੱਗਦੀਆਂ ਸਟੇਟਾਂ ਨੂੰ ਪਹਿਲ। ਚਾਹਵਾਨ 224-361-1456 'ਤੇ ਸੰਪਰਕ ਕਰਨ।

11-14

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com

06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

# ਆਟੇ ਵਾਲੇ ਥੈਲਿਆਂ ਤੋਂ ਮੁੱਖ ਮੰਤਰੀ ਦੀ ਫੋਟੋ ਗਾਇਬ

**ਚੰਡੀਗੜ੍ਹ:** ਪੰਜਾਬ ਵਿਚ ਆਟੇ ਦੀ ਹੋਮ ਡਲਿਵਰੀ ਵਾਲੇ ਥੈਲਿਆਂ ਉਤੋਂ ਮੁੱਖ ਮੰਤਰੀ ਦੀ ਤਸਵੀਰ ਹਟਾ ਦਿੱਤੀ ਗਈ ਹੈ। ਚੋਣ ਕਮਿਸ਼ਨ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਇਨ੍ਹਾਂ ਥੈਲਿਆਂ 'ਤੇ ਮੁੱਖ ਮੰਤਰੀ ਦੀ ਫੋਟੋ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸੀ। ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਕੌਮੀ ਖੁਰਾਕ ਸੁਰੱਖਿਆ ਮਿਸ਼ਨ ਤਹਿਤ ਅਨਾਜ ਦੀ ਵੰਡ ਕੀਤੀ ਜਾ ਰਹੀ ਹੈ ਜਦੋਂਕਿ ਪੰਜਾਬ ਸਰਕਾਰ ਨੇ ਆਟੇ ਦੀ ਹੋਮ ਡਲਿਵਰੀ ਦਾ ਕੰਮ ਅਮਲ ਵਿਚ ਲਿਆਂਦਾ ਹੈ। ਕਣਕ ਤੋਂ ਆਟੇ ਦੀ ਪਿਸਾਈ ਅਤੇ ਹੋਮ ਡਲਿਵਰੀ ਦਾ ਸਾਰਾ ਖਰਚਾ ਸੂਬਾ ਸਰਕਾਰ ਚੁੱਕ ਰਹੀ ਹੈ।

ਕੇਂਦਰੀ ਖੁਰਾਕ ਮੰਤਰੀ ਪਿਊਸ਼ ਗੋਇਲ ਨੇ ਆਟੇ ਦੀ ਹੋਮ ਡਲਿਵਰੀ 'ਤੇ ਉਂਗਲ ਚੁੱਕੀ ਹੈ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੰਨਾ ਤੋਂ ਆਟੇ ਦੀ ਹੋਮ ਡਲਿਵਰੀ ਦਾ ਕੰਮ ਸ਼ੁਰੂ ਕੀਤਾ ਸੀ। ਮਾਰਕਫੈੱਡ ਵੱਲੋਂ ਲਾਭਪਾਤਰੀਆਂ ਨੂੰ ਘਰੋਂ ਘਰੀਂ ਆਟਾ ਸਪਲਾਈ ਕੀਤਾ ਜਾ ਰਿਹਾ ਹੈ। ਹੋਮ ਡਲਿਵਰੀ ਵਾਲੇ ਥੈਲਿਆਂ 'ਤੇ ਮੁੱਖ ਮੰਤਰੀ ਦੀ ਤਸਵੀਰ ਛਾਪੀ ਹੋਈ ਸੀ। ਹੁਣ ਜਦੋਂ ਚੋਣ ਜ਼ਾਬਤਾ ਲੱਗ ਗਿਆ ਹੈ ਤਾਂ ਮਾਰਕਫੈੱਡ ਨੇ ਬਿਨਾਂ ਤਸਵੀਰ ਵਾਲੇ ਥੈਲਿਆਂ ਵਿੱਚ ਆਟੇ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ।



ਮਾਰਕਫੈੱਡ ਦੇ ਐੱਮ.ਡੀ. ਗਿਰੀਸ਼ ਦਿਆਲਨ ਦਾ ਕਹਿਣਾ ਸੀ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਮਗਰੋਂ ਆਟੇ ਦੀ ਸਪਲਾਈ ਬਿਨਾਂ ਤਸਵੀਰ ਵਾਲੇ ਥੈਲਿਆਂ ਵਿਚ ਯਕੀਨੀ ਬਣਾ ਦਿੱਤੀ ਗਈ ਹੈ। ਵੇਰਵਿਆਂ ਅਨੁਸਾਰ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਜਨਵਰੀ ਤੋਂ ਮਾਰਚ ਤੱਕ ਦੀ ਕਣਕ ਵੰਡੀ ਜਾ ਰਹੀ ਹੈ ਅਤੇ ਪ੍ਰਤੀ ਮਹੀਨਾ ਪੰਜ ਕਿੱਲੋ ਕਣਕ ਪ੍ਰਤੀ ਮੈਂਬਰ ਦਿੱਤੀ ਜਾ ਰਹੀ ਹੈ। ਮਾਰਕਫੈੱਡ ਵੱਲੋਂ ਫਰਵਰੀ ਦੇ ਆਟੇ ਦੀ ਹੋਮ ਡਲਿਵਰੀ ਦਿੱਤੀ ਜਾ ਰਹੀ ਹੈ। ਚੋਣ ਜ਼ਾਬਤੇ ਤੱਕ ਇਨ੍ਹਾਂ ਮਹੀਨਿਆਂ ਦੇ ਆਟੇ ਦੀ ਸਪਲਾਈ ਬਿਨਾਂ ਤਸਵੀਰ ਵਾਲੇ ਥੈਲਿਆਂ ਵਿਚ ਹੀ ਹੋਵੇਗੀ। ਜਾਣਕਾਰੀ ਅਨੁਸਾਰ ਕਰੀਬ 25 ਫੀਸਦੀ ਲਾਭਪਾਤਰੀਆਂ ਨੂੰ ਆਟੇ ਦੀ ਸਪਲਾਈ ਦਿੱਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਫਰਵਰੀ ਤੋਂ ਬਹਾਲ ਕੀਤੇ ਅਯੋਗ ਰਾਸ਼ਨ ਕਾਰਡਾਂ 'ਤੇ ਵੀ ਅਨਾਜ ਦੀ ਸਪਲਾਈ ਦੇਣੀ ਸ਼ੁਰੂ ਕਰ ਦਿੱਤੀ ਹੈ। 24 ਜਨਵਰੀ ਨੂੰ ਹੋਈ ਕੈਬਨਿਟ ਮੀਟਿੰਗ ਵਿੱਚ ਕਰੀਬ ਪੌਣੇ ਤਿੰਨ ਲੱਖ ਅਯੋਗ ਰਾਸ਼ਨ ਕਾਰਡ ਬਹਾਲ ਕਰ ਦਿੱਤੇ ਸਨ ਜਿਨ੍ਹਾਂ 'ਤੇ 10.77 ਲੱਖ ਲਾਭਪਾਤਰੀਆਂ ਨੂੰ ਅਨਾਜ ਮਿਲੇਗਾ।

## ਪੰਜਾਬ ਵਿਚ ਕੁੱਲ 1.54 ਕਰੋੜ ਲਾਭਪਾਤਰੀ

**ਚੰਡੀਗੜ੍ਹ:** ਪੰਜਾਬ ਵਿਚ ਕੁੱਲ 1.54 ਕਰੋੜ ਲਾਭਪਾਤਰੀ ਹਨ ਜਿਨ੍ਹਾਂ ਵਿਚੋਂ ਕਰੀਬ 30 ਲੱਖ ਲਾਭਪਾਤਰੀਆਂ ਨੂੰ ਆਟੇ ਦੀ ਹੋਮ ਡਲਿਵਰੀ ਦਿੱਤੀ ਜਾਣੀ ਹੈ ਅਤੇ ਇਸ ਲਈ ਕਰੀਬ 700 ਕਰੋੜ ਦਾ ਬਜਟ ਖਰਚ ਕੀਤਾ ਜਾ ਰਿਹਾ ਹੈ। ਬਹਾਲੇ ਕੀਤੇ ਅਯੋਗ ਰਾਸ਼ਨ ਕਾਰਡ ਹੋਲਡਰਾਂ ਨੂੰ ਜਨਵਰੀ ਦਾ ਅਨਾਜ ਨਹੀਂ ਮਿਲੇਗਾ ਅਤੇ ਬਹਾਲੀ ਦੇ ਫੈਸਲੇ ਮਗਰੋਂ ਫਰਵਰੀ ਤੋਂ ਉਨ੍ਹਾਂ ਦੀ ਸਪਲਾਈ ਵੀ ਮੁੜ ਸ਼ੁਰੂ ਕਰ ਦਿੱਤੀ ਗਈ ਹੈ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਦੀ ਤਸਵੀਰ ਵਾਲੇ ਥੈਲੇ ਮਾਰਕਫੈੱਡ ਨੇ ਰੋਕ ਲਏ ਹਨ ਅਤੇ ਚੋਣ ਜ਼ਾਬਤਾ ਖਤਮ ਹੋਣ ਮਗਰੋਂ ਇਨ੍ਹਾਂ ਥੈਲਿਆਂ ਨੂੰ ਮੁੜ ਵਰਤੋਂ 'ਚ ਲਿਆਂਦਾ ਜਾਣਾ ਹੈ।

# ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵੱਲੋਂ ਭੁੱਖ ਹੜਤਾਲ ਖਤਮ

**ਅੰਮ੍ਰਿਤਸਰ:** ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਆਪਣੀ ਭੁੱਖ ਹੜਤਾਲ ਖਤਮ ਕਰ ਦਿੱਤੀ। ਇਹ ਭੁੱਖ ਹੜਤਾਲ ਸ੍ਰੀ ਅਕਾਲ ਤਖਤ ਵੱਲੋਂ ਭੇਜੇ ਗਏ ਪੰਜ ਗੁਰਸਿੱਖਾਂ ਵੱਲੋਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਕੜਾਹ ਪ੍ਰਸ਼ਾਦ ਖੁਆ ਕੇ ਅਤੇ ਸਰੋਵਰ ਦਾ ਜਲ ਪਿਲਾ ਕੇ ਖਤਮ ਕਰਵਾਈ ਗਈ।



ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਦੇ ਕੇਸ ਦੀ ਸ਼੍ਰੋਮਣੀ ਕਮੇਟੀ ਵੱਲੋਂ ਪੈਰਵਾਈ ਕਰ ਰਹੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਕੀਤਾ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਮਿਲਣ ਗਏ ਸੱਤ ਮੈਂਬਰੀ ਵਫਦ ਵਿੱਚ ਐਡਵੋਕੇਟ ਸਿਆਲਕਾ ਵੀ ਸ਼ਾਮਲ ਸਨ। ਉਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀ ਭੁੱਖ ਹੜਤਾਲ ਨੂੰ ਖਤਮ ਕਰਵਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਸ਼ਾਦ ਅਤੇ ਸਰੋਵਰ ਦਾ ਜਲ ਲੈ ਕੇ ਗਏ ਸਨ। ਉਨ੍ਹਾਂ ਦੱਸਿਆ ਕਿ ਲੰਮੀ ਚੱਲੀ ਭੁੱਖ ਹੜਤਾਲ ਕਾਰਨ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਬਾਕੀ ਸਾਥੀਆਂ ਦਾ ਵਜ਼ਨ ਕਾਫੀ ਘਟਿਆ ਹੈ ਪਰ ਸਾਰੇ ਠੀਕ ਹਨ। ਉਹ ਲਗਭਗ ਇਕ ਘੰਟਾ ਜੇਲ੍ਹ ਵਿੱਚ ਰਹੇ ਅਤੇ ਬੰਦੀ ਸਿੰਘਾਂ ਨਾਲ ਹੋਰ ਵੀ ਗੱਲਬਾਤ ਹੋਈ ਹੈ। ਦੱਸਣਯੋਗ ਹੈ ਕਿ ਇਨ੍ਹਾਂ ਸਿੱਖ ਬੰਦੀਆਂ ਵੱਲੋਂ 16 ਫਰਵਰੀ ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਜੇਲ੍ਹ ਪ੍ਰਸ਼ਾਸਨ 'ਤੇ ਦੋਸ਼ ਲਾਇਆ ਸੀ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਜੇਲ੍ਹ ਵਿੱਚ ਉਨ੍ਹਾਂ ਦੀਆਂ ਬੈਰਕਾਂ ਅਤੇ ਪਖਾਨਿਆਂ ਆਦਿ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਾ ਕੇ ਉਨ੍ਹਾਂ ਦੀ ਨਿੱਜਤਾ ਦੇ ਹੱਕ ਨੂੰ ਭੰਗ ਕੀਤਾ ਗਿਆ ਹੈ।

# ਕਿਸਾਨ ਵਿਰੋਧੀਆਂ ਤੋਂ ਸੁਚੇਤ ਰਹਿਣ ਦਾ ਸੱਦਾ

**ਸੰਗਰੂਰ:** ਖਨੌਰੀ ਬਾਰਡਰ 'ਤੇ ਕਿਸਾਨੀ ਮੰਗਾਂ ਮਨਵਾਉਣ ਲਈ ਕੇਂਦਰ ਸਰਕਾਰ ਖ਼ਿਲਾਫ਼ ਸੰਘਰਸ਼ ਜਾਰੀ ਹੈ। ਖਨੌਰੀ ਬਾਰਡਰ 'ਤੇ ਰੋਸ ਧਰਨੇ ਦੌਰਾਨ ਬੁਲਾਰਿਆਂ ਨੇ ਭਾਜਪਾ ਅਤੇ ਆਰ.ਐਸ.ਐਸ. ਦੀ ਆਲੋਚਨਾ ਕਰਦਿਆਂ ਕਿਹਾ ਕਿ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੇ ਅੰਨਦਾਤਾ ਨੂੰ ਭੰਡਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਵੋਟਾਂ ਬਟੋਰਨ ਤੁਰੇ ਕਿਸਾਨ ਵਿਰੋਧੀ ਆਗੂਆਂ ਤੋਂ ਸੁਚੇਤ ਰਹਿਣ ਦਾ ਵੀ ਸੱਦਾ ਦਿੱਤਾ।

ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਬਲਦੇਵ ਸਿੰਘ ਸੰਦੋਹਾ ਨੇ ਦੋਸ਼ ਲਾਇਆ ਕਿ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਦੇਸ਼ ਦੇ ਅੰਨਦਾਤਾ ਖ਼ਿਲਾਫ਼ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ ਅਤਿਵਾਦੀ, ਵੱਖਵਾਦੀ ਅਤੇ ਅਰਾਜਕਤਾ ਫੈਲਾਉਣ ਵਾਲੇ ਦੱਸ ਕੇ ਬਦਨਾਮ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਕਿਸਾਨ ਵਿਰੋਧੀ ਸ਼ਕਤੀਆਂ ਵੱਲੋਂ 'ਪਾੜੋ ਤੇ ਰਾਜ ਕਰੋ ਦੀ ਨੀਤੀ' 'ਤੇ ਚੱਲਦਿਆਂ ਲੋਕਾਂ ਨੂੰ ਆਪਸ ਵਿਚ ਲੜਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾ ਦੇਣ ਲਈ ਹਾਕਮ ਉਨ੍ਹਾਂ ਦੀ ਕਠਪੁਤਲੀ ਬਣੇ ਹੋਏ ਹਨ। ਮੰਗਾਂ ਪੂਰੀਆਂ ਹੋਣ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।



# ਫਾਂਸੀ ਦੀ ਸਜ਼ਾ ਮੁਆਫੀ ਮਗਰੋਂ ਪੰਜਾਬੀ ਨੌਜਵਾਨ ਦੀ ਵਤਨ ਵਾਪਸੀ

**ਅੰਮ੍ਰਿਤਸਰ:** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਅਤੇ ਉੱਘੇ ਕਾਰੋਬਾਰੀ ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ ਇਕ ਭਾਰਤੀ ਤੇ ਤਿੰਨ ਪਾਕਿਸਤਾਨੀ ਨੌਜਵਾਨਾਂ ਦੀ ਸ਼ਾਰਜਾਹ ਵਿਚ ਫਾਂਸੀ ਦੀ ਸਜ਼ਾ ਮੁਆਫ਼ ਕਰਵਾਈ ਗਈ ਹੈ ਜਿਸ ਉਪਰੰਤ ਗੁਰਦਾਸਪੁਰ ਦਾ ਰਹਿਣ ਵਾਲਾ ਨੌਜਵਾਨ ਗੁਰਪ੍ਰੀਤ ਸਿੰਘ ਵਤਨ ਪਰਤ ਆਇਆ ਹੈ ਜਿਸ ਦੀ ਵਾਪਸੀ 'ਤੇ ਪਰਿਵਾਰ ਨੇ ਖੁਸ਼ੀ ਪ੍ਰਗਟਾਈ ਹੈ।

ਸ਼ਾਰਜਾਹ ਦੀ ਜੇਲ੍ਹ ਵਿਚੋਂ ਰਿਹਾਅ ਹੋਇਆ ਗੁਰਪ੍ਰੀਤ ਸਿੰਘ ਸਥਾਨਕ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਿਆ ਜਿੱਥੇ ਉਸ ਦੀ ਮਾਂ ਬਲਜੀਤ ਕੌਰ ਅਤੇ ਪਤਨੀ ਮੇਘਾ ਆਦਿ ਨੇ ਸਵਾਗਤ ਕੀਤਾ। ਉਹ ਪੰਜ ਸਾਲਾਂ ਦੇ ਅਰਸੇ ਬਾਅਦ ਫਾਂਸੀ ਦੀ ਸਜ਼ਾ ਤੋਂ ਬਚ ਕੇ ਵਤਨ ਪਰਤਿਆ ਹੈ।

ਗੁਰਪ੍ਰੀਤ ਦਾ ਪਿਤਾ ਪਰਮਜੀਤ ਸਿੰਘ ਆਪਣੇ ਪੁੱਤਰ ਨੂੰ ਮਿਲਣ ਦੀ ਉਡੀਕ ਵਿਚ ਲਗਭਗ ਦੋ ਸਾਲ ਪਹਿਲਾਂ ਚੱਲ ਵਸਿਆ ਸੀ। ਸੰਸਥਾ ਦੇ ਬੁਲਾਰੇ ਨੇ ਦੱਸਿਆ ਕਿ ਇਹ ਚਾਰੇ ਨੌਜਵਾਨ 2019 ਵਿਚ ਸ਼ਾਰਜਾਹ ਵਿਚ ਇਕ ਭਾਰਤੀ ਨੌਜਵਾਨ ਦੇ ਕਤਲ ਦੇ ਮਾਮਲੇ ਵਿਚ ਫੜੇ ਗਏ ਸਨ। ਇਨ੍ਹਾਂ ਵਿਚ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਗੁਰਪ੍ਰੀਤ ਸਿੰਘ ਅਤੇ ਪਾਕਿਸਤਾਨੀ ਪੰਜਾਬ ਨਾਲ ਸਬੰਧਤ ਰਾਓ ਮੁਹੰਮਦ ਆਦਿਲ, ਰਾਣਾ ਤਾਬਿਸ਼ ਰਸ਼ੀਦ ਅਤੇ ਆਦਿਲ ਜਾਵੇਦ ਚੀਮਾ ਸ਼ਾਮਲ ਸਨ। ਉਨ੍ਹਾਂ ਦਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸ਼ੇਖੂਪੁਰ ਦੇ ਗੁਰਪ੍ਰੀਤ ਸਿੰਘ ਦੇ ਪਰਿਵਾਰ ਵੱਲੋਂ ਟਰੱਸਟ ਨਾਲ ਸੰਪਰਕ ਕੀਤਾ ਗਿਆ ਸੀ ਜਿਸ ਤੋਂ ਬਾਅਦ ਡਾ. ਓਬਰਾਏ ਨੇ ਇਸ ਕੇਸ ਦੀ ਪੈਰਵੀ ਸ਼ੁਰੂ ਕੀਤੀ। ਕਤਲ ਹੋਏ ਬਲਾਚੌਰ ਨੇੜਲੇ ਪਿੰਡ ਦੇ ਨੌਜਵਾਨ ਦੇ ਮਾਪਿਆਂ ਨਾਲ ਡਾ. ਐਸ.ਪੀ. ਸਿੰਘ ਉਬਰਾਏ ਨੇ ਸੰਪਰਕ ਕੀਤਾ ਤੇ ਬਲੱਡ ਮਨੀ ਲੈਣ ਲਈ ਸਹਿਮਤ ਕੀਤਾ।



# ਪਰਵਾਸੀਆਂ ਦੀ ਗ੍ਰਿਫਤਾਰੀ ਦੀ ਤਜਵੀਜ਼ ਵਾਲੇ ਕਾਨੂੰਨ 'ਤੇ ਮੁੜ ਰੋਕ



**ਮੈਕਐਲੇਨ:** ਅਮਰੀਕਾ ਵਿਚ ਗ਼ੈਰਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲੇ ਸ਼ੱਕੀ ਪਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਟੈਕਸਸ ਦੀ ਯੋਜਨਾ 'ਤੇ ਇਕ ਵਾਰ ਫਿਰ ਰੋਕ ਲਾ ਦਿੱਤੀ ਗਈ। ਇਸ ਸਬੰਧੀ ਪਹਿਲਾਂ ਕਾਨੂੰਨ ਲਾਗੂ ਹੋਣ ਦੇ ਕੁਝ ਘੰਟਿਆਂ ਮਗਰੋਂ ਹੀ ਸਰਹੱਦ 'ਤੇ ਬੇਯਕੀਨੀ ਵਾਲੀ ਸਥਿਤੀ ਬਣਨ ਅਤੇ ਮੈਕਸਿਕੋ ਵੱਲੋਂ ਨਾਰਾਜ਼ਗੀ ਪ੍ਰਗਟਾਉਣ ਮਗਰੋਂ ਇਹ ਕਦਮ ਚੁੱਕਿਆ ਗਿਆ ਹੈ। ਪੰਜਵੀਂ ਅਮਰੀਕੀ ਸਰਕਟ ਅਪੀਲੀ ਅਦਾਲਤ ਦੇ ਪੈਨਲ ਨੇ ਜਾਰੀ ਇਕ ਹੁਕਮ 'ਚ ਕਾਨੂੰਨ 'ਤੇ ਇਕ ਵਾਰ ਫਿਰ ਰੋਕ ਲਾ ਦਿੱਤੀ। ਇਸ ਤੋਂ ਪਹਿਲਾਂ ਅਮਰੀਕੀ ਸੁਪਰੀਮ ਕੋਰਟ ਨੇ ਇਕ ਫੈਸਲੇ 'ਚ ਟੈਕਸਸ ਸੂਬੇ ਨੂੰ ਸਖਤ ਇਮੀਗਰੇਸ਼ਨ ਕਾਨੂੰਨ ਲਾਗੂ ਕਰਨ ਦੀ ਆਗਿਆ ਦੇ ਦਿੱਤੀ ਸੀ ਜਿਸ ਵਿਚ ਪੁਲਿਸ ਨੂੰ ਨਾਜਾਇਜ਼ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲੇ ਮੁਲਜ਼ਮ ਪਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਦੇ ਅਧਿਕਾਰ ਦਿੱਤੇ ਗਏ ਹਨ। ਪਰ ਬਾਅਦ ਵਿਚ 2:1 ਦੇ ਅਨੁਪਾਤ 'ਚ ਦਿੱਤੇ ਗਏ ਹੁਕਮ 'ਚ ਇਕ ਅਪੀਲੀ ਅਦਾਲਤ ਦੇ ਪੈਨਲ ਇਸ 'ਤੇ ਫਿਰ ਰੋਕ ਲਾ ਦਿੱਤੀ। ਕਾਨੂੰਨ 'ਤੇ ਜ਼ੁਬਾਨੀ ਦਲੀਲਾਂ ਹੋਣੀਆਂ ਹਨ। ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਅਗਲਾ ਫ਼ੈਸਲਾ ਕਦੋਂ ਆਵੇਗਾ। ਕਾਨੂੰਨ ਲਾਗੂ ਹੋਣ ਮਗਰੋਂ ਮੈਕਸਿਕੋ ਸਰਕਾਰ ਨੇ ਕਿਹਾ ਸੀ ਕਿ ਉਹ ਉਨ੍ਹਾਂ ਪਰਵਾਸੀਆਂ ਦੀ ਵਾਪਸੀ ਨੂੰ ਮਨਜ਼ੂਰ ਨਹੀਂ ਕਰੇਗਾ ਜਿਨ੍ਹਾਂ ਨੂੰ ਟੈਕਸਾਸ ਦੇ ਇਕ ਨਵੇਂ ਇਮੀਗਰੇਸ਼ਨ ਕਾਨੂੰਨ ਤਹਿਤ ਅਮਰੀਕਾ ਛੱਡਣ ਦਾ ਹੁਕਮ ਦਿੱਤਾ ਗਿਆ ਹੈ।

# ਖਰਾਬ ਐਂਬੂਲੈਂਸਾਂ ਦੀ ਹਾਜ਼ਰੀ ਦਿਖਾ ਕੇ ਸਰਕਾਰੀ ਖਜ਼ਾਨੇ ਨੂੰ ਲਾਇਆ ਖੋਰਾ

**ਚੰਡੀਗੜ੍ਹ:** ਸੂਬੇ ਦੇ ਸਰਕਾਰੀ ਐਂਬੂਲੈਂਸ ਚਾਲਕ ਬੀਤੇ ਪੰਜ ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਫਾਕੇ ਕੱਟਣ ਲਈ ਮਜਬੂਰ ਹਨ। 108 ਸੰਚਾਲਕ ਕੰਪਨੀ ਉਤੇ ਥਾਣਿਆਂ 'ਚ ਜਾਂ ਖਰਾਬ ਖੜ੍ਹੀਆਂ ਐਂਬੂਲੈਂਸਾਂ ਦੀ ਹਾਜ਼ਰੀ ਦਰਸਾ ਕੇ ਸਰਕਾਰੀ ਖਜ਼ਾਨੇ ਨੂੰ ਖੋਰਾ ਲਗਾਉਣ ਦਾ ਦੋਸ਼ ਵੀ ਲੱਗ ਰਿਹਾ ਹੈ।

ਜਾਣਕਾਰੀ ਅਨੁਸਾਰ ਸੂਬੇ ਵਿਚ 108 ਐਂਬੂਲੈਂਸਾਂ ਦੀ ਗਿਣਤੀ 325 ਅਤੇ ਮੁਲਾਜ਼ਮਾਂ ਦੀ ਗਿਣਤੀ 1500 ਦੇ ਕਰੀਬ ਹੈ। 108 ਐਂਬੂਲੈਂਸ ਐਂਪਲਾਈਜ਼ ਯੂਨੀਅਨ ਵੱਲੋਂ ਆਪਣੀਆਂ ਹੱਕੀ ਮੰਗਾਂ ਸਬੰਧੀ 16 ਨਵੰਬਰ 2023 ਤੋਂ ਸੂਬਾ ਪੱਧਰੀ ਕਲਮ ਛੋੜ ਹੜਤਾਲ ਕੀਤੀ ਗਈ ਸੀ ਜੋ ਸਰਕਾਰ ਦੀ ਬੇਰੁਖ਼ੀ ਕਾਰਨ 3 ਮਹੀਨਿਆਂ ਤੋਂ ਵੱਧ ਚੱਲੀ ਅਤੇ ਪਿਛਲੇ ਮਹੀਨੇ ਫ਼ਰਵਰੀ ਵਿਚ ਸਮਾਪਤ ਹੋਈ। ਇਸ ਹੜਤਾਲ ਕਾਰਨ ਚਾਲਕਾਂ ਨੇ ਰੋਸ ਵਜੋਂ ਕੰਪਨੀ ਨੂੰ ਡੇਟਾ ਆਦਿ ਨਾ ਭੇਜਿਆ। ਕੰਪਨੀ ਨੇ ਐਂਬੂਲੈਂਸ ਚਾਲਕਾਂ ਦੀ ਤਨਖਾਹ ਰੋਕ ਲਈ ਅਤੇ ਕਰੀਬ 5 ਮਹੀਨੇ ਤੋਂ ਤਨਖਾਹ ਨਾ ਮਿਲਣ ਕਾਰਨ ਹੁਣ ਉਹ ਫ਼ਾਕੇ ਕੱਟਣ ਲਈ ਮਜਬੂਰ ਹਨ। ਐਂਬੂਲੈਂਸ ਚਾਲਕਾਂ ਅਨੁਸਾਰ ਉਨ੍ਹਾਂ ਨੇ ਕਲਮ ਛੋੜ ਹੜਤਾਲ ਦੌਰਾਨ ਆਪਣੀਆਂ ਡਿਊਟੀਆਂ ਬਾਖੂਬੀ ਤੌਰ 'ਤੇ ਨਿਭਾਅ ਕੇ ਲੋੜਵੰਦ ਮਰੀਜ਼ਾਂ ਨੂੰ ਐਂਬੂਲੈਂਸ ਦੀ ਸਹੂਲਤ ਸਹੀ ਤਰੀਕੇ ਨਾਲ ਦਿੱਤੀ। ਉਨ੍ਹਾਂ ਦੀ ਤਨਖਾਹ ਵਿਚ ਲੰਮੇ ਸਮੇਂ ਤੋਂ ਕੋਈ ਵਾਧਾ ਨਹੀਂ ਕੀਤਾ ਗਿਆ। ਉਨ੍ਹਾਂ ਨੂੰ 8 ਘੰਟੇ ਦੀ ਬਜਾਏ 12 ਘੰਟੇ ਡਿਊਟੀ ਵੀ ਕਰਨੀ ਪੈਂਦੀ ਹੈ।




ਸੂਤਰਾਂ ਅਨੁਸਾਰ ਕੁਝ ਐਂਬੂਲੈਂਸਾਂ ਖੜ੍ਹੀਆਂ ਹੋਣ ਦੇ ਬਾਵਜੂਦ ਫ਼ਰਜ਼ੀ ਤਰੀਕੇ ਨਾਲ ਉਨ੍ਹਾਂ ਦੀ ਹਾਜ਼ਰੀ ਅਤੇ ਸੜਕਾਂ 'ਤੇ ਚਲਦੀਆਂ ਦਰਸਾ ਕੇ ਸਰਕਾਰੀ ਖਜ਼ਾਨੇ ਦੀ ਲੁੱਟ ਹੋ ਰਹੀ ਹੈ। ਸੂਤਰਾਂ ਮੁਤਾਬਕ ਇੱਥੇ ਥਾਣਾ ਅਜੀਤਵਾਲ ਵਿਚ ਸੜਕ ਹਾਦਸੇ ਦੇ ਕੇਸ ਵਿਚ ਕਰੀਬ ਸਵਾ ਸਾਲ ਤੋਂ ਵੱਧ ਸਮੇਂ ਤੋਂ ਐਂਬੂਲੈਂਸ ਥਾਣੇ ਵਿਚ ਖੜ੍ਹੀ ਹੈ। ਪੁਲਿਸ ਮੁਤਾਬਕ ਕੰਪਨੀ ਜਾਂ ਵਿਭਾਗ ਵੱਲੋਂ ਹੁਣ ਤੱਕ ਇਸ ਐਂਬੂਲੈਂਸ ਨੂੰ ਅਦਾਲਤ 'ਚੋਂ ਜ਼ਮਾਨਤ 'ਤੇ ਲੈਣ ਲਈ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸੇ ਤਰ੍ਹਾਂ ਹੀ ਇੱਕ ਗੱਡੀ ਲੰਬਾ ਸਮਾਂ ਫਤਹਿਗੜ੍ਹ ਸਾਹਿਬ ਖੜ੍ਹੀ ਰਹੀ। ਐਂਬੂਲੈਂਸ ਸੰਚਾਲਕ ਕੰਪਨੀ ਜਕੇਸਾ ਹੈਲਥ ਕੇਅਰ ਦੇ ਐੱਚ.ਆਰ. ਮਨੀਸ਼ ਬੱਤਰਾ ਨੇ ਦੱਸਿਆ ਕਿ ਐਂਬੂਲੈਂਸ ਚਾਲਕਾਂ ਦੀ ਤਨਖਾਹ ਦੀ ਕਾਰਵਾਈ ਚੱਲ ਰਹੀ ਹੈ। ਉਨ੍ਹਾਂ ਥਾਣਿਆਂ 'ਚ ਜਾਂ ਖਰਾਬ ਖੜ੍ਹੀਆਂ ਐਂਬੂਲੈਂਸਾਂ ਦੀ ਹਾਜ਼ਰੀ ਦਰਸਾ ਕੇ ਸਰਕਾਰੀ ਖਜ਼ਾਨੇ ਨੂੰ ਖੋਰਾ ਲਗਾਉਣ ਦੇ ਦੋਸ਼ ਨਕਾਰਦਿਆਂ ਕਿਹਾ ਕਿ ਸਿਹਤ ਵਿਭਾਗ ਇਨ੍ਹਾਂ ਦੋਸ਼ਾਂ ਦੀ ਪੜਤਾਲ ਕਰ ਰਿਹਾ ਹੈ।

# ਪੰਜਾਬਣਾਂ ਨੂੰ ਵੀ ਪਿਆ ਸ਼ੌਕ ਹਥਿਆਰਾਂ ਦਾ...

**ਚੰਡੀਗੜ੍ਹ:** ਹਥਿਆਰ ਰੱਖਣ ਦੇ ਮਾਮਲੇ ਵਿਚ ਪੰਜਾਬਣਾਂ ਵੀ ਕਿਸੇ ਤੋਂ ਘੱਟ ਨਹੀਂ। ਪੰਜਾਬ 'ਚ ਔਰਤਾਂ ਵੱਲੋਂ ਅਸਲਾ ਲਾਇਸੈਂਸ ਬਣਾਉਣ ਦਾ ਰੁਝਾਨ ਵਧਿਆ ਹੈ। ਪੰਜਾਬ ਸਰਕਾਰ ਦੇ ਤਾਜ਼ਾ ਅੰਕੜੇ ਹਨ ਕਿ ਸੂਬੇ ਵਿਚ 3784 ਔਰਤਾਂ ਕੋਲ ਅਸਲਾ ਲਾਇਸੈਂਸ ਹਨ, ਜਿਨ੍ਹਾਂ ਦੇ ਆਧਾਰ 'ਤੇ 4328 ਹਥਿਆਰ ਰੱਖੇ ਹੋਏ ਹਨ। ਚੋਣਾਂ ਕਰ ਕੇ ਇਨ੍ਹਾਂ ਔਰਤਾਂ ਨੂੰ ਵੀ ਹੁਣ ਆਪਣੇ ਹਥਿਆਰ ਜਮ੍ਹਾਂ ਕਰਾਉਣੇ ਪੈਣੇ ਹਨ।



ਪੰਜਾਬ ਵਿਚ ਇਸ ਵੇਲੇ 2.38 ਲੱਖ ਅਸਲਾ ਲਾਇਸੈਂਸ ਹਨ, ਜਿਨ੍ਹਾਂ 'ਤੇ 2.87 ਲੱਖ ਹਥਿਆਰ ਚੜ੍ਹੇ ਹੋਏ ਹਨ। ਆਰਮਜ਼ ਐਕਟ 1959 ਦੇ ਸਾਲ 2016 ਵਿਚ ਸੋਧੇ ਹੋਏ ਨਿਯਮਾਂ ਅਨੁਸਾਰ ਆਮ ਵਿਅਕਤੀ ਇਕ ਅਸਲਾ ਲਾਇਸੈਂਸ 'ਤੇ ਦੋ ਹਥਿਆਰ ਰੱਖਣ ਦਾ ਹੱਕਦਾਰ ਹੈ, ਜਦੋਂਕਿ ਸਪੋਰਟਸ ਕਰਨ ਵਾਲਿਆਂ ਨੂੰ ਇਕੋ ਲਾਇਸੈਂਸ 'ਤੇ ਦੋ ਤੋਂ ਜ਼ਿਆਦਾ ਹਥਿਆਰ ਰੱਖਣ ਦੀ ਸੁਵਿਧਾ ਹੈ। ਸੂਬੇ 'ਚੋਂ ਬਠਿੰਡਾ ਜ਼ਿਲ੍ਹਾ ਲਾਇਸੈਂਸਾਂ 'ਚ ਪਹਿਲੇ ਨੰਬਰ 'ਤੇ ਹੈ, ਜਿਥੇ 20,184 ਅਸਲਾ ਲਾਇਸੈਂਸ ਹਨ ਅਤੇ ਜ਼ਿਲ੍ਹੇ ਵਿਚ 26,229 ਲਾਇਸੈਂਸੀ ਹਥਿਆਰ ਹਨ। ਔਰਤਾਂ ਕੋਲ ਲਾਇਸੈਂਸਾਂ ਦੀ ਗੱਲ ਕਰੀਏ ਤਾਂ ਪਟਿਆਲਾ ਜ਼ਿਲ੍ਹੇ ਵਿਚ ਸਭ ਤੋਂ ਵੱਧ 375 ਔਰਤਾਂ ਕੋਲ ਲਾਇਸੈਂਸ ਹਨ, ਜਿਨ੍ਹਾਂ 'ਤੇ 453 ਹਥਿਆਰ ਦਰਜ ਹਨ। ਦੂਜਾ ਨੰਬਰ ਜ਼ਿਲ੍ਹਾ ਮੁਕਤਸਰ ਸਾਹਿਬ ਦਾ ਹੈ, ਜਿਥੇ ਔਰਤਾਂ ਕੋਲ 323 ਲਾਇਸੈਂਸਾਂ 'ਤੇ 383 ਹਥਿਆਰ ਦਰਜ ਹਨ। ਤੀਜਾ ਨੰਬਰ ਬਠਿੰਡਾ ਜ਼ਿਲ੍ਹੇ ਦਾ ਆਉਂਦਾ ਹੈ, ਜਿਥੇ ਔਰਤਾਂ ਕੋਲ 314 ਲਾਇਸੈਂਸ ਹਨ, ਜਦੋਂਕਿ ਹਥਿਆਰਾਂ ਦੀ ਗਿਣਤੀ 400 ਹੈ। ਫਿਰੋਜ਼ਪੁਰ ਵਿਚ ਔਰਤਾਂ ਕੋਲ 245 ਅਤੇ ਗੁਰਦਾਸਪੁਰ 'ਚ 241 ਕੋਲ ਲਾਇਸੈਂਸ ਹਨ।

ਵੇਰਵਿਆਂ ਅਨੁਸਾਰ ਪੰਜਾਬ ਦੀ ਆਰਥਿਕ ਰਾਜਧਾਨੀ ਸਮਝੇ ਜਾਂਦੇ ਜ਼ਿਲ੍ਹਾ ਲੁਧਿਆਣਾ 'ਚ ਸਿਰਫ 104 ਔਰਤਾਂ ਕੋਲ ਲਾਇਸੈਂਸ ਹਨ। ਜ਼ਿਲ੍ਹਾ ਸੰਗਰੂਰ 'ਚ ਔਰਤਾਂ ਕੋਲ 227 ਤੇ ਬਰਨਾਲਾ ਵਿਚ 77 ਔਰਤਾਂ ਕੋਲ ਲਾਇਸੈਂਸ ਹਨ। ਪੰਜਾਬ ਵਿਚ ਕੁੱਲ ਲਾਇਸੈਂਸਾਂ ਚੋਂ ਕਰੀਬ 60,144 ਅਸਲਾ ਲਾਇਸੈਂਸਾਂ 'ਤੇ 1,21,845 ਹਥਿਆਰ ਦਰਜ ਹਨ, ਜਿਸ ਦਾ ਮਤਲਬ ਹੈ ਕਿ ਇਨ੍ਹਾਂ ਲੋਕਾਂ ਕੋਲ ਦੋ-ਦੋ ਹਥਿਆਰ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ 5057 ਲਾਇਸੈਂਸਾਂ 'ਤੇ 10,206 ਹਥਿਆਰ ਚੜ੍ਹੇ ਹੋਏ ਹਨ, ਜਦੋਂਕਿ ਤਰਨ ਤਾਰਨ ਜ਼ਿਲ੍ਹੇ ਵਿਚ 4096 ਲਾਇਸੈਂਸਾਂ 'ਤੇ 8281 ਹਥਿਆਰ ਦਰਜ ਹਨ। ਫਰੀਦਕੋਟ 'ਚ 3232 ਲਾਇਸੈਂਸਾਂ 'ਤੇ 6520 ਹਥਿਆਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ 3732 ਲੋਕਾਂ ਕੋਲ 7668 ਹਥਿਆਰ ਹਨ।

## ਲੋਕ ਭਲਾਈ ਪਾਰਟੀ ਵੱਲੋਂ ਚੋਣਾਂ ਲਈ 15 ਅਪਰੈਲ ਤੋਂ ਉਲੀਕੀ ਜਾਵੇਗੀ ਰਣਨੀਤੀ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਨਜ਼ਦੀਕ ਆਉਣ ਨਾਲ ਹੀ ਲੋਕ ਭਲਾਈ ਪਾਰਟੀ ਨੇ ਵੀ ਤਿਆਰੀਆਂ ਵਿੱਢ ਲਈਆਂ ਹਨ। ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ 15 ਅਪਰੈਲ ਤੋਂ ਜ਼ਿਲ੍ਹਾ ਵਾਰ ਮੀਟਿੰਗਾਂ ਸ਼ੁਰੂ ਕੀਤੀਆਂ ਜਾਣਗੀਆਂ ਤੇ ਰਣਨੀਤੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਝਾ, ਮਾਲਵਾ ਤੇ ਦੋਆਬਾ 'ਚ 21-21 ਮੈਂਬਰੀ ਕਮੇਟੀ ਬਣਾਈ ਜਾਵੇਗੀ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਪੰਜਾਬੀਆਂ ਦੀ ਆਰਥਿਕਤਾ ਤੇ ਜਵਾਨੀ ਨੂੰ ਤਬਾਹ ਕਰਨ ਵਾਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਰੁਜ਼ਗਾਰ ਅਤੇ ਨੌਜਵਾਨਾਂ ਦੇ ਪਰਵਾਸ ਸਮੇਤ ਹੋਰ ਮੁੱਦਿਆਂ ਨੂੰ ਮੁੱਖ ਰੱਖ ਕੇ ਚੋਣਾਂ ਬਾਰੇ ਫੈਸਲਾ ਕਰੇਗੀ।

# ਅਕਾਲੀ ਦਲ ਵੱਲੋਂ 'ਇਕ ਪਰਿਵਾਰ, ਇਕ ਟਿਕਟ' ਦਾ ਫੈਸਲਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਲਈ ਪੰਜਾਬ 'ਚ ਆਪਣੇ ਉਮੀਦਵਾਰਾਂ ਦੀ ਚੋਣ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ 'ਇਕ ਪਰਿਵਾਰ, ਇਕ ਟਿਕਟ' ਦੇ ਨਿਯਮ ਦੀ ਪਾਲਣਾ ਕਰੇਗਾ। ਇਸ ਦਾ ਮਤਲਬ ਹੈ ਕਿ ਬਾਦਲ ਪਰਿਵਾਰ 'ਚੋਂ ਕੋਈ ਇੱਕ ਹੀ ਵਿਅਕਤੀ ਚੋਣਾਂ ਲੜੇਗਾ। ਇਸ ਸਮੇਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਫਿਰੋਜ਼ਪੁਰ ਤੋਂ ਜਦਕਿ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਨ।



ਸੂਤਰਾਂ ਦਾ ਕਹਿਣਾ ਹੈ ਕਿ ਇਸ ਬਾਦਲ ਪਰਿਵਾਰ ਵੱਲੋਂ ਸਿਰਫ਼ ਹਰਸਿਮਰਤ ਕੌਰ ਬਾਦਲ ਹੀ ਚੋਣ ਲੜਨਗੇ। ਉਹ ਆਪਣੀ ਮੌਜੂਦਾ ਸੀਟ ਬਠਿੰਡਾ ਤੋਂ ਹੀ ਮੈਦਾਨ 'ਚ ਨਿੱਤਰਨਗੇ। ਪਹਿਲਾਂ ਚਰਚੇ ਸਨ ਕਿ ਉਹ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜ ਸਕਦੇ ਹਨ ਪਰ ਸੂਤਰਾਂ ਨੇ ਇਸ ਚਰਚਾ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ। ਬਾਦਲ ਪਰਿਵਾਰ ਤੋਂ ਇਲਾਵਾ ਕਈ ਸੀਨੀਅਰ ਅਕਾਲੀ ਆਗੂ ਲੰਮੇ ਸਮੇਂ ਤੋਂ 'ਇਕ ਪਰਿਵਾਰ, ਇਕ ਟਿਕਟ' ਦੇ ਨਿਯਮ ਦੀ ਵਕਾਲਤ ਕਰ ਰਹੇ ਸਨ।

ਸਾਬਕਾ ਵਿਧਾਇਕ ਸਿਕੰਦਰ ਸਿੰਘ ਮਲੂਕਾ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਟਿਕਟਾਂ ਦੀ ਵੰਡ 'ਤੇ ਵਿਵਾਦ ਮਗਰੋਂ ਇਹ ਮੁੱਦਾ ਚੁੱਕਿਆ ਸੀ। ਸੂਤਰਾਂ ਨੇ ਦੱਸਿਆ ਕਿ ਪਾਰਟੀ ਅੰਦਰ ਇਹ ਘੁਸਰ-ਮੁਸਰ ਵੀ ਸੀ ਕਿ ਪਾਰਟੀ 'ਤੇ ਸਿਰਫ਼ ਇਕ ਹੀ ਪਰਿਵਾਰ ਦਾ ਕਬਜ਼ਾ ਹੈ। ਇਸ ਤਰ੍ਹਾਂ 'ਇਕ ਪਰਿਵਾਰ-ਇਕ ਟਿਕਟ' ਦੇ ਨਿਯਮ ਦਾ ਪਾਲਣ ਕਰਨ ਦਾ ਫ਼ੈਸਲਾ ਲਿਆ ਗਿਆ। ਸੁਖਬੀਰ ਬਾਦਲ ਪਹਿਲਾਂ ਤੋਂ ਹੀ ਸੀਨੀਅਰ ਅਕਾਲੀ ਆਗੂਆਂ ਨਾਲ ਮਤਭੇਦ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਅਤੀਤ ਵਿਚ ਪਾਰਟੀ ਲੀਡਰਸ਼ਿਪ ਵੱਲੋਂ ਲਏ ਗਏ ਕਈ ਫ਼ੈਸਲਿਆਂ 'ਤੇ ਅਫਸੋਸ ਵੀ ਜ਼ਾਹਿਰ ਕੀਤਾ ਹੈ।

# ਅਮਰੀਕਾ: ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੀ ਵਕਾਲਤ

**ਵਾਸ਼ਿੰਗਟਨ:** ਅਮਰੀਕਾ 'ਚ ਆਉਂਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਗਰਭਪਾਤ ਦਾ ਹੱਕ ਸਭ ਤੋਂ ਵੱਡੇ ਮੁੱਦੇ ਵਜੋਂ ਉਭਰ ਸਕਦਾ ਹੈ। ਨਵੇਂ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਏਸ਼ਿਆਈ ਅਮਰੀਕੀ, ਹਵਾਈ ਦੇ ਮੂਲ ਨਿਵਾਸੀ ਅਤੇ ਪੈਸੀਫਿਕ ਆਈਲੈਂਡਰ (ਏ.ਏ.ਪੀ.ਆਈ.) ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੇ ਪੱਖ 'ਚ ਹਨ। ਏ.ਏ.ਪੀ.ਆਈ. ਡੇਟਾ ਅਤੇ ਏਪੀ-ਐਨ.ਓ.ਆਰ.ਸੀ. ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ 'ਚ ਕਿਹਾ ਗਿਆ ਹੈ ਕਿ 10 'ਚੋਂ 8 ਵਿਅਕਤੀ ਚਾਹੁੰਦੇ ਹਨ ਕਿ ਗਰਭਪਾਤ ਨੂੰ ਕਾਨੂੰਨੀ ਮਾਨਤਾ ਮਿਲੇ।

ਤਿੰਨ ਤਿਹਾਈ ਏ.ਏ.ਪੀ.ਆਈ. ਬਾਲਗਾਂ ਨੇ ਕਿਹਾ ਕਿ ਸੰਸਦ ਨੂੰ ਇਸ ਸਬੰਧੀ ਕਾਨੂੰਨ ਪਾਸ ਕਰਨਾ ਚਾਹੀਦਾ ਹੈ। ਪਿਛਲੇ ਸਾਲ ਜੂਨ 'ਚ ਕਰਵਾਏ ਗਏ ਸਰਵੇਖਣ 'ਚ 64 ਫ਼ੀਸਦੀ ਅਮਰੀਕੀ ਬਾਲਗਾਂ ਦਾ ਮੰਨਣਾ ਹੈ ਕਿ ਗਰਭਪਾਤ ਨੂੰ ਜ਼ਿਆਦਾਤਰ ਮਾਮਲਿਆਂ 'ਚ ਕਾਨੂੰਨੀ ਮਾਨਤਾ ਮਿਲਣੀ ਚਾਹੀਦੀ ਹੈ। ਡੈਮੋਕਰੈਟਿਕ ਅਤੇ ਰਿਪਬਲਿਕਨ ਪਾਰਟੀਆਂ ਨਾਲ ਜੁੜੇ ਏ.ਏ.ਪੀ.ਆਈ. ਆਗੂ ਵੀ ਗਰਭਪਾਤ ਨੂੰ ਕਾਨੂੰਨੀ ਮਾਨਤਾ ਦੇਣ ਦੇ ਪੱਖ 'ਚ ਹਨ। ਏ.ਏ.ਪੀ.ਆਈ. ਵੋਟਰਾਂ ਦੀ ਗਿਣਤੀ ਕੈਲੀਫੋਰਨੀਆ, ਟੈਕਸਸ ਅਤੇ ਨਿਊਯਾਰਕ 'ਚ ਕਿਤੇ ਵੱਧ ਹੈ ਅਤੇ ਦੋਵੇਂ ਪਾਰਟੀਆਂ ਉਨ੍ਹਾਂ ਨੂੰ ਆਪਣੇ ਪੱਖ 'ਚ ਕਰਨ ਲਈ ਹੰਭਲੇ ਮਾਰ ਰਹੀਆਂ ਹਨ ਪਰ ਮੰਨਿਆ ਜਾ ਰਿਹਾ ਹੈ ਕਿ ਡੈਮੋਕਰੈਟਿਕ ਪਾਰਟੀ ਨੂੰ ਇਸ ਦਾ ਲਾਹਾ ਮਿਲ ਸਕਦਾ ਹੈ।

# 'ਆਪ' ਵਿਧਾਇਕਾਂ ਨੇ ਹਰਸਿਮਰਤ ਖਿਲਾਫ ਚੋਣ ਮੁਹਿੰਮ ਭਖਾਈ

**ਬਠਿੰਡਾ:** ਆਮ ਆਦਮੀ ਪਾਰਟੀ ਦੇ ਬਠਿੰਡਾ ਤੋਂ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਚੋਣ ਮੁਹਿੰਮ ਭਖਾ ਦਿੱਤੀ ਹੈ। ਬਠਿੰਡਾ ਲੋਕ ਸਭਾ ਹਲਕੇ ਤੋਂ ਲਗਾਤਾਰ ਤਿੰਨ ਵਾਰ ਸੰਸਦ ਮੈਂਬਰ ਬਣਦੇ ਆ ਰਹੇ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਮਾਨਸਾ ਜ਼ਿਲ੍ਹੇ 'ਚੋਂ ਆਮ ਆਦਮੀ ਪਾਰਟੀ ਦੇ ਤਿੰਨੇ ਵਿਧਾਇਕ ਚੋਣ ਮੁਹਿੰਮ ਲਈ ਪੱਬਾਂ ਭਾਰ ਹੋ ਗਏ ਹਨ। ਇਸ ਜ਼ਿਲ੍ਹੇ ਦੇ ਤਿੰਨੇ ਵਿਧਾਇਕਾਂ ਨੇ ਬਕਾਇਦਾ ਪਿੰਡਾਂ ਵਿਚ ਰਾਜਨੀਤਕ ਜਲਸਿਆਂ ਅਤੇ ਵਰਕਰਾਂ ਨਾਲ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਮਾਨਸਾ ਤੋਂ ਵਿਧਾਇਕ ਡਾ. ਵਿਜੈ ਸਿੰਗਲਾ ਨੇ ਪੰਜਾਬ ਭਰ ਵਿਚੋਂ ਸਭ ਤੋਂ ਵੱਧ ਇਕ ਲੱਖ ਤੋਂ ਵਧ ਵੋਟਾਂ ਹਾਸਲ ਕੀਤੀਆਂ ਸਨ ਅਤੇ ਉਸ ਵੇਲੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ (ਕਾਂਗਰਸੀ ਉਮੀਦਵਾਰ) ਨੂੰ 63323 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ, ਜਦੋਂ ਕਿ ਸਰਦੂਲਗੜ੍ਹ ਵਿਧਾਨ ਸਭਾ ਹਲਕੇ ਤੋਂ ਐਡਵੋਕੇਟ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਦੋ ਵੱਡੇ ਸਿਆਸੀ ਪਰਿਵਾਰਾਂ ਮੋਫ਼ਰ ਅਤੇ ਭੂੰਦੜ ਨੂੰ ਵੱਡੀ ਲੀਡ ਨਾਲ ਮਾਤ ਦਿੱਤੀ ਸੀ। ਇਸੇ ਤਰ੍ਹਾਂ ਬੁਢਲਾਡਾ (ਰਿਜ਼ਰਵ) ਤੋਂ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਨੇ ਲਗਾਤਾਰ ਦੂਜੀ ਵਾਰ ਚੋਣ ਜਿੱਤੀ ਸੀ। ਹੁਣ ਜਦੋਂ ਬੀਬੀ ਹਰਸਿਮਰਤ ਕੌਰ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਆਪਣੀ ਚੋਣ ਮੁਹਿੰਮ ਆਰੰਭ ਦਿੱਤੀ ਹੈ ਤਾਂ ਰਾਜ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਨੁੱਕੜ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।



ਵਿਧਾਇਕ ਐਡਵੋਕੇਟ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਵਿਚ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ 26 ਮਾਰਚ ਨੂੰ ਜ਼ਿਲ੍ਹੇ ਦੇ ਤਿੰਨੋਂ ਹਲਕਿਆਂ ਵਿੱਚ ਵਰਕਰ ਮੀਟਿੰਗਾਂ ਕਰਨ ਲਈ ਪੁੱਜ ਰਹੇ ਹਨ। ਪ੍ਰਿੰਸੀਪਲ ਬੁੱਧਰਾਮ ਨੇ ਦੱਸਿਆ ਕਿ 'ਆਪ' ਵਰਕਰ ਪੂਰੇ ਹੌਸਲੇ ਵਿਚ ਹਨ। ਮਾਨਸਾ ਦੇ ਵਿਧਾਇਕ ਡਾ.ਵਿਜੈ ਸਿੰਗਲਾ ਦਾ ਕਹਿਣਾ ਹੈ ਕਿ ਹਲਕੇ ਦੇ 63 ਪਿੰਡਾਂ ਅਤੇ ਮਾਨਸਾ ਸਮੇਤ ਤਿੰਨ ਵੱਡੇ ਕਸਬਿਆਂ ਭੀਖੀ, ਜੋਗਾ ਵਿਚ ਚੋਣ ਮੁਹਿੰਮ ਦੀ ਰੂਪ-ਰੇਖਾ ਤਿਆਰ ਕੀਤੀ ਗਈ ਹੈ।

## ਪਿਆਜ਼ ਦੀ ਬਰਾਮਦ ਉਤੇ ਪਾਬੰਦੀ ਵਧਾਈ

**ਨਵੀਂ ਦਿੱਲੀ:** ਸਰਕਾਰ ਨੇ ਘਰੇਲੂ ਉਪਲਬਧਤਾ ਵਧਾਉਣ ਅਤੇ ਕੀਮਤਾਂ ਨੂੰ ਕਾਬੂ 'ਚ ਕਰਨ ਲਈ ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਅਗਲੇ ਹੁਕਮਾਂ ਤੱਕ ਵਧਾ ਦਿੱਤੀ ਹੈ। ਵਣਜ ਮੰਤਰਾਲੇ ਨੇ ਇਸ ਸਬੰਧੀ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਤੋਂ ਪਹਿਲਾਂ ਇਸ ਸਾਲ 31 ਮਾਰਚ ਤੱਕ ਪਿਆਜ਼ ਦੀ ਬਰਾਮਦ 'ਤੇ ਰੋਕ ਲਗਾਈ ਗਈ ਸੀ। ਵਿਦੇਸ਼ ਵਪਾਰ ਡਾਇਰੈਕਟੋਰੇਟ ਜਨਰਲ (ਡੀ.ਜੀ.ਐਫ.ਟੀ) ਨੇ 22 ਮਾਰਚ ਨੂੰ ਇਕ ਨੋਟੀਫਿਕੇਸ਼ਨ ਵਿਚ ਕਿਹਾ, "ਪਿਆਜ਼ ਦੀ ਬਰਾਮਦ 'ਤੇ 31 ਮਾਰਚ, 2024 ਤੱਕ ਲਗਾਈ ਗਈ ਪਾਬੰਦੀ ਨੂੰ ਅਗਲੇ ਹੁਕਮਾਂ ਤੱਕ ਵਧਾ ਦਿੱਤਾ ਗਿਆ ਹੈ।" ਡੀ.ਜੀ.ਐਫ.ਟੀ, ਵਣਜ ਮੰਤਰਾਲੇ ਦੀ ਇਕ ਸ਼ਾਖਾ ਹੈ, ਜੋ ਬਰਾਮਦ ਅਤੇ ਦਰਾਮਦ ਸਬੰਧੀ ਮੁੱਦਿਆਂ 'ਤੇ ਫ਼ੈਸਲੇ ਕਰਦੀ ਹੈ। ਸਰਕਾਰ ਨੇ ਅੱਠ ਦਸੰਬਰ, 2023 ਨੂੰ ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਲਗਾਈ ਸੀ।

# ਪੰਨੂ ਹੱਤਿਆ ਸਾਜ਼ਿਸ਼ ਮਾਮਲੇ 'ਚ ਜਵਾਬਦੇਹੀ ਲਈ ਭਾਰਤ ਨਾਲ ਕੰਮ ਰਹੇ ਹਾਂ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਆਪਣੀ ਧਰਤੀ 'ਤੇ ਖ਼ਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਘੜਨ 'ਚ ਸ਼ਾਮਲ ਲੋਕਾਂ ਦੀ ਜਵਾਬਦੇਹੀ ਤੈਅ ਕਰਨ ਲਈ ਭਾਰਤ ਸਰਕਾਰ ਨਾਲ ਕੰਮ ਕਰ ਰਿਹਾ ਹੈ। ਬਾਇਡਨ ਪ੍ਰਸ਼ਾਸਨ ਵੱਲੋਂ ਇਹ ਜਾਣਕਾਰੀ ਦਿੱਤੀ ਗਈ।



ਪਿਛਲੇ ਸਾਲ ਨਵੰਬਰ ਮਹੀਨੇ ਸੰਘੀ ਵਕੀਲਾਂ ਨੇ ਭਾਰਤੀ ਮੂਲ ਦੇ ਇਕ ਨਾਗਰਿਕ ਨਿਖਿਲ ਗੁਪਤਾ 'ਤੇ ਅਮਰੀਕਾ ਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਵਾਲੇ ਪੰਨੂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ 'ਚ ਸ਼ਮੂਲੀਅਤ ਦੇ ਦੋਸ਼ ਲਾਏ ਸਨ। ਅਮਰੀਕੀ ਸੰਘੀ ਸਰਕਾਰੀ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਗੁਪਤਾ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਨਾਲ ਕੰਮ ਕਰ ਰਿਹਾ ਸੀ ਅਤੇ ਨਿਊਯਾਰਕ ਸਿਟੀ 'ਚ ਰਹਿੰਦੇ ਪੰਨੂ ਨੂੰ ਮਾਰਨ ਲਈ ਇੱਕ ਕਾਤਲ ਨੂੰ 1,00,000 ਡਾਲਰ ਦੇਣ ਲਈ ਸਹਿਮਤ ਹੋਇਆ ਸੀ।

ਦੋਸ਼ਾਂ ਦੀ ਪੜਤਾਲ ਲਈ ਭਾਰਤ ਪਹਿਲਾਂ ਹੀ ਇਕ ਜਾਂਚ ਕਮੇਟੀ ਕਾਇਮ ਕਰ ਚੁੱਕਾ ਹੈ। ਕਾਂਗਰਸ ਦੀ ਇਕ ਸੁਣਵਾਈ ਦੌਰਾਨ ਦੱਖਣੀ ਅਤੇ ਕੇਂਦਰੀ ਏਸ਼ੀਆ ਬਾਰੇ ਸਹਾਇਕ ਵਿਦੇਸ਼ ਸਕੱਤਰ ਡੋਨਾਲਡ ਲੂ ਨੇ ਹਾਊਸ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ, "ਇਹ ਭਾਰਤ ਤੇ ਅਮਰੀਕਾ ਵਿਚਾਲੇ ਇਕ ਗੰਭੀਰ ਮੁੱਦਾ ਹੈ। ਅਸੀਂ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਭਾਰਤ ਕੋਲ ਉੱਚ ਪੱਧਰ 'ਤੇ ਉਠਾਇਆ ਹੈ।" ਡੋਨਾਲਡ ਨੇ ਆਖਿਆ, "ਅਸੀਂ ਹੁਣ ਭਾਰਤ ਨਾਲ ਕੰਮ ਕਰ ਰਹੇ ਹਾਂ ਤਾਂ ਕਿ ਭਾਰਤ ਨੂੰ ਇਸ ਘਿਣਾਉਣੇ ਅਪਰਾਧ ਪਿੱਛੇ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਬਣਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਭਾਰਤ ਨੇ ਖੁਦ ਹੀ ਐਲਾਨ ਕੀਤਾ ਹੈ ਕਿ ਉਨ੍ਹਾਂ ਇਸ ਮਾਮਲੇ ਦੀ ਘੋਖ ਲਈ ਇਕ ਕਮੇਟੀ ਬਣਾਈ ਹੈ। ਅਸੀਂ ਉਨ੍ਹਾਂ ਨੂੰ ਜਲਦੀ ਅਤੇ ਪਾਰਦਰਸ਼ਤਾ ਨਾਲ ਕੰਮ ਕਰ ਲਈ ਆਖਿਆ ਹੈ ਤਾਂ ਕਿ ਨਿਆਂ ਯਕੀਨੀ ਬਣਾਇਆ ਜਾ ਸਕੇ।"

## ਅਮਰੀਕਾ ਸਾਜ਼ਿਸ਼ ਦੀ ਸੁਤੰਤਰ ਜਾਂਚ ਕਰਵਾਏ: ਦਲ ਖ਼ਾਲਸਾ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਆਖਿਆ ਕਿ ਅਮਰੀਕੀ ਨਾਗਰਿਕ ਅਤੇ ਸਿੱਖਸ ਫਾਰ ਜਸਟਿਸ ਦੇ ਕਨਵੀਨਰ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਭਾਰਤ ਨੇ ਆਪਣੀ ਭੂਮਿਕਾ ਦੇ ਦੋਸ਼ਾਂ ਤੋਂ ਖ਼ੁਦ ਨੂੰ ਬਰੀ ਕਰ ਲਿਆ ਹੈ। ਇਹ ਖੁਲਾਸਾ ਕੇਂਦਰ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਤੋਂ ਹੋਇਆ ਹੈ। ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਅਤੇ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਇਸ ਮਾਮਲੇ ਵਿਚ ਭਾਰਤ ਨੇ ਆਪਣੀ ਸ਼ਮੂਲੀਅਤ ਨੂੰ ਅਸਵੀਕਾਰ ਕੀਤਾ ਹੈ। ਉਨ੍ਹਾਂ ਨੇ ਅਮਰੀਕੀ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਮਾਮਲੇ ਦੀ ਸੁਤੰਤਰ ਜਾਂਚ ਕਰਵਾਉਣ ਅਤੇ ਭਾਰਤ ਵੱਲੋਂ ਕੀਤੀ ਜਾਂਚ 'ਤੇ ਵਿਸ਼ਵਾਸ ਨਾ ਕਰਨ।

**Punjab Times**
Established in 2000
25th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੈਂਕ ਖਾਤੇ ਜਾਮ ਕਰਨੇ ਕਾਂਗਰਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਾਰ

**ਨਵੀਂ ਦਿੱਲੀ:** ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੇ ਵਿੱਤੀ ਸਰੋਤਾਂ ਨੂੰ ਲੈ ਕੇ ਬਣੀ ਬੇਯਕੀਨੀ 'ਤੇ ਝਾਤ ਪੁਆਉਂਦਿਆਂ ਕਾਂਗਰਸ ਦੀ ਸਿਖਰਲੀ ਲੀਡਰਸ਼ਿਪ ਨੇ ਆਮਦਨ ਕਰ ਵਿਭਾਗ ਵੱਲੋਂ ਜਾਮ ਕੀਤੇ ਆਪਣੇ ਬੈਂਕ ਖਾਤਿਆਂ ਤੱਕ ਫੌਰੀ ਰਸਾਈ ਦੀ ਮੰਗ ਕੀਤੀ ਹੈ ਤਾਂ ਕਿ ਚੋਣਾਂ ਦੌਰਾਨ ਸਾਰੀਆਂ ਸਬੰਧਤ ਧਿਰਾਂ ਲਈ ਇਕਸਾਰ ਮੌਕਾ ਯਕੀਨੀ ਬਣੇ। ਪਾਰਟੀ ਆਗੂ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਕਾਂਗਰਸ ਨੂੰ ਕਮਜ਼ੋਰ ਕਰਨ ਲਈ 'ਸੋਚੇ ਸਮਝੇ ਯਤਨਾਂ' ਦਾ ਦੋਸ਼ ਲਾਇਆ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਰਾਹੁਲ ਗਾਂਧੀ ਦੀ ਹਾਜ਼ਰੀ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੋਨੀਆ ਗਾਂਧੀ ਨੇ ਕਿਹਾ ਕਿ ਇਕ ਪਾਸੇ ਜਿੱਥੇ ਚੋਣ ਬਾਂਡਾਂ ਜ਼ਰੀਏ ਭਾਜਪਾ ਨੂੰ ਵੱਡਾ ਫਾਇਦਾ ਪਹੁੰਚਾਇਆ ਗਿਆ ਹੈ, ਉਥੇ ਦੂਜੇ ਪਾਸੇ ਪ੍ਰਮੁੱਖ ਵਿਰੋਧੀ ਪਾਰਟੀ ਦੇ ਵਿੱਤੀ ਸੋਮਿਆਂ ਉਤੇ 'ਮਿੱਥ ਕੇ ਹਮਲੇ' ਕੀਤੇ ਜਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਇਹ ਸੱਚਮੁੱਚ ਅਸਧਾਰਨ ਹੈ।

ਆਗੂਆਂ ਨੇ ਕਿਹਾ ਕਿ ਪਾਰਟੀ ਦੇ ਬੈਂਕ ਖਾਤੇ ਜਾਮ ਕਰਨ ਦੀ ਪੇਸ਼ਕਦਮੀ ਨੇ ਨਾ ਸਿਰਫ਼ ਕਾਂਗਰਸ ਬਲਕਿ ਭਾਰਤ ਵਿਚ ਜਮਹੂਰੀਅਤ ਨੂੰ ਅਸਰਅੰਦਾਜ਼ ਕੀਤਾ। ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ, "ਅਸੀਂ ਕੋਈ ਚੋਣ ਪ੍ਰਚਾਰ ਦਾ ਕੰਮ ਨਹੀਂ ਕਰ ਸਕਦੇ। ਚੋਣਾਂ ਲੜਨ ਦੀ ਸਾਡੀ ਸਮਰੱਥਾ ਨੂੰ ਸੱਟ ਮਾਰੀ ਗਈ ਹੈ। ਸਾਡੇ ਸਾਰੇ ਬੈਂਕ ਖਾਤੇ ਜਾਮ ਹਨ। ਅਸੀਂ ਚੋਣ ਪ੍ਰਚਾਰ ਦਾ ਕੰਮ ਨਹੀਂ ਕਰ ਸਕਦੇ, ਅਸੀਂ ਆਪਣੇ ਵਰਕਰਾਂ ਤੇ ਉਮੀਦਵਾਰਾਂ ਦੀ ਹਮਾਇਤ ਨਹੀਂ ਕਰ ਸਕਦੇ, ਸਾਡੇ ਆਗੂ ਦੇਸ਼ ਦੇ ਇਕ ਹਿੱਸੇ ਤੋਂ ਦੂਜੇ ਵਿਚ ਹਵਾਈ ਸਫ਼ਰ ਨਹੀਂ ਕਰ ਸਕਦੇ। ਉਹ ਰੇਲਵੇ ਦਾ ਸਫ਼ਰ ਨਹੀਂ ਕਰ ਸਕਦੇ ਤੇ ਇਹ ਸਭ ਕੁਝ ਚੋਣ ਪ੍ਰਚਾਰ ਤੋਂ ਦੋ ਮਹੀਨੇ ਪਹਿਲਾਂ ਹੋ ਰਿਹਾ ਹੈ।"

ਸੂਤਰਾਂ ਨੇ ਕਿਹਾ ਕਿ ਪਾਰਟੀ ਦੇ 11 ਖਾਤਿਆਂ ਵਿਚੋਂ ਅੱਠ ਜਾਮ ਹਨ। ਗਾਂਧੀ ਨੇ ਕਿਹਾ ਇਥੇ ਦਿਲਚਸਪ ਗੱਲ ਹੈ ਕਿ ਦੇਸ਼ ਵਿਚ ਅਜਿਹੀਆਂ ਸੰਸਥਾਵਾਂ ਹਨ ਜਿਨ੍ਹਾਂ ਦਾ ਕੰਮ ਦੇਸ਼ ਦੇ ਜਮਹੂਰੀ ਚੌਖਟੇ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ, ਅਦਾਲਤਾਂ ਹਨ, ਚੋਣ ਕਮਿਸ਼ਨ ਹੈ ਪਰ ਕੁਝ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਭਾਰਤ ਦਾ 20 ਫੀਸਦ ਕਾਂਗਰਸ ਲਈ ਵੋਟ ਕਰਦਾ ਹੈ, ਪਰ ਕਾਂਗਰਸ ਦੋ ਰੁਪਏ ਦੀ ਅਦਾਇਗੀ ਵੀ ਨਹੀਂ ਕਰ ਸਕਦੀ।

## ਅਮਰੀਕਾ ਦੇ ਧਾਰਮਿਕ ਆਜ਼ਾਦੀ ਬਾਰੇ ਕਮਿਸ਼ਨ ਨੇ ਸੀ.ਏ.ਏ. ਨੋਟੀਫਿਕੇਸ਼ਨ 'ਤੇ ਚਿੰਤਾ ਪ੍ਰਗਟਾਈ

**ਨਿਊ ਯਾਰਕ:** ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂ.ਐਸ.ਸੀ.ਆਈ.ਆਰ.ਐਫ) ਨੇ ਭਾਰਤ ਸਰਕਾਰ ਵੱਲੋਂ ਨਾਗਰਿਕਤਾ (ਸੋਧ) ਕਾਨੂੰਨ (ਸੀ.ਏ.ਏ.) ਨੂੰ ਲਾਗੂ ਕਰਨ ਲਈ ਜਾਰੀ ਨੋਟੀਫਿਕੇਸ਼ਨ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਧਰਮ ਜਾਂ ਵਿਸ਼ਵਾਸ ਦੇ ਅਧਾਰ 'ਤੇ ਕਿਸੇ ਨੂੰ ਵੀ ਨਾਗਰਿਕਤਾ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ। ਸੀ.ਏ.ਏ. ਨੂੰ ਲਾਗੂ ਕਰਨ ਦੇ ਨਿਯਮਾਂ ਨੂੰ ਇਸ ਮਹੀਨੇ ਦੇ ਸ਼ੁਰੂ ਵਿਚ ਸੂਚਿਤ ਕੀਤਾ ਗਿਆ ਸੀ, ਜਿਸ ਨਾਲ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗ਼ਾਨਿਸਤਾਨ ਤੋਂ ਦਸਤਾਵੇਜ਼ਾਂ ਬਗ਼ੈਰ ਆਏ ਗ਼ੈਰ ਮੁਸਲਮਾਨ ਪਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਰਾਹ ਪੱਧਰਾ ਹੋ ਗਿਆ।

## ਦਿੱਲੀ ਪੁਲਿਸ ਨੇ ਹਰਜੋਤ ਬੈਂਸ ਸਣੇ ਕਈ ਨੇਤਾ ਹਿਰਾਸਤ 'ਚ ਲਏ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੋਮਨਾਥ ਭਾਰਤੀ ਨੂੰ ਇਥੇ ਪਟੇਲ ਚੌਕ ਵਿਚ 'ਆਪ' ਦੇ ਕਈ ਮੈਂਬਰਾਂ ਸਣੇ ਨੂੰ ਹਿਰਾਸਤ ਵਿਚ ਲਿਆ। ਇਹ ਲੋਕ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਰੋਸ ਪ੍ਰਦਰਸ਼ਨ ਕਰ ਰਹੇ ਸਨ। ਇਨਕਲਾਬ ਜ਼ਿੰਦਾਬਾਦ ਅਤੇ ਕੇਜਰੀਵਾਲ ਜ਼ਿੰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਆਮ ਆਦਮੀ ਪਾਰਟੀ (ਆਪ) ਦੇ ਵਰਕਰ ਅਤੇ ਆਗੂ ਇਲਾਕੇ ਦੇ ਮੈਟਰੋ ਸਟੇਸ਼ਨ ਉਤੇ ਪਹੁੰਚੇ। ਪਾਰਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕ ਕਲਿਆਣ ਮਾਰਗ 'ਤੇ ਸਥਿਤ ਰਿਹਾਇਸ਼ ਵੱਲ ਮਾਰਚ ਤੇ ਘਿਰਾਓ ਕਰਨ ਦਾ ਸੱਦਾ ਦਿੱਤਾ ਹੋਇਆ ਸੀ। ਇਸ ਖੇਤਰ ਵਿਚ ਫੌਜਦਾਰੀ ਜ਼ਾਬਤਾ ਦੀ ਧਾਰਾ 144 ਦੇ ਤਹਿਤ ਮਨਾਹੀ ਦੇ ਹੁਕਮ ਲਾਗੂ ਹਨ ਅਤੇ ਪੁਲਿਸ ਕਿਸੇ ਨੂੰ ਵੀ ਇਕੱਠੇ ਹੋਣ ਦੀ ਇਜਾਜ਼ਤ ਨਹੀਂ ਦੇ ਰਹੀ। 'ਆਪ' ਦੇ ਸੀਨੀਅਰ ਨੇਤਾ ਭਾਰਤੀ ਨੇ ਐਕਸ ਉਤੇ ਪੋਸਟ 'ਚ ਕਿਹਾ ਕਿ ਉਨ੍ਹਾਂ ਨੂੰ ਦਿੱਲੀ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ 'ਆਪ' ਦੀ ਮੰਗੋਲਪੁਰੀ ਤੋਂ ਵਿਧਾਇਕ ਰਾਖੀ ਬਿਰਲਾ ਦੇ ਨਾਲ ਪੁਲਿਸ ਨੇ ਹਿਰਾਸਤ 'ਚ ਲਿਆ ਹੈ। ਪੰਜਾਬ ਵਿਚ 'ਆਪ' ਸਰਕਾਰ ਵਿਚ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਪਾਰਟੀ ਦੀ ਸੀਨੀਅਰ ਮੈਂਬਰ ਰੀਨਾ ਗੁਪਤਾ ਵੀ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਵਿਚ ਸ਼ਾਮਲ ਹਨ।

## ਵੀਜ਼ਾ ਨਾ ਲੱਗਣ 'ਤੇ ਖੁਦਕੁਸ਼ੀ

**ਲੁਧਿਆਣਾ:** ਵਿਦੇਸ਼ ਜਾਣ ਲਈ ਵੀਜ਼ਾ ਨਾ ਲੱਗਣ ਤੋਂ ਬਾਅਦ ਪਰੇਸ਼ਾਨ ਨੌਜਵਾਨ ਨੇ ਖੁਦ ਨੂੰ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਮ੍ਰਿਤਕ ਜਸਵੀਰ ਸਿੰਘ ਦੀ ਉਮਰ ਕਰੀਬ 34 ਸਾਲ ਸੀ ਤੇ ਉਸ ਦੀ ਇਕ ਬੇਟੀ ਵੀ ਹੈ। ਜਾਂਚ ਅਫਸਰ ਏ.ਐਸ.ਆਈ. ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ ਕਰੀਬ 2.30 ਵਜੇ ਘਟਨਾ ਸਬੰਧੀ ਸੂਚਨਾ ਮਿਲੀ ਸੀ ਕਿ ਮਿਲਰਗੰਜ ਇਲਾਕੇ ਵਿਚ ਕਿਸੇ ਨੌਜਵਾਨ ਵੱਲੋਂ ਖੁਦ ਨੂੰ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ ਗਈ ਹੈ।

ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਹੈ ਕਿ ਵੀਜ਼ਾ ਨਾ ਲੱਗਣ ਕਾਰਨ ਜਸਵੀਰ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ ਤੇ ਇਨ੍ਹਾਂ ਹਾਲਾਤਾਂ ਵਿਚ ਉਸ ਨੇ ਇਹ ਕਦਮ ਚੁੱਕ ਲਿਆ। ਫਿਲਹਾਲ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਲੁਧਿਆਣਾ ਵਿਚ ਸਾਈਕਲ ਪਾਰਟਸ ਕਾਰੋਬਾਰੀ ਸੀ। ਉਹ ਲੁਧਿਆਣਾ ਦੇ ਮਿਲਰਗੰਜ ਦਾ ਰਹਿਣ ਵਾਲਾ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਵਿਦੇਸ਼ ਜਾਣਾ ਚਾਹੁੰਦਾ ਸੀ ਪਰ ਉਸ ਦਾ ਵੀਜ਼ਾ ਰੱਦ ਹੋਣ ਕਾਰਨ ਉਹ ਪਰੇਸ਼ਾਨ ਸੀ। ਉਸ ਦਾ ਕੁਝ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ ਤੇ ਉਸ ਦੀ ਇਕ ਬੇਟੀ ਹੈ। ਪਰਿਵਾਰਕ ਮੈਂਬਰਾਂ ਮੁਤਾਬਕ ਰਾਤ ਪਰਿਵਾਰ ਨੂੰ ਖਾਣਾ ਪਰੋਸਣ ਲਈ ਕਹਿ ਕੇ ਉਹ ਖੁਦ ਬਾਥਰੂਮ ਚਲਾ ਗਿਆ। ਕੁਝ ਦੇਰ ਬਾਅਦ ਬਾਥਰੂਮ ਵਿਚੋਂ ਗੋਲੀ ਚੱਲਣ ਦੀ ਆਵਾਜ਼ ਆਈ। ਜਦੋਂ ਪਰਿਵਾਰਕ ਮੈਂਬਰਾਂ ਨੇ ਬਾਥਰੂਮ ਦਾ ਦਰਵਾਜ਼ਾ ਤੋੜਿਆ ਤਾਂ ਉਹ ਅੰਦਰ ਖੂਨ ਨਾਲ ਲੱਥਪੱਥ ਪਿਆ ਸੀ।

## ਨਾਬਾਲਗਾਂ ਲਈ ਸੋਸ਼ਲ ਮੀਡੀਆ ਦੀ ਪਾਬੰਦੀ

**ਟਲਹਸੀ:** ਫਲੋਰੀਡਾ ਵਿਚ ਪਾਸ ਕੀਤੇ ਬਿੱਲ ਦੇ ਤਹਿਤ ਨਾਬਾਲਗਾਂ ਉਤੇ ਸੋਸ਼ਲ ਮੀਡੀਆ 'ਤੇ ਪਾਬੰਦੀ ਹੋਵੇਗੀ ਜਿਸ ਉਤੇ ਗਵਰਨਰ ਰੌਨ ਡੀਸੈਂਟਿਸ ਨੇ ਦਸਤਖ਼ਤ ਕੀਤੇ ਹਨ। ਜੇ ਬਿੱਲ ਕਾਨੂੰਨੀ ਚੁਣੌਤੀਆਂ 'ਚ ਨਾ ਉਲਝਿਆ ਤਾਂ ਇਹ ਅਮਰੀਕਾ ਵਿਚ ਸੋਸ਼ਲ ਮੀਡੀਆ 'ਤੇ ਸਭ ਤੋਂ ਵੱਡੀ ਪਾਬੰਦੀ ਹੋਵੇਗੀ। ਇਸ ਬਿੱਲ ਤਹਿਤ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਖਾਤਿਆਂ ਉਤੇ ਪਾਬੰਦੀ ਲਗਾਈ ਜਾਵੇਗੀ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਲਈ ਮਾਪਿਆਂ ਦੀ ਇਜਾਜ਼ਤ ਦੀ ਲੋੜ ਹੋਵੇਗੀ।

## ਹਮਾਸ ਨੇ ਜੰਗਬੰਦੀ ਦੀ ਨਵੀਂ ਪੇਸ਼ਕਸ਼ ਰੱਦ ਕੀਤੀ

**ਯੇਰੂਸ਼ਲਮ:** ਹਮਾਸ ਨੇ ਇਜ਼ਰਾਈਲ ਉਤੇ ਆਪਣੀਆਂ ਅਹਿਮ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਉਂਦਿਆਂ ਜੰਗਬੰਦੀ ਦੇ ਨਵੇਂ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਇਸ ਮਤੇ ਵਿਚ ਯੁੱਧ ਦੇ ਅੰਤ ਅਤੇ ਗਾਜ਼ਾ ਤੋਂ ਫੌਜਾਂ ਦੀ ਪੂਰੀ ਤਰ੍ਹਾਂ ਵਾਪਸੀ ਦਾ ਜ਼ਿਕਰ ਹੈ। ਕੱਟੜਪੰਥੀ ਸਮੂਹ ਨੇ ਬਿਆਨ ਵਿਚ ਕਿਹਾ ਕਿ ਉਸ ਨੇ ਵਿਚੋਲਗੀ ਧਿਰ ਨੂੰ ਸੂਚਿਤ ਕੀਤਾ ਸੀ ਕਿ ਇਹ ਮਾਰਚ ਦੇ ਸ਼ੁਰੂ ਵਿਚ ਦੱਸੀਆਂ ਆਪਣੀਆਂ ਸ਼ਰਤਾਂ 'ਤੇ ਕਾਇਮ ਹੈ। ਇਸ ਵਿਚ ਕਿਹਾ ਗਿਆ ਹੈ ਕਿ ਇਜ਼ਰਾਈਲ ਨੇ 'ਵਿਆਪਕ ਜੰਗਬੰਦੀ, ਗਾਜ਼ਾ ਪੱਟੀ ਤੋਂ (ਇਜ਼ਰਾਈਲੀ ਫੌਜਾਂ ਦੀ ਵਾਪਸੀ), ਉਜੜੇ ਲੋਕਾਂ ਦੀ ਵਾਪਸੀ ਅਤੇ ਅਸਲ ਕੈਦੀਆਂ ਦੀ ਅਦਲਾ-ਬਦਲੀ' ਦੀਆਂ ਆਪਣੀਆਂ ਮੁੱਖ ਮੰਗਾਂ ਦਾ ਜਵਾਬ ਨਹੀਂ ਦਿੱਤਾ ਹੈ। ਹਮਾਸ ਦੇ ਬਿਆਨ ਤੋਂ ਕੁਝ ਸਮਾਂ ਪਹਿਲਾਂ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨੇ ਗਾਜ਼ਾ ਵਿਚ ਬੰਦੀ ਬਣਾਏ ਗਏ ਸਾਰੇ ਲੋਕਾਂ ਦੀ ਰਿਹਾਈ ਅਤੇ ਤੁਰਤ ਜੰਗਬੰਦੀ ਦੀ ਮੰਗ ਕਰਨ ਵਾਲੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਸੀ। ਇਸ ਸਬੰਧੀ ਹੋਈ ਵੋਟਿੰਗ ਨੇ ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਮਤਭੇਦ ਪੈਦਾ ਕਰ ਦਿੱਤੇ ਹਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਉਚ ਪੱਧਰੀ ਵਫ਼ਦ ਵੱਲੋਂ ਵਾਸ਼ਿੰਗਟਨ ਦੀ ਯਾਤਰਾ ਨੂੰ ਰੱਦ ਕਰ ਦਿੱਤਾ।

## ਪੰਜਾਬ ਵਿਚ ਚਾਰ ਧਿਰੀ ਮੁਕਾਬਲੇ ਲਈ ਪਿੜ ਬੱਝਿਆ

*(ਪਹਿਲੇ ਸਫੇ ਦੀ ਬਾਕੀ)*

ਜਾਣਕਾਰੀ ਹੈ ਕਿ ਅਕਾਲੀ ਦਲ ਨੇ ਪਿਛਲੇ ਦਿਨੀਂ ਕੋਰ ਕਮੇਟੀ ਦੀ ਮੀਟਿੰਗ ਵਿਚ ਪਹਿਲਾਂ ਹੀ ਇਹ ਤੈਅ ਕਰ ਲਿਆ ਸੀ, ਇਸ ਬਾਰੇ ਜਾਣਕਾਰੀ ਸਾਂਝੀ ਕਰਨ ਤੋਂ ਝਿਜਕ ਰਹੀ ਸੀ। ਕੋਰ ਮੀਟਿੰਗ ਵਿਚ ਅਕਾਲੀ ਆਗੂਆਂ ਨੇ ਕਿਸਾਨੀ ਮੰਗਾਂ ਦਾ ਹੱਲ ਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਜ਼ੋਰ ਨਾਲ ਉਭਾਰਿਆ ਸੀ। ਇਨ੍ਹਾਂ ਮੁੱਦਿਆਂ ਨਾਲ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚੋਂ ਗੁਆਚੀ ਆਪਣੀ ਸਿਆਸੀ ਜ਼ਮੀਨ ਨੂੰ ਮੁੜ ਤਲਾਸ਼ ਕਰਨ ਦੀ ਕੋਸ਼ਿਸ਼ ਵਿਚ ਹੈ।

ਇਸ ਤੋਂ ਪਹਿਲਾਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਵਿਚ ਚੱਲੇ ਕਿਸਾਨੀ ਅੰਦੋਲਨ ਕਾਰਨ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਤੋੜ ਵਿਛੋੜਾ ਕਰ ਲਿਆ ਸੀ। ਅਕਾਲੀ ਦਲ ਨੇ ਕੇਂਦਰ ਦੀ ਵਜ਼ਾਰਤ ਨੂੰ ਠੋਕਰ ਮਾਰ ਦਿੱਤੀ ਸੀ। ਇਸ ਤੋਂ ਬਾਅਦ ਅਕਾਲੀ ਦਲ ਨੇ ਦਲਿਤ ਵੋਟ ਉਤੇ ਨਜ਼ਰ ਰੱਖਦਿਆਂ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਕੀਤਾ ਪਰ ਅਕਾਲੀ ਦਲ ਨੂੰ ਕੋਈ ਸਫਲਤਾ ਨਹੀਂ ਮਿਲੀ ਹਾਲਾਂਕਿ ਬਸਪਾ ਦੇ ਹੱਥ ਇਕ ਵਿਧਾਇਕੀ ਲੱਗੀ ਸੀ।

ਇਹ ਆਮ ਚਰਚਾ ਚੱਲ ਰਹੀ ਸੀ ਕਿ ਗੱਠਜੋੜ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਸਪਾ ਨਾਲ ਕੋਈ ਵੀ ਰਾਬਤਾ ਨਹੀਂ ਰੱਖਿਆ। ਇਸ ਦੌਰਾਨ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੁੜ ਤੋਂ ਗੱਠਜੋੜ ਹੋਣ ਦੀਆਂ ਚਰਚਾਵਾਂ ਨੇ ਵੀ ਜ਼ੋਰ ਫੜ ਲਿਆ ਸੀ। ਇਸ ਨੂੰ ਲੈ ਕੇ ਜਦੋਂ ਅਕਾਲੀ ਦਲ ਜਾਂ ਭਾਜਪਾ ਨਾਲ ਰਾਬਤਾ ਕੀਤਾ ਜਾਂਦਾ ਤਾਂ ਉਹ ਇਸ ਗੱਲ ਦੀ ਖੁੱਲ੍ਹ ਕੇ ਹਾਮੀ ਵੀ ਨਹੀਂ ਭਰਦੇ ਸੀ ਤੇ ਨਾ ਹੀ ਇਸ ਤੋਂ ਮੁਨਕਰ ਹੁੰਦੇ ਸਨ। ਸੂਬੇ ਵਿਚ ਬਣੇ ਰਹੇ ਇਸ ਗੱਠਜੋੜ ਤੋਂ ਬਸਪਾ ਖਫ਼ਾ ਹੁੰਦੀ ਨਜ਼ਰ ਆ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਸੀ ਕਿ ਜੇ ਇਹ ਸਮਝੌਤਾ ਹੁੰਦਾ ਤਾਂ ਅਕਾਲੀ ਦਲ ਉਨ੍ਹਾਂ ਨੂੰ ਮੁੜ ਤੋਂ ਪਹਿਲਾਂ ਵਾਂਗ ਛੱਡ ਦੇਵੇਗਾ। ਇਹ ਸਭ ਹੋਣ ਤੋਂ ਪਹਿਲਾਂ ਹੀ ਪੰਜਾਬ ਦੀ ਬਸਪਾ ਇਕਾਈ ਨੇ ਆਪਣੀ ਹਾਈਕਮਾਂਡ ਨਾਲ ਗੱਲ ਕਰਕੇ ਸਮਝੌਤਾ ਤੋੜ ਲਿਆ ਸੀ।

ਇਸ ਤੋਂ ਬਾਅਦ ਅਕਾਲੀ ਦਲ ਲਈ ਭਾਜਪਾ ਨਾਲ ਸਮਝੌਤਾ ਕਰਨ ਦਾ ਰਾਹ ਸਾਫ਼ ਸੀ ਪਰ ਇਸ ਵਾਰ ਭਾਜਪਾ ਛੋਟਾ ਭਰਾ ਬਣਨ ਲਈ ਤਿਆਰ ਨਹੀਂ ਸੀ। ਇਸ ਤੋਂ ਇਲਾਵਾ ਸੀਟਾਂ ਦੀ ਵੰਡ ਤੇ ਹੋਰ ਕਈ ਮੁੱਦਿਆਂ ਨੂੰ ਲੈ ਕੇ ਗੱਠਜੋੜ ਵਿਚ ਵਿਚਾਲੇ ਅਟਕ ਗਿਆ ਸੀ ਪਰ ਹੁਣ ਭਾਰਤੀ ਜਨਤਾ ਪਾਰਟੀ ਵੱਲੋਂ ਸਾਫ਼ ਕਰ ਦਿੱਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਅਕਾਲੀ ਦਲ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ।

2019 ਦੀਆਂ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਸੀ ਜਦਕਿ ਕਾਂਗਰਸ ਅਤੇ 'ਆਪ' ਨੇ ਇਕੱਲਿਆਂ ਹੀ ਚੋਣ ਲੜੀ ਸੀ। ਉਸ ਸਮੇਂ ਸੂਬੇ 'ਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਕਾਂਗਰਸ ਅੱਠ ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਬਣੀ। ਕਾਂਗਰਸ ਨੂੰ 40.18 ਫੀਸਦੀ ਵੋਟਾਂ ਮਿਲੀਆਂ। ਅਕਾਲੀ ਦਲ ਭਾਜਪਾ ਗੱਠਜੋੜ ਨੂੰ ਚਾਰ ਸੀਟਾਂ ਮਿਲੀਆਂ ਹਨ। ਪਾਰਟੀ ਨੂੰ ਕੁੱਲ 37.08 ਫੀਸਦੀ ਵੋਟਾਂ ਮਿਲੀਆਂ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਨੂੰ ਇਕ ਸੀਟ ਮਿਲੀ ਸੀ।

ਇਸ ਵਾਰ ਸਿਆਸੀ ਸਮੀਕਰਨ ਵੱਖ ਹਨ ਕਿਉਂਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਉਹ ਵੀ 92 ਵਿਧਾਇਕਾਂ ਦੇ ਨਾਲ ਬਣੀ ਹੈ। ਕਾਂਗਰਸ ਦੇ ਵੱਡੇ ਲੀਡਰ ਭਾਰਤੀ ਜਨਤਾ ਪਾਰਟੀ ਵਿਚ ਜਾ ਚੁੱਕੇ ਹਨ। ਅਕਾਲੀ ਦਲ ਦੀ ਸਿਆਸੀ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਹੈ। ਇਸ ਲਈ ਅਕਾਲੀ ਦਲ ਮੁੜ ਕਿਸਾਨੀ ਅਤੇ ਪੰਥਕ ਮਸਲਿਆਂ ਉਤੇ ਜ਼ੋਰ ਦੇਣ ਦੀਆਂ ਕੋਸ਼ਿਸ਼ਾਂ ਵਿਚ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਚੋਣ ਜ਼ਾਬਤਾ: ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਨੂੰ ਬਰੇਕਾਂ



**ਚੰਡੀਗੜ੍ਹ:** ਪੰਜਾਬ ਵਿਚ ਚੋਣ ਜ਼ਾਬਤਾ ਲੱਗਣ ਕਰ ਕੇ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਨੂੰ ਤੁਰੰਤ ਬਰੇਕਾਂ ਲੱਗ ਗਈਆਂ ਹਨ। ਟਰਾਂਸਪੋਰਟ ਵਿਭਾਗ ਨੇ ਚੋਣ ਜ਼ਾਬਤੇ ਦੀ ਪਾਲਣਾ ਕਰਦਿਆਂ ਤੀਰਥ ਯਾਤਰਾ ਸਕੀਮ ਨੂੰ ਫਿਲਹਾਲ ਰੋਕ ਦਿੱਤਾ ਹੈ।

ਸੂਬੇ ਦੇ ਹਰ ਹਲਕੇ ਵਿਚੋਂ ਵੱਡੀ ਗਿਣਤੀ ਵਿਚ ਲੋਕ ਇਸ ਸਕੀਮ ਤਹਿਤ ਤੀਰਥ ਯਾਤਰਾ ਕਰ ਚੁੱਕੇ ਹਨ। ਹਰ ਵਿਧਾਨ ਸਭਾ ਹਲਕੇ ਵਿਚੋਂ ਪਹਿਲਾਂ ਰੋਜ਼ਾਨਾ 12 ਬੱਸਾਂ ਤੀਰਥ ਯਾਤਰਾ ਲਈ ਯਾਤਰੀਆਂ ਨੂੰ ਲੈ ਕੇ ਜਾਂਦੀਆਂ ਸਨ। ਕੇਂਦਰ ਸਰਕਾਰ ਨੇ ਤੀਰਥ ਯਾਤਰਾ ਲਈ ਰੇਲ ਗੱਡੀਆਂ ਦੇਣ ਤੋਂ ਪਹਿਲਾਂ ਹੀ ਇਨਕਾਰ ਕਰ ਦਿੱਤਾ ਸੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਤੀਰਥ ਯਾਤਰਾ ਸਕੀਮ ਤਹਿਤ ਪਹਿਲੀ ਰੇਲ ਗੱਡੀ ਨੂੰ 27 ਨਵੰਬਰ 2023 ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਸੀ। ਇਸ ਮਗਰੋਂ ਕੇਂਦਰ ਨੇ ਰੇਲ ਗੱਡੀਆਂ ਦੇਣ ਤੋਂ ਇਨਕਾਰ ਕਰ ਦਿੱਤਾ, ਇਸ ਕਰ ਕੇ ਤੀਰਥ ਯਾਤਰਾ ਸਕੀਮ ਤਹਿਤ ਯਾਤਰੀਆਂ ਨੂੰ ਬੱਸਾਂ ਜ਼ਰੀਏ ਸੂਬੇ ਅੰਦਰਲੇ ਧਾਰਮਿਕ ਸਥਾਨਾਂ ਅਤੇ ਦੂਸਰੇ ਸੂਬਿਆਂ 'ਚ ਪੈਂਦੇ ਧਾਰਮਿਕ ਸਥਾਨਾਂ 'ਤੇ ਲਿਜਾਇਆ ਜਾ ਰਿਹਾ ਸੀ। ਟਰਾਂਸਪੋਰਟ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਚੋਣ ਜ਼ਾਬਤਾ ਲੱਗਣ ਕਰਕੇ ਤੀਰਥ ਯਾਤਰਾ ਸਕੀਮ ਨੂੰ ਰੋਕ ਦਿੱਤਾ ਗਿਆ ਹੈ।

'ਆਪ' ਸਰਕਾਰ ਵੱਲੋਂ ਅਗਲੇ ਵਿੱਤੀ ਵਰ੍ਹੇ 2024-25 ਲਈ ਤੀਰਥ ਯਾਤਰਾ ਸਕੀਮ ਲਈ 25 ਕਰੋੜ ਦਾ ਬਜਟ ਰੱਖਿਆ ਗਿਆ ਹੈ ਜਦੋਂ ਕਿ ਸਾਲ 2023-24 ਲਈ ਇਸ ਸਕੀਮ ਤਹਿਤ 40 ਕਰੋੜ ਦਾ ਬਜਟ ਰੱਖਿਆ ਗਿਆ ਸੀ। ਪੰਜਾਬ ਸਰਕਾਰ ਵੱਲੋਂ ਚੋਣਾਂ ਦਾ ਕੰਮ ਮੁਕੰਮਲ ਹੋਣ ਮਗਰੋਂ ਮੁੜ ਇਹ ਸਕੀਮ ਸ਼ੁਰੂ ਕੀਤੀ ਜਾਵੇਗੀ ਕਿਉਂਕਿ ਲੋਕ ਸਭਾ ਚੋਣਾਂ ਮਗਰੋਂ ਪੰਚਾਇਤ ਚੋਣਾਂ ਤੇ ਨਗਰ ਕੌਂਸਲ ਚੋਣਾਂ ਕਰਾਏ ਜਾਣ ਦੀ ਸੰਭਾਵਨਾ ਹੈ।

## ਉਮੀਦਵਾਰਾਂ ਨੂੰ ਪੁਲਿਸ ਕੇਸ ਬਾਰੇ ਇਸ਼ਤਿਹਾਰ ਦੇਣਾ ਪਵੇਗਾ

**ਪਟਿਆਲਾ:** ਉਮੀਦਵਾਰ ਨੂੰ ਆਪਣੇ ਵਿਰੁੱਧ ਦਰਜ ਪੁਲਿਸ ਕੇਸਾਂ ਬਾਰੇ ਪ੍ਰਿੰਟ ਤੇ ਇਲੈਕਟਰਾਨਿਕ ਮੀਡੀਆ 'ਚ ਤਿੰਨ ਵਾਰ ਇਸ਼ਤਿਹਾਰ ਦੇਣਾ ਪਵੇਗਾ। ਇਹ ਗੱਲ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਅਤੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਚੋਣ ਜ਼ਾਬਤੇ ਬਾਰੇ ਜਾਣੂ ਕਰਾਉਣ ਲਈ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ ਦੌਰਾਨ ਕਹੀ। ਉਨ੍ਹਾਂ ਕਿਹਾ ਕਿ ਉਮੀਦਵਾਰ ਨੂੰ ਚੋਣ ਖ਼ਰਚੇ ਦੀ ਸੀਮਾ ਦਾ ਲੇਖਾ ਜੋਖਾ ਵੀ ਰੱਖਣਾ ਪਵੇਗਾ।

## ਕਾਲਾ ਧਨ: ਆਮਦਨ ਕਰ ਵਿਭਾਗ ਸਰਗਰਮ

**ਜਲੰਧਰ:** ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਤਹਿਤ ਆਮਦਨ ਕਰ ਵਿਭਾਗ ਦੇ ਜਾਂਚ ਡਾਇਰੈਕਟੋਰੇਟ ਨੇ ਅਗਾਮੀ ਲੋਕ ਸਭਾ ਚੋਣਾਂ ਵਿੱਚ ਕਾਲੇ ਧਨ ਦੀ ਵਰਤੋਂ ਰੋਕਣ ਲਈ ਪੁਖ਼ਤਾ ਪ੍ਰਬੰਧ ਕੀਤੇ ਹਨ। ਇਸ ਸਬੰਧੀ ਜੁਆਇੰਟ ਡਾਇਰੈਕਟਰ ਆਮਦਨ ਕਰ ਵਿਭਾਗ (ਜਾਂਚ) ਧਰਮੇਂਦਰ ਸਿੰਘ ਪੂਨੀਆ ਨੇ ਦੱਸਿਆ ਕਿ ਸ਼ਿਕਾਇਤਾਂ ਪ੍ਰਾਪਤ ਕਰਨ ਲਈ ਪੰਜਾਬ ਲਈ ਇਨਕਮ ਟੈਕਸ ਦਫ਼ਤਰ, ਚੰਡੀਗੜ੍ਹ ਵਿੱਚ ਇਕ ਟੌਲ-ਫਰੀ ਨੰਬਰ (1800-180-2141) ਤੇ ਇਕ ਵਟਸਐਪ ਨੰਬਰ ਵਾਲਾ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਇਹ ਚੌਵੀ ਘੰਟੇ ਕੰਮ ਕਰਦਾ ਹੈ। ਇਸ ਨੰਬਰ 'ਤੇ ਚੋਣ ਪ੍ਰਕਿਰਿਆ ਨੂੰ ਗ਼ਲਤ ਢੰਗ ਨਾਲ ਪ੍ਰਭਾਵਿਤ ਕਰਨ ਲਈ ਵਰਤੀ ਜਾਂਦੀ ਨਕਦੀ ਜਾਂ ਹੋਰ ਕੀਮਤੀ ਵਸਤੂਆਂ ਨਾਲ ਸਬੰਧਤ ਵਿਸ਼ੇਸ਼ ਜਾਣਕਾਰੀ ਦਿੱਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ।

## ਹਿੰਡਨ ਹਵਾਈ ਅੱਡੇ ਤੋਂ ਆਦਮਪੁਰ ਲਈ ਸਸਤੀ ਉਡਾਣ ਸ਼ੁਰੂ



**ਜਲੰਧਰ:** ਦਿੱਲੀ ਤੋਂ ਪੰਜਾਬ ਆਉਣ ਵਾਲੇ ਯਾਤਰੀਆਂ ਲਈ ਵੱਡੀ ਖ਼ੁਸ਼ਖ਼ਬਰੀ ਹੈ ਕਿਉਂਕਿ ਸਿਵਲ ਹਵਾਈ ਅੱਡਾ ਹਿੰਡਨ (ਗਾਜ਼ੀਆਬਾਦ, ਯੂ.ਪੀ.) ਤੋਂ ਆਦਮਪੁਰ (ਜਲੰਧਰ) ਲਈ ਟਿਕਟਾਂ ਦੀ ਬੁਕਿੰਗ ਸ਼ੁਰੂ ਹੋ ਗਈ ਹੈ। ਜਾਣਕਾਰੀ ਅਨੁਸਾਰ ਹਿੰਡਨ ਏਅਰਪੋਰਟ ਤੋਂ ਆਦਮਪੁਰ ਲਈ ਪਹਿਲੀ ਫਲਾਈਟ 31 ਮਾਰਚ ਨੂੰ ਸ਼ੁਰੂ ਹੋਵੇਗੀ ਜੋ ਸਵੇਰੇ 11.25 'ਤੇ ਰਵਾਨਾ ਹੋਵੇਗੀ ਅਤੇ ਦੁਪਹਿਰ 12.25 'ਤੇ ਪਹੁੰਚੇਗੀ। ਆਦਮਪੁਰ ਤੋਂ ਹਿੰਡਨ ਲਈ ਉਡਾਣ 12.50 'ਤੇ ਸ਼ੁਰੂ ਹੋਵੇਗੀ, ਜੋ ਦੁਪਹਿਰ 1.50 'ਤੇ ਹਿੰਡਨ ਹਵਾਈ ਅੱਡੇ 'ਤੇ ਪਹੁੰਚੇਗੀ। ਹਿੰਡਨ ਹਵਾਈ ਅੱਡੇ ਤੋਂ ਆਦਮਪੁਰ ਦੀ ਟਿਕਟ ਦੀ ਕੀਮਤ 1499 ਰੁਪਏ ਹੈ ਜੋ ਕਿ ਹੁਣ ਤੱਕ ਦੀ ਸਭ ਤੋਂ ਸਸਤੀ ਟਿਕਟ ਹੈ। ਯਾਤਰੀ ਸਟਾਰ ਏਅਰ ਏਅਰਲਾਈਨਜ਼ ਦੀ ਵੈੱਬਸਾਈਟ ਜਾਂ ਯੂ.ਪੀ.ਆਈ. ਰਾਹੀਂ ਟਿਕਟ ਬੁੱਕ ਕਰ ਸਕਦੇ ਹਨ। ਸਟਾਰ ਏਅਰਲਾਈਨਜ਼ ਕੰਪਨੀ ਇਹ ਉਡਾਣ ਸ਼ੁਰੂ ਕਰ ਰਹੀ ਹੈ। ਆਦਮਪੁਰ ਤੋਂ ਹਿੰਡਨ ਜਾਣ ਵਾਲਾ ਜਹਾਜ਼ ਅੱਗੇ ਨਾਂਦੇੜ ਤੇ ਉਥੋਂ ਬੰਗਲੌਰ ਜਾਵੇਗਾ।

# ਲੋਕ ਸਭਾ ਤੋਂ ਬਾਅਦ ਵਿਧਾਨ ਸਭਾ ਜ਼ਿਮਨੀ ਚੋਣਾਂ ਵੀ ਜਿੱਤਾਂਗੇ: ਆਪ

**ਮਾਨਸਾ:** ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਉਮੀਦਵਾਰਾਂ ਨੂੰ ਲੋਕ ਸਭਾ ਚੋਣਾਂ ਵਿਚ ਹਰਾਉਣ ਤੋਂ ਬਾਅਦ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਵੀ ਹਰਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਪਾਰਟੀ ਪੰਜਾਬ ਵਿਚ ਆਪਣੇ ਵਿਕਾਸ ਕਾਰਜਾਂ ਦੇ ਬਲਬੂਤੇ ਸਾਰੀਆਂ 13 ਸੀਟਾਂ ਸਮੇਤ ਚੰਡੀਗੜ੍ਹ ਦੀ 14ਵੀਂ ਸੀਟ ਉਤੇ ਜਿੱਤ ਹਾਸਲ ਕਰੇਗੀ, ਜਦੋਂ ਕਿ ਦੂਜੀਆਂ ਪਾਰਟੀਆਂ ਵੱਲੋਂ ਲੋਕਾਂ ਤੋਂ ਵੋਟ ਮੰਗਣ ਲਈ ਕੋਈ ਵੀ ਏਜੰਡਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਜਿੱਤਣ ਮਗਰੋਂ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿਚ ਵੀ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੂੰ ਹਰਾਇਆ ਜਾਵੇਗਾ। ਲੋਕਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦਾ ਲੋਕ ਸਭਾ ਚੋਣਾਂ ਵਿਚ ਬਿਸਤਰਾ ਗੋਲ ਕਰ ਦਿੱਤਾ ਜਾਵੇਗਾ। ਇਸ ਵਾਰ ਲੋਕ ਬਾਦਲਾਂ ਦਾ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣ ਦਾ ਕੋਈ ਵੀ ਜੁਗਾੜ ਨਹੀਂ ਚੱਲਣ ਦੇਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿਚ ਵਿਕਾਸ ਦੇ ਆਸਰੇ ਵੋਟ ਹਾਸਲ ਕਰੇਗੀ। ਸ਼੍ਰੋਮਣੀ ਅਕਾਲੀ ਦਲ ਵਿਚ ਸੁਖਦੇਵ ਸਿੰਘ ਢੀਂਡਸਾ ਅਤੇ ਬੀਬੀ ਜਗੀਰ ਕੌਰ ਦੀ ਘਰ ਵਾਪਸੀ ਦਾ ਪੰਜਾਬ ਦੇ ਲੋਕਾਂ ਉਪਰ ਕੋਈ ਅਸਰ ਨਹੀਂ ਪਵੇਗਾ।

# ਪੰਜਾਬ ਵਿਚ ਹੁਣ ਮਾਲ ਪਟਵਾਰੀ ਸਟੇਟ ਕਾਡਰ 'ਚ ਤਬਦੀਲ




**ਮੋਗਾ:** ਪੰਜਾਬ ਸਰਕਾਰ ਨੇ ਮਾਲ ਪਟਵਾਰੀ ਦੀ ਅਸਾਮੀ ਨੂੰ ਸਟੇਟ ਕਾਡਰ 'ਚ ਤਬਦੀਲ ਕਰ ਦਿੱਤਾ ਹੈ। ਸਰਕਾਰ ਵੱਲੋਂ ਜਾਰੀ ਨੋਟੀਫ਼ਿਕੇਸ਼ਨ ਮੁਤਾਬਕ ਹੁਣ ਡਾਇਰੈਕਟਰ ਲੈਂਡ ਰਿਕਾਰਡ ਕੋਲ ਨਵੀਂ ਅਥਾਰਟੀ ਹੋਵੇਗੀ। ਇਸ ਤੋਂ ਪਹਿਲਾਂ ਮਾਲ ਪਟਵਾਰੀ ਅਸਾਮੀ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਧੀਨ ਸਨ।

ਪੰਜਾਬ ਸਰਕਾਰ ਨੇ ਸੂਬੇ 'ਚ ਮਾਲ ਪਟਵਾਰੀ (ਕਲਾਸ ਤਿੰਨ) ਸੇਵਾ ਨਿਯਮਾਂ ਵਿਚ ਸੋਧ ਕਰਦਿਆਂ ਮਾਲ ਪਟਵਾਰੀ ਅਸਾਮੀ ਕਾਡਰ ਜ਼ਿਲ੍ਹੇ ਤੋਂ ਤਬਦੀਲ ਕਰ ਕੇ ਸਟੇਟ ਕਾਡਰ ਵਿਚ ਤਬਦੀਲ ਕਰਨ ਲਈ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫ਼ਿਕੇਸ਼ਨ ਮੁਤਾਬਕ ਪੰਜਾਬ 'ਚੋਂ 1050 ਪਟਵਾਰ ਸਰਕਲ ਵੀ ਖ਼ਤਮ ਕਰ ਦਿੱਤੇ ਗਏ ਹਨ। ਪੰਜਾਬ ਵਿਚ ਪਹਿਲਾਂ ਕੁੱਲ 4716 ਪਟਵਾਰ ਸਰਕਲ ਸਨ ਜੋ ਹੁਣ ਘਟਾ ਕੇ 3660 ਹਲਕੇ ਕਰ ਦਿੱਤੇ ਗਏ ਹਨ।

ਜ਼ਿਕਰਯੋਗ ਹੈ ਕਿ ਰੈਵੇਨਿਊ ਪਟਵਾਰ ਯੂਨੀਅਨ ਨੇ ਪਹਿਲੀ ਸਤੰਬਰ 2023 ਨੂੰ ਕਲਮ ਛੋੜ ਹੜਤਾਲ ਕੀਤੀ ਸੀ ਅਤੇ ਪਟਵਾਰੀਆਂ ਨੇ ਵਾਧੂ ਸਰਕਲਾਂ ਵਿਚ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਸਰਕਾਰ ਨੇ ਇਸ ਸੰਕਟ ਨਾਲ ਨਜਿੱਠਣ ਲਈ ਨਵੇਂ ਭਰਤੀ ਕੀਤੇ 630 ਮਾਲ ਪਟਵਾਰੀ ਉਮੀਦਵਾਰਾਂ ਨੂੰ ਸਾਲ ਭਰ ਦਾ ਪਟਵਾਰ ਕੋਰਸ ਪਾਸ ਕਰਨ ਤੋਂ ਬਿਨਾ ਹੀ ਖੇਤਰੀ ਸਿਖਲਾਈ ਲਈ ਜ਼ਿਲ੍ਹਿਆਂ 'ਚ ਤੋਰ ਦਿੱਤਾ। ਮਾਲ ਪਟਵਾਰੀਆਂ ਦਾ ਜ਼ਿਲ੍ਹਾ ਕਾਡਰ ਹੋਣ ਕਰਕੇ ਉਨ੍ਹਾਂ ਦੀ ਬਦਲੀ ਜ਼ਿਲ੍ਹੇ ਤੋਂ ਬਾਹਰ ਨਹੀਂ ਸੀ ਹੋ ਸਕਦੀ ਤਾਂ ਸਰਕਾਰ ਨੇ 'ਪੰਜਾਬ ਮਾਲ ਪਟਵਾਰੀ (ਕਲਾਸ ਤਿੰਨ) ਸੇਵਾ ਨਿਯਮ 1966' ਵਿਚ ਸੋਧ ਦਾ ਬਿੱਲ ਲਿਆਂਦਾ। ਇਸ ਦਾ ਹੁਣ ਨੋਟੀਫ਼ਿਕੇਸ਼ਨ ਜਾਰੀ ਹੋ ਗਿਆ ਹੈ।

## ਲਹਿੰਦੇ ਪੰਜਾਬ ਦੇ ਸਿੱਖ ਐਕਟ 'ਚ ਸੋਧ ਹੋਵੇਗੀ

**ਲਾਹੌਰ:** ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਪਹਿਲੇ ਸਿੱਖ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਸੂਬੇ ਦੇ ਸਿੱਖ ਐਕਟ ਵਿਚ ਕੁਝ ਸੋਧਾਂ ਕੀਤੀਆਂ ਜਾਣਗੀਆਂ, ਜਿਸ ਤਹਿਤ 18 ਸਾਲ ਤੋਂ ਘੱਟ ਉਮਰ ਦੇ ਸਿੱਖ ਨੌਜਵਾਨ ਵਿਆਹ ਕਰਵਾਉਣ ਲਈ ਅਯੋਗ ਹੋਣਗੇ। ਸ੍ਰੀ ਅਰੋੜਾ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਜਿਸ ਦੇ ਉਹ ਪ੍ਰਧਾਨ ਹਨ, ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਸਿੱਖ ਐਕਟ ਵਿਚ ਕੀਤੀਆਂ ਜਾਣ ਵਾਲੀਆਂ ਨਵੀਆਂ ਸੋਧਾਂ ਘੱਟ ਗਿਣਤੀ ਭਾਈਚਾਰੇ ਦੇ ਹੱਕ ਵਿਚ ਹੋਣਗੀਆਂ। ਸ੍ਰੀ ਅਰੋੜਾ ਨੇ ਕਿਹਾ,''ਸਿੱਖ ਆਨੰਦ ਕਾਰਜ ਮੈਰਿਜ ਐਕਟ 2018 ਵਿਚ 18 ਸਾਲ ਤੋਂ ਘੱਟ ਉਮਰ ਦੇ ਸਿੱਖ ਵਿਆਹ ਲਈ ਅਯੋਗ ਸਣੇ ਕੁਝ ਹੋਰ ਸੋਧਾਂ ਕੀਤੀਆਂ ਜਾਣਗੀਆਂ ਅਤੇ ਇਸ ਨੂੰ ਜਲਦੀ ਹੀ ਕੈਬਨਿਟ ਵੱਲੋਂ ਮਨਜ਼ੂਰੀ ਦਿੱਤੀ ਜਾਵੇਗੀ।''

# ਪੰਜਾਬ ਵਿਚ ਹੁਣ ਗਰਮੀ ਵਾਲਾ ਪਾਰਾ ਚੜ੍ਹਨ ਲੱਗਾ



**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਮਾਰਚ ਦੀ ਸ਼ੁਰੂਆਤ ਵਿਚ ਪਏ ਬੇਮੌਸਮੇ ਮੀਂਹ ਤੇ ਗੜਿਆਂ ਤੋਂ ਬਾਅਦ ਗਰਮੀ ਨੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਹਨ। ਸੂਬੇ 'ਚ ਇਕਦਮ ਪਾਰਾ ਚੜ੍ਹਨ ਨਾਲ ਮਾਰਚ ਦੇ ਅੱਧ 'ਚ ਹੀ ਗਰਮੀ ਨੇ ਦਸਤਕ ਦੇ ਦਿੱਤੀ ਹੈ ਜਿਸ ਕਰਕੇ ਪੰਜਾਬ ਤੇ ਹਰਿਆਣਾ ਵਿੱਚ ਤਾਪਮਾਨ 30 ਡਿਗਰੀ ਸੈਲਸੀਅਸ ਤੋਂ ਟੱਪ ਗਿਆ ਹੈ। ਮੌਸਮ ਵਿਭਾਗ ਨੇ ਪੰਜਾਬ ਵਿਚ ਮੌਸਮ ਖੁਸ਼ਕ ਰਹਿਣ ਅਤੇ ਗਰਮੀ ਵਧਣ ਦੀ ਪੇਸ਼ੀਨਗੋਈ ਕੀਤੀ ਹੈ।

ਇਸ ਦੌਰਾਨ ਤਾਪਮਾਨ ਵਿਚ 3 ਤੋਂ 5 ਡਿਗਰੀ ਸੈਲਸੀਅਸ ਤੱਕ ਦਾ ਵਾਧਾ ਦਰਜ ਕੀਤਾ ਜਾਵੇਗਾ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ 'ਚ ਮਾਰਚ ਦੇ ਅਖ਼ੀਰ 'ਚ ਲੋਕਾਂ ਨੂੰ ਆਮ ਨਾਲੋਂ ਵੱਧ ਗਰਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੂਜੇ ਪਾਸੇ ਪਿਛਲੇ ਦਿਨੀਂ ਪਏ ਬੇਮੌਸਮੇ ਮੀਂਹ ਅਤੇ ਗੜੇਮਾਰੀ ਤੋਂ ਬਾਅਦ ਤਾਪਮਾਨ ਵਧਣ ਤੇ ਧੁੱਪ ਖਿੜਨ ਕਰਕੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ।

ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਸ ਸਾਲ ਹੋਲੇ-ਮੁਹੱਲੇ 'ਤੇ ਵੀ ਮੌਸਮ ਖੁਸ਼ਕ ਹੀ ਰਹੇਗਾ। ਪੰਜਾਬ ਵਿਚ ਵੱਧ ਤੋਂ ਵੱਧ ਤਾਪਮਾਨ ਫਰੀਦਕੋਟ ਵਿਚ ਦਰਜ ਕੀਤਾ ਗਿਆ, ਜਿੱਥੇ ਤਾਪਮਾਨ 32.3 ਡਿਗਰੀ ਸੈਲਸੀਅਸ ਰਿਹਾ। ਲੁਧਿਆਣਾ ਵਿਚ ਪਾਰਾ 30.1 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 29.6 ਡਿਗਰੀ ਸੈਲਸੀਅਸ, ਪਟਿਆਲਾ ਵਿਚ 30.8 ਡਿਗਰੀ ਸੈਲਸੀਅਸ, ਬਰਨਾਲਾ ਵਿੱਚ 29.3 ਡਿਗਰੀ ਸੈਲਸੀਅਸ, ਚੰਡੀਗੜ੍ਹ ਵਿੱਚ 30 ਡਿਗਰੀ ਸੈਲਸੀਅਸ, ਅੰਮ੍ਰਿਤਸਰ 'ਚ 30.9 ਡਿਗਰੀ ਸੈਲਸੀਅਸ, ਪਠਾਨਕੋਟ 'ਚ 30.4 ਡਿਗਰੀ ਸੈਲਸੀਅਸ, ਫਿਰੋਜ਼ਪੁਰ 'ਚ 30.1 ਡਿਗਰੀ ਸੈਲਸੀਅਸ ਰਿਹਾ, ਜੋ ਆਮ ਨਾਲੋਂ ਵੱਧ ਸੀ।

## ਖਾਲਿਸਤਾਨ ਪੱਖੀ ਸਿੱਖ ਕਾਰਕੁਨ ਨੂੰ 28 ਮਹੀਨੇ ਦੀ ਸਜ਼ਾ

**ਲੰਡਨ:** ਪੱਛਮੀ ਲੰਡਨ ਵਿਚ ਪਿਛਲੇ ਸਾਲ ਭਾਰਤ ਦੇ ਸੁਤੰਤਰਤਾ ਦਿਵਸ ਨਾਲ ਸਬੰਧਤ ਇਕ ਸਮਾਗਮ ਦੌਰਾਨ ਭਾਰਤੀ ਮੂਲ ਦੇ ਦੋ ਵਿਅਕਤੀਆਂ ਅਤੇ ਇਕ ਮਹਿਲਾ ਪੁਲਿਸ ਮੁਲਾਜ਼ਮ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਉਂਦਿਆਂ ਇਕ 26 ਸਾਲਾ ਖਾਲਿਸਤਾਨ ਪੱਖੀ ਵਿਅਕਤੀ ਨੂੰ 28 ਮਹੀਨਿਆਂ ਦੀ ਸਜ਼ਾ ਸੁਣਾਈ ਹੈ। ਗੁਰਪ੍ਰੀਤ ਸਿੰਘ ਨੂੰ ਇੱਥੇ ਆਇਲਵਰਥ ਕਰਾਊਨ ਕੋਰਟ ਵਿਚ ਪੇਸ਼ ਕੀਤਾ ਗਿਆ। ਮੁਲਜ਼ਮ ਨੂੰ ਜਨਵਰੀ ਵਿਚ ਪੀੜਤਾਂ ਆਸ਼ੀਸ਼ ਸ਼ਰਮਾ, ਨਾਨਕ ਸਿੰਘ ਅਤੇ ਪੁਲਿਸ ਕਾਂਸਟੇਬਲ ਜਸਟਿਸ ਨਿਕੋਲ ਫੈਰੇਲ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਇਹ ਘਟਨਾ ਪਿਛਲੇ ਸਾਲ 15 ਅਗਸਤ ਦੀ ਰਾਤ ਨੂੰ ਸਾਊਥਾਲ ਵਿਚ ਭਾਰਤੀ ਸੁਤੰਤਰਤਾ ਦਿਵਸ ਨਾਲ ਸਬੰਧਤ ਇਕ ਸਮਾਗਮ ਦੌਰਾਨ ਵਾਪਰੀ ਸੀ।

# ਚੋਣ ਕਮਿਸ਼ਨ ਨੇ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਵਾਲੇ ਵਟਸਐਪ ਸੁਨੇਹੇ ਰੋਕੇ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਕੇਂਦਰ ਨੂੰ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਵਟਸਐਪ 'ਤੇ ਵਿਕਸਤ ਭਾਰਤ ਸੰਪਰਕ ਮੁਹਿੰਮ ਤਹਿਤ ਭੇਜੇ ਜਾ ਰਹੇ ਸੁਨੇਹਿਆਂ 'ਤੇ ਰੋਕ ਲਾਉਣ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਨੂੰ ਇਸ ਬਾਰੇ ਸ਼ਿਕਾਇਤਾਂ ਮਿਲਣ ਮਗਰੋਂ ਉਨ੍ਹਾਂ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਸਕੱਤਰ ਨੂੰ ਇਹ ਨਿਰਦੇਸ਼ ਜਾਰੀ ਕੀਤੇ ਹਨ।

ਕਮਿਸ਼ਨ ਨੇ ਕਿਹਾ ਕਿ ਸਾਰਿਆਂ ਲਈ ਨੇਮ ਇਕਸਾਰ ਰੱਖਣ ਦੇ ਇਰਾਦੇ ਨਾਲ ਇਹ ਕਦਮ ਚੁੱਕਿਆ ਹੈ। ਲੋਕਾਂ ਨੂੰ ਹੁਣ ਤੋਂ ਢੇਰ ਸਾਰੇ ਵਟਸਐਪ ਸੁਨੇਹੇ ਨਾ ਭੇਜਣ ਲਈ ਸਰਕਾਰ ਨੂੰ ਨਿਰਦੇਸ਼ ਦਿੰਦਿਆਂ ਕਮਿਸ਼ਨ ਨੇ ਮੰਤਰਾਲੇ ਤੋਂ ਮਾਮਲੇ ਦੀ ਫੌਰੀ ਪਾਲਣਾ ਸਬੰਧੀ ਰਿਪੋਰਟ ਮੰਗੀ ਹੈ। ਮੰਤਰਾਲੇ ਨੇ ਕਮਿਸ਼ਨ ਨੂੰ ਦੱਸਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚਿੱਠੀ ਦੇ ਨਾਲ ਸੁਨੇਹੇ 16 ਮਾਰਚ ਨੂੰ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਭੇਜੇ ਗਏ ਸਨ। ਮੰਤਰਾਲੇ ਨੇ ਕਮਿਸ਼ਨ ਨੂੰ ਭੇਜੇ ਸੁਨੇਹੇ 'ਚ ਕਿਹਾ ਹੈ ਕਿ ਨੈੱਟਵਰਕ ਦੀਆਂ ਸਮੱਸਿਆਵਾਂ ਕਾਰਨ ਸੰਭਵ ਹੈ ਕਿ ਕੁਝ ਸੁਨੇਹੇ ਦੇਰੀ ਨਾਲ ਪਹੁੰਚੇ ਹੋਣ। ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਨੇ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਵਾਲੇ ਸੁਨੇਹਿਆਂ 'ਤੇ ਇਤਰਾਜ਼ ਜਤਾਉਂਦਿਆਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਸੀ ਕਿ ਚੋਣ ਜ਼ਾਬਤੇ ਦੀ ਘੋਰ ਉਲੰਘਣਾ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

# ਭਾਜਪਾ ਦੀ ਧੱਕੇਸ਼ਾਹੀ ਖ਼ਿਲਾਫ ਇਕਜੁਟ ਹੋਈਆਂ ਵਿਰੋਧੀ ਧਿਰਾਂ

**ਨਵੀਂ ਦਿੱਲੀ:** ਵਿਰੋਧੀ ਧਿਰ 'ਇੰਡੀਆ' ਗਠਜੋੜ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਲਈ 31 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਇਕ 'ਮਹਾ ਰੈਲੀ' ਕੀਤੀ ਜਾਵੇਗੀ। 'ਇੰਡੀਆ' ਬਲਾਕ ਦੀ ਸਹਿਯੋਗੀ ਕਾਂਗਰਸ ਅਤੇ 'ਆਪ' ਨੇ ਦੇਸ਼ ਦੇ ਹਿੱਤਾਂ ਅਤੇ ਲੋਕਤੰਤਰ ਬਚਾਉਣ ਲਈ ਸਾਂਝੇ ਤੌਰ 'ਤੇ ਰੈਲੀ ਕਰਨ ਦਾ ਐਲਾਨ ਕੀਤਾ। 'ਆਪ' ਨੇਤਾ ਗੋਪਾਲ ਰਾਏ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ,''ਅਸੀਂ ਦੇਸ਼ ਵਿਚ ਜੋ ਕੁਝ ਹੋ ਰਿਹਾ ਹੈ ਉਸ ਖ਼ਿਲਾਫ਼ 31 ਮਾਰਚ ਨੂੰ ਰਾਮਲੀਲਾ ਮੈਦਾਨ ਵਿਚ ਮਹਾ ਰੈਲੀ ਕਰਾਂਗੇ। ਲੋਕਤੰਤਰ ਅਤੇ ਦੇਸ਼ ਖ਼ਤਰੇ ਵਿਚ ਹੈ ਅਤੇ ਸਾਰੀਆਂ ਪਾਰਟੀਆਂ ਇਸ ਦੀ ਰੱਖਿਆ ਲਈ ਇਕਜੁੱਟ ਹੋਣਗੀਆਂ।'' ਉਨ੍ਹਾਂ ਕਿਹਾ ਕਿ ਰੈਲੀ 'ਚ 'ਇੰਡੀਆ' ਗੱਠਜੋੜ ਦੀ ਸਿਖਰਲੀ ਲੀਡਰਸ਼ਿਪ ਵੀ ਸ਼ਮੂਲੀਅਤ ਕਰੇਗੀ।



ਪ੍ਰੈੱਸ ਕਾਨਫਰੰਸ ਦੌਰਾਨ ਮੌਜੂਦ ਕਾਂਗਰਸ ਦੀ ਦਿੱਲੀ ਇਕਾਈ ਦੇ ਮੁਖੀ ਅਰਵਿੰਦਰ ਸਿੰਘ ਲਵਲੀ ਨੇ ਆਪਣੀ ਪਾਰਟੀ ਦੇ ਖਾਤੇ ਬੰਦ ਕੀਤੇ ਜਾਣ ਅਤੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਸਰਕਾਰ ਦੇ ਅਵੁੱਕਵੇਂ ਰਵੱਈਏ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਵਲੀ ਨੇ ਕਿਹਾ, ''31 ਮਾਰਚ ਦੀ ਮਹਾ ਰੈਲੀ ਸਿਰਫ਼ ਸਿਆਸੀ ਹੀ ਨਹੀਂ ਹੋਵੇਗੀ, ਸਗੋਂ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਆਵਾਜ਼ ਉਠਾਉਣ ਦਾ ਸੱਦਾ ਹੋਵੇਗੀ।'' ਮਹਾ ਰੈਲੀ ਦਾ ਐਲਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਹੋਇਆ ਹੈ।

### ਭਾਜਪਾ ਵਿਰੋਧੀਆਂ ਨੂੰ ਖ਼ਤਮ ਕਰਨਾ ਚਾਹੁੰਦੀ ਹੈ: ਵੜਿੰਗ

ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਹ ਬਦਲਾਖੋਰੀ ਦੀ ਸਿਆਸਤ ਦੇ ਖ਼ਿਲਾਫ ਹਨ ਅਤੇ ਬਦਲਾਖੋਰੀ ਚਾਹੇ ਪੰਜਾਬ ਵਿਚ ਹੋਵੇ ਅਤੇ ਬੇਸ਼ੱਕ ਕੌਮੀ ਪੱਧਰ 'ਤੇ ਹੋਵੇ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਵਿਰੋਧੀਆਂ ਨੂੰ ਦਬਾਉਣ ਲਈ ਈ.ਡੀ., ਸੀ.ਬੀ.ਆਈ. ਅਤੇ ਵਿਜੀਲੈਂਸ ਨੂੰ ਵਰਤਿਆ ਜਾ ਰਿਹਾ ਹੈ। ਭਾਜਪਾ ਸਾਰੇ ਵਿਰੋਧੀਆਂ ਨੂੰ ਖ਼ਤਮ ਕਰਨ 'ਤੇ ਤੁਲੀ ਹੋਈ ਹੈ।

## ਭਗਵਾਨ ਰਾਮ ਦੇ ਸਿਧਾਂਤ ਅਪਨਾਏ ਭਾਜਪਾ: ਸ਼ਾਂਤਾ ਕੁਮਾਰ

**ਸ਼ਿਮਲਾ:** ਭਾਜਪਾ ਆਗੂ ਅਤੇ ਦੋ ਵਾਰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਸ਼ਾਂਤਾ ਕੁਮਾਰ ਨੇ ਦੇਸ਼ ਵਿਚ ਸਿਆਸਤ ਦੀ ਮੌਜੂਦਾ ਸਥਿਤੀ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਲਹਿਰ ਵਿਚ ਉਨ੍ਹਾਂ ਦੀ ਆਪਣੀ ਪਾਰਟੀ ਵੀ ਰੁੜ੍ਹ ਗਈ ਹੈ। ਉਨ੍ਹਾਂ ਹਾਲ ਹੀ ਵਿਚ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ, ''ਅਸੀਂ ਰਾਮ ਮੰਦਿਰ ਬਣਾ ਲਿਆ ਪਰ ਸਿਰਫ਼ ਰਾਮ ਮੰਦਿਰ ਦਾ ਨਿਰਮਾਣ ਸਾਡੀ ਮਦਦ ਨਹੀਂ ਕਰੇਗਾ, ਸਾਨੂੰ ਭਗਵਾਨ ਰਾਮ ਦੇ ਸਿਧਾਂਤਾਂ ਨੂੰ ਵੀ ਅਪਣਾਉਣਾ ਪਵੇਗਾ।'' ਸ਼ਾਂਤਾ ਕੁਮਾਰ ਦਾ ਇਹ ਬਿਆਨ ਹਾਲ ਹੀ ਵਿਚ ਸੂਬੇ ਵਿਚ ਹੋਈ ਸਿਆਸੀ ਗੜਬੜ ਦੇ ਮੱਦੇਨਜ਼ਰ ਆਇਆ ਹੈ। ਉਨ੍ਹਾਂ ਕਿਹਾ, ''ਮੈਂ ਹੈਰਾਨ ਹਾਂ। ਗੁਲਾਮ ਭਾਰਤ ਦੀ ਸਿਆਸਤ ਦੇਸ਼ ਵਾਸਤੇ ਸੀ ਪਰ ਆਜ਼ਾਦ ਭਾਰਤ ਦੀ ਸਿਆਸਤ ਕੁਰਸੀ ਲਈ ਹੈ। ਅਤੇ ਮੈਨੂੰ ਦੁੱਖ ਹੈ ਕਿ ਮੇਰੀ ਪਾਰਟੀ ਵੀ ਇਸ ਲਹਿਰ ਵਿਚ ਰੁੜ੍ਹ ਚੁੱਕੀ ਹੈ। ਸਿਧਾਂਤਾਂ ਦੀ ਸਿਆਸਤ ਸਮੇਂ ਦੀ ਲੋੜ ਹੈ ਅਤੇ ਮੈਂ ਇਹ ਪ੍ਰਾਰਥਨਾ ਕਰਦਾ ਹਾਂ ਕਿ ਮੇਰੇ ਦੇਸ਼ ਦੇ ਆਗੂ ਆਪਣੀਆਂ ਕਦਰਾਂ-ਕੀਮਤਾਂ ਦਾ ਮੁੱਲ ਪਾਉਣ।''

## ਮਾਸਕੋ 'ਚ ਸੰਗੀਤ ਸਮਾਗਮ ਵਾਲੀ ਥਾਂ 'ਤੇ ਦਹਿਸ਼ਤੀ ਹਮਲਾ, 143 ਮੌਤਾਂ



**ਮਾਸਕੋ:** ਰੂਸ ਦੀ ਰਾਜਧਾਨੀ ਮਾਸਕੋ ਦੇ ਇਕ ਕੰਸਰਟ ਹਾਲ (ਸੰਗੀਤ ਪ੍ਰੋਗਰਾਮ ਵਾਲ ਥਾਂ) 'ਤੇ ਕੁਝ ਬੰਦੂਕਧਾਰੀਆਂ ਵੱਲੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ 'ਚ 143 ਵਿਅਕਤੀ ਮਾਰੇ ਗਏ ਹਨ। ਰੂਸੀ ਅਧਿਕਾਰੀਆਂ ਨੇ ਕਿਹਾ ਕਿ ਚਾਰ ਹਮਲਾਵਰਾਂ ਸਮੇਤ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹਮਲੇ ਮਗਰੋਂ ਕ੍ਰੋਕਸ ਸਿਟੀ ਹਾਲ ਨੂੰ ਅੱਗ ਲੱਗ ਗਈ।

ਰੂਸੀ ਏਜੰਸੀਆਂ ਨੂੰ ਸ਼ੱਕ ਹੈ ਕਿ ਹਮਲੇ ਪਿੱਛੇ ਯੂਕਰੇਨ ਦਾ ਹੱਥ ਹੈ ਹਾਲਾਂਕਿ ਇਸਲਾਮਿਕ ਸਟੇਟ ਦੇ ਅਤਿਵਾਦੀ ਗੁੱਟ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਰੂਸ 'ਚ ਇਹ ਪਿਛਲੇ ਦੋ ਦਹਾਕਿਆਂ 'ਚ ਹੋਇਆ ਸਭ ਤੋਂ ਭਿਆਨਕ ਅਤਿਵਾਦੀ ਹਮਲਾ ਮੰਨਿਆ ਜਾ ਰਿਹਾ ਹੈ। ਰੂਸੀ ਜਾਂਚ ਕਮੇਟੀ ਨੇ ਕਿਹਾ ਕਿ ਚਾਰ ਹਮਲਾਵਰ ਪੱਛਮੀ ਰੂਸ ਦੇ ਬ੍ਰਿਯਾਂਸਕ ਖ਼ਿੱਤੇ 'ਚ ਛੁਪ ਗਏ ਸਨ ਜੋ ਯੂਕਰੇਨ ਦੀ ਸਰਹੱਦ ਤੋਂ ਬਹੁਤੀ ਦੂਰ ਨਹੀਂ ਹੈ। ਰੂਸੀ ਖ਼ਬਰ ਏਜੰਸੀ ਤਾਸ ਮੁਤਾਬਕ ਫੜੇ ਗਏ ਵਿਅਕਤੀ ਸਰਹੱਦ ਪਾਰ ਕਰਕੇ ਯੂਕਰੇਨ 'ਚ ਦਾਖ਼ਲ ਹੋਣ ਦੀ ਕੋਸ਼ਿਸ਼ 'ਚ ਸਨ ਜਿਥੇ ਉਨ੍ਹਾਂ ਦੇ ਸੰਪਰਕ ਹਨ। ਇਹ ਹਮਲਾ ਉਦੋਂ ਹੋਇਆ ਹੈ ਜਦੋਂ ਕੁਝ ਦਿਨ ਪਹਿਲਾਂ ਹੀ ਪੂਤਿਨ ਨੇ ਰਾਸ਼ਟਰਪਤੀ ਚੋਣਾਂ 'ਚ ਹੂੰਝਾ ਫੇਰੂ ਜਿੱਤ ਹਾਸਲ ਕੀਤੀ ਹੈ। ਹਮਲੇ ਦੇ ਥੋੜੀ ਦੇਰ ਬਾਅਦ ਹੀ ਕੁਝ ਰੂਸੀ ਕਾਨੂੰਨਸਾਜ਼ਾਂ ਨੇ ਯੂਕਰੇਨ ਵੱਲ ਉਂਗਲ ਚੁੱਕੀ। ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਦੇ ਸਲਾਹਕਾਰ ਮਿਖਾਈਲੋ ਪੋਡੋਲਯਾਕ ਨੇ ਹਮਲੇ 'ਚ ਕਿਸੇ ਵੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ।

## ਗਾਜ਼ਾ 'ਚ ਵਧੇਰੇ ਰਾਹਤ ਸਮੱਗਰੀ ਭੇਜੇ ਜਾਣ ਦੀ ਲੋੜ: ਗੁਟੇਰੇਜ਼

**ਰਾਫ਼ਾਹ ਕ੍ਰਾਸਿੰਗ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਟੇਰੇਜ਼ ਨੇ ਗਾਜ਼ਾ ਜਾਣ ਦੀ ਉਡੀਕ ਕਰ ਰਹੇ ਟਰੱਕਾਂ ਦੀ ਲੰਮੀ ਕਤਾਰ ਨੇੜੇ ਖੜ੍ਹੇ ਹੋ ਕੇ ਕਿਹਾ ਕਿ ਇਹ ਗਾਜ਼ਾ ਨੂੰ ਵੱਧ ਤੋਂ ਵੱਧ ਜੀਵਨ ਰੱਖਿਅਕ ਸਹਾਇਤਾ ਦੇਣ ਦਾ ਸਮਾਂ ਹੈ। ਉਨ੍ਹਾਂ ਇਜ਼ਰਾਈਲ ਅਤੇ ਹਮਾਸ ਵਿਚਕਾਰ ਫੌਰੀ ਜੰਗਬੰਦੀ ਦੀ ਅਪੀਲ ਕੀਤੀ।



ਗੁਟੇਰੇਜ਼ ਨੇ ਗਾਜ਼ਾ ਦੇ ਰਾਫ਼ਾਹ ਸ਼ਹਿਰ ਨੇੜੇ ਮਿਸਰ ਦੀ ਸਰਹੱਦ 'ਚ ਇਹ ਗੱਲ ਆਖੀ। ਇਜ਼ਰਾਈਲ, ਰਾਫ਼ਾਹ 'ਚ ਜ਼ਮੀਨੀ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਹੈ ਜਿਥੇ ਗਾਜ਼ਾ ਦੀ ਅੱਧੀ ਤੋਂ ਜ਼ਿਆਦਾ ਆਬਾਦੀ ਨੇ ਪਨਾਹ ਲੈ ਰੱਖੀ ਹੈ। ਗੁਟੇਰੇਜ਼ ਨੇ ਕਿਹਾ ਕਿ ਹਮਲਾ ਹਾਲਾਤ ਨੂੰ ਹੋਰ ਬਦਤਰ ਬਣਾ ਸਕਦਾ ਹੈ। ਉਨ੍ਹਾਂ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ 'ਚ ਫੌਰੀ ਗੋਲੀਬੰਦੀ ਲਈ ਅਮਰੀਕਾ ਵੱਲੋਂ ਲਿਆਂਦੇ ਮਤੇ 'ਤੇ ਸਹਿਮਤੀ ਨਾ ਬਣਨ ਦੇ ਇਕ ਦਿਨ ਬਾਅਦ ਇਹ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ,''ਅਸੀਂ ਬੇਬੱਸ ਹਾਂ। ਸਰਹੱਦ ਦੇ ਇਕ ਪਾਸੇ ਰੁਕੇ ਹੋਏ ਟਰੱਕਾਂ ਦੀ ਲੰਮੀ ਕਤਾਰ ਹੈ ਅਤੇ ਦੂਜੇ ਪਾਸੇ ਭੁੱਖਮਰੀ ਦਾ ਪਰਛਾਵਾਂ ਹੈ।'' ਮਿਸਰ ਦੇ ਉੱਤਰੀ ਸਿਨਾਈ ਪ੍ਰਾਂਤ ਦੇ ਗਵਰਨਰ ਅਬਦੇਲ ਫ਼ਾਦਿਲ ਸ਼ੌਸ਼ਾ ਨੇ ਇਕ ਬਿਆਨ 'ਚ ਕਿਹਾ ਕਿ ਕਰੀਬ ਸੱਤ ਹਜ਼ਾਰ ਟਰੱਕ ਮਿਸਰ ਤੋਂ ਗਾਜ਼ਾ 'ਚ ਦਾਖ਼ਲ ਹੋਣ ਦੀ ਉਡੀਕ ਕਰ ਰਹੇ ਹਨ।

ਗੁਟੇਰੇਜ਼ ਨੇ ਕਿਹਾ ਕਿ ਰਮਜ਼ਾਨ ਨੂੰ ਦੇਖਦਿਆਂ ਸਾਰੇ ਬੰਦੀਆਂ ਨੂੰ ਫੌਰੀ ਛੱਡਿਆ ਜਾਣਾ ਚਾਹੀਦਾ ਹੈ। ਗੁਟੇਰੇਜ਼ ਦੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫ਼ਤਰ ਨੇ ਵਿਦੇਸ਼ ਮੰਤਰੀ ਇਜ਼ਰਾਈਲ ਕਾਟਜ਼ ਦੀ ਸੋਸ਼ਲ ਮੀਡੀਆ ਪੋਸਟ ਦਾ ਹਵਾਲਾ ਦਿੱਤਾ ਜਿਸ 'ਚ ਸੰਯੁਕਤ ਰਾਸ਼ਟਰ ਮੁਖੀ ਉਤੇ ਆਲਮੀ ਜਥੇਬੰਦੀ ਨੂੰ ਯਹੂਦੀ ਤੇ ਇਜ਼ਰਾਈਲ ਵਿਰੋਧੀ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਣ ਦਾ ਦੋਸ਼ ਲਾਇਆ ਗਿਆ।

## ਭਾਰਤ ਨਾਲ ਵਪਾਰਕ ਸਬੰਧ ਬਹਾਲ ਕਰਨ 'ਤੇ ਵਿਚਾਰ ਕਰ ਰਿਹੈ ਪਾਕਿ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਦੇਸ਼ ਮੰਤਰੀ ਮੁਹੰਮਦ ਇਸਹਾਕ ਡਾਰ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਆਪਣੇ ਗੁਆਂਢੀ ਭਾਰਤ ਨਾਲ ਵਪਾਰਕ ਸਬੰਧ ਬਹਾਲ ਕਰਨ 'ਤੇ ਵਿਚਾਰ ਕਰ ਰਿਹਾ ਹੈ। ਜੀਓ ਨਿਊਜ਼ ਦੀ ਰਿਪੋਰਟ ਅਨੁਸਾਰ ਡਾਰ ਨੇ ਇਹ ਟਿੱਪਣੀ ਲੰਡਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤੀ।

ਉਨ੍ਹਾਂ ਕਿਹਾ ਕਿ ਆਰਥਿਕ ਮੰਦਹਾਲੀ ਨਾਲ ਜੂਝ ਰਹੇ ਉਨ੍ਹਾਂ ਦੇ ਦੇਸ਼ ਦੇ ਵਪਾਰੀਆਂ ਨੇ ਭਾਰਤ ਨਾਲ ਵਪਾਰ ਬਹਾਲ ਕਰਨ 'ਤੇ ਜ਼ੋਰ ਦਿੱਤਾ ਹੈ। ਇਸ ਤੋਂ ਬਾਅਦ ਪਾਕਿਸਤਾਨ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਦੱਸਣਾ ਬਣਦਾ ਹੈ ਕਿ ਭਾਰਤ ਵੱਲੋਂ ਧਾਰਾ 370 ਰੱਦ ਕਰਨ ਤੋਂ ਬਾਅਦ ਪਾਕਿਸਤਾਨ ਨੇ ਭਾਰਤ ਨਾਲ ਵਪਾਰਕ ਸਬੰਧ ਤੋੜ ਦਿੱਤੇ ਸਨ। ਇਸਲਾਮਾਬਾਦ ਨੇ ਕਿਹਾ ਕਿ ਇਸ ਫੈਸਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਸਾਜ਼ਗਾਰ ਮਾਹੌਲ ਨਹੀਂ ਰਿਹਾ। ਪਾਕਿਸਤਾਨ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਹੁਣ ਸਬੰਧਾਂ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਭਾਰਤ 'ਤੇ ਹੈ ਅਤੇ ਉਸ ਨੂੰ ਗੱਲਬਾਤ ਸ਼ੁਰੂ ਕਰਨ ਦੀ ਪੂਰਵ ਸ਼ਰਤ ਵਜੋਂ ਕਸ਼ਮੀਰ ਬਾਰੇ ਕੀਤੇ ਫੈਸਲੇ ਵਾਪਸ ਲੈਣੇ ਚਾਹੀਦੇ ਹਨ। ਦੂਜੇ ਪਾਸੇ ਭਾਰਤ ਨੇ ਇਸ ਸੁਝਾਅ ਨੂੰ ਖਾਰਜ ਕਰਦਿਆਂ ਪਾਕਿਸਤਾਨ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਜੰਮੂ ਕਸ਼ਮੀਰ ਅਤੇ ਲੱਦਾਖ ਦੇਸ਼ ਦੇ ਅਟੁੱਟ ਹਿੱਸੇ ਹਨ।

ਨਵੀਂ ਦਿੱਲੀ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਹੈ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਵਿਚ ਸਮਾਜਿਕ-ਆਰਥਿਕ ਵਿਕਾਸ ਅਤੇ ਚੰਗੇ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨੇ ਫੈਸਲੇ ਕੀਤੇ ਹਨ ਜੋ ਦੇਸ਼ ਦਾ ਅੰਦਰੂਨੀ ਮਾਮਲਾ ਹੈ। ਇਸ ਤੋਂ ਪਹਿਲਾਂ ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਇਕ ਪੋਸਟ ਸਾਂਝੀ ਕਰਦਿਆਂ ਸ਼ਾਹਬਾਜ਼ ਸ਼ਰੀਫ ਨੂੰ ਪਾਕਿਸਤਾਨ ਦੀ ਸਰਕਾਰ ਦਾ ਮੁਖੀ ਬਣਨ 'ਤੇ ਵਧਾਈ ਦਿੱਤੀ ਸੀ।

## ਹਿਮਾਚਲ: ਨੌਂ ਸਾਬਕਾ ਵਿਧਾਇਕ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਹਿਮਾਚਲ ਪ੍ਰਦੇਸ਼ 'ਚ ਚੱਲ ਰਹੇ ਸਿਆਸੀ ਸੰਕਟ ਦਰਮਿਆਨ ਕਾਂਗਰਸ ਦੇ ਅਯੋਗ ਠਹਿਰਾਏ ਗਏ 6 ਅਤੇ ਤਿੰਨ ਆਜ਼ਾਦ ਵਿਧਾਇਕ ਭਾਜਪਾ 'ਚ ਸ਼ਾਮਲ ਹੋ ਗਏ। ਆਜ਼ਾਦ ਵਿਧਾਇਕਾਂ ਨੇ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਇਨ੍ਹਾਂ ਆਗੂਆਂ ਨੂੰ ਭਾਜਪਾ ਵੱਲੋਂ ਜ਼ਿਮਨੀ ਚੋਣ ਲੜਾਈ ਜਾ ਸਕਦੀ ਹੈ। ਹਿਮਾਚਲ 'ਚ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਦੀ ਨਿਖੇਧੀ ਕਰਦਿਆਂ ਸਾਬਕਾ ਵਿਧਾਇਕਾਂ ਨੇ ਕਿਹਾ ਕਿ ਜਦੋਂ ਤੋਂ ਉਹ ਸੱਤਾ 'ਚ ਆਈ ਹੈ, ਸੂਬੇ 'ਚ ਸਾਰੇ ਵਿਕਾਸ ਕਾਰਜ ਰੁਕ ਗਏ ਹਨ। ਭਾਜਪਾ 'ਚ ਸ਼ਾਮਲ ਹੋਣ ਵਾਲੇ ਕਾਂਗਰਸੀ ਆਗੂਆਂ 'ਚ ਸੁਧੀਰ ਸ਼ਰਮਾ, ਰਵੀ ਠਾਕੁਰ, ਰਾਜਿੰਦਰ ਰਾਣਾ, ਇੰਦਰ ਦੱਤ ਲਖਨਪਾਲ, ਚੇਤੰਨਿਆ ਸ਼ਰਮਾ ਅਤੇ ਦੇਵਿੰਦਰ ਕੁਮਾਰ ਭੁੱਟੋ ਸ਼ਾਮਲ ਹਨ। ਇਨ੍ਹਾਂ ਨੂੰ ਪਾਰਟੀ ਵਹਿਪ ਦੀ ਉਲੰਘਣਾ ਕਰਕੇ ਰਾਜ ਸਭਾ ਚੋਣਾਂ 'ਚ ਭਾਜਪਾ ਉਮੀਦਵਾਰ ਨੂੰ ਵੋਟ ਪਾਉਣ ਕਰਕੇ ਵਿਧਾਇਕੀ ਦੇ ਅਯੋਗ ਠਹਿਰਾਇਆ ਗਿਆ ਸੀ। ਆਜ਼ਾਦ ਵਿਧਾਇਕਾਂ ਆਸ਼ੀਸ਼ ਸ਼ਰਮਾ, ਹੁਸ਼ਿਆਰ ਸਿੰਘ ਅਤੇ ਕੇ ਐੱਲ ਠਾਕੁਰ ਨੇ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹੁਸ਼ਿਆਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੇ ਵਿਕਾਸ ਸਫ਼ਰ ਦਾ ਉਨ੍ਹਾਂ ਵੀ ਹਿੱਸਾ ਬਣਨ ਦਾ ਫ਼ੈਸਲਾ ਲਿਆ ਹੈ। ਇਨ੍ਹਾਂ ਆਗੂਆਂ ਦੇ ਭਾਜਪਾ 'ਚ ਸ਼ਾਮਲ ਹੋਣ ਸਮੇਂ ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ, ਪਾਰਟੀ ਜਨਰਲ ਸਕੱਤਰ ਅਰੁਣ ਸਿੰਘ ਅਤੇ ਪ੍ਰਦੇਸ਼ ਪ੍ਰਧਾਨ ਰਾਜੀਵ ਬਿੰਦਲ ਵੀ ਹਾਜ਼ਰ ਸਨ। ਆਗੂਆਂ ਦਾ ਸਵਾਗਤ ਕਰਦਿਆਂ ਅਨੁਰਾਗ ਠਾਕੁਰ ਨੇ ਕਿਹਾ ਕਿ ਉਨ੍ਹਾਂ ਦੀ ਸ਼ਮੂਲੀਅਤ ਨਾਲ ਭਾਜਪਾ ਮਜ਼ਬੂਤ ਹੋਵੇਗੀ।

## ਭਾਜਪਾ ਦੀ ਪੰਜਵੀਂ ਸੂਚੀ 'ਚ 111 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਲੋਕ ਸਭਾ ਚੋਣਾਂ ਲਈ 111 ਉਮੀਦਵਾਰਾਂ ਦੇ ਨਾਂ ਦਾ ਐਲਾਨ ਕਰ ਕੇ ਪੰਜਵੀਂ ਸੂਚੀ ਜਾਰੀ ਕਰ ਦਿੱਤੀ ਹੈ। ਭਾਜਪਾ ਨੇ ਸਾਬਕਾ ਕੇਂਦਰੀ ਮੰਤਰੀ ਵੀਕੇ ਸਿੰਘ ਦੀ ਥਾਂ ਗਾਜ਼ੀਆਬਾਦ ਤੋਂ ਸਥਾਨਕ ਵਿਧਾਇਕ ਅਤੁਲ ਗਰਗ ਨੂੰ ਟਿਕਟ ਦਿੱਤਾ ਹੈ ਜਦਕਿ ਬਿਹਾਰ ਦੇ ਬਕਸਰ ਤੋਂ ਕੇਂਦਰੀ ਮੰਤਰੀ ਅਸ਼ਵਨੀ ਚੌਬੇ ਦਾ ਟਿਕਟ ਕੱਟ ਕੇ ਮਿਥਲੇਸ਼ ਤਿਵਾੜੀ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਪੀਲੀਭੀਤ ਤੋਂ ਮੌਜੂਦਾ ਸੰਸਦ ਮੈਂਬਰ ਵਰੁਣ ਗਾਂਧੀ ਦਾ ਟਿਕਟ ਕੱਟ ਕੇ ਜਿਤਿਨ ਪ੍ਰਸਾਦ ਨੂੰ ਉਮੀਦਵਾਰ ਬਣਾਇਆ ਗਿਆ ਹੈ। ਦੂਜੇ ਪਾਸੇ ਵਰੁਣ ਦੀ ਮਾਂ ਮੇਨਕਾ ਗਾਂਧੀ ਨੂੰ ਸੁਲਤਾਨਪੁਰ ਤੋਂ ਮੁੜ ਟਿਕਟ ਨਾਲ ਨਿਵਾਜਿਆ ਗਿਆ ਹੈ। ਕੇਂਦਰੀ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਉੜੀਸਾ ਦੇ ਸੰਭਲਪੁਰ ਤੋਂ ਪਾਰਟੀ ਉਮੀਦਵਾਰ ਬਣਾਇਆ ਗਿਆ ਹੈ। ਭਾਜਪਾ ਵਲੋਂ ਪੰਜਵੀਂ ਸੂਚੀ ਵਿਚ ਬੌਲੀਵੁਡ ਅਦਾਕਾਰਾ ਕੰਗਨਾ ਰਣੌਤ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਟਿਕਟ ਦਿੱਤਾ ਗਿਆ ਹੈ। ਭਾਜਪਾ ਵਿਚ ਕੁਝ ਸਮਾਂ ਪਹਿਲਾਂ ਸ਼ਾਮਲ ਹੋਏ ਸਾਬਕਾ ਸੰਸਦ ਮੈਂਬਰ ਨਵੀਨ ਜਿੰਦਲ ਨੂੰ



ਕੁਰੁਕਸ਼ੇਤਰ ਤੋਂ ਪਾਰਟੀ ਉਮੀਦਵਾਰ ਬਣਾਇਆ ਗਿਆ ਹੈ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਇਕ ਵਾਰ ਮੁੜ ਬੇਗੂਸਰਾਏ ਤੋਂ ਚੋਣ ਲੜਨਗੇ। ਦੂਜੇ ਪਾਸੇ ਬਿਹਾਰ ਨਾਲ ਸਬੰਧਤ ਕੇਂਦਰੀ ਮੰਤਰੀ ਨਿਤਿਆਨੰਦ ਰਾਏ ਉਜਿਆਰਪੁਰ ਤੋਂ ਜਦਕਿ ਆਰ ਕੇ ਸਿੰਘ ਆਰਾ ਤੋਂ, ਰਾਮਕ੍ਰਿਪਾਲ ਯਾਦਵ ਪਾਟਲੀਪੁੱਤਰ ਤੋਂ ਚੋਣ ਲੜਨਗੇ। ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੂੰ ਮੁੜ ਪਟਨਾ ਸਾਹਿਬ ਤੇ ਸੁਸ਼ੀਲ ਕੁਮਾਰ ਸਿੰਘ ਨੂੰ ਔਰੰਗਾਬਾਦ ਤੋਂ ਟਿਕਟ ਦਿੱਤਾ ਗਿਆ ਹੈ। ਰਾਜ ਸਭਾ ਮੈਂਬਰ ਵਿਵੇਕ ਠਾਕੁਰ ਨੂੰ ਨਵਾਦਾ ਤੋਂ ਉਮੀਦਵਾਰ ਬਣਾਇਆ ਗਿਆ ਹੈ। ਸਾਬਕਾ ਕੇਂਦਰੀ ਮੰਤਰੀ ਰਾਧਾਮੋਹਨ ਸਿੰਘ ਪੂਰਬੀ ਚੰਪਾਰਨ ਤੋਂ ਚੋਣ ਲੜਨਗੇ। ਭਾਜਪਾ ਨੇ ਝਾਰਖੰਡ ਦੇ ਦੁਮਕਾ ਤੋਂ ਸੀਤਾ ਸੋਰੇਨ ਨੂੰ ਟਿਕਟ ਦਿੱਤਾ ਹੈ। ਉਹ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਭਾਬੀ ਹੈ ਤੇ ਕੁਝ ਦਿਨ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਏ ਸਨ। ਭਾਜਪਾ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਖ਼ਿਲਾਫ ਵਾਇਨਾਡ ਸੀਟ ਤੋਂ ਕੇਰਲ ਇਕਾਈ ਦੇ ਸਾਬਕਾ ਪ੍ਰਧਾਨ ਸੁਰੇਂਦਰਨ ਨੂੰ ਉਮੀਦਵਾਰ ਬਣਾਇਆ ਹੈ। ਜ਼ਿਕਰਯੋਗ ਹੈ ਕਿ ਭਾਜਪਾ ਹੁਣ ਤਕ ਲੋਕ ਸਭਾ ਦੇ 291 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ।

# ਕੈਨੇਡਾ: ਅੰਮ੍ਰਿਤਧਾਰੀ ਜੋੜੇ ਦੇ ਕਤਲ ਤੋਂ ਚਾਰ ਮਹੀਨੇ ਬਾਅਦ ਵੀ ਪੁਲਿਸ ਦੇ ਹੱਥ ਖਾਲੀ

**ਵੈਨਕੂਵਰ:** ਚਾਰ ਕੁ ਮਹੀਨੇ ਪਹਿਲਾਂ ਬਰੈਂਪਟਨ ਤੇ ਕੈਲੇਡਨ ਨੂੰ ਵੰਡਦੀ ਮੇਅ ਫੀਲਡ ਰੋਡ ਨੇੜਲੇ ਕਿਰਾਏ ਦੇ ਘਰ ਵਿਚ ਮਾਰੇ ਗਏ ਅੰਮ੍ਰਿਤਧਾਰੀ ਜੋੜੇ ਜਗਤਾਰ ਸਿੰਘ (57) ਤੇ ਹਰਭਜਨ ਕੌਰ (55) ਅਤੇ 13 ਗੋਲੀਆਂ ਕਾਰਨ ਉਮਰ ਭਰ ਲਈ ਅਪਾਹਜ ਹੋਈ ਉਨ੍ਹਾਂ ਦੀ ਧੀ ਜਸਪਰੀਤ ਕੌਰ (28) ਦੇ ਦੋਸ਼ੀ ਅਜੇ ਪੁਲਿਸ ਗ੍ਰਿਫਤ ਤੋਂ ਬਾਹਰ ਹਨ। ਇਸੇ ਸਬੰਧ 'ਚ ਕੀਤੇ ਗਏ ਪੱਤਰਕਾਰ ਸੰਮੇਲਨ ਵਿਚ ਪੁਲਿਸ ਜਾਂਚ ਟੀਮ ਦੇ ਇੰਸਪੈਕਟਰ ਬਰੈਨ ਮੈਕਡੌਰਮਟ ਨੇ ਕਿਹਾ ਕਿ ਬਿਨਾਂ ਸ਼ੱਕ ਪਰਿਵਾਰ ਗਲਤ ਪਛਾਣ ਦਾ ਸ਼ਿਕਾਰ ਹੋਇਆ ਹੈ। ਚੰਗਾ ਹੋਇਆ ਕਿ ਉਸ ਮੌਕੇ ਜੋੜੇ ਦਾ ਪੁੱਤਰ ਗੁਰਦਿੱਤ ਸਿੰਘ (30) ਘਰ 'ਚ ਮੌਜੂਦ ਨਹੀਂ ਸੀ। ਉਨ੍ਹਾਂ ਲੰਘੇ ਸਾਲ 20 ਨਵੰਬਰ ਦੀ ਰਾਤ ਨੂੰ ਵਾਪਰੀ ਘਟਨਾ, ਉਸ ਤੋਂ ਕੁਝ ਦਿਨ ਪਹਿਲਾਂ ਵਾਪਰੀਆਂ ਗੋਲੀਬਾਰੀ ਦੀਆਂ 6 ਹੋਰ ਘਟਨਾਵਾਂ ਨਾਲ ਸਬੰਧਤ ਹੈ। 15 ਨਵੰਬਰ ਨੂੰ ਬਰੈਂਪਟਨ ਦਾ ਰਹਿਣ ਵਾਲਾ ਜਗਰਾਜ ਸਿੰਘ (29) ਦਾ ਕਤਲ ਇਸੇ ਕੜੀ ਦਾ ਹਿੱਸਾ ਹੈ। ਹੋਰ ਜਾਣਕਾਰੀ ਦੇਣ ਤੋਂ ਨਾਂਹ ਕਰਦਿਆਂ ਪੁਲਿਸ



ਅਫਸਰ ਨੇ ਕਿਹਾ ਕਿ ਇਸ ਨਾਲ ਜਾਂਚ ਪ੍ਰਭਾਵਤ ਹੋ ਸਕਦੀ ਹੈ। ਉਸ ਨੇ ਭਰੋਸਾ ਪ੍ਰਗਟਾਇਆ ਕਿ ਸਬੂਤ ਇਕੱਤਰ ਹੋਣ ਤੋਂ ਬਾਅਦ ਸਾਰੇ ਮਾਮਲੇ ਦਾ ਖੁਲਾਸਾ ਜਲਦੀ ਕਰ ਦਿੱਤਾ ਜਾਏਗਾ।

# ਭਾਰਤ ਸਰਕਾਰ ਮਨੁੱਖੀ ਹੱਕਾਂ ਸਬੰਧੀ ਸਹੀ ਕਦਮ ਚੁੱਕੇ: ਜੇਮਜ਼ ਮੈਕਗਵਰਨ

**ਵਾਸ਼ਿੰਗਟਨ:** ਅਮਰੀਕਾ ਦੇ ਪ੍ਰਭਾਵਸ਼ਾਲੀ ਕਾਂਗਰਸ ਮੈਂਬਰ ਜੇਮਜ਼ ਮੈਕਗਵਰਨ ਮੈਂਬਰ ਨੇ ਕਿਹਾ ਕਿ ਅਮਰੀਕੀ ਕਾਂਗਰਸ ਨੂੰ ਭਾਰਤ ਸਰਕਾਰ ਨੂੰ ਅਤਿਵਾਦ ਵਿਰੋਧੀ ਕਾਨੂੰਨਾਂ ਸਣੇ ਉਨ੍ਹਾਂ ਨੀਤੀਆਂ ਅਤੇ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ, ਜੋ ਪ੍ਰਮੁੱਖ ਮਨੁੱਖੀ ਅਧਿਕਾਰ ਸੰਧੀਆਂ ਨੂੰ ਮਨਜ਼ੂਰੀ ਦੇ ਚੱਲਦਿਆਂ ਜ਼ਿੰਮੇਵਾਰੀਆਂ ਤੋਂ 'ਵੱਖ' ਹਨ।



ਕਾਂਗਰਸ ਮੈਂਬਰ ਜੇਮਜ਼ ਮੈਕਗਵਰਨ ਨੇ ਭਾਰਤ ਵਿਚ ਮਨੁੱਖੀ ਅਧਿਕਾਰਾਂ 'ਤੇ ਸੰਸਦ ਵਿਚ ਸੁਣਵਾਈ ਦੌਰਾਨ ਕਿਹਾ ਕਿ ਭਾਰਤ ਵਿਚ ਅਗਲੇ ਪੰਜ ਸਾਲ ਲਈ ਦੇਸ਼ ਦੀ ਰਾਜਨੀਤਿਕ ਦਿਸ਼ਾ ਤੈਅ ਕਰਨ ਲਈ 19 ਅਪਰੈਲ ਤੋਂ ਲੋਕ ਸਭਾ ਚੋਣਾਂ ਸ਼ੁਰੂ ਹੋ ਜਾਣਗੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੀਜਾ ਕਾਰਜਕਾਲ ਹਾਸਲ ਕਰਨ ਦੀ ਕੋਸ਼ਿਸ਼ ਵਿਚ ਹਨ। ਉਨ੍ਹਾਂ ਕਿਹਾ, "ਮੈਂ ਉਨ੍ਹਾਂ ਲੋਕਾਂ ਵਿਚੋਂ ਹਾਂ, ਜੋ ਸੋਚਦੇ ਹਨ ਕਿ ਦੋਸਤਾਂ ਨੂੰ ਇਕ-ਦੂਜੇ ਨੂੰ ਕੌੜਾ ਸੱਚ ਦੱਸਣਾ ਚਾਹੀਦਾ ਹੈ। ਭਾਰਤ ਇਕ ਦੋਸਤ ਹੈ ਅਤੇ ਅਮਰੀਕਾ ਲਈ ਇਹ ਸੱਚਮੁੱਚ ਮਹੱਤਵਪੂਰਨ ਹੈ ਕਿ ਭਾਰਤ ਖੁਸ਼ਹਾਲ ਹੋਵੇ। ਫਿਰ ਵੀ ਇਕ ਅਸਲ ਖ਼ਤਰਾ ਹੈ ਕਿ ਜੇਕਰ ਮਨੁੱਖੀ ਅਧਿਕਾਰਾਂ ਦੇ ਘਾਣ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਵੱਖ ਵੱਖ ਸਮਾਜਾਂ ਵਿਚ ਮੌਜੂਦਾ ਤਣਾਅ ਖਤਰਨਾਕ ਸੰਘਰਸ਼ ਵੱਲ ਵਧ ਸਕਦਾ ਹੈ ਅਤੇ ਭਾਰਤ ਦੇ ਉੱਜਵਲ ਭਵਿੱਖ ਨੂੰ ਕਮਜ਼ੋਰ ਕਰ ਸਕਦਾ ਹੈ।"

ਮੈਕਗਵਰਨ ਨੇ ਕਿਹਾ ਕਿ ਮਨੀਪੁਰ ਸੂਬੇ ਵਿਚ ਫਿਰਕੂ ਦੰਗੇ ਮਹਿਜ ਇਕ ਉਦਾਹਰਨ ਹਨ। ਕਾਂਗਰਸ ਨੂੰ ਭਾਰਤ ਸਰਕਾਰ ਤੋਂ ਸਹੀ ਦਿਸ਼ਾ ਵਿਚ ਕਦਮ ਚੁੱਕਣ ਅਤੇ ਅਤਿਵਾਦ ਵਿਰੋਧੀ ਕਾਨੂੰਨਾਂ ਸਣੇ ਉਨ੍ਹਾਂ ਨੀਤੀਆਂ ਤੇ ਕਾਨੂੰਨਾਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ, ਜੋ ਪ੍ਰਮੁੱਖ ਮਨੁੱਖੀ ਅਧਿਕਾਰ ਸੰਧੀਆਂ ਦੀ ਮਨਜ਼ੂਰੀ ਦੇ ਚੱਲਦਿਆਂ ਪ੍ਰਾਪਤ ਉਨ੍ਹਾਂ ਦੇ ਫਰਜ਼ਾਂ ਤੋਂ 'ਵੱਖ' ਹਨ।


## ਭਾਰਤੀ ਵਿਦਿਆਰਥੀਆਂ ਨੂੰ ਚੌਕਸ ਰਹਿਣ ਦੀ ਸਲਾਹ

**ਨਿਊ ਯਾਰਕ:** ਭਾਰਤੀ ਵਿਦਿਆਰਥੀਆਂ ਨਾਲ ਵਾਪਰ ਰਹੀਆਂ ਮੰਦਭਾਗੀਆਂ ਘਟਨਾਵਾਂ ਦਰਮਿਆਨ ਪੈਪਸੀਕੋ ਦੀ ਸਾਬਕਾ ਸੀ.ਈ.ਓ. ਇੰਦਰਾ ਨੂਈ (68) ਨੇ ਨੌਜਵਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਚੌਕਸ ਰਹਿਣ ਅਤੇ ਸਥਾਨਕ ਕਾਨੂੰਨਾਂ ਦਾ ਪਾਲਣ ਕਰਨ। ਉਨ੍ਹਾਂ ਭਾਰਤੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਵੀ ਦੂਰ ਰਹਿਣ ਲਈ ਕਿਹਾ ਹੈ। ਨੂਈ ਨੇ 10 ਮਿੰਟ ਦਾ ਵੀਡੀਓ ਜਾਰੀ ਕਰਕੇ ਅਮਰੀਕਾ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਇਹ ਸਲਾਹ ਦਿੱਤੀ ਹੈ। ਵੀਡੀਓ ਨੂੰ ਨਿਊ ਯਾਰਕ 'ਚ ਭਾਰਤੀ ਕੌਂਸਲੇਟ ਜਨਰਲ ਵੱਲੋਂ 'ਐਕਸ' 'ਤੇ ਪੋਸਟ ਕੀਤਾ ਗਿਆ। ਨੂਈ ਨੇ ਵਿਦਿਆਰਥੀਆਂ ਨੂੰ ਕਿਹਾ ਹੈ ਕਿ ਉਹ ਯੂਨੀਵਰਸਿਟੀ ਅਤੇ ਕੋਰਸ ਦੀ ਚੋਣ ਸੋਚ-ਸਮਝ ਕੇ ਕਰਨ।

# ਆਨੰਦਪੁਰ ਸਾਹਿਬ: ਬਾਹਰੀ ਹਲਕਿਆਂ ਵਾਲੇ ਉਮੀਦਵਾਰਾਂ ਦਾ ਦਬਦਬਾ

**ਬੰਗਾ:** ਆਨੰਦਪੁਰ ਸਾਹਿਬ ਲੋਕ ਸਭਾ ਦੀਆਂ ਹੁਣ ਤੱਕ ਹੋਈਆਂ ਚੋਣਾਂ 'ਚ ਬਾਹਰੀ ਹਲਕਿਆਂ ਤੋਂ ਆਏ ਉਮੀਦਵਾਰਾਂ ਦਾ ਹੀ ਦਬਦਬਾ ਰਿਹਾ ਹੈ। ਸਿਆਸੀ ਧਿਰਾਂ ਵੱਲੋਂ ਇਹ ਉਮੀਦਵਾਰ ਪੈਰਾਸ਼ੂਟ ਰਾਹੀਂ ਉਤਾਰੇ ਗਏ। ਇਨ੍ਹਾਂ ਵਿਚ 2009 'ਚ ਰਵਨੀਤ ਸਿੰਘ ਬਿੱਟੂ (ਕਾਂਗਰਸ), 2014 ਵਿਚ ਪ੍ਰੇਮ ਸਿੰਘ ਚੰਦੂਮਾਜਰਾ (ਅਕਾਲੀ ਦਲ-ਭਾਜਪਾ ਗੱਠਜੋੜ), 2019 'ਚ ਮਨੀਸ਼ ਤਿਵਾੜੀ (ਕਾਂਗਰਸ) ਸ਼ਾਮਲ ਹਨ। ਕਾਬਲੇਗੌਰ ਹੈ ਕਿ ਇਹ ਤਿੰਨੋਂ ਉਮੀਦਵਾਰ ਬਾਹਰੀ ਹਲਕਿਆਂ ਤੋਂ ਆ ਕੇ ਇੱਥੇ ਚੋਣ ਜਿੱਤ ਗਏ।

ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਪਹਿਲਾਂ ਇਨ੍ਹਾਂ ਉਮੀਦਵਾਰਾਂ ਦਾ ਜਨਮ, ਪੜ੍ਹਾਈ, ਰਿਹਾਇਸ਼ ਆਦਿ ਪੱਖੋਂ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ



ਨਾਲ ਦੂਰ ਤੱਕ ਦਾ ਵੀ ਵਾਸਤਾ ਨਹੀਂ ਸੀ। ਕਾਂਗਰਸ ਵੱਲੋਂ ਪਿਛਲੀ ਵਾਰ ਚੋਣ ਜਿੱਤੇ ਮਨੀਸ਼ ਤਿਵਾੜੀ ਲੋਕ ਸਭਾ ਹਲਕਾ ਲੁਧਿਆਣੇ ਤੋਂ ਲਿਆਂਦੇ ਗਏ ਸਨ। 2014 ਵਿਚ ਚੋਣ ਜਿੱਤੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਲੋਕ ਸਭਾ ਹਲਕਾ ਪਟਿਆਲਾ ਸੀ। ਇਵੇਂ 2009 'ਚ ਚੋਣ ਜਿੱਤਣ ਵਾਲੇ ਰਵਨੀਤ ਸਿੰਘ ਬਿੱਟੂ ਵੀ ਲੋਕ ਸਭਾ ਹਲਕਾ ਲੁਧਿਆਣਾ ਤੋਂ ਹੀ ਆਏ ਸਨ। 2009 'ਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਸਾਂਝੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਵੀ ਪਹਿਲਾਂ ਲੋਕ ਸਭਾ ਹਲਕਾ ਜਲੰਧਰ 'ਚ ਸਰਗਰਮ ਸਨ। ਇਵੇਂ 2014 'ਚ ਕਾਂਗਰਸ ਪਾਰਟੀ ਨੇ ਵੀ ਪਾਰਟੀ ਦੀ ਕੌਮੀ ਆਗੂ ਬੀਬੀ ਅੰਬਿਕਾ ਸੋਨੀ ਨੂੰ ਦਿੱਲੀ ਤੋਂ ਲਿਆ ਕੇ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਸੀ। ਇਸ ਵਾਰ 2024 ਦੀਆਂ ਲੋਕ ਸਭਾ ਚੋਣਾਂ 'ਚ ਵੀ ਇਹੀ ਚਰਚਾ ਹੈ ਕਿ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਇੱਥੇ ਦੂਜੇ ਲੋਕ ਸਭਾ ਹਲਕਿਆਂ ਤੋਂ ਉਮੀਦਵਾਰ ਉਤਾਰੇ ਜਾ ਸਕਦੇ ਹਨ।

# ਕੈਨੇਡਾ ਨੇ ਹੁਣ ਵਿਦੇਸ਼ੀ ਕਾਮਿਆਂ ਦੀ ਗਿਣਤੀ ਘਟਾਈ


**ਵੈਨਕੂਵਰ:** ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਸੀਮਤ ਕਰਨ ਤੋਂ ਬਾਅਦ ਕੈਨੇਡਾ ਸਰਕਾਰ ਕੱਚੇ ਵਿਦੇਸ਼ੀ ਕਾਮਿਆਂ ਦੀ ਗਿਣਤੀ 'ਚ ਵੱਡੀ ਕਟੌਤੀ ਕਰ ਰਹੀ ਹੈ। ਇਸ ਮੌਕੇ ਇਥੇ ਅਸਥਾਈ ਤੌਰ 'ਤੇ ਰਹਿੰਦੇ 25 ਲੱਖ ਵਿਦੇਸ਼ੀਆਂ (ਟੀ.ਆਰ) ਦੀ ਗਿਣਤੀ ਨੂੰ ਆਉਂਦੇ ਸਤੰਬਰ ਤੱਕ ਘਟਾ ਕੇ 20 ਲੱਖ ਕੀਤਾ ਜਾਏਗਾ।

ਆਵਾਸ ਮੰਤਰੀ ਮਾਈਕ ਮਿਲਰ ਨੇ ਵਿਭਾਗ ਵੱਲੋਂ ਲਏ ਫੈਸਲੇ ਬਾਰੇ ਦੱਸਿਆ ਕਿ ਸਰਕਾਰ ਆਵਾਸ ਨਿਯਮਾਂ ਵਿਚਲੀਆਂ ਚੋਰ ਮੋਰੀਆਂ ਰਾਹੀਂ ਬੇਈਮਾਨ ਲੋਕਾਂ ਵੱਲੋਂ ਕੀਤੇ ਜਾਂਦੇ ਕਾਲੇ ਧੰਦੇ ਬੰਦ ਕਰਨਾ ਚਾਹੁੰਦੀ ਹੈ, ਜਿਸ ਲਈ ਸਖਤ ਫੈਸਲੇ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੰਤਰੀ ਨੇ ਕਿਹਾ ਦੇਸ਼ 'ਚ ਕੁੱਲ ਆਬਾਦੀ ਦਾ ਸਵਾ 6 ਫੀਸਦ ਕੱਚੇ ਕਾਮੇ ਹਨ, ਜਿਸ ਨੂੰ ਘਟਾ ਕੇ ਸਤੰਬਰ ਤੱਕ 5 ਫੀਸਦ ਕੀਤਾ ਜਾਏਗਾ। ਉਨ੍ਹਾਂ ਦੱਸਿਆ ਕਿ ਵਪਾਰਕ ਅਦਾਰਿਆਂ ਨੂੰ 30 ਫੀਸਦ ਕੱਚੇ ਵਿਦੇਸ਼ੀ ਕਾਮੇ ਸੱਦਣ ਦੀ ਛੋਟ ਹੁਣ 20 ਫੀਸਦ ਹੋਵੇਗੀ। ਆਵਾਸ ਮੰਤਰੀ ਦੇ ਨਾਲ ਬੈਠੀ ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਲਟ ਨੇ ਇਸ 10 ਫੀਸਦ ਦੇ ਤੋੜ ਦਾ ਬਦਲ ਸੁਝਾਉਂਦਿਆਂ ਦੱਸਿਆ ਕਿ ਵਪਾਰਕ ਅਦਾਰੇ ਹੁਣ ਦੇਸ਼ 'ਚ ਪਨਾਹ ਮੰਗਣ ਵਾਲਿਆਂ ਨੂੰ ਕੰਮ 'ਤੇ ਰੱਖ ਸਕਣਗੇ ਤੇ ਉਨ੍ਹਾਂ ਪਨਾਹੀਆਂ ਲਈ ਕੰਮ ਦਾ ਉਹ ਤਜਰਬਾ ਉਨ੍ਹਾਂ ਦੇ ਪੱਕੇ ਹੋਣ ਵਿਚ ਸਹਾਈ ਹੋਵੇਗਾ। ਮਿਲਰ ਨੇ ਸਪਸ਼ਟ ਕੀਤਾ ਕਿ ਸਿਸਟਮ ਨੂੰ ਵਿਦੇਸ਼ੀ ਕੱਚੇ



ਕਾਮਿਆਂ ਦੀ ਨਿਰਭਰਤਾ 'ਚੋਂ ਉਭਾਰਨ ਲਈ ਕਾਰਜਕੁਸ਼ਲ ਤੇ ਸਵੈ-ਨਿਰਭਰ ਬਣਾਉਣਾ ਸਮੇਂ ਦੀ ਲੋੜ ਹੈ, ਜਿਸ ਕਾਰਨ ਸਖਤ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ 'ਚ ਉਹ ਸੂਬਾਈ ਸਰਕਾਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਲੋੜਾਂ ਸਮਝਣਗੇ ਤੇ ਆਵਾਸ ਨੀਤੀਆਂ ਨੂੰ ਹੋਰ ਕਾਰਜ ਕੁਸ਼ਲ ਬਣਾਉਣ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਵਿਦੇਸ਼ੀਆਂ ਦੀ ਆਮਦ ਉਤੇ ਇਹ ਪਾਬੰਦੀਆਂ ਪਹਿਲੀ ਮਈ ਤੋਂ ਲਾਗੂ ਹੋਣਗੀਆਂ ਤੇ ਸਤੰਬਰ ਤੱਕ ਗਿਣਤੀ ਘਟਾ ਲਈ ਜਾਏਗੀ। ਇਹ ਫੈਸਲਾ ਤਿੰਨ ਸਾਲ ਤੱਕ ਲਾਗੂ ਰਹੇਗਾ।

## ਭਾਰਤ-ਪਾਕਿ ਸਰਹੱਦ ਨੇੜੇ ਉੱਚੀਆਂ ਫਸਲਾਂ ਦੀ ਬਿਜਾਈ 'ਤੇ ਪਾਬੰਦੀ



**ਅੰਮ੍ਰਿਤਸਰ:** ਸਰਹੱਦ ਪਾਰੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਅਤੇ ਘੁਸਪੈਠ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਭਾਰਤ-ਪਾਕਿਸਤਾਨ ਸਰਹੱਦ ਨੇੜੇ ਉੱਚੀਆ ਫ਼ਸਲਾਂ ਦੀ ਬਿਜਾਈ ਉਤੇ ਪਾਬੰਦੀ ਲਗਾ ਦਿੱਤੀ ਹੈ। ਬੀ.ਐਸ.ਐਫ. ਨੇ ਸਰਹੱਦੀ ਪੱਟੀ ਨੇੜੇ ਉੱਚੀ ਉਸਾਰੀ ਤੋਂ ਇਲਾਵਾ ਉੱਚੀਆਂ ਫ਼ਸਲਾਂ ਨੂੰ ਲਗਾਉਣ 'ਤੇ ਇਤਰਾਜ਼ ਜਤਾਇਆ ਹੈ। ਇਸ ਸਬੰਧੀ ਬੀ.ਐਸ.ਐਫ. ਦੇ 73 ਬਟਾਲੀਅਨ ਦੇ ਕਮਾਂਡਰ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ਸੀ। ਬੀ.ਐਸ.ਐਫ. ਦੇ ਇਕ ਅਧਿਕਾਰੀ ਨੇ ਕਿਹਾ ਕਿ ਭਾਰਤ-ਪਾਕਿਸਤਾਨ ਸਰਹੱਦ ਤੇ ਇਨ੍ਹਾਂ ਉੱਚੀਆਂ ਫਸਲਾਂ ਦੇ ਕਾਰਨ ਤਸਕਰਾਂ ਨੂੰ ਲੁਕਣ ਦੀ ਥਾਂ ਮਿਲ ਜਾਂਦੀ ਹੈ ਅਤੇ ਉਹ ਦੇਸ਼ ਵਿਰੋਧੀ ਹਰਕਤਾਂ ਅੰਜਾਮ ਦਿੰਦੇ ਹਨ। ਇਸ ਲਈ ਤੁਰਤ ਰੋਕਥਾਮ ਅਤੇ ਜਲਦੀ ਉਪਾਅ ਦੀ ਲੋੜ ਹੈ। ਇਸ ਤੋਂ ਤੁਰਤ ਬਾਅਦ ਜ਼ਿਲ੍ਹਾ ਅਧਿਕਾਰੀ ਨੇ ਸੀ.ਆਰ.ਪੀ.ਸੀ. ਦੀ ਧਾਰਾ 44 ਅਧੀਨ ਅੰਤਰਰਾਸ਼ਟਰੀ ਸਰਹੱਦ ਅਤੇ ਸਰਹੱਦੀ ਸੁਰੱਖਿਆ ਵਾੜ ਦੇ ਵਿਚਕਾਰ ਉੱਚੀਆਂ ਫਸਲਾਂ ਦੀ ਕਾਸ਼ਤ ਨਾ ਕਰਨ ਦੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਭਾਰਤੀ ਖੇਤਰ ਉਤੇ ਸਰਹੱਦੀ ਵਾੜ ਲਾਈਨ ਦੇ ਆਲੇ ਦੁਆਲੇ 1 ਕਿਲੋਮੀਟਰ ਦੇ ਖੇਤਰ ਦੇ ਅੰਦਰ ਉੱਚੀਆਂ ਫ਼ਸਲਾਂ ਦੀ ਬਿਜਾਈ ਜਾਂ ਕਿਸੇ ਵੀ ਉੱਚੀ ਉਸਾਰੀ ਦੀ ਮਨਾਹੀ ਕੀਤੀ ਗਈ ਹੈ। ਇਹ ਹੁਕਮ 30 ਜੂਨ ਤੱਕ ਲਾਗੂ ਰਹੇਗਾ।

# ਸੰਗਰੂਰ: ਮੀਤ ਹੇਅਰ ਤੇ ਸਿਮਰਨਜੀਤ ਮਾਨ ਨੇ ਸਰਗਰਮੀ ਵਧਾਈ

ਆਨੰਦਪੁਰ ਸਾਹਿਬ: ਬਾਹਰੀ ਹਲਕਿਆਂ ਤੋਂ ਆਏ ਉਮੀਦਵਾਰਾਂ ਦਾ ਹੀ ਰਿਹਾ ਦਬਦਬਾ

ਬੰਗਾ: ਆਨੰਦਪੁਰ ਸਾਹਿਬ ਲੋਕ ਸਭਾ ਦੀਆਂ ਹੁਣ ਤੱਕ ਹੋਈਆਂ ਚੋਣਾਂ 'ਚ ਬਾਹਰੀ ਹਲਕਿਆਂ ਤੋਂ ਆਏ ਉਮੀਦਵਾਰਾਂ ਦਾ ਹੀ ਦਬਦਬਾ ਰਿਹਾ ਹੈ। ਸਿਆਸੀ ਧਿਰਾਂ ਵੱਲੋਂ ਇਹ ਉਮੀਦਵਾਰ ਪੈਰਾਸ਼ੂਟ ਰਾਹੀਂ ਉਤਾਰੇ ਗਏ। ਇਨ੍ਹਾਂ ਵਿਚ 2009 'ਚ ਰਵਨੀਤ ਸਿੰਘ ਬਿੱਟੂ (ਕਾਂਗਰਸ), 2014 ਵਿਚ ਪ੍ਰੇਮ ਸਿੰਘ ਚੰਦੂਮਾਜਰਾ (ਅਕਾਲੀ ਦਲ-ਭਾਜਪਾ ਗੱਠਜੋੜ), 2019 'ਚ ਮਨੀਸ਼ ਤਿਵਾੜੀ (ਕਾਂਗਰਸ) ਸ਼ਾਮਲ ਹਨ। ਕਾਬਲੇਗੌਰ ਹੈ ਕਿ ਇਹ ਤਿੰਨੋਂ ਉਮੀਦਵਾਰ ਬਾਹਰੀ ਹਲਕਿਆਂ ਤੋਂ ਆ ਕੇ ਇੱਥੇ ਚੋਣ ਜਿੱਤ ਗਏ।

ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਪਹਿਲਾਂ ਇਨ੍ਹਾਂ ਉਮੀਦਵਾਰਾਂ ਦਾ ਜਨਮ, ਪੜ੍ਹਾਈ, ਰਿਹਾਇਸ਼ ਆਦਿ ਪੱਖੋਂ ਆਨੰਦਪੁਰ ਸਾਹਿਬ ਲੋਕ ਸਭਾ



ਹਲਕੇ ਨਾਲ ਦੂਰ ਤੱਕ ਦਾ ਵੀ ਵਾਸਤਾ ਨਹੀਂ ਸੀ। ਕਾਂਗਰਸ ਵੱਲੋਂ ਪਿਛਲੀ ਵਾਰ ਚੋਣ ਜਿੱਤੇ



ਮਨੀਸ਼ ਤਿਵਾੜੀ ਲੋਕ ਸਭਾ ਹਲਕਾ ਲੁਧਿਆਣੇ ਤੋਂ ਲਿਆਂਦੇ ਗਏ ਸਨ। 2014 ਵਿਚ ਚੋਣ ਜਿੱਤੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਲੋਕ ਸਭਾ ਹਲਕਾ ਪਟਿਆਲਾ ਸੀ। ਇਵੇਂ 2009 'ਚ ਚੋਣ ਜਿੱਤਣ ਵਾਲੇ ਰਵਨੀਤ ਸਿੰਘ ਬਿੱਟੂ ਵੀ ਲੋਕ ਸਭਾ ਹਲਕਾ ਲੁਧਿਆਣਾ ਤੋਂ ਹੀ ਆਏ ਸਨ।

2009 'ਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਸਾਂਝੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਵੀ ਪਹਿਲਾਂ ਲੋਕ ਸਭਾ ਹਲਕਾ ਜਲੰਧਰ 'ਚ ਸਰਗਰਮ ਸਨ। ਇਵੇਂ 2014 'ਚ ਕਾਂਗਰਸ ਪਾਰਟੀ ਨੇ ਵੀ ਪਾਰਟੀ ਦੀ ਕੌਮੀ ਆਗੂ ਬੀਬੀ ਅੰਬਿਕਾ ਸੋਨੀ ਨੂੰ ਦਿੱਲੀ ਤੋਂ ਲਿਆ ਕੇ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਸੀ। ਇਸ ਵਾਰ 2024 ਦੀਆਂ ਲੋਕ ਸਭਾ ਚੋਣਾਂ 'ਚ ਵੀ ਇਹੀ ਚਰਚਾ ਹੈ ਕਿ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਇੱਥੇ ਦੂਜੇ ਲੋਕ ਸਭਾ ਹਲਕਿਆਂ ਤੋਂ ਉਮੀਦਵਾਰ ਉਤਾਰੇ ਜਾ ਸਕਦੇ ਹਨ।

# ਲੋਕ ਸਭਾ ਚੋਣਾਂ: ਹੋਰਾਂ ਸੂਬਿਆਂ ਨਾਲੋਂ ਵੱਖਰਾ ਰਿਹਾ ਹੈ ਪੰਜਾਬ ਦਾ ਮੂਡ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਉਹ ਪੰਜਾਬ ਵਿਚ '13-0' ਕਰਨਗੇ। ਹਾਲਾਂਕਿ ਪੁਰਾਣੇ ਰੁਝਾਨ ਨੂੰ ਮੋੜਾ ਦੇਣਾ 'ਆਪ' ਲਈ ਔਖਾ ਜਾਪਦਾ ਹੈ। ਲੋਕ ਸਭਾ ਚੋਣਾਂ ਦੇ ਅਤੀਤ ਦੇ ਨਤੀਜੇ ਦੇਖਿਆਂ ਇਹ ਗੱਲ ਸਾਫ ਨਜ਼ਰ ਆਉਂਦੀ ਹੈ ਕਿ ਕੋਈ ਵੀ ਸਿਆਸੀ ਧਿਰ ਚੋਣ ਨਤੀਜਿਆਂ ਬਾਰੇ ਅਗਾਊਂ ਅੰਦਾਜ਼ੇ ਨਹੀਂ ਲਾ ਸਕਦੀ। ਤੱਥਾਂ ਅਨੁਸਾਰ ਸਾਲ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਸੂਬੇ 'ਚ ਕਾਂਗਰਸ ਸਰਕਾਰ ਸੀ ਤੇ ਉਸ ਸਮੇਂ ਸੱਤਾਧਾਰੀ ਧਿਰ ਨੂੰ ਅੱਠ ਸੀਟਾਂ ਮਿਲੀਆਂ।

ਦੂਸਰਾ ਪਾਸਾ ਦੇਖੀਏ ਕਿ ਜਦੋਂ 2004 ਵਿਚ ਕਾਂਗਰਸੀ ਰਾਜ ਭਾਗ ਦੌਰਾਨ ਲੋਕ ਸਭਾ ਦੇ ਨਤੀਜੇ ਆਏ ਤਾਂ ਸੱਤਾਧਾਰੀ ਧਿਰ ਨੂੰ ਸਿਰਫ਼ ਦੋ ਸੀਟਾਂ ਹਾਸਲ ਹੋਈਆਂ। ਇਵੇਂ ਪੰਜਾਬ 'ਚ ਜਦੋਂ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਸੀ ਤਾਂ ਉਦੋਂ ਸੱਤਾਧਾਰੀ ਧਿਰ ਨੂੰ ਸਾਲ 2014 ਵਿਚ ਚਾਰ ਸੀਟਾਂ ਅਤੇ ਸਾਲ 2009 ਵਿਚ ਵੀ ਚਾਰ ਸੀਟਾਂ ਹੀ ਮਿਲੀਆਂ ਸਨ। 2019 ਵਿਚ ਕਾਂਗਰਸੀ ਹਕੂਮਤ ਸਮੇਂ ਅਕਾਲੀ ਦਲ ਦੋ ਸੀਟਾਂ ਤੱਕ ਹੀ ਸੀਮਤ ਰਹਿ ਗਿਆ। ਪੰਜਾਬ ਦੇ ਵੋਟਰ ਨੇ ਕਦੇ ਵੀ ਸੱਤਾਧਾਰੀ ਧਿਰ ਨੂੰ ਵੋਟਾਂ ਦੀ ਪੱਕੀ ਗਾਰੰਟੀ ਨਹੀਂ ਦਿੱਤੀ। ਰਾਜਸੀ ਰੁਝਾਨ ਦੇਖੀਏ ਤਾਂ ਸਾਲ 1996 ਤੋਂ ਬਾਅਦ ਕਾਂਗਰਸ ਨੇ ਵਿਰੋਧੀ ਧਿਰ ਵਿਚ ਹੁੰਦਿਆਂ ਦੋ ਦਫਾ ਸਾਲ 1999 ਅਤੇ ਸਾਲ 2009 ਵਿਚ ਅੱਠ ਅੱਠ ਸੀਟਾਂ ਜਿੱਤੀਆਂ ਹਨ। ਅਕਾਲੀ ਦਲ ਨੇ ਵਿਰੋਧੀ ਧਿਰ ਵਿੱਚ ਹੁੰਦਿਆਂ ਸਾਲ 1996 ਅਤੇ ਸਾਲ 1998 ਵਿਚ ਅੱਠ-ਅੱਠ ਸੀਟਾਂ ਅਤੇ ਮੁੜ ਸਾਲ 2004 ਵਿਚ ਵੀ ਅੱਠ ਸੀਟਾਂ ਜਿੱਤਿਆਂ ਹਨ।




ਅਗਾਂਹ ਦੇਖੀਏ ਤਾਂ ਸਾਲ 1996 ਤੋਂ ਵਰ੍ਹਾ 2019 ਤੱਕ ਲੋਕ ਸਭਾ ਦੀਆਂ ਸੱਤ ਚੋਣਾਂ ਹੋਈਆਂ ਹਨ। ਇਨ੍ਹਾਂ ਸੱਤ ਚੋਣਾਂ ਚੋਂ ਅਕਾਲੀ ਦਲ ਨੇ ਚਾਰ ਵਾਰ ਵੱਧ ਸੀਟਾਂ ਹਾਸਲ ਕੀਤੀਆਂ ਹਨ ਜਦਕਿ ਕਾਂਗਰਸ ਨੇ ਤਿੰਨ ਵਾਰ ਵੱਧ ਸੀਟਾਂ ਪ੍ਰਾਪਤ ਕੀਤੀਆਂ ਹਨ। ਕਿਸੇ ਸਿਆਸੀ ਧਿਰ ਨੂੰ ਇਨ੍ਹਾਂ ਸੱਤ ਚੋਣਾਂ ਦੌਰਾਨ ਵੱਧ ਤੋਂ ਵੱਧ ਅੱਠ ਸੀਟਾਂ ਮਿਲੀਆਂ ਹਨ। 'ਆਪ' ਨੂੰ 2014 ਵਿਚ ਪਹਿਲੀ ਵਾਰ ਚਾਰ ਸੀਟਾਂ ਪ੍ਰਾਪਤ ਹੋਈਆਂ ਸਨ ਜਦਕਿ ਸਾਲ 2019 ਵਿਚ ਇਕੱਲੀ ਸੰਗਰੂਰ ਲੋਕ ਸਭਾ ਸੀਟ ਤੋਂ ਭਗਵੰਤ ਮਾਨ ਨੇ ਜਿੱਤ ਪ੍ਰਾਪਤ ਕੀਤੀ ਸੀ।

ਭਾਜਪਾ ਨੂੰ ਅਕਾਲੀ ਦਲ ਨਾਲ ਗੱਠਜੋੜ ਦੇ ਹੁੰਦੇ ਹੋਏ ਸਾਲ 1998 ਅਤੇ ਸਾਲ 2004 ਵਿਚ ਤਿੰਨ-ਤਿੰਨ ਸੀਟਾਂ 'ਤੇ ਜਿੱਤ ਹਾਸਲ ਹੋਈ ਜਦਕਿ ਸਾਲ 1999 ਅਤੇ ਸਾਲ 2009 ਵਿਚ ਸਿਰਫ ਇੱਕ-ਇੱਕ ਸੀਟ 'ਤੇ ਹੀ ਸਬਰ ਕਰਨਾ ਪਿਆ। ਪਿਛਲੀ 2019 ਅਤੇ ਸਾਲ 2014 ਵਾਲੀ ਚੋਣ ਵਿਚ ਭਾਜਪਾ ਨੂੰ ਕੇਵਲ ਦੋ ਦੋ ਸੀਟਾਂ ਪ੍ਰਾਪਤ ਹੋਈਆਂ। ਪੰਜਾਬੀ ਸੂਬਾ ਬਣਨ ਮਗਰੋਂ ਸਾਲ 1991 ਵਿਚ ਲੋਕ ਸਭਾ ਚੋਣਾਂ 'ਚ ਕਾਂਗਰਸ ਨੇ ਸਭ ਤੋਂ ਵੱਧ 12 ਸੀਟਾਂ ਜਿੱਤੀਆਂ ਸਨ ਤੇ ਇਸੇ ਤਰ੍ਹਾਂ 1980 ਵਿਚ ਮੁੜ ਇੰਦਰਾ ਗਾਂਧੀ ਦਾ ਉਭਾਰ ਹੋਇਆ ਤਾਂ ਉਸ ਵਕਤ ਵੀ 12 ਸੀਟਾਂ ਪ੍ਰਾਪਤ ਹੋਈਆਂ ਸਨ। ਸਾਲ 1957 ਵਿਚ ਕਾਂਗਰਸ ਨੇ ਸਾਂਝੇ ਪੰਜਾਬ ਵੇਲੇ ਕੁੱਲ 22 ਸੀਟਾਂ 'ਚੋਂ 21 ਸੀਟਾਂ ਜਿੱਤੀਆਂ ਸਨ ਅਤੇ ਇੱਕ ਸੀਟ ਸੀ.ਪੀ.ਆਈ. ਦੇ ਹਿੱਸੇ ਆਈ ਸੀ। ਪਹਿਲੀਆਂ ਆਮ ਚੋਣਾਂ ਵਿਚ ਸਾਲ 1952 ਵਿਚ ਕੁੱਲ 16 ਸੀਟਾਂ ਜਿੱਤੀਆਂ ਸਨ।


ਬਹੁਜਨ ਸਮਾਜ ਪਾਰਟੀ ਦੀ ਤਿੰਨ ਲੋਕ ਸਭਾ ਚੋਣਾਂ ਹੀ ਕਾਰਗੁਜ਼ਾਰੀ ਠੀਕ ਰਹੀ ਹੈ ਜਿਨ੍ਹਾਂ 'ਚੋਂ ਸਾਲ 1989 ਅਤੇ ਸਾਲ 1991 ਦੀਆਂ ਚੋਣਾਂ ਵਿਚ ਬਸਪਾ ਨੇ ਇੱਕ ਇੱਕ ਸੀਟ ਜਿੱਤੀ ਜਦਕਿ ਸਾਲ 1996 ਵਿਚ ਬਸਪਾ ਨੇ ਤਿੰਨ ਸੀਟਾਂ ਜਿੱਤੀਆਂ ਸਨ। ਅਕਾਲੀ ਦਲ (ਮਾਨ) ਨੇ ਸਾਲ 1989 ਵਿਚ ਸਭ ਤੋਂ ਵੱਧ ਛੇ ਸੀਟਾਂ ਜਿੱਤੀਆਂ ਸਨ ਤੇ ਸਾਲ 1999 ਵਿਚ ਇਕ ਸੀਟ ਜਿੱਤੀ ਸੀ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਦੀ ਜ਼ਿਮਨੀ ਚੋਣ ਵੀ ਜਿੱਤੀ ਹੈ। ਆਜ਼ਾਦ ਉਮੀਦਵਾਰ ਸਾਲ 1952 ਤੋਂ ਹੁਣ ਤੱਕ ਸਿਰਫ ਦੋ ਵਾਰ ਹੀ ਕਾਮਯਾਬ ਹੋਏ ਹਨ। ਭਾਰਤੀ ਕਮਿਊਨਿਸਟ ਪਾਰਟੀ ਦੇ ਤਿੰਨ ਵਾਰ ਉਮੀਦਵਾਰ ਜਿੱਤੇ ਹਨ। ਮਾਰਕਸਵਾਦੀ ਪਾਰਟੀ ਦਾ ਸਿਰਫ ਇਕ ਉਮੀਦਵਾਰ 1977 ਵਿਚ ਜੇਤੂ ਰਿਹਾ ਸੀ।

# ਬਠਿੰਡਾ ਲੋਕ ਸਭਾ ਹਲਕੇ 'ਤੇ ਟਿਕੀਆਂ ਲੋਕਾਂ ਦੀਆਂ ਨਜ਼ਰਾਂ

**ਬਠਿੰਡਾ:** ਪਾਰਲੀਮਾਨੀ ਚੋਣਾਂ ਦੇ ਭਖੇ ਦੌਰ 'ਚ ਰਾਜਨੀਤੀ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਦੀਆਂ ਨਜ਼ਰਾਂ ਵੀ.ਆਈ.ਪੀ. ਹਲਕੇ ਬਠਿੰਡਾ 'ਤੇ ਟਿਕੀਆਂ ਹੋਈਆਂ ਹਨ। ਪੰਜਾਬ ਦੀ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਨੇ ਆਪਣਾ ਉਮੀਦਵਾਰ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਐਲਾਨ ਕੇ ਪਹਿਲਕਦਮੀ ਕਰ ਲਈ ਹੈ। ਬਾਕੀ ਪਾਰਟੀਆਂ ਦੇ ਉਮੀਦਵਾਰਾਂ ਬਾਰੇ ਕਿਆਫ਼ਿਆਂ ਦਾ ਬਾਜ਼ਾਰ ਗਰਮ ਹੈ।

ਕਾਂਗਰਸ ਪਾਰਟੀ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਵੱਲੋਂ ਪਿਛਲੇ ਲੰਮੇ ਅਰਸੇ ਤੋਂ ਜਿਸ ਢੰਗ ਨਾਲ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ, ਉਸ ਤੋਂ ਸਪੱਸ਼ਟ ਹੈ ਕਿ ਉਹ ਬਠਿੰਡਾ ਤੋਂ ਚੋਣ ਲੜਨ ਦੇ ਚਾਹਵਾਨ ਹਨ ਹਾਲਾਂਕਿ ਮੀਡੀਆ ਵੱਲੋਂ ਪੁੱਛੇ ਜਾਣ 'ਤੇ ਉਹ ਗੋਲਮੋਲ ਜਵਾਬ ਦੇ ਕੇ ਪਿੱਛਾ ਛੁਡਾਉਣ ਦੀ ਕੋਸ਼ਿਸ਼ ਕਰਦੇ ਹਨ।

ਇਸ ਮੁਹਿੰਮ 'ਚ ਬਠਿੰਡਾ, ਮਾਨਸਾ ਅਤੇ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੀ ਸੀਨੀਅਰ ਕਾਂਗਰਸੀ ਲੀਡਰਸ਼ਿਪ ਬੀਬਾ ਵੜਿੰਗ ਦੇ ਕਦਮਾਂ ਨਾਲ ਆਪਣੇ ਕਦਮ ਮਿਲਾ ਕੇ ਚੱਲ ਰਹੀ ਹੈ। ਜੇ ਕਾਂਗਰਸ ਪਾਰਟੀ ਵੱਲੋਂ ਪੰਜਾਬ 'ਚ ਵੱਡੇ ਚਿਹਰਿਆਂ ਨੂੰ ਚੋਣ ਮੈਦਾਨ 'ਚ ਅੱਗੇ ਲਿਆਉਣ ਦੀ ਗੱਲ ਤੁਰੀ ਤਾਂ ਯਕੀਨਨ ਰਾਜਾ ਵੜਿੰਗ ਵੀ ਇੱਥੋਂ ਚੋਣ ਲੜ ਸਕਦੇ ਹਨ। ਦੂਜਾ ਨੰਬਰ ਸ਼੍ਰੋਮਣੀ ਅਕਾਲੀ ਦਲ ਵਿਚੋਂ 'ਘਰ ਵਾਪਸੀ' ਕਰਨ ਵਾਲੇ ਕਾਂਗਰਸੀ ਆਗੂ ਜੀਤ ਮਹਿੰਦਰ ਸਿੰਘ ਸਿੱਧੂ ਦਾ ਆਉਂਦਾ ਹੈ। ਉਹ ਵੀ ਟਿਕਟ ਲਈ ਕਾਫੀ ਆਸਵੰਦ ਦੱਸੇ ਜਾਂਦੇ ਹਨ। ਅਜਿਹੇ ਹੀ ਯਤਨ ਬਾਦਲ ਖਾਨਦਾਨ ਦੇ ਸ਼ਰੀਕੇ 'ਚੋਂ ਮਹੇਸ਼ਇੰਦਰ ਸਿੰਘ ਲਾਲੀ ਬਾਦਲ ਦੇ ਪੁੱਤਰ ਅਤੇ ਸੁਖਬੀਰ ਸਿੰਘ ਬਾਦਲ ਦੇ ਚਚੇਰੇ ਭਰਾ ਫ਼ਤਿਹ ਸਿੰਘ ਬਾਦਲ ਵੱਲੋਂ ਵੀ ਜੁਟਾਏ ਜਾ ਰਹੇ ਹਨ।



ਜੇਕਰ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਨੇਪਰੇ ਨਾ ਚੜ੍ਹਿਆ ਤਾਂ ਸ਼ਹਿਰ ਦੇ ਉੱਘੇ ਉਦਯੋਗਪਤੀ ਸਰੂਪ ਚੰਦ ਸਿੰਗਲਾ ਨੂੰ ਚੋਣ ਪਿੜ 'ਚ ਉਤਾਰਿਆ ਜਾ ਸਕਦਾ ਹੈ। ਸ੍ਰੀ ਸਿੰਗਲਾ ਅਕਾਲੀ ਦਲ ਦੀ ਟਿਕਟ 'ਤੇ ਬਠਿੰਡਾ (ਸ਼ਹਿਰੀ) ਹਲਕੇ ਤੋਂ ਵਿਧਾਇਕ ਤੇ ਸੰਸਦੀ ਸਕੱਤਰ ਰਹਿ ਚੁੱਕੇ ਹਨ। 2022 ਦੀਆਂ ਚੋਣਾਂ 'ਚ ਹਾਰਨ ਮਗਰੋਂ ਉਨ੍ਹਾਂ ਇਹ ਦੋਸ਼ ਲਾ ਕੇ ਭਾਜਪਾ ਦਾ ਪੱਲਾ ਫੜ ਲਿਆ ਸੀ ਕਿ ਬਾਦਲਾਂ ਨੇ ਕਾਂਗਰਸੀ ਉਮੀਦਵਾਰ ਮਨਪ੍ਰੀਤ ਬਾਦਲ ਦੀ ਅੰਦਰਖਾਤੇ ਮਦਦ ਕਰਕੇ, ਉਨ੍ਹਾਂ ਦਾ ਨੁਕਸਾਨ ਕੀਤਾ। ਸ੍ਰੀ ਸਿੰਗਲਾ ਹੁਣ ਜ਼ਿਲ੍ਹਾ ਭਾਜਪਾ ਬਠਿੰਡਾ ਦੇ ਪ੍ਰਧਾਨ ਹਨ। ਅਕਾਲੀ ਦਲ 'ਚੋਂ ਹੀ ਭਾਜਪਾ 'ਚ ਗਏ ਸਾਬਕਾ ਵਿਧਾਇਕ ਤੇ ਸੰਸਦੀ ਸਕੱਤਰ ਰਹੇ ਜਗਦੀਪ ਸਿੰਘ ਨਕੱਈ ਦਾ ਵੀ ਉਮੀਦਵਾਰੀ 'ਚ ਨੰਬਰ ਲੱਗਣ ਬਾਰੇ ਕਿਆਸਰਾਈਆਂ ਜਾਰੀ ਹਨ। ਸ੍ਰੀ ਨਕੱਈ ਇਸ ਵੇਲੇ ਪੰਜਾਬ ਭਾਜਪਾ ਦੇ ਉਪ ਪ੍ਰਧਾਨ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰਸਿਮਰਤ ਕੌਰ ਬਾਦਲ ਇਸ ਵਾਰ ਫਿਰ ਇਸੇ ਹਲਕੇ ਤੋਂ ਆਪਣੀ ਕਿਸਮਤ ਅਜ਼ਮਾਉਣਗੇ। ਸਮਾਂ ਆਉਣ 'ਤੇ ਹੀ ਉਮੀਦਵਾਰਾਂ ਬਾਰੇ ਅਸਲੀ ਸਥਿਤੀ ਸਪੱਸ਼ਟ ਹੋਵੇਗੀ।

# 'ਆਪ' ਵਿਧਾਇਕਾਂ ਨੂੰ ਫੁੱਟ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਵਿਧਾਇਕਾਂ ਨੂੰ ਚੌਕਸ ਕਰਦਿਆਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਪਿੱਠ ਉਤੇ ਡਟ ਕੇ ਖੜ੍ਹਨ ਦਾ ਸੁਨੇਹਾ ਦਿੱਤਾ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਸੱਦੀ ਗਈ ਮੀਟਿੰਗ ਵਿਚ ਸਾਰੇ ਵਿਧਾਇਕਾਂ ਨੇ ਇਕਜੁੱਟਤਾ ਜ਼ਾਹਿਰ ਕੀਤੀ। ਮੀਟਿੰਗ ਵਿਚ ਭਗਵੰਤ ਮਾਨ ਨੇ ਕਿਹਾ ਕਿ ਔਖ ਦੀ ਇਸ ਘੜੀ ਵਿਚ ਸਾਰੇ ਵਿਧਾਇਕ ਇਕਜੁੱਟ ਰਹਿਣ। ਉਨ੍ਹਾਂ ਵਿਧਾਇਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ 'ਫੁੱਟ ਪਾਊ ਤਾਕਤਾਂ' ਦੇ ਲਾਲਚਾਂ ਅਤੇ ਧਮਕੀਆਂ ਤੋਂ ਸਾਵਧਾਨ ਰਿਹਾ ਜਾਵੇ ਅਤੇ 'ਤਾਨਾਸ਼ਾਹੀ' ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਮਾਤ ਦਿੱਤੀ ਜਾਵੇ।

ਚੇਤੇ ਰਹੇ ਕਿ ਸਿਆਸੀ ਗਲਿਆਰਿਆਂ 'ਚ ਇਹ ਅਫ਼ਵਾਹ ਚੱਲ ਰਹੀ ਹੈ ਕਿ ਹਿਮਾਚਲ ਪ੍ਰਦੇਸ਼ ਦੇ ਘਟਨਾਕ੍ਰਮ ਮਗਰੋਂ ਭਾਜਪਾ ਹੋਰ ਸੂਬਿਆਂ ਵਿਚ ਵੀ ਚਾਲਾਂ ਚੱਲ ਸਕਦੀ ਹੈ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਮੀਟਿੰਗ ਵਿਚ ਕਿਹਾ ਕਿ ਸਾਰਿਆਂ ਨੇ ਇਕੱਠੇ ਖੜ੍ਹੇ ਹੋ ਕੇ ਗਲਤ ਮਨਸੂਬੇ ਘੜਨ ਵਾਲੀ ਪਾਰਟੀ ਦਾ ਵਹਿਮ ਕੱਢਣਾ ਹੈ ਜਿਨ੍ਹਾਂ ਨੂੰ ਇਹ ਲੱਗਦਾ ਹੈ ਕਿ ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਉਹ 'ਆਪ' ਨੂੰ ਬਿਖ਼ੇਰ ਦੇਣਗੇ। 'ਉਨ੍ਹਾਂ ਨੂੰ ਦੱਸਣਾ ਕਿ ਅਸੀਂ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਹਾਂ।'

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ 'ਚ ਇਕ ਸੁਨੇਹਾ ਜਾਣਾ ਚਾਹੀਦਾ ਹੈ ਕਿ ਉਹ ਇਕਜੁੱਟ ਹੋ ਕੇ ਕੇਜਰੀਵਾਲ ਨਾਲ ਡਟ ਕੇ ਖੜ੍ਹੇ ਹਨ। ਇਸ ਪ੍ਰੀਖਿਆ ਦੀ ਘੜੀ ਵਿਚ ਪਾਰਟੀ ਅੰਦਰ ਕਿਸੇ ਧੜੇਬੰਦੀ ਦਾ ਸੰਕੇਤ ਨਹੀਂ ਜਾਣਾ ਚਾਹੀਦਾ ਹੈ। ਸਾਰੇ ਵਿਧਾਇਕ ਇੱਕੋ ਧਾਗੇ ਵਿਚ ਨਜ਼ਰ ਆਏ। ਭਗਵੰਤ ਮਾਨ ਦੀ ਰਿਹਾਇਸ਼ 'ਤੇ ਦੁਪਹਿਰ ਸਮੇਂ ਸਾਰੇ ਵਿਧਾਇਕ ਪੁੱਜੇ ਜਿਨ੍ਹਾਂ ਨੂੰ ਮੁੱਖ ਮੰਤਰੀ ਤਰਫੋਂ ਦੁਪਹਿਰ ਦਾ ਖਾਣਾ ਵੀ ਦਿੱਤਾ ਗਿਆ। ਇਸ ਦੌਰਾਨ ਕਰੀਬ ਇਕ ਘੰਟੇ ਤੱਕ ਮੀਟਿੰਗ ਚੱਲੀ। ਮੀਟਿੰਗ ਵਿਚੋਂ ਕੁੰਵਰ ਵਿਜੈ ਪ੍ਰਤਾਪ, ਡਾਕਟਰ ਵਿਜੈ ਸਿੰਗਲਾ ਅਤੇ ਹਰਮੀਤ ਸਿੰਘ ਪਠਾਨਮਾਜਰਾ ਗੈਰਹਾਜ਼ਰ ਰਹੇ ਜਿਨ੍ਹਾਂ ਨੇ ਆਪਣੇ ਨਿੱਜੀ ਰੁਝੇਵਿਆਂ ਦਾ ਹਵਾਲਾ ਦਿੱਤਾ। ਡਾ. ਰਾਜ ਕੁਮਾਰ ਚੱਬੇਵਾਲ, ਜੋ ਹਾਲ ਹੀ ਵਿਚ ਕਾਂਗਰਸ ਛੱਡ ਕੇ ਪਾਰਟੀ 'ਚ ਸ਼ਾਮਲ ਹੋਏ ਹਨ, ਵੀ ਮੀਟਿੰਗ ਵਿਚ ਮੌਜੂਦ ਸਨ। ਦਿਲਚਸਪ ਗੱਲ ਇਹ ਰਹੀ ਕਿ ਮੁੱਖ ਮੰਤਰੀ ਨਾਲ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਵੀ ਬੈਠੇ ਹੋਏ ਸਨ। ਸਿਆਸੀ ਹਲਕਿਆਂ ਵਿਚ ਮੁੱਖ ਮੰਤਰੀ ਦੀ ਇਸ ਮੀਟਿੰਗ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਕੇਜਰੀਵਾਲ ਦੀ ਗ੍ਰਿਫ਼ਤਾਰੀ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਹੀ 'ਆਪ' ਦਾ ਸਭ ਤੋਂ ਵੱਡਾ ਚਿਹਰਾ ਹਨ। 'ਇੰਡੀਆ ਬਲਾਕ' ਵੱਲੋਂ 31 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਰੋਸ ਰੈਲੀ ਕੀਤੀ ਜਾ ਰਹੀ ਹੈ ਜਿਸ ਦੀ ਤਿਆਰੀ ਦਾ ਏਜੰਡਾ ਵੀ ਮੀਟਿੰਗ ਵਿਚ ਵਿਚਾਰਿਆ ਗਿਆ।



# ਬਠਿੰਡਾ 'ਚ ਭਾਜਪਾ ਦੀ ਮੀਟਿੰਗ ਦਾ ਕਿਸਾਨਾਂ ਵੱਲੋਂ ਤਿੱਖਾ ਵਿਰੋਧ

**ਬਠਿੰਡਾ:** ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਕਿਸਾਨ ਧਿਰਾਂ ਨੇ ਇਥੇ ਭਾਜਪਾ ਵਰਕਰਾਂ ਦੀ ਮੀਟਿੰਗ ਵਾਲੀ ਥਾਂ ਦੇ ਨੇੜੇ ਕਾਲੀਆਂ ਝੰਡੀਆਂ ਨਾਲ ਰੋਸ ਪ੍ਰਦਰਸ਼ਨ ਕੀਤਾ। ਮੀਟਿੰਗ ਵਾਲੀ ਥਾਂ 'ਤੇ ਜੁੜੇ ਸੈਂਕੜੇ ਕਿਸਾਨਾਂ ਨੇ ਭਾਜਪਾ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਕਿਹਾ 'ਤੁਸੀਂ ਸਾਨੂੰ ਦਿੱਲੀ ਨਹੀਂ ਜਾਣ ਦਿੰਦੇ, ਅਸੀਂ ਤੁਹਾਨੂੰ ਪੰਜਾਬ 'ਚ ਨਹੀਂ ਵੜਨ ਦਿਆਂਗੇ।'

ਪਾਰਲੀਮਾਨੀ ਚੋਣਾਂ ਸਬੰਧੀ ਭਾਜਪਾ ਵੱਲੋਂ ਇਥੇ ਵਰਕਰਾਂ ਦੀ ਮੀਟਿੰਗ ਰੱਖੀ ਸੀ।

ਮੀਟਿੰਗ 'ਚ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਸਮੇਤ ਹੋਰ ਕਈ ਆਗੂਆਂ ਨੇ ਸ਼ਿਰਕਤ ਕਰਨੀ ਸੀ ਪਰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਕਿਸਾਨ ਵਿਰੋਧ ਲਈ ਟਰੈਕਟਰਾਂ-ਟਰਾਲੀਆਂ ਰਾਹੀਂ ਉਥੇ ਪਹੁੰਚ ਗਏ। ਕਿਸਾਨਾਂ ਵੱਲੋਂ ਅਚਾਨਕ ਅਪਣਾਏ ਗਏ ਇਸ ਰੁਖ਼ ਨਾਲ ਇਕ ਵਾਰ ਤਾਂ ਪੁਲਿਸ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ ਪਰ ਥੋੜੀ ਦੇਰ 'ਚ ਹੋਰ ਪੁਲਿਸ ਨਫ਼ਰੀ ਮੌਕੇ 'ਤੇ ਪਹੁੰਚ ਗਈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਅਮਰਜੀਤ ਸਿੰਘ ਹਨੀ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਜਗਤਾਰ ਸਿੰਘ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਵਰਨ ਸਿੰਘ ਪੂਹਲੀ ਨੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 14 ਮਾਰਚ ਨੂੰ ਦਿੱਲੀ 'ਚ ਹੋਈ ਮਹਾਪੰਚਾਇਤ ਦੌਰਾਨ ਪੂਰੇ ਮੁਲਕ 'ਚ ਭਾਜਪਾ ਦੇ ਵਿਰੋਧ ਦਾ ਫ਼ੈਸਲਾ ਹੋਇਆ ਸੀ। ਉਨ੍ਹਾਂ ਕਿਹਾ ਕਿ ਬਠਿੰਡਾ 'ਚ ਵਿਰੋਧ ਨਾਲ ਇਸ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਅਤੇ ਆਉਂਦੇ ਦਿਨਾਂ 'ਚ ਹਰ ਪਾਸੇ ਵਿਰੋਧ ਦਿਖਾਈ ਦੇਵੇਗਾ। ਆਗੂਆਂ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੇ ਦਸ ਸਾਲਾਂ ਦੌਰਾਨ ਕੇਂਦਰ ਸਰਕਾਰ ਵੱਲੋਂ ਪੂਰੇ ਮੁਲਕ ਅੰਦਰ ਤਾਨਾਸ਼ਾਹੀ ਵਾਲਾ ਮਾਹੌਲ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਵੱਲੋਂ ਕਿਰਤੀ ਜਮਾਤ ਖ਼ਿਲਾਫ਼ ਨੀਤੀਆਂ ਲਾਗੂ ਕਰਨ, ਹੱਕ ਮੰਗਦੇ ਲੋਕਾਂ 'ਤੇ ਜਬਰ ਢਾਹੁਣ ਅਤੇ ਲੋਕਾਂ ਦੇ ਜਮਹੂਰੀ ਹੱਕ 'ਤੇ ਡਾਕੇ ਮਾਰਨਾ ਭਾਜਪਾ ਸਰਕਾਰ ਦਾ ਤਰਜੀਹੀ ਏਜੰਡਾ ਰਿਹਾ ਹੈ। ਦਿੱਲੀ ਦੀਆਂ ਹੱਦਾਂ 'ਤੇ ਸਵਾ ਸਾਲ ਚੱਲੇ ਅੰਦੋਲਨ ਦੌਰਾਨ ਮੰਨੀਆਂ ਹੋਈਆਂ ਕਿਸਾਨੀ ਮੰਗਾਂ ਨੂੰ ਕੇਂਦਰ ਸਰਕਾਰ ਨੇ ਲਾਗੂ ਨਾ ਕਰਕੇ ਵੱਡੀ ਵਾਅਦਾਖ਼ਿਲਾਫ਼ੀ ਕੀਤੀ ਹੈ।



# ਪੰਜਾਬ ’ਤੇ ਪੈ ਸਕਦਾ ਹੈ ਦਿੱਲੀ ਦੀ ਆਬਕਾਰੀ ਨੀਤੀ ਦਾ ਪਰਛਾਵਾਂ

**ਚੰਡੀਗੜ੍ਹ:** ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਮਗਰੋਂ ਹੁਣ ਦਿੱਲੀ ਦੀ ਆਬਕਾਰੀ ਨੀਤੀ ਦਾ ਪਰਛਾਵਾਂ ਪੰਜਾਬ ’ਤੇ ਪੈ ਸਕਦਾ ਹੈ ਅਤੇ ਸੱਤਾ ਦੇ ਗਲਿਆਰਿਆਂ ਵਿਚ ਨਵੀਂ ਘੁਸਰ ਮੁਸਰ ਸ਼ੁਰੂ ਹੋ ਗਈ ਹੈ। ‘ਆਪ’ ਵਿਚ ਆਏ ਨਵੇਂ ਸੰਕਟ ਦਾ ਅਸਰ ਪੰਜਾਬ ’ਤੇ ਪੈਣਾ ਸੁਭਾਵਿਕ ਹੈ। ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਮਗਰੋਂ ਪੰਜਾਬ ਦਾ ਸਿਆਸੀ ਮਾਹੌਲ ਕਿਸ ਤਰ੍ਹਾਂ ਕਰਵਟ ਲਵੇਗਾ, ਇਸ ਨੂੰ ਲੈ ਕੇ ਕਈ ਤਰ੍ਹਾਂ ਦੇ ਚਰਚੇ ਜ਼ੋਰਾਂ ਉਤੇ ਹਨ।



ਵਿਰੋਧੀ ਧਿਰਾਂ ਦੇ ਆਗੂ ਆਖ ਰਹੇ ਹਨ ਕਿ ਪੰਜਾਬ ਵਿਚ ਜੋ ਸਾਲ 2022 ਵਿਚ ਆਬਕਾਰੀ ਨੀਤੀ ਬਣੀ, ਉਹ ਦਿੱਲੀ ਦੀ ਆਬਕਾਰੀ ਨੀਤੀ ਦਾ ਹੀ ਰੂਪ ਹੈ। ਬੇਸ਼ੱਕ ਪੰਜਾਬ ਦੀ ਆਬਕਾਰੀ ਨੀਤੀ ਨੂੰ ਲੈ ਕੇ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਿਸੇ ਨੂੰ ਸੰਮਨ ਜਾਰੀ ਨਹੀਂ ਕੀਤਾ ਹੈ ਪਰ ਈਡੀ ਦੇ ਡਰ ਨੂੰ ਲੈ ਕੇ ਬਹੁਤੇ ਸਾਰੇ ਅਫਸਰਾਂ ਤੇ ਸਿਆਸੀ ਲੋਕਾਂ ਵਿਚ ਘਬਰਾਹਟ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਕੀਤਾ ਹੈ ਕਿ ਉਹ ਪਾਰਟੀ ਦਾ ਵਫ਼ਦ ਚੋਣ ਕਮਿਸ਼ਨ ਕੋਲ ਲੈ ਕੇ ਜਾਣਗੇ ਅਤੇ ਮੰਗ ਕੀਤੀ ਜਾਵੇਗੀ ਕਿ ਪੰਜਾਬ ਦੀ ਆਬਕਾਰੀ ਨੀਤੀ ਦੀ ਜਾਂਚ ਕੀਤੀ ਜਾਵੇ ਕਿਉਂਕਿ ਪੰਜਾਬ ਦੀ ਆਬਕਾਰੀ ਨੀਤੀ ਵੀ ਦਿੱਲੀ ਦੀ ਆਬਕਾਰੀ ਨੀਤੀ ਦੀ ਤਰਜ਼ ‘ਤੇ ਹੀ ਬਣੀ ਹੈ। ਦੱਸਣਯੋਗ ਹੈ ਕਿ ਸੀ.ਬੀ.ਆਈ. ਨੇ ਪਿਛਲੇ ਸਾਲ ਆਬਕਾਰੀ ਨੀਤੀ ਤਿਆਰ ਕਰਨ ਵਿਚ ਸ਼ਾਮਲ ਦੋ ਆਈ.ਏ.ਐਸ. ਅਧਿਕਾਰੀਆਂ ਖਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਪੰਜਾਬ ਸਕਾਰ ਤੋਂ ਮੰਗੀ ਸੀ ਪਰ ਸੂਬਾ ਸਰਕਾਰ ਨੇ ਨਵੰਬਰ 2023 ਵਿਚ ਇਸ ਨੂੰ ਖਾਰਜ ਕਰ ਦਿੱਤਾ ਸੀ। ਆਬਕਾਰੀ ਵਿਭਾਗ ਦੇ ਦੋ ਸੀਨੀਅਰ ਅਧਿਕਾਰੀਆਂ ਦੇ ਘਰ ਕਈ ਮਹੀਨੇ ਪਹਿਲਾਂ ਈਡੀ ਨੇ ਰੇਡ ਵੀ ਕੀਤੀ ਸੀ। ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਦਿੱਲੀ ਆਬਕਾਰੀ ਨੀਤੀ ਵਾਂਗੂ ਪੰਜਾਬ ਦੀ ਆਬਕਾਰੀ ਨੀਤੀ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਜਾਂਚ ਏਜੰਸੀ ਪੰਜਾਬ ਦੀ ਆਬਕਾਰੀ ਨੀਤੀ ਦੀ ਪੜਤਾਲ ਕਰੇ ਕਿਉਂਕਿ ਦੋਵੇਂ ਨੀਤੀਆਂ ਦੇ ਮਾਮਲੇ ਵਿਚ ਲਾਭਪਾਤਰੀ ਸਾਂਝੇ ਹਨ। ਹਰਸਿਮਰਤ ਨੇ ਕਿਹਾ ਕਿ ਅਖੌਤੀ ਕੱਟੜ ਇਮਾਨਦਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਵਿਚ ਆਬਕਾਰੀ ਨੀਤੀ ਲਾਗੂ ਕਰਕੇ ਸਰਕਾਰੀ ਖਜ਼ਾਨੇ ਦੀ ਕੀਤੀ ਲੁੱਟ ਤੋਂ ਪਰਦਾ ਚੁੱਕਣ ਦਾ ਸਮਾਂ ਆ ਗਿਆ ਹੈ।

## ਸ਼ਰਾਬ ਦੇ ਧੰਦੇ ਵਾਲਿਆਂ ਨੂੰ ‘ਆਪ’ ਦੀ ਸ਼ਹਿ: ਜਾਖੜ



**ਦਿੜ੍ਹਬਾ ਮੰਡੀ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਪਿੰਡ ਗੁੱਜਰਾਂ ਵਿਚ ਜ਼ਹਿਰੀਲੀ ਸ਼ਰਾਬ ਨਾਲ ਮਰੇ ਮਜ਼ਦੂਰਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਹਮਦਰਦੀ ਦੀ ਲੋੜ ਹੁੰਦੀ ਹੈ ਪਰ ਇਸ ਦੇ ਉਲਟ ਪੰਜਾਬ ਸਰਕਾਰ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਹੈ। ਜਾਖੜ ਨੇ ਕਿਹਾ ਕਿ ਇਹ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਆਪਣਾ ਇਲਾਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼ਰਾਬ ਦਾ ਧੰਦਾ ਚਲਾਉਣ ਵਾਲਿਆਂ ਨੂੰ ਆਮ ਆਦਮੀ ਪਾਰਟੀ ਦੀ ਸ਼ਹਿ ਪ੍ਰਾਪਤ ਹੈ।

## ਕਿਸੇ ਵੀ ਜਾਂਚ ਲਈ ਤਿਆਰ: ਚੀਮਾ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਉਹ ਕਿਸੇ ਵੀ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇਹ ਚੰਗੀ ਨੀਤੀ ਹੈ ਅਤੇ ਆਬਕਾਰੀ ਡਿਊਟੀ ਤੋਂ ਪੰਜਾਬ ਦਾ ਮਾਲੀਆ ਸਿਰਫ ਦੋ ਸਾਲਾਂ ਵਿਚ 4,000 ਕਰੋੜ ਰੁਪਏ ਵਧਿਆ ਹੈ। ਉਨ੍ਹਾਂ ਕਿਹਾ ਕਿ ਰਾਜ ਵਿਚ ਸ਼ਰਾਬ ਮਾਫੀਆ ਨੂੰ ਖਤਮ ਕਰਨ ਵਿਚ ਕਾਮਯਾਬੀ ਮਿਲੀ ਹੈ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪਾਰਟੀ ਭਾਜਪਾ ਦੀ ਤਾਨਾਸ਼ਾਹੀ ਅੱਗੇ ਨਹੀਂ ਝੁਕੇਗੀ।

## ਜ਼ਹਿਰੀਲੀ ਸ਼ਰਾਬ ਮਾਮਲੇ ਦੀ ਨਿਆਇਕ ਜਾਂਚ ਹੋਵੇ: ਸੁਖਪਾਲ ਖਹਿਰਾ



**ਸੰਗਰੂਰ:** ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਸ ਮਾਮਲੇ ਦੀ ਨਿਆਇਕ ਜਾਂਚ ਕਰਾਉਣ ਅਤੇ ਪੀੜਤ ਪਰਿਵਾਰਾਂ ਨੂੰ 25-25 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਖਹਿਰਾ ਨੇ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਆਖ ਰਹੇ ਹਨ ਕਿ ਲੋਕਾਂ ਨੇ ਸ਼ਰਾਬ ਸਰਕਾਰੀ ਮਨਜ਼ੂਰਸ਼ੁਦਾ ਠੇਕਿਆਂ ਤੋਂ ਨਹੀਂ ਖਰੀਦੀ ਇਸ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਅਰੋੜਾ ਦੇ ਬਿਆਨ ਤੋਂ ਸਪੱਸ਼ਟ ਹੈ ਕਿ ਸਰਕਾਰ ਇਸ ਮਾਮਲੇ ਤੋਂ ਆਪਣਾ ਪੱਲਾ ਝਾੜ ਰਹੀ ਹੈ।

# ਭਾਜਪਾ ਨੇ ਪੰਜਾਬ ਆਬਕਾਰੀ ਨੀਤੀ ਦੀ ਜਾਂਚ ਮੰਗੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਦਿੱਲੀ ਆਬਕਾਰੀ ਨੀਤੀ ਦਾ ਸੇਕ ਪੰਜਾਬ ਤੱਕ ਵੀ ਪਹੁੰਚ ਸਕਦਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਭਾਜਪਾ ਦੇ ਵਫ਼ਦ ਨੇ ਚੰਡੀਗੜ੍ਹ ਦੇ ਸੈਕਟਰ-17 ਵਿਚ ਸਥਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵਿਚ ਚੋਣ ਕਮਿਸ਼ਨਰ ਦੇ ਨਾਮ ਇਕ ਮੰਗ ਪੱਤਰ ਸੌਂਪਿਆ। ਇਸ ਪੱਤਰ ਵਿਚ ਭਾਜਪਾਈਆਂ ਨੇ ਪੰਜਾਬ ਦੀ ਆਬਕਾਰੀ ਨੀਤੀ ਦੀ ਵੀ ਈਡੀ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਇਸ ਦੌਰਾਨ ਸੁਨੀਲ ਜਾਖੜ ਨੇ ਕਿਹਾ ਕਿ ਦਿੱਲੀ ਵਿਚ ਆਬਕਾਰੀ ਨੀਤੀ ਦੇ ਨਾਂ ‘ਤੇ ਲੁੱਟ ਦੀ ਜੋ ਨੀਤੀ ਉਜਾਗਰ ਕੀਤੀ ਜਾ ਰਹੀ ਹੈ, ਉਹੀ ਨੀਤੀ ਪੰਜਾਬ ਸਰਕਾਰ ਨੇ ਲਾਗੂ ਕੀਤੀ ਹੈ, ਜਿਸ ਨਾਲ ਪੰਜਾਬ ਵਿਚ ਵੀ ਕਥਿਤ ਤੌਰ ‘ਤੇ ਘਪਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਾਂਗ ਪੰਜਾਬ ਵਿਚ ਵੀ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨ ਲਈ ਈਡੀ ਨੂੰ ਜਾਂਚ ਕਰਨ ਦੇ ਹੁਕਮ ਦਿੱਤੇ ਜਾਣ। ਪੰਜਾਬ ਭਾਜਪਾ ਦੇ ਪ੍ਰਧਾਨ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਆਬਕਾਰੀ ਨੀਤੀ ਦੀ ਜਾਂਚ ਕਰਨ ਤੋਂ ਬਾਅਦ ਦਿੱਲੀ ਤੋਂ ਵੀ ਵੱਡਾ ਘਪਲਾ ਪੰਜਾਬ ‘ਚ ਸਾਹਮਣੇ ਆਵੇਗਾ। ਭਾਜਪਾਈਆਂ ਨੇ ਖਦਸ਼ਾ ਜਤਾਇਆ ਕਿ ‘ਆਪ‘ ਨੂੰ ਰਿਸ਼ਵਤ ਰਾਹੀਂ ਪ੍ਰਾਪਤ ਕਾਲਾ ਧਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ‘ਚ ‘ਆਪ‘ ਲੀਡਰਸ਼ਿਪ ਦੀ ਸਰਪ੍ਰਸਤੀ ਹੇਠ ਪਹਿਲਾਂ ਹੀ ਸਲਾਖਾਂ ਪਿੱਛੇ ਸ਼ਰਾਬ ਦੇ ਕਾਰੋਬਾਰੀ ਤੇ ਜੇਲ੍ਹਾਂ ‘ਚ ਬੰਦ ਗੈਂਗਸਟਰ ਬਿਨਾ ਕਿਸੇ ਡਰ ਤੋਂ ਸ਼ਰਾਬ ਮਾਫੀਆ ਚਲਾ ਰਹੇ ਹਨ।




## ਆਬਕਾਰੀ ਨੀਤੀ ’ਚ ਕੋਈ ਘਪਲਾ ਨਹੀਂ ਹੋਇਆ: ਕੰਗ



**ਚੰਡੀਗੜ੍ਹ:** ‘ਆਪ’ ਆਗੂ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਦੀ ਆਬਕਾਰੀ ਨੀਤੀ ਵਿਚ ਕੋਈ ਭ੍ਰਿਸ਼ਟਾਚਾਰ ਨਹੀਂ ਹੈ। ਭਾਜਪਾ ਆਗੂ ਲੋਕ ਸਭਾ ਚੋਣਾਂ ਵਿਚ ਅਰਵਿੰਦ ਕੇਜਰੀਵਾਲ ਅਤੇ ‘ਆਪ’ ਨੂੰ ਰੋਕਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੇ ਹਨ। ‘ਆਪ’ ਦੇ ਬੁਲਾਰੇ ਨੇ ਕਿਹਾ ਕਿ ਸੁਨੀਲ ਜਾਖੜ ਜਿਸ ਆਬਕਾਰੀ ਨੀਤੀ ਦੀ ਗੱਲ ਕਰ ਰਹੇ ਹਨ, ਉਸ ਨਾਲ ਪੰਜਾਬ ਮਾਲੀਆ ਇਕ ਸਾਲ ਵਿਚ 6,100 ਕਰੋੜ ਤੋਂ ਵਧ ਕੇ 10,000 ਕਰੋੜ ਰੁਪਏ ’ਤੇ ਪਹੁੰਚ ਗਿਆ ਹੈ।

## ਪੰਜਾਬ ’ਚ ਦਿੱਲੀ ਨਾਲੋਂ ਵੱਡਾ ਘਪਲਾ ਹੋਇਆ: ਸੁਖਬੀਰ



**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਕਿ ਅਰਵਿੰਦ ਕੇਜਰੀਵਾਲ ਤੋਂ ਵੱਡਾ ਘੁਟਾਲਾ ਪੰਜਾਬ ‘ਚ ਭਗਵੰਤ ਮਾਨ ਨੇ ਕੀਤਾ ਹੈ ਤੇ ਪੰਜਾਬ ਦਾ ਪੈਸਾ ਦਿੱਲੀ ਵਿਚ ਲਿਜਾਇਆ ਜਾ ਰਿਹਾ ਹੈ। ਬੀਬੀ ਜਗੀਰ ਕੌਰ ਨੇ ਸਰਕਾਰ ਤੋਂ ਮੰਗ ਕੀਤੀ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਚੋਣ ਸਮਝੌਤੇ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਬੀਬੀ ਜਗੀਰ ਕੌਰ ਨੇ ਕਿਹਾ ਕਿ ਜਦੋਂ ਤੱਕ ਭਾਜਪਾ ਵੱਲੋਂ ਪੰਜਾਬ ਅਤੇ ਪੰਜਾਬੀਆਂ ਨਾਲ ਜੁੜੇ ਹੋਏ ਮੁੱਦੇ ਹੱਲ ਕਰਨ ਦਾ ਵਾਅਦਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

# ਜ਼ਹਿਰੀਲੀ ਸ਼ਰਾਬ ਮਾਮਲੇ ਨੂੰ ਚੜ੍ਹਿਆ ਸਿਆਸੀ ਰੰਗ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜ਼ਿਲ੍ਹਾ ਸੰਗਰੂਰ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੇ ਵਿਧਾਨ ਸਭਾ ਹਲਕੇ ਵਿਚ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਨੂੰ ਸਿਆਸੀ ਰੰਗ ਚੜ੍ਹ ਗਿਆ ਹੈ। ਸੰਗਰੂਰ ਵਿਚ ਜ਼ਹਿਰੀਲੀ ਸ਼ਰਾਬ ਨਾਲ 19 ਮਾਰਚ ਤੋਂ ਲਗਾਤਾਰ ਮੌਤਾਂ ਹੋ ਰਹੀਆਂ ਹਨ ਪਰ ਰਾਜਸੀ ਆਗੂਆਂ ਨੇ ਕਈ ਦਿਨ ਬਾਅਦ ਪੀੜਤਾਂ ਦੇ ਦਰਾਂ ‘ਤੇ ਪਹੁੰਚ ਕੀਤੀ ਹੈ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਸਣੇ ਹੋਰਨਾਂ ਰਾਜਸੀ ਆਗੂਆਂ ਨੇ ਪੀੜਤਾਂ ਨੂੰ ਮਿਲ ਕੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਗੌਰਤਲਬ ਹੈ ਕਿ ਸੰਗਰੂਰ ਜ਼ਿਲ੍ਹੇ ਵਿਚ 19 ਮਾਰਚ ਨੂੰ ਜ਼ਹਿਰੀਲੀ ਸ਼ਰਾਬ ਦਾ ਮਾਮਲਾ ਸਾਹਮਣੇ ਆਇਆ ਸੀ। ਉਦੋਂ ਤੋਂ ਲੈ ਕੇ ਸੂਬਾ ਸਰਕਾਰ ਚੁੱਪ ਵੱਟੀ ਬੈਠੀ ਅਤੇ ਵਿਰੋਧੀ ਧਿਰਾਂ ਲਗਾਤਾਰ ‘ਆਪ’ ਨੂੰ ਘੇਰ ਰਹੀਆਂ ਸਨ। ਜ਼ਿਕਰਯੋਗ ਹੈ ਕਿ ਸੰਗਰੂਰ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਨਾਲ ਹੋ ਰਹੀਆਂ ਮੌਤਾਂ ਦਾ ਮਾਮਲਾ ਸਿਆਸੀ ਗਿਆ ਹੈ। ਵਿਰੋਧੀ ਧਿਰ ਵੱਲੋਂ ਲਗਾਤਾਰ ਸੂਬਾ ਸਰਕਾਰ ਨੂੰ ਘੇਰਿਆ ਜਾ ਰਿਹਾ ਹੈ ਅਤੇ ਅਗਾਮੀ ਲੋਕ ਸਭਾ ਚੋਣਾਂ ਵਿਚ ਵੀ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਚੁੱਕਣ ਲਈ ਰਣਨੀਤੀ ਉਲੀਕੀ ਜਾ ਰਹੀ ਹੈ। ਉਥੇ ਹੀ ਪੰਜਾਬ ਸਰਕਾਰ ਵੱਲੋਂ ਉਕਤ ਮਾਮਲੇ ਸਬੰਧੀ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਜਾ ਰਿਹਾ ਹੈ।

ਉਧਰ, ਭਾਰਤੀ ਚੋਣ ਕਮਿਸ਼ਨ ਨੇ ਇਸ ਪੂਰੇ ਮਾਮਲੇ ‘ਤੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਤੋਂ ਫੌਰੀ ਰਿਪੋਰਟ ਮੰਗ ਲਈ ਹੈ। ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਰਾਹੀਂ ਸੂਬੇ ਦੇ ਮੁੱਖ ਸਕੱਤਰ ਅਤੇ ਪੰਜਾਬ ਦੇ ਡੀ.ਜੀ.ਪੀ. ਨੂੰ ਪੱਤਰ ਲਿਖਿਆ ਹੈ। ਚੋਣ ਕਮਿਸ਼ਨ ਨੇ ਪੱਤਰ ਵਿਚ ਕਿਹਾ ਕਿ ਸੰਗਰੂਰ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੁਣ ਤੱਕ ਲਗਭਗ 21 ਮੌਤਾਂ ਹੋ ਚੁੱਕੀਆਂ ਹਨ, ਜਦੋਂਕਿ ਇੰਨੇ ਹੀ ਲੋਕ ਸੰਗਰੂਰ ਤੇ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਹਸਪਤਾਲਾਂ ਵਿਚ ਜ਼ੇਰੇ ਇਲਾਜ ਹਨ। ਇਸ ਤੋਂ ਪਹਿਲਾਂ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਬਲਾਕ ਦੇ ਪਿੰਡ ਗੁੱਜਰਾਂ ਅਤੇ ਸੁਨਾਮ ਦੇ ਟਿੱਬੀ ਰਵੀਦਾਸਪੁਰਾ ਵਿੱਚ ਵਾਪਰੀਆਂ ਘਟਨਾਵਾਂ ਸਬੰਧੀ ਪੁਲਿਸ ਦੇ ਏ.ਡੀ.ਜੀ.ਪੀ. ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿਚ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ, ਜਦੋਂਕਿ ਸੰਗਰੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੜ੍ਹਬਾ ਦੇ ਐਸ.ਡੀ.ਐਮ. ਦੀ ਅਗਵਾਈ ਹੇਠ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

## ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਵਾਂਗੇ: ਭਗਵੰਤ ਮਾਨ

**ਦਿੜ੍ਹਬਾ ਮੰਡੀ:** ਪਿੰਡ ਗੁੱਜਰਾਂ ਤੇ ਢੰਡੋਲੀ ਖੁਰਦ ਵਿਚ ਪਿਛਲੇ ਦਿਨੀਂ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦੇ ਕਹਿਰ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੀੜਤ ਪਰਿਵਾਰਾਂ ਦੀ ਸਾਰ ਲੈਣ ਲਈ ਪਿੰਡ ਗੁੱਜਰਾਂ ਪੁੱਜੇ। ਉਨ੍ਹਾਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਭਰੋਸਾ ਦਿਵਾਇਆ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਜਿਨ੍ਹਾਂ ਲੋਕਾਂ ਕਾਰਨ ਇਹ ਮੌਤਾਂ ਹੋਈਆਂ ਹਨ, ਉਨ੍ਹਾਂ ਨੂੰ ਸਖ਼ਤ ਸਜ਼ਾ ਦਿਵਾਈ ਜਾਵੇਗੀ। ਇਸ ਮੌਕੇ ਪਿੰਡ ਢੰਡੋਲੀ ਖੁਰਦ ਦੇ ਪੀੜਤ ਪਰਿਵਾਰ ਵੀ ਪਿੰਡ ਗੁੱਜਰਾਂ ਵਿਚ ਹੀ ਪਹੁੰਚ ਕੇ ਮੁੱਖ ਮੰਤਰੀ ਨੂੰ ਮਿਲੇ।

## ਜ਼ਹਿਰੀਲੀ ਸ਼ਰਾਬ ਦੇ ਨੈਟਵਰਕ ਦਾ ਪਰਦਾਫਾਸ਼

**ਸੰਗਰੂਰ:** ਪੁਲਿਸ ਵੱਲੋਂ ਜ਼ਹਿਰੀਲੀ ਸ਼ਰਾਬ ਨਾਲ ਹੁਣ ਤੱਕ 21 ਲੋਕਾਂ ਦੀ ਜਾਨ ਲੈਣ ਵਾਲੇ ਪੂਰੇ ਨੈਟਵਰਕ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਸ ਮਾਮਲੇ ‘ਚ ਪੁਲਿਸ ਵੱਲੋਂ ਦੋ ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਿਨ੍ਹਾਂ ਵੱਲੋਂ ਸ਼ਰਾਬ ਦੀਆਂ ਚਾਰ ਪੇਟੀਆਂ ਟਿੱਬੀ ਰਵਿਦਾਸਪੁਰਾ ਸੁਨਾਮ ਵਿਚ ਵੇਚੀਆਂ ਗਈਆਂ ਸਨ। ਪੁਲਿਸ ਨੇ ਇਸ ਮਾਮਲੇ ‘ਚ ਦੋ ਮੁੱਖ ਮੁਲਜ਼ਮਾਂ ਸਣੇ 10 ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਜ਼ਹਿਰੀਲੀ ਸ਼ਰਾਬ ਦੀਆਂ 17 ਪੇਟੀਆਂ ਪਿੰਡ ਗੁੱਜਰਾਂ, ਢੰਡੋਲੀ ਅਤੇ ਟਿੱਬੀ ਰਵਿਦਾਸਪੁਰਾ ਸੁਨਾਮ ਵਿਚ ਵੇਚੀਆਂ ਗਈਆਂ ਸਨ ਜਿਨ੍ਹਾਂ ਦੀ ਸ਼ਨਾਖ਼ਤ ਕਰ ਲਈ ਗਈ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 30 ਮਾਰਚ, 2024

# ਸਿਆਸੀ ਗੈਰ-ਦਿਆਨਤਦਾਰੀ

*ਪੰਜਾਬ ਦੇ ਸੰਗਰੂਰ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਦੇ ਮਸਲੇ ਨੇ ਸਿਆਸੀ ਗੈਰ-ਦਿਆਨਤਦਾਰੀ ਅਤੇ ਇੱਛਾ ਸ਼ਕਤੀ ਦੇ ਮਸਲੇ ਇਕ ਵਾਰ ਫਿਰ ਉਭਾਰ ਦਿੱਤੇ ਹਨ। ਇਹ ਪਹਿਲੀ ਵਾਰ ਨਹੀਂ ਕਿ ਅਜਿਹਾ ਹਾਦਸਾ ਵਾਪਰਿਆ ਹੈ। ਉਂਞ, ਇਸ ਹਾਦਸੇ ਦਾ ਮਾੜਾ ਅਤੇ ਚਿੰਤਾ ਵਾਲਾ ਪੱਖ ਇਸ ਦੀ ਚਰਚਾ ਲੋਕ ਸਭਾ ਚੋਣਾਂ ਨਾਲ ਜੁੜਨ ਦਾ ਸੰਕੇਤ ਹੈ। ਲੋਕਾਂ ਤੋਂ ਵੋਟਾਂ ਬਟੋਰਨ ਲਈ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਿਆ ਜਾ ਰਿਹਾ ਹੈ। ਇਸ ਲਈ ਇਸ ਹਾਦਸੇ ਦਾ ਸਭ ਤੋਂ ਪਹਿਲਾ ਸਵਾਲ ਸਿਆਸੀ ਧਿਰਾਂ ਲਈ ਹੀ ਹੈ। ਤਕਰੀਬਨ ਸਾਰੀਆਂ ਹੀ ਸਿਆਸੀ ਧਿਰਾਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਾਰੇ ਗਏ ਲੋਕਾਂ ਦੇ ਘਰੀਂ ਅਫਸੋਸ ਕਰਨ ਢੁੱਕੀਆਂ ਹਨ। ਪਿੱਛੇ ਜਿਹੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ 'ਚ ਸ਼ਰਾਬ ਨਾਲ ਸਬੰਧਿਤ ਲਗਾਤਾਰ ਹੋਈਆਂ ਮੌਤਾਂ ਦੀ ਗਿਣਤੀ 110 ਤੋਂ ਪਾਰ ਚਲੀ ਗਈ ਸੀ। ਉਦੋਂ ਵੀ ਇਨ੍ਹਾਂ ਘਟਨਾਵਾਂ 'ਤੇ ਵੱਡੇ ਪੱਧਰ 'ਤੇ ਰੋਸ ਜ਼ਾਹਿਰ ਕੀਤਾ ਗਿਆ ਸੀ। ਉਸ ਵਕਤ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ ਵੀ ਜ਼ੋਰ-ਸ਼ੋਰ ਨਾਲ ਉੱਠੀ ਸੀ। ਦੋ ਸਾਲਾਂ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ 'ਤੇ ਨਾ-ਖ਼ੁਸ਼ੀ ਪ੍ਰਗਟਾਈ ਸੀ ਅਤੇ ਰਾਜ ਸਰਕਾਰ ਦੀ ਖਿਚਾਈ ਵੀ ਕੀਤੀ ਸੀ। ਫਰਵਰੀ 2023 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਹਾ ਸੀ ਕਿ ਸਭ ਧਿਰਾਂ ਜਾਣਦੀਆਂ ਹਨ ਕਿ ਨਾਜਾਇਜ਼ ਸ਼ਰਾਬ ਦੀ ਸਮੱਸਿਆ ਗੰਭੀਰ ਸੰਕਟ ਬਣ ਗਈ ਹੈ ਪਰ ਇਸ ਨੂੰ ਰੋਕਣ ਲਈ ਕਿਤੇ ਕੋਈ ਤਰੱਦਦ ਨਹੀਂ ਕੀਤਾ ਜਾ ਰਿਹਾ। ਵਾਰ-ਵਾਰ ਵਾਪਰਦੀਆਂ ਅਜਿਹੀਆਂ ਤ੍ਰਾਸਦੀਆਂ ਇਸ ਸਮੱਸਿਆ ਨਾਲ ਨਜਿੱਠਣ ਦੇ ਰਾਹ ਦੀਆਂ ਚੁਣੌਤੀਆਂ ਨੂੰ ਸਾਹਮਣੇ ਲਿਆਉਂਦੀਆਂ ਹਨ ਜੋ ਤਸਕਰਾਂ ਖਿਲਾਫ਼ ਕੀਤੀਆਂ ਕਾਰਵਾਈਆਂ ਦੇ ਬਾਵਜੂਦ ਕਾਇਮ ਹਨ। ਇਨ੍ਹਾਂ ਮਾਮਲਿਆਂ ਵਿਚ ਲਗਾਤਾਰ ਯਤਨਾਂ ਦੀ ਲੋੜ ਹੈ। ਪਹਿਲਾਂ ਤਾਂ ਨਕਲੀ ਸ਼ਰਾਬ ਉਤਪਾਦਨ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਹੋਵੇ; ਦੂਜੇ, ਦੋਸ਼ੀਆਂ ਨੂੰ ਕਰੜੀ ਸਜ਼ਾ ਮਿਲਣੀ ਚਾਹੀਦੀ ਹੈ। ਉਂਞ, ਹੁੰਦਾ ਇਸ ਤੋਂ ਐਨ ਉਲਟ ਹੈ। ਅਜਿਹੇ ਕਾਰੋਬਾਰ ਚਲਾਉਣ ਵਾਲੇ ਰਸੂਖਵਾਨ ਲੋਕ ਹੁੰਦੇ ਹਨ ਜੋ ਆਪਣੇ ਰਸੂਖ ਕਾਰਨ ਸਾਫ ਬਚ ਨਿੱਕਲਦੇ ਹਨ। ਇਸੇ ਕਾਰਨ ਹੁਣ ਉਨ੍ਹਾਂ ਕਾਰਨਾਂ ਦਾ ਹੱਲ ਲੱਭਣਾ ਸਭ ਤੋਂ ਜ਼ਰੂਰੀ ਹੈ ਜੋ ਕਿਸੇ ਨੂੰ ਸ਼ਰਾਬ ਪੀਣ ਵੱਲ ਤੋਰਦੇ ਹਨ। ਇਸ ਪਾਸੇ ਵਧੇਰੇ ਕੰਮ ਕਰਨ ਦੀ ਜ਼ਰੂਰਤ ਹੈ। ਮਸਲੇ ਨੂੰ ਜੜ੍ਹ ਤੋਂ ਫੜ ਕੇ ਹੀ ਅਜਿਹੇ ਹਾਦਸਿਆਂ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ। ਨਾਲ ਦੀ ਨਾਲ ਨਾਜਾਇਜ਼ ਸ਼ਰਾਬ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਵੀ ਫੈਲਾਈ ਜਾਣੀ ਚਾਹੀਦੀ ਹੈ। ਅਜਿਹੇ ਕਾਰਜ ਇੱਛਾ ਸ਼ਕਤੀ ਨਾਲ ਹੀ ਨੇਪਰੇ ਚੜ੍ਹ ਸਕਦੇ ਹਨ।*

*ਇੱਛਾ ਸ਼ਕਤੀ ਨਾਲ ਹੀ ਜੁੜਿਆ ਕੌਮਾਂਤਰੀ ਮਸਲਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਇਜ਼ਰਾਈਲ ਫਲਸਤੀਨ ਨੂੰ ਤਬਾਹ ਕਰ ਰਿਹਾ ਹੈ ਪਰ ਇਸ ਨੂੰ ਡੱਕਣ ਵਾਲਾ ਕੋਈ ਨਹੀਂ। ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਇਜ਼ਰਾਈਲ ਖਿਲਾਫ ਕਈ ਮਤੇ ਆ ਚੁੱਕੇ ਹਨ ਪਰ ਇਨ੍ਹਾਂ ਮਤਿਆਂ ਨੂੰ ਜਾਂ ਤਾਂ ਅਮਰੀਕਾ ਵੀਟੋ ਕਰ ਦਿੰਦਾ ਹੈ ਜਾਂ ਪਾਸ ਹੋਏ ਮਤਿਆਂ ਉਤੇ ਕੋਈ ਕਾਰਵਾਈ ਹੀ ਨਹੀਂ ਕੀਤੀ ਜਾਂਦੀ। ਹੁਣ ਤਾਜ਼ਾ ਮਤਾ ਪਾਸ ਕਰ ਕੇ ਰਮਜ਼ਾਨ ਦੇ ਮਹੀਨੇ ਗਾਜ਼ਾ ਵਿਚ ਤੁਰੰਤ ਗੋਲੀਬੰਦੀ ਕਰਨ, ਬੰਦੀਆਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਜੰਗ ਦੇ ਖੇਤਰਾਂ ਵਿਚ ਬਿਪਤਾ ਮਾਰੇ ਲੋਕਾਂ ਲਈ ਸਹਾਇਤਾ ਕਾਰਜਾਂ ਦਾ ਦਾਇਰਾ ਵਸੀਹ ਕਰਨ ਦੀ ਮੰਗ ਕੀਤੀ ਗਈ ਹੈ। ਮਤੇ ਦੇ ਹੱਕ ਵਿਚ 14 ਵੋਟਾਂ ਪਈਆਂ। ਅਮਰੀਕਾ ਵੋਟਾਂ ਵੇਲੇ ਗ਼ੈਰ-ਹਾਜ਼ਰ ਰਿਹਾ ਪਰ ਇਸ ਵਾਰ ਇਸ ਨੇ ਆਪਣੀ ਵੀਟੋ ਸ਼ਕਤੀ ਦਾ ਇਸਤੇਮਾਲ ਨਹੀਂ ਕੀਤਾ ਜਿਸ ਸਦਕਾ ਇਹ ਮਤਾ ਪਾਸ ਹੋ ਗਿਆ। ਹੁਣ ਤੱਕ ਅਮਰੀਕਾ ਇਜ਼ਰਾਈਲ ਦੀ ਅੰਨ੍ਹੀ ਮਦਦ ਕਰ ਰਿਹਾ ਹੈ। ਇਸ ਨੇ ਹੋਰ ਮੁਲਕਾਂ ਅੰਦਰ ਜਮਹੂਰੀਅਤ ਅਤੇ ਮਨੁੱਖੀ ਹੱਕਾਂ ਦੀ ਰਾਖੀ ਦੇ ਨਾਂ 'ਤੇ ਦਖ਼ਲ-ਅੰਦਾਜ਼ੀ ਕਰਨ ਤੋਂ ਕਦੀ ਝਿਜਕ ਨਹੀਂ ਦਿਖਾਈ ਪਰ ਇਜ਼ਰਾਈਲ ਵਲੋਂ ਫ਼ਲਸਤੀਨੀਆਂ ਦੇ ਕੀਤੇ ਜਾ ਰਹੇ ਘਾਣ ਬਾਰੇ ਇਹ ਲਗਾਤਾਰ ਚੁੱਪ ਹੈ। ਇਜ਼ਰਾਈਲ ਸ਼ਰੇਆਮ ਹਸਪਤਾਲਾਂ ਅਤੇ ਸਕੂਲਾਂ ਤੱਕ ਨੂੰ ਨਿਸ਼ਾਨਾ ਬਣਾ ਰਿਹਾ ਹੈ। ਰਾਹਤ ਕੈਂਪ ਉਤੇ ਵੀ ਇਜ਼ਰਾਇਲੀ ਫੌਜ ਹਮਲੇ ਕਰ ਰਹੀ ਹੈ ਪਰ ਇਸ ਮਾਮਲੇ ਬਾਰੇ ਅਮਰੀਕਾ ਨੇ ਕੁਝ ਵੀ ਨਹੀਂ ਕਿਹਾ ਹੈ।*

*ਹੁਣ ਕਿਹਾ ਜਾ ਰਿਹਾ ਹੈ ਕਿ ਇਜ਼ਰਾਈਲ ਦੀ ਅੰਨ੍ਹੀ ਮਦਦ ਤੋਂ ਅਮਰੀਕਾ ਮੋੜਾ ਕੱਟ ਰਿਹਾ ਹੈ। ਤਾਜ਼ਾ ਮਤੇ ਦੇ ਮਾਮਲੇ ਦੇ ਪ੍ਰਸੰਗ ਵਿਚ ਅਮਰੀਕਾ ਦੇ ਪੈਂਤੜੇ ਤੋਂ ਸਾਫ਼ ਹੋ ਗਿਆ ਹੈ ਕਿ ਦੋਹਾਂ ਮੁਲਕਾਂ ਵਿਚਕਾਰ ਮਤਭੇਦ ਚੱਲ ਰਹੇ ਹਨ। ਕੁਝ ਵੀ ਹੋਵੇ, ਇਜ਼ਰਾਇਲੀ ਹਮਲਿਆਂ ਕਾਰਨ ਫਲਸਤੀਨੀ ਖੇਤਰਾਂ ਵਿਚ ਹੋ ਰਹੇ ਭਾਰੀ ਜਾਨੀ ਨੁਕਸਾਨ ਉਪਰ ਅਮਰੀਕਾ ਅਤੇ ਦੁਨੀਆ ਦੇ ਬਹੁਤ ਸਾਰੇ ਹੋਰ ਦੇਸ਼ਾਂ ਨੇ ਜੋ ਨਾ-ਖੁਸ਼ੀ ਜ਼ਾਹਿਰ ਕੀਤੀ ਹੈ, ਉਸ ਤੋਂ ਕੁਝ ਆਸ ਕੀਤੀ ਜਾ ਸਕਦੀ ਹੈ ਕਿ ਖਿੱਤੇ ਵਿਚ ਅਮਨ-ਅਮਾਨ ਕਾਇਮ ਹੋਵੇਗਾ। ਇਸ ਲੜਾਈ ਨੂੰ ਛੇ ਮਹੀਨੇ ਹੋਣ ਵਾਲੇ ਹਨ ਅਤੇ ਹੁਣ ਤੱਕ ਇਜ਼ਰਾਇਲੀ ਕਾਰਵਾਈ ਵਿਚ 32 ਹਜ਼ਾਰ ਤੋਂ ਵੱਧ ਫਲਸਤੀਨੀ ਜਿਨ੍ਹਾਂ ਵਿਚ ਬੱਚੇ ਤੇ ਔਰਤਾਂ ਵੀ ਸ਼ਾਮਲ ਹਨ, ਮਾਰੇ ਜਾ ਚੁੱਕੇ ਹਨ। ਇਜ਼ਰਾਇਲੀ ਹਮਲਿਆਂ ਵਿਚ ਜ਼ਖ਼ਮੀ ਹੋਏ ਫ਼ਲਸਤੀਨੀ ਦਵਾਈਆਂ ਦੀ ਤੋਟ ਕਾਰਨ ਮਰ ਰਹੇ ਹਨ। ਅਫ਼ਸੋਸ ਦੀ ਗੱਲ ਇਹ ਹੈ ਕਿ ਦੋਵੇਂ ਧਿਰਾਂ ਆਪੋ-ਆਪਣੇ ਸਟੈਂਡ ਤੋਂ ਪਿਛਾਂਹ ਹਟਣ ਲਈ ਤਿਆਰ ਨਹੀਂ ਹਨ। ਹਮਾਸ ਨੇ ਗੋਲੀਬੰਦੀ ਅਤੇ ਬੰਦੀਆਂ ਦੀ ਰਿਹਾਈ ਦੀ ਕੌਮਾਂਤਰੀ ਸਾਲਸਕਾਰਾਂ ਵਲੋਂ ਦਿੱਤੀ ਤਜਵੀਜ਼ ਰੱਦ ਕਰ ਦਿੱਤੀ ਸੀ ਅਤੇ ਹੁਣ ਇਜ਼ਰਾਈਲ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਮਤੇ ਨੂੰ ਦਰਕਿਨਾਰ ਕਰ ਰਿਹਾ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਇਸ ਮਤੇ ਨਾਲ ਹਮਾਸ ਨੂੰ ਬਲ ਮਿਲੇਗਾ। ਇਸ ਵਿਚ ਹੁਣ ਕੋਈ ਸ਼ੱਕ ਨਹੀਂ ਕਿ ਇਜ਼ਰਾਈਲ ਅਲੱਗ-ਥਲੱਗ ਪੈ ਰਿਹਾ ਹੈ। ਜਾਪਦਾ ਹੈ ਕਿ ਹੁਣ ਅਮਰੀਕਾ ਵੀ ਬਹੁਤੀ ਦੇਰ ਇਸ ਦਾ ਬਚਾਓ ਨਹੀਂ ਕਰ ਸਕੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹੱਥ ਨਾ ਅੱਪੜੇ ਥੂਹ ਕੌੜੀ

*ਗੱਠ-ਜੋੜ ਲਈ ਜ਼ੋਰ ਤਾਂ ਬੜਾ ਲਾਇਆ 'ਪਤੀ' ਸਾਬਕਾ ਅੜ ਗਿਆ ਅੜੀ ਉੱਤੇ।*
*ਮੰਨੀਂ ਗਈ ਨਾ ਕੋਈ ਮੰਗ 'ਤੱਕੜੀ' ਦੀ ਚੁੱਪ ਕਰ ਗਈ ਕਮਲ ਦੀ ਤੜੀ ਉੱਤੇ।*
*'ਢਕੀ ਰਿੱਝੀ' ਸੀ ਬਾਹਰ ਨਾ ਭਾਫ ਕੱਢੀ ਪਾਲਸ਼ 'ਕੋਰ ਕਮੇਟੀ' ਦੀ ਚੜ੍ਹੀ ਉੱਤੇ।*
*ਗੁੱਸੇ ਵਿੱਚ ਪੰਜਾਬ ਪਿਆ ਘੂਰਦਾ ਐ ਰਿਪੋਰਟ 'ਝੂੰਦਾ ਕਮੇਟੀ' ਦੀ ਖੜ੍ਹੀ ਉੱਤੇ।*
*ਇਨ੍ਹਾਂ ਉੱਪਰ 'ਅਖਾਣ' ਜੋ ਢੁੱਕਦਾ ਐ ਵਾਰਾਂ ਭਾਈ ਗੁਰਦਾਸ ਵਿੱਚ ਸਜਦਾ ਏ।*
*ਹੱਥ ਗਿੱਦੜ ਦਾ 'ਦਾਖਾਂ' ਤੱਕ ਅੱਪੜੇ ਨਾ 'ਥੂਹ ਕੌੜੀ' ਕਹਿ ਘੁਰਨੇ ਵੱਲ ਭੱਜਦਾ ਏ!*

# ਸ਼ਰਾਬ ਨਾਲ ਮੌਤਾਂ ਦਾ ਮਸਲਾ ਅਤੇ ਸਰਕਾਰ ਦੀ ਕਾਰਗੁਜ਼ਾਰੀ

ਜ਼ਿਲ੍ਹਾ ਸੰਗਰੂਰ ਦੇ ਦਿੜ੍ਹਬਾ ਖੇਤਰ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 21 ਵਿਅਕਤੀਆਂ ਦੀ ਹੋਈ ਮੌਤ ਨੇ ਸੂਬਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਜਦ ਮੌਤਾਂ ਦਾ ਕਾਰਨ ਗੈਰ-ਕਾਨੂੰਨੀ ਢੰਗ ਨਾਲ ਸਪਲਾਈ ਕੀਤੀ ਗਈ ਨਕਲੀ ਜਾਂ ਜ਼ਹਿਰੀਲੀ ਸ਼ਰਾਬ ਹੈ ਤਾਂ ਸੂਬਾ ਸਰਕਾਰ ਤੋਂ ਇਹ ਪੁੱਛਿਆ



ਹੀ ਜਾਣਾ ਚਾਹੀਦਾ ਹੈ ਕਿ ਸੂਬੇ ਵਿਚ ਅਜਿਹਾ ਕਿਹੜਾ 'ਮਾਫੀਆ' ਹੈ ਜੋ ਮੁੱਖ ਮੰਤਰੀ ਜੀ ਦੇ ਹੀ ਗ੍ਰਹਿ ਜ਼ਿਲ੍ਹੇ ਵਿਚ ਸ਼ਰਾਬ ਦਾ ਗੈਰ-ਕਾਨੂੰਨੀ ਕਾਰੋਬਾਰ ਚਲਾ ਰਿਹਾ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਹਨ ਅਤੇ ਜੇਕਰ ਉਨ੍ਹਾਂ ਦੇ ਜ਼ਿਲ੍ਹੇ ਵਿਚ ਹੀ ਕੋਈ ਗੈਰ-ਕਾਨੂੰਨੀ ਸ਼ਰਾਬ ਵੇਚਣ ਦਾ ਕਾਰੋਬਾਰ ਕਰ ਰਿਹਾ ਸੀ ਤਾਂ ਸਵਾਲ ਉੱਠਣਾ ਸੁਭਾਵਿਕ ਹੈ।

ਚੋਣਾਂ ਸਿਰ 'ਤੇ ਹੋਣ ਕਾਰਨ ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ.ਜੀ.ਪੀ. ਤੋਂ ਇਸ ਮਾਮਲੇ ਦੀ ਤੁਰੰਤ ਰਿਪੋਰਟ ਮੰਗੀ ਗਈ ਹੈ; ਹਾਲਾਂਕਿ ਇਸ ਤੋਂ ਪਹਿਲਾਂ ਹੀ ਸੂਬਾ ਸਰਕਾਰ ਵੱਲੋਂ ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਗੁਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰ ਦਿੱਤਾ ਗਿਆ ਹੈ ਪਰ ਹਕੀਕਤ ਇਹ ਹੈ ਕਿ ਸੂਬੇ ਦੀਆਂ ਪਿਛਲੀਆਂ ਸਰਕਾਰਾਂ ਨੇ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲਿਆਂ ਵਿਚ ਦੋਸ਼ੀਆਂ ਖਿਲਾਫ ਮਿਸਾਲੀ ਕਾਰਵਾਈ ਕਰਨ ਦੀ ਬਜਾਇ ਜਾਂਚ ਨੂੰ ਵੀ ਕਿਸੇ ਤਣ-ਪੱਤਣ ਨਹੀਂ ਲਾਇਆ ਹੈ ਜਿਸ ਦੀ ਪ੍ਰਤੱਖ ਉਦਾਹਰਨ ਹੈ ਕਿ ਅਸਲ ਅਗਸਤ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ ਹੋਈਆਂ 120 ਦੇ ਕਰੀਬ ਮੌਤਾਂ ਦੇ ਮਾਮਲੇ ਵਿਚ ਦੋ ਸਾਲ ਬਾਅਦ ਸੁਪਰੀਮ ਕੋਰਟ ਨੇ ਇਸ ਕੇਸ ਦੀ ਜਾਂਚ 'ਤੇ ਨਾਖੁਸ਼ੀ ਪ੍ਰਗਟਾਉਂਦਿਆਂ ਸੂਬਾ ਸਰਕਾਰ ਦੀ ਖਿਚਾਈ ਕੀਤੀ ਸੀ। ਫਰਵਰੀ 2023 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਨਾਜਾਇਜ਼ ਸ਼ਰਾਬ ਦੇ ਮਾਮਲਿਆਂ 'ਤੇ ਸਖਤ ਟਿੱਪਣੀ ਕੀਤੀ ਸੀ।

ਪਿਛਲੇ ਦੋ ਦਹਾਕਿਆਂ ਦੌਰਾਨ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਅੰਕੜੇ ਨੂੰ ਘੋਖਦਿਆਂ ਨਜ਼ਰ ਆਉਂਦਾ ਹੈ ਕਿ ਮ੍ਰਿਤਕ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ। ਸੰਗਰੂਰ ਜ਼ਿਲ੍ਹੇ ਵਿਚ ਵੀ ਸਾਰੇ ਹੀ ਮ੍ਰਿਤਕ ਗਰੀਬ ਦਲਿਤ ਪਰਿਵਾਰਾਂ ਨਾਲ ਸਬੰਧਤ ਸਨ ਜੋ ਦਿਹਾੜੀ ਵਗੈਰਾ ਕਰ ਕੇ ਆਪਣੇ ਘਰ ਦੀ ਰੋਜ਼ੀ-ਰੋਟੀ ਚਲਾ ਰਹੇ ਸਨ। ਮਤਲਬ ਸਾਫ ਹੈ ਕਿ ਸਰਕਾਰਾਂ ਦੇ ਮੁਨਾਫੇ ਲਈ ਸ਼ਰਾਬ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਹੋਣ ਕਾਰਨ ਸ਼ਰਾਬ ਮਾਫੀਆ ਗਰੀਬ ਵਿਅਕਤੀਆਂ ਨੂੰ ਗੈਰ-ਮਿਆਰੀ 'ਜ਼ਹਿਰ' ਵੇਚ ਰਹੇ ਹਨ। ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਉੱਪਰ ਵਿਕਣ ਵਾਲੀ ਸਸਤੀ ਤੋਂ ਸਸਤੀ ਸ਼ਰਾਬ ਦੀ ਬੋਤਲ ਦੀ ਕੀਮਤ 250 ਰੁਪਏ ਦੀ ਹੈ। ਪੰਜਾਬ ਵਿਚ ਸ਼ਰਾਬ ਹਰਿਆਣਾ, ਚੰਡੀਗੜ੍ਹ ਦੇ ਮੁਕਾਬਲੇ ਮਹਿੰਗੀ ਹੈ ਜਿਸ ਕਾਰਨ ਸ਼ਰਾਬ ਦਾ ਗੈਰ ਕਾਨੂੰਨੀ ਧੰਦਾ ਕਰਨ ਵਾਲੇ ਨਕਲੀ ਸ਼ਰਾਬ ਤਿਆਰ ਕਰ ਕੇ ਜਾਅਲੀ ਮਾਰਕੇ ਲਗਾ ਕੇ ਠੇਕੇ ਦੀ ਸ਼ਰਾਬ ਮੁਕਾਬਲੇ ਘੱਟ ਭਾਅ 'ਤੇ ਵੇਚਦੇ ਹਨ। ਸੰਗਰੂਰ ਵਿਚ ਤਾਂ ਮਾਮਲਾ ਜ਼ਾਹਿਰ ਹੋ ਗਿਆ ਹੈ ਜਦਕਿ ਪੂਰੇ ਦੇਸ਼ ਵਿਚ ਗੈਰ-ਮਿਆਰੀ ਸ਼ਰਾਬ ਨਾਲ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਅੱਜ ਕਾਂਗਰਸ, ਅਕਾਲੀ ਦਲ, ਭਾਜਪਾ ਵਰਗੀਆਂ ਰਾਜਨੀਤਕ ਪਾਰਟੀਆਂ ਦੇ ਲੀਡਰ ਇਸ ਮਾਮਲੇ 'ਤੇ ਸਿਆਸਤ ਕਰ ਰਹੇ ਹਨ ਪਰ ਹਕੀਕਤ ਇਹ ਹੈ ਕਿ ਜ਼ਹਿਰੀਲੀ ਜਾਂ ਨਕਲੀ ਸ਼ਰਾਬ ਨਾਲ ਮੌਤਾਂ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਇਹਨਾਂ ਦੀ ਪਾਰਟੀਆਂ ਦੀ ਸੱਤਾ ਦੌਰਾਨ ਬਿਲਕੁਲ ਇਸੇ ਤਰ੍ਹਾਂ ਦੇ ਮਾਮਲੇ ਵਾਪਰ ਚੁੱਕੇ ਹਨ। ਅਕਾਲੀ-ਭਾਜਪਾ ਸਰਕਾਰ ਸਮੇਂ 2010 ਦੌਰਾਨ ਦਸੂਹਾ ਵਿਚ ਇਸੇ ਤਰ੍ਹਾਂ ਦੀ ਸ਼ਰਾਬ ਨਾਲ 16 ਲੋਕਾਂ ਦੀ ਮੌਤ ਹੋਈ ਸੀ; 2012 ਵਿਚ ਗੁਰਦਾਸਪੁਰ ਦੇ ਨੰਗਲ ਜੌਹਲ ਅਤੇ ਬੱਲੋਵਾਲ ਪਿੰਡਾਂ ਵਿਚ 18 ਲੋਕਾਂ ਦੀ ਮੌਤ ਹੋਈ ਸੀ। ਕਾਂਗਰਸ ਸਰਕਾਰ ਸਮੇਂ 2020 ਵਿਚ ਪੰਜਾਬ ਦੇ ਤਰਨਤਾਰਨ, ਅੰਮ੍ਰਿਤਸਰ ਅਤੇ ਬਟਾਲਾ ਵਿਚ ਸ਼ਰਾਬ ਨਾਲ 120 ਦੇ ਕਰੀਬ ਮੌਤਾਂ ਹੋਈਆਂ ਸਨ। ਭਾਜਪਾ ਦੇ ਸਭ ਤੋਂ ਮਾਡਲ ਕਹੇ ਜਾਂਦੇ ਸੂਬੇ ਗੁਜਰਾਤ ਅੰਦਰ ਜੁਲਾਈ 2022 ਵਿਚ 42 ਵਿਅਕਤੀਆਂ ਦੀ ਮੌਤ ਨਕਲੀ ਅਤੇ ਜ਼ਹਿਰੀਲੀ ਪੀਣ ਨਾਲ ਹੋਈ ਸੀ। ਸੋ ਜਿਸ ਵੀ ਪਾਰਟੀ ਦੀ ਸਰਕਾਰ ਬਣੀ ਉਸ ਨੇ ਸ਼ਰਾਬ ਮਾਫੀਆ ਨੂੰ ਨੱਥ



ਪਾਉਣ ਦੀ ਬਜਾਇ ਸ਼ਰਾਬ ਨੂੰ ਕਮਾਈ ਦਾ ਸਾਧਨ ਬਣਾਇਆ ਹੈ।

ਕਈ ਵਾਰ ਤਾਂ ਸਾਡੇ ਦੇਸ਼ ਦੇ ਹੁਕਮਰਾਨਾਂ ਵੱਲੋਂ ਨਕਲੀ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਇ ਉਲਟਾ ਪੀੜਤ ਲੋਕਾਂ ਪ੍ਰਤੀ ਮੰਦਾ ਵਿਹਾਰ ਕੀਤਾ ਜਾਂਦਾ ਹੈ। ਪਿੱਛੇ ਜਿਹੇ ਬਿਹਾਰ ਦੇ ਸਾਰਨ ਜ਼ਿਲ੍ਹੇ ਵਿਚ ਜ਼ਹਿਰੀਲੀ ਸ਼ਰਾਬ ਪੀਣ ਨਾਲ 39 ਲੋਕਾਂ ਦੀ ਮੌਤ ਦੇ ਮਾਮਲੇ ਵਿਚ ਜਦ ਬਿਹਾਰ ਸਰਕਾਰ ਵੱਲ ਉਂਗਲ ਉੱਠੀ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਿਧਾਨ ਸਭਾ ਵਿਚ ਖੜ੍ਹ ਕੇ ਕਿਹਾ ਸੀ ਕਿ, 'ਜਿਹੜਾ ਨਕਲੀ ਸ਼ਰਾਬ ਪੀਵੇਗਾ, ਉਹ ਤਾਂ ਮਰੇਗਾ ਹੀ; ਲੋਕਾਂ ਨੂੰ ਖੁਦ ਸੁਚੇਤ ਰਹਿਣਾ ਚਾਹੀਦਾ ਹੈ'। ਨਿਤੀਸ਼ ਕੁਮਾਰ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਸਰਕਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ? ਸੂਬੇ ਵਿਚ ਕੋਈ ਲੋਕਾਂ ਨੂੰ 'ਜ਼ਹਿਰ' ਵੇਚ ਰਿਹਾ ਹੈ ਤਾਂ ਕੀ ਸਰਕਾਰ ਬਰਾਬਰ ਦੀ ਜ਼ਿੰਮੇਵਾਰ ਨਹੀਂ ਹੈ।

ਅਸਲ ਵਿਚ ਸ਼ਰਾਬ ਉੱਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਸਿੱਧੀ ਸੂਬਾ ਸਰਕਾਰ ਦੇ ਖਾਤੇ ਵਿਚ ਜਾਂਦੀ ਹੈ। ਸ਼ਰਾਬ ਅਤੇ ਇਸ ਨਾਲ ਜੁੜੇ ਕਾਰੋਬਾਰ ਉੱਤੇ ਲਗਣ ਵਾਲੀ ਐਕਸਾਈਜ਼ ਡਿਊਟੀ ਸੂਬਿਆਂ ਵਿਚ ਸੂਬਾ ਸਰਕਾਰ ਦੇ ਆਪਣੇ ਟੈਕਸ ਰੈਵੇਨਿਊ ਵਿਚ ਦੂਜਾ ਜਾਂ ਤੀਜਾ ਸਭ ਤੋਂ ਵੱਡਾ ਹਿੱਸਾ ਬਣਦੀ ਹੈ। ਸ਼ਰਾਬ ਕਾਰੋਬਾਰੀ ਅਤੇ ਸੱਤਾਧਾਰੀ ਧਿਰ ਮਿਲ ਕੇ ਇਸ ਖੇਤਰ ਵਿਚੋਂ ਮੋਟਾ ਮੁਨਾਫਾ ਕਮਾਉਂਦੇ ਹਨ ਜਿਸ ਕਾਰਨ ਸ਼ਰਾਬ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਰਿਜ਼ਰਵ ਬੈਂਕ ਦੀ ਰਿਪੋਰਟ ਮੁਤਾਬਕ ਸੂਬਿਆਂ ਦਾ ਔਸਤ ਲਈਏ ਤਾਂ ਸੂਬਿਆਂ ਦੀ ਆਪਣੀ ਟੈਕਸ ਆਮਦਨ ਦਾ 7 ਫ਼ੀਸਦੀ ਹਿੱਸਾ ਸ਼ਰਾਬ ਉੱਤੇ ਲਗਦੇ ਟੈਕਸ ਤੋਂ ਆਉਂਦਾ ਹੈ। ਜੇਕਰ ਇਸ ਵਿਚੋਂ ਸ਼ਰਾਬਬੰਦੀ ਵਾਲੇ ਸੂਬਿਆਂ ਗੁਜਰਾਤ, ਬਿਹਾਰ, ਨਾਗਾਲੈਂਡ, ਮਿਜ਼ੋਰਮ, ਲਕਸ਼ਦੀਪ ਛੱਡ ਦੇਈਏ ਅਤੇ ਸ਼ਰਾਬ ਦੇ ਠੇਕਿਆਂ ਵਾਲੇ ਸੂਬਿਆਂ ਦਾ ਔਸਤ ਦੇਖੀਏ ਤਾਂ ਇਹ ਸੂਬੇ ਦੇ ਕੁੱਲ ਟੈਕਸ ਵਿਚ 10 ਤੋਂ 15 ਫੀਸਦ ਬਣੇਗਾ। ਕਈ ਸੂਬੇ ਅਜਿਹੇ ਵੀ ਹਨ ਜਿਨ੍ਹਾਂ ਦੀ ਟੈਕਸ ਕਮਾਈ ਦਾ 20 ਫ਼ੀਸਦੀ ਤੋਂ ਵੱਧ ਹਿੱਸਾ ਸ਼ਰਾਬ 'ਤੇ ਲਗਦੀ ਐਕਸਾਈਜ਼ ਡਿਊਟੀ ਤੋਂ ਆਉਂਦਾ ਹੈ। ਸਥਿਤੀ ਸਪਸ਼ਟ ਹੈ ਕਿ ਪੰਜਾਬ ਸਰਕਾਰ ਸਮੇਤ ਕਈ ਸੂਬਾ ਸਰਕਾਰਾਂ ਦੀ ਆਰਥਿਕਤਾ ਸ਼ਰਾਬ ਦੀਆਂ ਫੌੜ੍ਹੀਆਂ 'ਤੇ ਤੁਰਦੀ ਹੈ।

ਅਕਾਲੀ-ਭਾਜਪਾ, ਕਾਂਗਰਸ ਸਰਕਾਰਾਂ ਦੌਰਾਨ ਵਧੇ-ਫੁੱਲੇ ਡਰੱਗ ਮਾਫੀਆ ਤੋਂ ਅੱਕੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸੂਬੇ ਦੀ ਸੱਤਾ ਦੀ ਵਾਂਗਡੋਰ ਸੌਂਪੀ ਸੀ। 'ਆਪ' ਵੱਲੋਂ ਦਿੱਤੇ 'ਬਦਲਾਅ' ਦੇ ਨਾਅਰੇ ਨੇ ਲੋਕਾਂ ਦੇ ਮਨ ਵਿਚ ਆਸ ਦੀ ਕਿਰਨ ਪੈਦਾ ਕੀਤੀ ਸੀ ਪਰ ਜਦ ਹੁਣ 'ਆਪ' ਸਰਕਾਰ ਦੌਰਾਨ ਵੀ ਪੰਜਾਬ ਵਿਚ ਨਕਲੀ ਸ਼ਰਾਬ ਲੋਕਾਂ ਨੂੰ ਵੇਚੀ ਜਾ ਰਹੀ ਹੈ ਤੇ ਸ਼ਰਾਬ ਨਾਲ ਮੌਤਾਂ ਹੋ ਰਹੀਆਂ ਹਨ ਤਾਂ ਸਮਝਿਆ ਜਾ ਸਕਦਾ ਹੈ ਇਸ ਸਰਕਾਰ ਦਾ ਕਿਰਦਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਲੋਕ ਵਿਰੋਧੀ ਹੈ। ਅੰਨਾ ਹਜ਼ਾਰੇ ਦੀ ਅਗਵਾਈ ਹੇਠਲੇ ਅੰਦੋਲਨ ਦੌਰਾਨ 'ਆਪ' ਮੁਖੀ ਅਰਵਿੰਦ ਕੇਜਰੀਵਾਲ ਕਹਿੰਦੇ ਹੁੰਦੇ ਸਨ ਕਿ ਦੇਸ਼ ਦੇ ਸਾਰੇ ਲੀਡਰ ਭ੍ਰਿਸ਼ਟਾਚਾਰੀਆਂ ਨਾਲ ਰਲੇ ਹੋਏ ਹਨ; ਭਾਵੇਂ ਕੇਜਰੀਵਾਲ ਦੀ ਚੋਣਾਂ ਤੋਂ ਪਹਿਲਾਂ ਕੀਤੀ ਗ੍ਰਿਫਤਾਰੀ ਰਾਜਨੀਤੀ ਤੋਂ ਪ੍ਰੇਰਿਤ ਹੈ ਪਰ ਦਿੱਲੀ ਤੇ ਪੰਜਾਬ ਵਿਚ ਆਬਕਾਰੀ ਨੀਤੀ ਲਾਗੂ ਕਰਨ ਦਰਮਿਆਨ 'ਆਪ' ਦਾ ਸ਼ਰਾਬ ਕਾਰੋਬਾਰੀਆਂ ਨਾਲ ਬਣਿਆ ਗੱਠਜੋੜ ਜੱਗ ਜ਼ਾਹਿਰ ਹੈ। ਜ਼ੀਰਾ ਸ਼ਰਾਬ ਫੈਕਟਰੀ ਖਿਲਾਫ ਸੰਘਰਸ਼ ਦੌਰਾਨ 'ਆਪ' ਨੇ ਫੈਕਟਰੀ ਮਾਲਕ ਦਾ ਪੱਖ ਪੂਰਨ ਦਾ ਯਤਨ ਕੀਤਾ ਤੇ ਹੁਣ ਦਿੱਲੀ ਤੇ ਪੰਜਾਬ ਵਿਚ ਸ਼ਰਾਬ ਦੇ ਠੇਕੇ ਦੇਣ ਸਮੇਂ ਸ਼ਰੇਆਮ ਸ਼ਰਾਬ ਕਾਰੋਬਾਰੀਆਂ ਦੇ ਹਿੱਤਾਂ ਦੀ ਪੂਰਤੀ ਕੀਤੀ ਜਾ ਰਹੀ ਹੈ।

ਇਹ ਸੱਚ ਹੈ ਕਿ ਸ਼ਰਾਬ ਪੀਣਾ ਸਿਹਤ ਲਈ ਹਾਨੀਕਾਰਕ ਹੈ ਪਰ ਸ਼ਰਾਬ ਦੀਆਂ ਕੀਮਤਾਂ ਵਧਾਉਣ ਨਾਲ ਜਾਂ ਸ਼ਰਾਬ 'ਤੇ ਮੁਕੰਮਲ ਪਾਬੰਦੀ ਲਾਉਣ ਨਾਲ ਲੋਕ ਸ਼ਰਾਬ ਪੀਣੀ ਘੱਟ ਨਹੀਂ ਕਰਨਗੇ ਬਲਕਿ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਵਧੇਗਾ। ਨਸ਼ਿਆਂ ਦੀ ਜੜ੍ਹ ਕਿਸੇ ਵੀ ਮੁਲਕ ਦੇ ਆਰਥਿਕ, ਸਮਾਜਿਕ, ਸੱਭਿਆਚਾਰਕ ਢਾਂਚੇ ਵਿਚ ਪਈ ਹੁੰਦੀ ਹੈ। ਜਦ ਤੱਕ ਲੋਕਾਂ ਦੀਆਂ ਸਮੱਸਿਆਵਾਂ ਬਰਕਰਾਰ ਹਨ ਤਦ ਤੱਕ ਨਸ਼ਿਆਂ ਨੂੰ ਮੁਕੰਮਲ ਰੂਪ ਵਿਚ ਬੰਦ ਨਹੀਂ ਕੀਤਾ ਜਾ ਸਕਦਾ ਹੈ। ਦੁਨੀਆ ਭਰ ਦਾ ਇਤਿਹਾਸ ਦੱਸਦਾ ਹੈ ਕਿ ਕਿਤੇ ਵੀ ਧੱਕੇ ਨਾਲ ਸ਼ਰਾਬਬੰਦੀ ਕਾਮਯਾਬ ਨਹੀਂ ਹੋਈ ਹੈ। ਅਮਰੀਕਾ ਵਿਚ 1920 ਤੋਂ 1933 ਤੱਕ ਸ਼ਰਾਬਬੰਦੀ ਰਹੀ ਪਰ ਸ਼ਰਾਬਬੰਦੀ ਦੇ ਇਸ ਦੌਰ ਦੌਰਾਨ ਸ਼ਰਾਬ ਤਾਂ ਬੰਦ ਕੀ ਹੋਣੀ ਸੀ ਬਲਕਿ ਲੋਕਾਂ ਨੂੰ ਚੋਰੀ-ਛੁਪੇ ਸ਼ਰਾਬ ਅਤੇ ਬੀਅਰ ਮੁਹੱਈਆ ਕਰਵਾਉਣ ਲਈ ਕਈ ਵੱਡੇ ਗੈਂਗ ਹੋਂਦ ਵਿਚ ਆਏ ਅਤੇ ਅਮਰੀਕਾ ਵਿਚ ਵੱਡਾ ਸ਼ਰਾਬ ਮਾਫੀਆ ਪੈਦਾ ਹੋਇਆ ਸੀ।

ਸਰਕਾਰ ਨੇ ਸ਼ਰਾਬ ਦੇ ਮਾਮਲੇ ਵਿਚ ਕਦੇ ਵੀ ਲੋਕਾਂ ਨੂੰ ਚੇਤਨ ਨਹੀਂ ਕੀਤਾ ਹੈ। ਸ਼ਰਾਬ ਸਬੰਧੀ ਬਹੁਤ ਸਾਰੀਆਂ ਗਲਤ ਧਾਰਨਾਵਾਂ ਸਾਡੇ ਸਮਾਜ ਵਿਚ ਅੱਗੇ ਦੀ ਅੱਗੇ ਚੱਲੀ ਜਾ ਰਹੀਆਂ ਹਨ। ਜਿਵੇਂ ਇਕ ਪੰਜਾਬੀ ਗੀਤ ਬਹੁਤ ਮਕਬੂਲ ਹੋਇਆ ਜਿਸ ਵਿਚ ਪਹਿਲੇ ਤੋੜ ਦੀ ਸ਼ਰਾਬ ਨੂੰ ਉਚਿਆਇਆ ਗਿਆ ਸੀ ਹਾਲਾਂਕਿ ਵਿਗਿਆਨਕ ਢੰਗ ਨਾਲ ਦੇਖੀਏ ਤਾਂ ਪਹਿਲੇ ਤੋੜ ਦੀ ਸ਼ਰਾਬ ਮਨੁੱਖੀ ਸਰੀਰ ਲਈ ਹਾਨੀਕਾਰਕ ਹੁੰਦੀ ਹੈ।

ਬਣਦਾ ਇਹ ਹੈ ਕਿ ਸਰਕਾਰ ਸ਼ਰਾਬ ਤੋਂ ਮੁਨਾਫਾ ਕਮਾਉਣਾ ਬੰਦ ਕਰੇ। ਸ਼ਰਾਬ ਦੇ ਠੇਕੇਦਾਰਾਂ ਨੂੰ ਮੁਨਾਫਾ ਪਹੁੰਚਾਉਣ ਦੀ ਬਜਾਇ ਸਰਕਾਰ ਖੁਦ ਸਰਕਾਰੀ ਠੇਕਿਆਂ ਰਾਹੀਂ ਸ਼ਰਾਬ ਦੀ ਵਿਕਰੀ ਕਰੇ। ਨਕਲੀ ਸ਼ਰਾਬ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਪੁਲੀਸ ਕਰਮਚਾਰੀਆਂ ਅਤੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰ ਕੇ ਸ਼ਰਾਬ ਮਾਫੀਆ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਸੰਗਰੂਰ ਜ਼ਿਲ੍ਹੇ ਦੇ ਸਾਰੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਅਤੇ ਇਕ-ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਨੌਜਵਾਨਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕੀਤਾ ਜਾਵੇ ਤੇ ਸੂਬੇ ਵਿਚ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣੇ ਚਾਹੀਦੇ ਹਨ।

# ਕਾਰਪੋਰੇਟ ਤੰਤਰ 'ਚ ਵਧ ਰਹੀ ਨਾ-ਬਰਾਬਰੀ

ਮਈ 2014 ਦੀਆਂ ਲੋਕ ਸਭਾ ਚੋਣਾਂ ਵਿਚ ਆਰ.ਐਸ.ਐਸ.-ਭਾਜਪਾ ਮੁਲਕ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ, 'ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਦੇ ਖਾਤੇ ਵਿਚ 15-15 ਲੱਖ ਜਮ੍ਹਾਂ ਕਰਨ', 'ਸਭ ਕਾ ਸਾਥ, ਸਭ ਕਾ ਵਿਕਾਸ' ਆਦਿ ਚੋਣ ਜੁਮਲਿਆਂ ਨਾਲ ਭਾਰਤ ਦੇ ਅਵਾਮ ਨੂੰ ਭਰਮਾ ਕੇ ਸੱਤਾ ਉੱਪਰ ਕਾਬਜ਼ ਹੋਣ 'ਚ ਕਾਮਯਾਬ ਹੋ ਗਈ ਸੀ ਜੋ ਕਾਂਗਰਸ ਦੀ ਅਗਵਾਈ ਹੇਠਲੇ ਮਹਾਂ ਭ੍ਰਿਸ਼ਟ ਰਾਜ ਤੋਂ ਬੁਰੀ ਤਰ੍ਹਾਂ ਬਦਜ਼ਨ ਸਨ ਅਤੇ ਕਿਸੇ ਹੋਰ ਰਾਜਨੀਤਕ ਬਦਲ ਨੂੰ ਆਜ਼ਮਾਉਣਾ ਚਾਹੁੰਦੇ ਸਨ। ਭਗਵਾ ਹਕੂਮਤ ਨੇ ਪਿਛਲੇ ਦਸ ਸਾਲਾਂ 'ਚ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਕਾਰਪੋਰੇਟ ਚਾਕਰੀ ਅਤੇ ਹਿੰਦੂ ਰਾਸ਼ਟਰ ਦੇ ਜੁੜਵੇਂ ਰਾਜਨੀਤਕ ਪ੍ਰੋਜੈਕਟ ਨੂੰ ਬਖ਼ੂਬੀ ਅੱਗੇ ਵਧਾਉਂਦੇ ਹੋਏ ਇਸ ਕਦਰ 'ਸੋਸ਼ਲ ਇੰਜੀਨੀਅਰਿੰਗ' ਕਰ ਲਈ ਹੈ ਕਿ ਵਸੋਂ ਦੇ ਜ਼ਿਆਦਾਤਰ ਹਿੱਸਿਆਂ ਦੀ ਸੋਚ ਨੂੰ ਆਪਣੀ ਜ਼ਿੰਦਗੀ ਦੇ ਬੁਨਿਆਦੀ ਮੁੱਦਿਆਂ ਨਾਲੋਂ 'ਹਿੰਦੂ ਗੌਰਵ', ਰਾਸ਼ਟਰਵਾਦ, 'ਮਜ਼ਬੂਤ ਸਰਕਾਰ', 'ਮਜ਼ਬੂਤ ਲੀਡਰ' ਆਦਿ ਫਾਸ਼ੀਵਾਦੀ ਧਰਮਤੰਤਰੀ ਸਬਜ਼ਬਾਗ ਜ਼ਿਆਦਾ ਟੁੰਬਦੇ ਹਨ। ਪਾਰਲੀਮੈਂਟਰੀ ਵਿਰੋਧੀ ਧਿਰ ਪੂਰੀ ਤਰ੍ਹਾਂ ਕੰਗਰੋੜਹੀਣ ਅਤੇ ਰਾਜਨੀਤਕ ਤੌਰ 'ਤੇ ਇਸ ਕਦਰ ਦੀਵਾਲੀਆ ਹੈ ਕਿ ਉਹ ਇਕਜੁੱਟ ਹੋ ਕੇ ਆਰ.ਐਸ.ਐਸ.-ਭਾਜਪਾ ਨੂੰ ਚੁਣਾਵੀ ਟੱਕਰ ਦੇਣ ਦੀ ਹਾਲਤ 'ਚ ਵੀ ਨਹੀਂ ਹੈ। ਸੱਚਾ ਬਦਲ ਪੇਸ਼ ਕਰਨਾ ਇਸ ਦੇ ਵੱਸ ਦੀ ਗੱਲ ਨਹੀਂ ਹੈ ਕਿਉਂਕਿ ਹਿੰਦੂ ਰਾਸ਼ਟਰ ਤੋਂ ਸਿਵਾਇ ਇਨ੍ਹਾਂ ਦਾ ਆਪਣਾ ਰਾਜਨੀਤਕ ਪ੍ਰੋਗਰਾਮ, ਖ਼ਾਸ ਕਰ ਕੇ ਆਰਥਿਕ ਨੀਤੀਆਂ ਅਤੇ ਸਰਮਾਏਦਾਰੀ ਨਾਲ ਰਿਸ਼ਤਾ, ਸੰਘ ਬ੍ਰਿਗੇਡ ਤੋਂ ਵੱਖਰਾ ਨਹੀਂ ਹੈ। ਇਹੀ ਵਜ੍ਹਾ ਹੈ ਕਿ ਚੁਣਾਵੀ ਸਿਆਸਤ ਦੇ ਅੰਦਰ ਵੀ ਸੰਘ ਬ੍ਰਿਗੇਡ ਨੂੰ ਘੋਰ ਲੋਕ ਵਿਰੋਧੀ ਨੀਤੀਆਂ ਅਤੇ ਫਿਰਕੂ ਪਾਲਾਬੰਦੀ ਦਾ ਕੋਈ ਰਾਜਨੀਤਕ ਮੁੱਲ ਨਹੀਂ ਤਾਰਨਾ ਪੈ ਰਿਹਾ।

ਇਸ ਦੌਰਾਨ ਭਾਰਤ ਦੀ ਹੁਕਮਰਾਨ ਜਮਾਤ ਵੱਲੋਂ 1990ਵਿਆਂ ਦੇ ਸ਼ੁਰੂ 'ਚ ਅਪਣਾਏ 'ਨਵਉਦਾਰਵਾਦੀ' ਆਰਥਿਕ ਮਾਡਲ ਨੂੰ ਭਗਵਾ ਹਕੂਮਤ ਨੇ ਸਿਖ਼ਰਾਂ 'ਤੇ ਪਹੁੰਚਾ ਦਿੱਤਾ ਹੈ। ਇਸ 'ਵਿਕਾਸ' ਦਾ ਬੇਹੱਦ ਉਘੜਵਾਂ ਰੂਪ ਆਰਥਿਕ ਨਾ-ਬਰਾਬਰੀ 'ਚ ਬੇਤਹਾਸ਼ਾ ਵਾਧਾ ਹੈ। ਜਿਸ ਦੇ ਇਕ ਸਿਰੇ 'ਤੇ ਕਾਰਪੋਰੇਟ ਖ਼ਰਬਪਤੀਆਂ ਦੀ ਘਿਨਾਉਣੀ ਅੱਯਾਸ਼ੀ ਹੈ ਅਤੇ ਦੂਜੇ ਸਿਰੇ 'ਤੇ ਜ਼ਿਆਦਾਤਰ ਵਸੋਂ ਨੂੰ ਆਰਥਿਕ ਵਾਂਝੇਪਣ ਤੇ ਮੁਥਾਜਗੀ ਦੀ ਉਸ ਹਾਲਤ 'ਚ ਧੱਕ ਦਿੱਤਾ ਗਿਆ ਹੈ ਜਿੱਥੇ ਮਨੁੱਖੀ ਜ਼ਿੰਦਗੀ ਦੀਆਂ ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਵੀ ਮਹਿਜ਼ ਤਰਸੇਵਾਂ ਬਣ ਕੇ ਰਹਿ ਜਾਂਦੀ ਹੈ।

ਦਸੰਬਰ 2023 'ਚ ਭਾਜਪਾ ਸਰਕਾਰ ਦੇ ਪ੍ਰਮੁੱਖ ਆਰਥਿਕ ਸਲਾਹਕਾਰ ਨੇ ਦਾਅਵਾ ਕੀਤਾ ਸੀ ਕਿ ਸਬਸਿਡੀ ਵਾਲੀ ਅਨਾਜ ਵੰਡ, ਸਿੱਖਿਆ ਅਤੇ ਸਿਹਤ ਉੱਪਰ ਖ਼ਰਚ ਅਤੇ ਪੇਂਡੂ ਰੁਜ਼ਗਾਰ ਸਕੀਮਾਂ ਰਾਹੀਂ ਸਿੱਧੇ ਨਗਦ ਤਬਾਦਲੇ ਆਮਦਨੀ ਦੀ ਵਧੇਰੇ ਬਰਾਬਰੀ ਵਾਲੀ ਵੰਡ ਕਰਨ 'ਚ ਮੱਦਦਗਾਰ ਹੋਏ ਹਨ ਪਰ ਆਜ਼ਾਦਾਨਾ ਰਿਪੋਰਟਾਂ ਇਸ ਤੋਂ ਐਨ ਵੱਖਰੀ ਤਸਵੀਰ ਪੇਸ਼ ਕਰ ਕੇ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹਦੀਆਂ ਹਨ।

ਜਦੋਂ ਲੋਕ ਸਭਾ ਚੋਣਾਂ ਦਾ ਦੰਗਲ ਪੂਰੇ ਜੋਸ਼-ਖਰੋਸ਼ ਨਾਲ ਭਖ ਚੁੱਕਾ ਹੈ ਤਾਂ ਚੋਣਾਂ ਦੇ ਰਾਜਨੀਤਕ ਘਮਸਾਣ ਦੌਰਾਨ ਦੋ ਖ਼ਬਰਾਂ ਨੇ ਦੁਨੀਆ ਦਾ ਧਿਆਨ ਖਿੱਚਿਆ ਹੈ। ਪਹਿਲੀ ਇਹ ਕਿ ਭਾਰਤ ਦੇ ਲੋਕ ਦੁਨੀਆ ਦੇ ਸਭ ਤੋਂ ਦੁਖੀ ਲੋਕਾਂ 'ਚੋਂ ਇਕ ਹਨ। ਸੰਸਾਰ ਖ਼ੁਸ਼ੀ ਸੂਚਕਅੰਕ (ਵਰਲਡ ਹੈਪੀਨੈੱਸ ਇੰਡੈਕਸ) ਅਨੁਸਾਰ ਭਾਰਤ ਆਲਮੀ ਖ਼ੁਸ਼ੀ ਸੂਚਕ ਅੰਕ ਵਿਚ 143 ਮੁਲਕਾਂ ਵਿਚੋਂ 126ਵੇਂ ਸਥਾਨ 'ਤੇ ਹੈ। ਦੂਜੀ ਖਬਰ 'ਵਰਲਡ ਇਕੁਐਲਿਟੀ ਲੈਬ' ਦੀ ਹੈ। 'ਭਾਰਤ ਵਿਚ ਆਮਦਨੀ ਅਤੇ ਦੌਲਤ ਦੀ ਨਾ-ਬਰਾਬਰੀ: ਅਰਬਪਤੀ ਰਾਜ ਦਾ ਉੱਭਰਨਾ' ਨਾਂ ਦੀ ਇਸ ਰਿਪੋਰਟ ਦੇ ਲੇਖਕ ਉੱਘੇ ਆਰਥਿਕ ਮਾਹਰ ਨਿਤਿਨ ਕੁਮਾਰ ਭਾਰਤੀ, ਲੁਕਾਸਚਾਂਸਲ, ਥਾਮਸ ਪਿਕਟੀ ਅਤੇ ਅਨਮੋਲ ਸੋਮਾਂਚੀ ਹਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮੋਦੀ ਦੇ ਰਾਜ 'ਚ ਭਾਰਤ ਵਿਚ ਨਾ-ਬਰਾਬਰੀ ਸਭ ਤੋਂ ਉੱਪਰਲੇ ਇਤਿਹਾਸਕ ਪੱਧਰ 'ਤੇ ਪਹੁੰਚ ਗਈ ਹੈ। ਭਾਵ ਇਹ ਹੈ ਕਿ ਸੰਘ ਬ੍ਰਿਗੇਡ ਨੇ ਜੋ 'ਅੱਛੇ ਦਿਨ' ਲਿਆਉਣ ਦਾ ਵਾਅਦਾ ਕੀਤਾ ਸੀ, ਉਹ ਸਿਰਫ਼ ਸਿਖ਼ਰਲੇ 10% ਹਿੱਸੇ ਲਈ ਹੀ ਆਏ ਹਨ ਬਾਕੀਆਂ ਨੂੰ 2047 'ਚ ਵਿਕਸਤ ਭਾਰਤ ਦਾ ਲਾਲੀਪਾਪ ਫੜਾ ਦਿੱਤਾ ਗਿਆ ਹੈ। ਰਿਪੋਰਟ ਦੱਸਦੀ ਹੈ ਕਿ ਸਿਖਰਲਾ 10% ਹਿੱਸਾ 2022-23 ਵਿਚ ਲੱਗਭੱਗ 3758 ਰੁਪਏ ਰੋਜ਼ਾਨਾ ਦੀ ਔਸਤ ਆਮਦਨੀ ਨਾਲ ਰਾਸ਼ਟਰੀ ਆਮਦਨੀ ਦਾ 57.7% ਕਮਾਉਣ ਦੇ ਸਮਰੱਥ ਸੀ, ਪਰ ਹੇਠਲੇ 50% ਲੋਕ, ਜੋ ਸਿਰਫ਼ 15% ਹੀ ਕਮਾਉਣ ਦੇ ਸਮਰੱਥ ਸਨ, ਉਨ੍ਹਾਂ ਦੀ ਔਸਤ ਰੋਜ਼ਾਨਾ ਕਮਾਈ 198 ਰੁਪਏ ਤੋਂ ਵੀ ਘੱਟ ਸੀ।



ਰਿਪੋਰਟ ਦੱਸਦੀ ਹੈ ਕਿ 2014-15 ਅਤੇ 2022-23 ਦੇ ਅਰਸੇ ਦਰਮਿਆਨ, ਸਿਖ਼ਰਲੇ ਪੱਧਰ ਦੀ ਨਾਬਰਾਬਰੀ 'ਚ ਵਾਧਾ ਖ਼ਾਸ ਤੌਰ 'ਤੇ ਦੌਲਤ ਦੇ ਕੇਂਦਰਤ ਹੋਣ ਦੇ ਪ੍ਰਸੰਗ 'ਚ ਪੂਰੀ ਤਰ੍ਹਾਂ ਸਪਸ਼ਟ ਰਹੀ ਹੈ। ਰਿਪੋਰਟ ਦੱਸਦੀ ਹੈ ਕਿ 2022-23 'ਚ ਦਰਮਿਆਨੇ 40% ਲੋਕਾਂ ਦੀ ਔਸਤ ਆਮਦਨੀ ਸਿਰਫ਼ 165273 ਰੁਪਏ ਸਾਲਾਨਾ (27.3%) ਸੀ, ਜਦਕਿ ਸਿਖ਼ਰਲੇ 10% ਲਈ ਹਿੱਸੇ ਲਈ ਇਹ 13,52985 ਰੁਪਏ ਸੀ। ਸਿਖ਼ਰਲੇ 1% ਦੇ ਮਾਮਲੇ 'ਚ ਔਸਤ ਆਮਦਨੀ 53,00549 ਰੁਪਏ (22%) ਸੀ। ਹੇਠਲੇ 50% ਦੀ ਔਸਤ ਦੌਲਤ 1,73184 ਰੁਪਏ (6.4%), ਵਿਚਕਾਰਲੇ 40% ਦੀ 9,63560 ਰੁਪਏ (28.6%), ਸਿਖ਼ਰਲੇ 10% ਦੀ ਔਸਤ ਦੌਲਤ 87,70132 ਰੁਪਏ (65%) ਅਤੇ ਸਿਖ਼ਰਲੇ 1% ਦੀ 5,41,41525 ਰੁਪਏ (40%) ਸੀ।

ਰਿਪੋਰਟ ਨੇ ਇਹ ਵੀ ਕਿਹਾ ਹੈ ਕਿ ਭਾਰਤ ਵਿਚ ਆਰਥਿਕ ਅੰਕੜੇ ਇਕੱਠੇ ਕਰਨ ਦੀ ਕੁਆਲਿਟੀ ਬਹੁਤ ਭੈੜੀ ਹੈ ਅਤੇ ਹਾਲ ਹੀ ਵਿਚ ਇਸ ਵਿਚ ਗਿਰਾਵਟ ਦੇਖੀ ਗਈ ਹੈ। ਇਸ ਦਾ ਮਤਲਬ ਹੈ ਕਿ ਇਹ ਅੰਕੜੇ ਨਾ-ਬਰਾਬਰੀ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦੇ। ਅਸਲ ਤਸਵੀਰ ਹੋਰ ਵੀ ਬਦਤਰ ਹੋਵੇਗੀ।

ਅਜਿਹੀ ਨਾ-ਬਰਾਬਰੀ ਕਿਵੇਂ ਬਣੀ? ਰਿਪੋਰਟ ਦੱਸਦੀ ਹੈ ਕਿ ਆਪਣੇ ਦੋ ਕਾਰਜ-ਕਾਲਾਂ ਦੌਰਾਨ ਮੋਦੀ ਰਾਜ ਨੇ ਫ਼ੈਸਲੇ ਲੈਣ ਦੀ ਤਾਕਤ ਦੇ ਕੇਂਦਰੀਕਰਨ ਦੇ ਨਾਲ-ਨਾਲ ਵੱਡੇ ਕਾਰੋਬਾਰਾਂ ਅਤੇ ਸਰਕਾਰ ਦਰਮਿਆਨ ਵਧਦੇ ਗੰਢ-ਚਿਤਰਾਵੇ ਤਹਿਤ ਸੱਤਾਵਾਦੀ ਸਰਕਾਰ ਦੀ ਅਗਵਾਈ ਕੀਤੀ ਹੈ। ਅਜਾਰੇਦਾਰ ਕਾਰੋਬਾਰੀਆਂ+ਚਹੇਤੇ ਕਾਰਪੋਰੇਟ ਘਰਾਣਿਆਂ ਅਤੇ ਸੰਘ ਬ੍ਰਿਗੇਡ ਦੇ ਦੁਵੱਲੇ ਹਿੱਤਾਂ ਦੀ ਸਾਂਝ 'ਚੁਣਾਵੀ ਬੌਂਡ ਘੁਟਾਲੇ' ਦੇ ਰੂਪ 'ਚ ਪੂਰੀ ਤਰ੍ਹਾਂ ਨੰਗੀ ਹੋ ਚੁੱਕੀ ਹੈ।

ਰਿਪੋਰਟ ਕਹਿੰਦੀ ਹੈ ਕਿ ਆਰਥਿਕ ਅੰਕੜੇ ਮੋਦੀ ਦੇ ਰਾਜ-ਕਾਲ ਦੌਰਾਨ ਧੀਮੇ ਆਰਥਿਕ ਵਾਧੇ ਨੂੰ ਦਰਸਾਉਂਦੇ ਹਨ। ਆਮਦਨੀ ਦੀ ਵਾਸਤਵਿਕ ਵਾਧਾ ਦਰ 2015 ਤੋਂ 2016 'ਚ 6% ਸੀ ਜੋ 2017 ਤੋਂ 2018 'ਚ 4.7% ਅਤੇ 4.2% ਰਹਿ ਗਈ। ਅਤੇ ਫਿਰ 2019 'ਚ ਨਾਟਕੀ ਰੂਪ 'ਚ 1.6% ਡਿਗ ਗਈ। ਇਹ ਸਭ ਕੋਵਿਡ-19 ਮਹਾਮਾਰੀ ਦੀ ਲਪੇਟ 'ਚ ਆਉਣ ਤੋਂ ਪਹਿਲਾਂ ਦੀ ਗੱਲ ਹੈ ਅਤੇ 2020 'ਚ ਆਮਦਨੀ 'ਚ 9% ਦੀ ਗਿਰਾਵਟ ਆਈ ਸੀ। ਬੇਰੁਜ਼ਗਾਰੀ ਦੀ ਦਰ, ਖ਼ਾਸ ਕਰਕੇ ਨੌਜਵਾਨਾਂ (15-29 ਸਾਲ ਉਮਰ) ਦਰਮਿਆਨ 2011-12 ਅਤੇ 2017-18 ਦਰਮਿਆਨ ਕਾਫ਼ੀ ਵਧ ਗਈ।

ਨਾ-ਬਰਾਬਰੀ ਬਾਰੇ ਇਹ ਪਹਿਲੀ ਰਿਪੋਰਟ ਨਹੀਂ ਹੈ। ਪਿੱਛੇ ਜਿਹੇ ਆਕਸਫਾਮ ਨੇ ਵੀ ਆਪਣੀ ਰਿਪੋਰਟ ਵਿਚ ਅੱਖਾਂ ਖੋਲ੍ਹਣ ਵਾਲੇ ਖੁਲਾਸੇ ਕੀਤੇ ਸਨ। ਆਕਸਫਾਮ ਰਿਪੋਰਟ ਨੇ ਦੱਸਿਆ ਸੀ ਕਿ ਭਾਰਤ ਦੀ ਆਬਾਦੀ ਦੇ ਸਿਖ਼ਰਲੇ 10% ਲੋਕਾਂ ਕੋਲ ਕੁਲ ਕੌਮੀ ਦੌਲਤ ਦਾ 77% ਹਿੱਸਾ ਹੈ। 2017 'ਚ ਪੈਦਾ ਹੋਈ ਦੌਲਤ ਦਾ 73% ਸਭ ਤੋਂ ਅਮੀਰ 1% ਦੀਆਂ ਤਿਜੋਰੀਆਂ 'ਚ ਚਲਾ ਗਿਆ ਜਦਕਿ 67 ਕਰੋੜ ਭਾਰਤੀ, ਜੋ ਮੁਲਕ ਦੀ ਆਬਾਦੀ ਦਾ ਸਭ ਤੋਂ ਗ਼ਰੀਬ ਹਿੱਸਾ ਹਨ ਅਤੇ ਅੱਧੀ ਆਬਾਦੀ ਬਣਦੇ ਹਨ, ਉਨ੍ਹਾਂ ਦੀ ਦੌਲਤ 'ਚ ਸਿਰਫ਼ 1% ਵਾਧਾ ਹੀ ਦੇਖਿਆ ਗਿਆ। ਆਕਸਫਾਮ ਰਿਪੋਰਟ ਨੇ ਦੱਸਿਆ ਸੀ ਕਿ ਭਾਰਤ ਵਿਚ ਹੁਣ 119 ਅਰਬਪਤੀ ਹਨ। ਉਨ੍ਹਾਂ ਦੀ ਗਿਣਤੀ ਸੰਨ 2000 'ਚ ਮਹਿਜ਼ 9 ਸੀ ਜੋ 2017 'ਚ ਵਧ ਕੇ 101 ਹੋ ਗਈ। ਇਕ ਦਹਾਕੇ 'ਚ ਅਰਬਪਤੀਆਂ ਦੀ ਦੌਲਤ 'ਚ ਲੱਗਭੱਗ 10 ਗੁਣਾਂ ਵਾਧਾ ਹੋਇਆ ਅਤੇ ਮਾਲੀ ਸਾਲ 2018-19 ਦੀ ਉਨ੍ਹਾਂ ਦੀ ਕੁਲ ਦੌਲਤ ਭਾਰਤ ਦੇ ਪੂਰੇ ਕੇਂਦਰੀ ਬਜਟ ਤੋਂ ਜ਼ਿਆਦਾ ਸੀ ਜੋ 24422 ਅਰਬ ਰੁਪਏ ਸੀ। 2018 ਅਤੇ 2022 ਦਰਮਿਆਨ ਭਾਰਤ ਵਿਚ ਰੋਜ਼ਾਨਾ 70 ਨਵੇਂ ਕਰੋੜਪਤੀ ਪੈਦਾ ਹੋਣ ਦਾ ਅੰਦਾਜ਼ਾ ਹੈ। ਨਾ-ਬਰਾਬਰੀ ਦਾ ਆਲਮ ਇਹ ਹੈ ਕਿ ਭਾਰਤ ਦੇ ਬਹੁਤ ਸਾਰੇ ਗਰੀਬ ਲੋਕ ਜ਼ਿੰਦਗੀ ਲਈ ਜ਼ਰੂਰੀ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਦੀ ਹਾਲਤ 'ਚ ਹੀ ਨਹੀਂ ਹਨ। ਉਨ੍ਹਾਂ ਵਿਚੋਂ ਹਰ ਸਾਲ 6.3 ਕਰੋੜ ਲੋਕ ਸਿਹਤ ਦੀ ਦੇਖਭਾਲ ਦੇ ਖ਼ਰਚਿਆਂ ਕਾਰਨ ਗਰੀਬੀ 'ਚ ਧੱਕ ਦਿੱਤੇ ਜਾਂਦੇ ਹਨ - ਭਾਵ ਹਰ ਸਕਿੰਟ 'ਚ ਦੋ ਭਾਰਤੀ। ਆਰਥਿਕ ਮਾਹਰਾਂ ਨੇ ਹਿਸਾਬ ਲਗਾਕੇ ਦੱਸਿਆ ਸੀ ਕਿ ਜੇ ਭਾਰਤ ਦੇ ਘੱਟੋ-ਘੱਟ ਉਜਰਤ ਲੈਣ ਵਾਲੇ ਇਕ ਪੇਂਡੂ ਗ਼ਰੀਬ ਨੇ ਕਿਸੇ ਮੋਹਰੀ ਕੱਪੜਾ ਫੈਕਟਰੀ ਦੇ ਸਭ ਤੋਂ ਵੱਧ ਤਨਖ਼ਾਹ ਲੈਣ ਵਾਲੇ ਅਧਿਕਾਰੀ ਜਿੰਨਾ ਕਮਾਉਣਾ ਹੋਵੇ ਤਾਂ ਉਸ ਨੂੰ 941 ਸਾਲ ਲੱਗਣਗੇ!

ਇਹ ਪਾਸੇ ਨਰੋਈ ਖ਼ੁਰਾਕ, ਪੀਣ ਵਾਲੇ ਪਾਣੀ, ਸਿੱਖਿਆ, ਸਿਹਤ ਸਹੂਲਤਾਂ ਸਮੇਤ ਜ਼ਿੰਦਗੀ ਦੀਆਂ ਬੁਨਿਆਦੀ ਜ਼ਰੂਰਤਾਂ ਤੋਂ ਵਿਰਵੇ ਰਹਿ ਕੇ ਗ਼ਰੀਬੀ, ਬੇਰੁਜ਼ਗਾਰੀ ਦਾ ਸੰਤਾਪ ਝੱਲ ਰਹੇ ਵੱਡੇ ਹਿੱਸੇ ਦੀ ਇਹ ਦਰਦਨਾਕ ਹਾਲਤ ਹੈ। ਜੂਨ ਗੁਜ਼ਾਰਾ ਕਰਨ ਤੇ ਡੰਗ ਟਪਾਉਣ ਲਈ ਇਹ 80 ਕਰੋੜ ਲੋਕ ਸਰਕਾਰ ਦੀਆਂ ਆਟਾ-ਦਾਲ ਸਕੀਮ ਉੱਪਰ ਪੂਰੀ ਤਰ੍ਹਾਂ ਨਿਰਭਰ ਹਨ ਦੂਜੇ ਪਾਸੇ ਅਮੀਰਾਂ ਦੀ ਅੱਯਾਸ਼ੀ ਦਾ ਕੋਈ ਅੰਤ ਨਹੀਂ ਹੈ। ਸੰਘ ਬ੍ਰਿਗੇਡ ਦੇ ਚਹੇਤੇ ਕਾਰਪੋਰੇਟ ਮੁਕੇਸ਼ ਅੰਬਾਨੀ ਦੇ ਪੁੱਤਰ ਅਨੰਤ ਅੰਬਾਨੀ ਦੇ ਵਿਆਹ ਤੋਂ ਪਹਿਲੀ ਰਸਮ ਉੱਪਰ ਕੀਤਾ ਅਸ਼ਲੀਲ ਦਿਖਾਵਾ ਇਸ ਦੀ ਤਾਜ਼ਾ ਮਿਸਾਲ ਹੈ। ਕਾਰਪੋਰੇਟ ਜਗਤ ਦੀ ਇਕ ਹੋਰ ਹਸਤੀ ਅਤੇ ਰਾਧਿਕਾ ਮਰਚੈਂਟ ਨਾਲ ਅਨੰਤ ਦਾ ਵਿਆਹ ਅਜੇ ਜੁਲਾਈ ਦੇ ਦੂਜੇ ਹਫ਼ਤੇ ਹੋਣਾ ਹੈ। ਵਿਆਹ ਤੋਂ ਪਹਿਲਾਂ ਹੀ ਇਸ ਰਸਮ ਉੱਪਰ ਅੰਦਾਜ਼ਨ 1259 ਕਰੋੜ ਪਾਣੀ ਵਾਂਗ ਰੋੜ੍ਹ ਦਿੱਤੇ ਗਏ। ਇਸ ਮੌਕੇ ਮਾਰਕ ਜ਼ੁਕਰਬਰਗ, ਇਵਾਂਕਾ ਟਰੰਪ, ਬਿਲ ਗੇਟਸ ਤੋਂ ਇਲਾਵਾ ਬਾਲੀਵੁੱਡ ਦੀਆਂ ਏ-ਸੂਚੀ ਵਾਲੀਆਂ ਹਸਤੀਆਂ ਸਮੇਤ 1200 ਤੋਂ ਵੱਧ ਸ਼ਾਹੀ ਪ੍ਰਾਹੁਣੇ ਸ਼ਾਮਲ ਹੋਏ। 74 ਕਰੋੜ ਰੁਪਏ ਫ਼ੀਸ ਤਾਂ ਮਸ਼ਹੂਰ ਆਲਮੀ ਗਾਇਕਾ ਰਿਹਾਨਾ ਨੂੰ ਦਿੱਤੀ ਗਈ। ਬਸ ਅੰਬਾਨੀਆਂ ਦਾ ਲੰਗੋਟੀਆ ਯਾਰ ਨਰਿੰਦਰ ਮੋਦੀ ਇਸ ਲਈ ਸ਼ਾਮਲ ਨਹੀਂ ਹੋਇਆ ਕਿਉਂਕਿ ਚੋਣਾਂ ਸਿਰ 'ਤੇ ਹੋਣ ਕਾਰਨ ਕਾਰਪੋਰੇਟ-ਸੰਘ ਸਾਂਝ ਜਨਤਕ ਹੋਣ ਨਾਲ ਬਦਨਾਮੀ ਹੋਣੀ ਹੈ। ਇਸ ਤੋਂ ਪਹਿਲਾਂ, ਮੁਕੇਸ਼ ਅੰਬਾਨੀ, ਜੋ ਇਸ ਵਕਤ ਦੁਨੀਆ ਦਾ 10ਵਾਂ ਸਭ ਤੋਂ ਅਮੀਰ ਸ਼ਖ਼ਸ ਹੈ, ਨੇ 2018 'ਚ ਆਪਣੀ ਧੀ ਈਸ਼ਾ ਦੇ ਵਿਆਹ ਉੱਪਰ 800 ਕਰੋੜ ਰੁਪਏ ਖ਼ਰਚੇ ਸਨ। ਜਿਸ ਨੂੰ ਸਭ ਤੋਂ ਮਹਿੰਗਾ ਵਿਆਹ ਮੰਨਿਆ ਜਾਂਦਾ ਹੈ।

ਦੁਨੀਆ ਦੇ ਸਭ ਤੋਂ ਵੱਡੇ 27 ਮੰਜ਼ਲੇ ਅੰਟੀਲਾ ਨਾਂ ਦੇ ਸ਼ਾਹੀ ਮਹਿਲ (ਜਿਸ ਵਿਚ ਤਿੰਨ ਹੈਲੀਪੈਡ, ਨੌਂ ਐਲੀਵੇਟਰ, 168 ਕਾਰਾਂ ਦੇ ਗਰਾਜ, ਨਕਲੀ ਸਨੋਅ ਰੂਮ ਵਰਗੀਆਂ ਤਮਾਮ ਸ਼ਾਹੀ ਸਹੂਲਤਾਂ ਹਨ) ਵਿਚ ਰਹਿਣ ਵਾਲੇ ਕਾਰਪੋਰੇਟ ਵੱਲੋਂ ਪ੍ਰੀ-ਵੈਡਿੰਗ ਉੱਪਰ ਹੀ ਸਾਢੇ ਬਾਰਾਂ ਸੌ ਕਰੋੜ ਖ਼ਰਚ ਕਰ ਦੇਣਾ ਹੈਰਾਨੀਜਨਕ ਨਹੀਂ ਹੈ। ਮੁਲਕ ਦੇ ਵਸੀਲਿਆਂ ਨੂੰ ਜੋਕ ਬਣਕੇ ਚਿੰਬੜੇ ਅਤੇ ਦਹਿ-ਕਰੋੜਾਂ ਲੋਕਾਂ ਦੀ ਕਿਰਤ ਨੂੰ ਬੇਕਿਰਕੀ ਨਾਲ ਨਿਚੋੜਨ ਵਾਲਿਆਂ ਲਈ ਐਨੀ ਕੁ ਰਕਮ ਕੀ ਮਾਇਨੇ ਰੱਖਦੀ ਹੈ। ਇਸ ਜੋੜੇ ਵੱਲੋਂ ਪਹਿਨੀਆਂ ਅਤਿਅੰਤ ਮਹਿੰਗੀਆਂ 'ਰਿਚਰਡ ਮਿਲ ਘੜੀਆਂ' (ਇਕ ਘੜੀ ਦਾ ਮੁੱਲ 10 ਲੱਖ ਡਾਲਰ) ਦੇਖਕੇ ਜ਼ੁਕਰਬਰਗ ਅਤੇ ਉਸ ਦੀ 'ਪਰਉਪਕਾਰੀ' ਪਤਨੀ ਪ੍ਰਿਸਿਲਾ ਚਾਨ ਦਾ ਮਨ ਵੀ ਡੋਲ ਗਿਆ ਕਿ ਇਹ ਤਾਂ ਸੱਚੀਮੁੱਚੀਂ ਅਦਭੁੱਤ ਹਨ! ਜ਼ੁਕਰਬਰਗ ਬੋਲਿਆ, "ਤੁਹਾਨੂੰ ਪਤੈ, ਮੈਂ ਦਰਅਸਲ ਕਦੇ ਘੜੀ ਨਹੀਂ ਸੀ ਲੈਣੀ ਚਾਹੁੰਦਾ, ਪਰ ਉਸ ਨੂੰ ਦੇਖਣ ਤੋਂ ਬਾਅਦ ਮੈਂ ਸੋਚਿਆ, 'ਘੜੀਆਂ ਚੰਗੀਆਂ ਹੁੰਦੀਆਂ ਹਨ'।"

ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਭਾਰਤ ਦਾ 'ਲੋਕਤੰਤਰ' ਕਿਨ੍ਹਾਂ ਲੋਕਾਂ ਦੀ ਮੁੱਠੀ 'ਚ ਹੈ। ਮੁਲਕ ਦੇ ਅਵਾਮ ਨੂੰ ਇਹ ਸਚਾਈ ਸਮਝ ਲੈਣੀ ਚਾਹੀਦੀ ਹੈ ਕਿ ਜਦ ਤੱਕ ਵਸੀਲਿਆਂ ਨੂੰ ਚਿੰਬੜੀ ਕਾਰਪੋਰੇਟ ਸਰਮਾਏਦਾਰਾ ਜੋਕ ਨੂੰ ਤੋੜਿਆ ਨਹੀਂ ਜਾਂਦਾ, ਨਬਰਾਬਰੀ ਇਸੇ ਤਰ੍ਹਾਂ ਵਧਦੀ ਰਹੇਗੀ ਅਤੇ ਬਹੁਗਿਣਤੀ ਲੋਕਾਂ ਦੀ ਜੂਨ ਨਹੀਂ ਸੁਧਰੇਗੀ, ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣੇ। ਭਾਰਤ ਦੀ ਸੱਚੀ ਕਾਇਆਪਲਟੀ ਲੋਕ ਅੰਦੋਲਨ ਰਾਹੀਂ ਉੱਸਰਨ ਵਾਲੇ ਰਾਜਨੀਤਕ ਬਦਲ ਰਾਹੀਂ ਇਸ ਜੋਕਤੰਤਰ ਨੂੰ ਖ਼ਤਮ ਕਰ ਕੇ ਹੀ ਸੰਭਵ ਹੋ ਸਕਦੀ ਹੈ।

# ਖੇਤੀ ਖੇਤਰ ਦੀਆਂ ਨਵੀਆਂ ਦਿੱਕਤਾਂ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਅੱਜ ਵੀ ਇਸ ਦੀ ਅਰਥ-ਵਿਵਸਥਾ ਖੇਤੀ 'ਤੇ ਨਿਰਭਰ ਕਰਦੀ ਹੈ ਹਾਲਾਂਕਿ ਕਹਿਣ ਵਾਲੇ ਤਾਂ ਕਹਿੰਦੇ ਹਨ ਕਿ ਸੂਬੇ ਦੀ ਜੀ.ਡੀ.ਪੀ. ਵਿਚ ਖੇਤੀ ਦਾ ਯੋਗਦਾਨ ਸਿਰਫ਼ 25% ਹੀ ਹੈ ਤੇ ਸਰਵਿਸ ਖੇਤਰ ਦਾ ਯੋਗਦਾਨ 50% ਹੈ। ਇੱਥੇ ਦੋ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ। ਪਹਿਲੀ ਤਾਂ 60 ਤੋਂ

ਡਾ. ਅਮਨਪ੍ਰੀਤ ਸਿੰਘ ਬਰਾੜ

70% ਆਬਾਦੀ ਖੇਤੀ 'ਤੇ ਨਿਰਭਰ ਕਰਦੀ ਹੈ, ਦੂਜੀ ਸਰਵਿਸ ਸੈਕਟਰ ਵਿਚ ਪੈਸਾ ਹੱਥ ਬਦਲਦਾ ਹੈ। ਖੇਤੀ ਵਿਚੋਂ ਪੈਸਾ ਆਉਂਦਾ ਹੈ ਤਾਂ ਹੀ ਸਰਵਿਸ ਖੇਤਰ ਅਤੇ ਵਪਾਰ ਚਲਦਾ ਹੈ। ਖੇਤੀ ਖੇਤਰ ਕਿਤੇ ਨਾ ਕਿਤੇ ਸਿਆਸਤ ਦੀ ਬਲੀ ਚੜ੍ਹ ਗਿਆ ਹੈ। ਵੋਟਾਂ ਵੇਲੇ ਕਿਸਾਨਾਂ ਨੂੰ ਹਰ ਸਿਆਸੀ ਪਾਰਟੀ ਭਰਮਾਉਂਦੀ ਨਜ਼ਰ ਆਉਂਦੀ ਹੈ। ਹਰ ਪਾਰਟੀ ਸੱਤਾ 'ਚ ਆਉਣ 'ਤੇ ਨਵੀਂ ਖੇਤੀ ਨੀਤੀ ਲਿਆਉਣ ਦੀ ਗੱਲ ਕਰਦੀ ਹੈ, ਪਰ ਗੱਲ ਕਿਸੇ ਸਿਰੇ ਨਹੀਂ ਲੱਗਦੀ। ਅੱਜ ਖੇਤੀ ਦੀ ਚਰਚਾ ਦੇ ਮੁੱਖ ਵਿਸ਼ੇ ਐੱਮ.ਐੱਸ.ਪੀ., ਖੇਤੀ ਵੰਨ-ਸਵੰਨਤਾ, ਪਾਣੀ, ਪ੍ਰਦੂਸ਼ਣ, ਖਾਦਾਂ, ਕੀਟਨਾਸ਼ਕ ਅਤੇ ਖੇਤੀ 'ਚ ਨਿਵੇਸ਼ ਹਨ। ਆਮ ਲੋਕ ਅਤੇ ਕਿਸਾਨ ਇਸੇ ਵਿਚ ਉਲਝਾਏ ਹੋਏ ਹਨ ਜਦੋਂਕਿ ਖੇਤੀ ਖੇਤਰ ਨੂੰ ਕਬਜ਼ੇ ਵਿਚ ਕਰਨ ਵਾਲੀਆਂ ਕੌਮਾਂਤਰੀ ਸੰਸਥਾਵਾਂ (ਡਬਲਿਊ.ਟੀ.ਓ., ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼) ਅਤੇ ਕਾਰਪੋਰੇਟ ਘੁਣ ਵਾਂਗ ਅੰਦਰੋ-ਅੰਦਰੀ ਆਪਣਾ ਕੰਮ ਕਰੀ ਜਾ ਰਹੇ ਹਨ ਅਤੇ ਆਪਣੇ ਅਨਕੂਲ ਨੀਤੀਆਂ ਬਣਵਾ ਰਹੇ ਹਨ।

ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਹਰ ਤਰ੍ਹਾਂ ਨਾਲ ਭਾਰਤ 'ਤੇ ਦਬਾਅ ਬਣਾ ਰਿਹਾ ਹੈ ਕਿ ਭਾਰਤ ਐਗਰੀਮੈਂਟ ਆਨ ਐਗਰੀਕਲਚਰ ਟਰੇਡ ਦੀ ਉਲੰਘਣਾ ਕਰ ਰਿਹਾ ਹੈ। ਇਸ ਵਿਚ ਪਿੱਛੋਂ ਵਿਕਸਤ ਦੇਸ਼ ਵੀ ਦਬਾਅ ਬਣਾ ਰਹੇ ਹਨ। ਇਸ ਵਾਰ ਦੁਬਈ ਵਿਚ ਹੋਈ ਮੀਟਿੰਗ ਵਿਚ ਕੈਰਿਨਸ ਗਰੁੱਪ ਜਿਸ ਵਿਚ 19 ਦੇਸ਼ ਸ਼ਾਮਲ ਹਨ, ਨੇ ਵੀ ਭਾਰਤ ਨੂੰ ਨਿਸ਼ਾਨਾ ਬਣਾਇਆ ਹੈ। ਇਨ੍ਹਾਂ ਮੁਤਾਬਕ ਭਾਰਤ ਐਮਬਰ ਬਾਕਸ ਭਾਵ ਐੱਮ.ਐੱਸ.ਪੀ., ਬਿਜਲੀ, ਪਾਣੀ ਜਾਂ ਫਿਰ ਰਸਾਇਣਕ ਖਾਦਾਂ 'ਤੇ ਸਬਸਿਡੀ ਦਿੰਦਾ ਹੈ। ਇਸ ਤਰ੍ਹਾਂ ਦੀ ਸਬਸਿਡੀ ਨੂੰ ਵਿਕਸਿਤ ਦੇਸ਼ ਕੁੱਲ ਪੈਦਾਵਾਰ ਦੀ ਕੀਮਤ ਦਾ 5% ਤੱਕ ਦੇ ਸਕਦੇ ਹਨ; ਵਿਕਾਸਸ਼ੀਲ ਦੇਸ਼ਾਂ ਲਈ ਇਹ ਹੱਦ 10% ਰੱਖੀ ਗਈ ਹੈ। ਇਸ ਦੇ ਮੁਲਾਂਕਣ ਲਈ ਜੋ ਕੀਮਤ ਬੇਸ ਇੰਡੈਕਸ ਦੇ ਤੌਰ 'ਤੇ ਲਈ ਜਾਂਦੀ ਹੈ, ਉਹ 1986-88 ਦੀ ਹੈ; ਕੀਮਤਾਂ ਮਹਿੰਗਾਈ ਅਤੇ ਡਾਲਰ ਰੁਪਏ ਦੇ ਅਨੁਪਾਤ ਕਾਰਨ ਜ਼ਿਆਦਾ ਵਧ ਗਈਆਂ ਹਨ। ਭਾਰਤ ਇਸ ਬੇਸ ਨੂੰ ਬਦਲਣ ਲਈ ਕਹਿ ਰਿਹਾ ਹੈ ਪਰ ਉਸ ਦੀ ਗੱਲ ਸੁਣੀ ਨਹੀਂ ਜਾਂਦੀ ਕਿਉਂਕਿ ਭਾਰਤ ਇਨ੍ਹਾਂ ਸੰਸਥਾਵਾਂ ਦਾ ਕਰਜ਼ਈ ਹੈ। ਅੱਜ ਇਕ ਅਨੁਮਾਨ ਅਨੁਸਾਰ 2028 ਸਾਲ ਤੱਕ ਭਾਰਤ ਸਿਰ ਕਰਜ਼ਾ ਜੀ.ਡੀ.ਪੀ. ਦੇ ਬਰਾਬਰ ਹੋ ਜਾਵੇਗਾ। ਪਿਛਲੇ ਕਈ ਸਾਲਾਂ ਤੋਂ ਵਿਕਸਤ ਦੇਸ਼ ਰੌਲਾ ਪਾ ਰਹੇ ਹਨ ਕਿ ਭਾਰਤ ਦੇ ਚੌਲਾਂ ਕਰ ਕੇ ਵਿਸ਼ਵ ਪੱਧਰ 'ਤੇ ਵਪਾਰ ਖ਼ਰਾਬ ਹੋ ਰਿਹਾ ਹੈ। ਇਸ ਵਿਚ ਮੁੱਖ ਇਲਜ਼ਾਮ ਇਹ ਹੀ ਹੈ ਕਿ ਜੋ ਝੋਨਾ ਤੇ ਕਣਕ ਐੱਮ.ਐੱਸ.ਪੀ. 'ਤੇ ਖ਼ਰੀਦੀ ਜਾਂਦੀ ਹੈ, ਉਸ ਨੂੰ ਬੰਦ ਕਰਵਾਇਆ ਜਾ ਸਕੇ। ਇਹ ਵੀ ਕਿਹਾ ਜਾ ਰਿਹਾ ਹੈ ਕਿ ਐੱਮ.ਐੱਸ.ਪੀ. ਕੌਮਾਂਤਰੀ ਭਾਅ ਤੋਂ ਵੱਧ ਹੈ ਪਰ ਇਹ ਠੀਕ ਨਹੀਂ। ਮਿਸਾਲ ਦੇ ਤੌਰ 'ਤੇ ਪਿਛਲੇ ਚਾਰ ਸਾਲਾਂ (2020-23) ਦਾ ਕਣਕ ਦਾ ਔਸਤ ਕੌਮਾਂਤਰੀ ਭਾਅ 2232 ਰੁਪਏ ਕੁਇੰਟਲ ਸੀ; ਭਾਰਤ ਦੀ ਔਸਤ ਐੱਮ.ਐੱਸ.ਪੀ. 2010 ਰੁਪਏ ਬਣਦੀ ਹੈ, ਇਹ ਭਾਅ ਉਦੋਂ ਸੀ ਜਦੋਂ ਸਾਨੂੰ ਕੌਮਾਂਤਰੀ ਮੰਡੀ ਵਿਚੋਂ ਖ਼ਰੀਦਣ ਦੀ ਲੋੜ ਨਹੀਂ ਸੀ ਜਿਸ ਦਿਨ ਅਸੀਂ ਮੰਡੀ ਪਹੁੰਚ ਗਏ, ਉਦੋਂ ਭਾਅ ਹੋਰ ਵਧਣਗੇ ਅਤੇ ਲਿਆਉਣ ਦਾ ਖ਼ਰਚਾ ਅੱਡ ਪਵੇਗਾ।

ਹੁਣ ਤੱਕ ਭਾਰਤ ਵਿਚ ਖੇਤੀ ਖੋਜ ਮੁੱਖ ਤੌਰ 'ਤੇ ਆਈ.ਸੀ.ਏ.ਆਰ. ਅਤੇ ਖੇਤੀਬਾੜੀ ਯੂਨੀਵਰਸਿਟੀਆਂ ਹੀ ਕਰਦੀਆਂ ਸਨ। ਕੁਝ ਖੋਜ ਪ੍ਰਾਈਵੇਟ ਕੰਪਨੀਆਂ ਵੀ ਆਪਣੇ ਤੌਰ 'ਤੇ ਬੀਜਾਂ ਅਤੇ ਪੈਸਟੀਸਾਈਡ 'ਤੇ ਕਰਦੀਆਂ ਸਨ। ਫਿਰ ਇਹ ਬੀਜ ਜਾਂ ਪੈਸਟੀਸਾਈਡ ਭਾਰਤ ਵਿਚ ਵੇਚਣ ਲਈ ਆਈ.ਸੀ.ਏ.ਆਰ. ਅਤੇ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਪ੍ਰਮਾਣਿਤ ਕਰਵਾ ਕੇ ਕਿਸਾਨਾਂ ਨੂੰ ਵੇਚਦੀਆਂ ਸਨ। ਪਿਛਲੇ ਸਾਲ ਤੋਂ ਇਨ੍ਹਾਂ ਕੰਪਨੀਆਂ ਨੇ ਆਈ.ਸੀ.ਏ.ਆਰ. ਨਾਲ ਸਮਝੌਤਾ ਕੀਤਾ ਹੈ ਕਿ ਪ੍ਰਾਈਵੇਟ ਕੰਪਨੀਆਂ ਵਾਲੇ ਆਈ.ਸੀ.ਏ.ਆਰ. ਨਾਲ ਰਲ ਕੇ ਖੋਜ ਕਰਨਗੇ। ਇਸ ਦਾ ਮਤਲਬ ਸਰਕਾਰੀ ਖੇਤਰ ਦੀਆਂ ਲੈਬਾਰਟਰੀਆਂ ਵਿਚ ਪ੍ਰਾਈਵੇਟ ਕੰਪਨੀਆਂ ਦੇ ਸਾਇੰਸਦਾਨ ਕੰਮ ਕਰਨਗੇ ਅਤੇ ਕੀਤੀ ਖੋਜ ਨੂੰ ਪੇਟੈਂਟ ਕਰਵਾ ਕੇ ਕਿਸਾਨਾਂ ਨੂੰ ਮਹਿੰਗੇ ਭਾਅ ਵੇਚਣਗੇ। ਪਹਿਲਾਂ ਸਰਕਾਰੀ ਲੈਬਾਰਟਰੀਆਂ ਵਿਚ ਕੀਤੀ ਖੋਜ ਕਿਸਾਨ ਨੂੰ ਮੁਫ਼ਤ ਮਿਲਦੀ ਸੀ, ਹੌਲੀ-ਹੌਲੀ ਸਰਕਾਰਾਂ ਨੇ ਬਜਟ ਘਟਾ ਕੇ ਲੈਬਾਰਟਰੀਆਂ ਹੀ ਪ੍ਰਾਈਵੇਟ ਕੰਪਨੀਆਂ ਨੂੰ ਸੌਂਪ ਦੇਣੀਆਂ ਹਨ।

ਵਿਸ਼ਵ ਵਪਾਰ ਸੰਗਠਨ 2008 ਤੋਂ ਕਿਸਾਨਾਂ ਨੂੰ ਅਨਾੜੀ ਕਹਿ ਕਿ ਇਨ੍ਹਾਂ ਨੂੰ ਸਸਤੀ ਲੇਬਰ ਵਿਚ ਤਬਦੀਲ ਕਰਨਾ ਚਾਹੁੰਦਾ ਹੈ। ਇਸ ਵਿਚ ਈਜ਼ ਆਫ ਡੂਇੰਗ ਬਿਜ਼ਨਸ ਦੇ ਨਾਮ ਹੇਠ ਪਹਿਲਾਂ ਸਰਕਾਰ 'ਤੇ ਵਪਾਰੀਆਂ ਨੇ ਦਬਾਅ ਬਣਾ ਕੇ ਲੇਬਰ ਕਾਨੂੰਨ ਬਦਲਵਾਏ ਜਿਸ ਤਹਿਤ ਦਿਹਾੜੀ 12 ਘੰਟੇ ਤੱਕ ਦੀ ਕਰ ਦਿੱਤੀ ਗਈ। ਇਸ ਦੇ ਨਾਲ ਹੀ ਪੱਕਾ ਰੱਖਣ ਦੀ ਸ਼ਰਤ ਵੀ ਖ਼ਤਮ ਕਰਵਾ ਲਈ। ਯੂਨੀਅਨਾਂ ਖ਼ਤਮ ਕਰਵਾ ਕੇ ਕਾਮਿਆਂ ਦਾ ਅਦਾਲਤ ਜਾਣ ਦਾ ਹੱਕ ਵੀ ਖ਼ਤਮ ਕਰਵਾ ਦਿੱਤਾ।

ਅੱਜ ਸਾਡੀ ਸਮੱਸਿਆ ਪੈਦਾਵਾਰ ਦੀ ਨਹੀਂ ਬਲਕਿ ਮੰਡੀਕਰਨ ਦੀ ਹੈ। ਇਸ ਵਿਚ ਮੁੱਖ ਮੁੱਦਾ ਹੈ ਜਦੋਂ ਫ਼ਸਲ ਆਉਂਦੀ ਹੈ ਤਾਂ ਭਾਅ ਹੇਠਾਂ ਡਿੱਗਦਾ ਹੈ ਜਦੋਂ ਕਿਸਾਨ ਦੀ ਫ਼ਸਲ ਵਿਕ ਜਾਂਦੀ ਹੈ ਤਾਂ ਭਾਅ ਵਧਦਾ ਹੈ। ਇਸੇ ਕਰ ਕੇ ਕਿਸਾਨ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਮੰਗਦਾ ਹੈ ਪਰ ਕੌਮਾਂਤਰੀ ਏਜੰਸੀਆਂ ਅਤੇ ਕਾਰਪੋਰੇਟ ਦੇ ਦਬਾਅ ਹੇਠ ਸਰਕਾਰ ਮੰਨਣ ਨੂੰ ਤਿਆਰ ਨਹੀਂ।

# ਆਂਡਾ ਸੈੱਲ ਵਿਚ ਇਕਾਂਤ, ਕੈਦ ਦਾ ਸਭ ਤੋਂ ਅਮਾਨਵੀ ਰੂਪ ਸੀ: ਪ੍ਰਸ਼ਾਂਤ ਰਾਹੀ

***ਪ੍ਰੋਫੈਸਰ ਜੀ.ਐੱਨ. ਸਾਈਬਾਬਾ ਨਾਲ 6 ਮਾਰਚ ਨੂੰ ਬਰੀ ਕੀਤੇ ਗਏ ਪੱਤਰਕਾਰ ਪ੍ਰਸ਼ਾਂਤ ਰਾਹੀ ਨੇ ਬੇਕਸੂਰ ਹੋਣ ਦੇ ਬਾਵਜੂਦ 2007 ਤੋਂ ਲੈ ਕੇ ਕੁਲ 12 ਸਾਲ ਸੀਖਾਂ ਪਿੱਛੇ ਗੁਜ਼ਾਰੇ ਹਨ। ਉਸ ਨੂੰ ਯੂ.ਏ.ਪੀ.ਏ. ਦੇ ਦੋਹਾਂ ਕੇਸਾਂ ਵਿਚ ਬਰੀ ਕਰ ਦਿੱਤਾ ਗਿਆ ਹੈ ਜਿਨ੍ਹਾਂ ਵਿਚ ਉਸ ਉੱਪਰ ਮਾਓਵਾਦੀ ਹੋਣ ਦਾ ਦੋਸ਼ ਲਾਇਆ ਗਿਆ ਸੀ। ਪਹਿਲਾ ਨਵੇਂ ਬਣੇ ਰਾਜ ਉੱਤਰਾਖੰਡ ਵਿਚ ਵਿਸ਼ਾਲ ਟੇਹਰੀ ਡੈਮ ਨਾਲ ਉਜਾੜੇ ਗਏ ਲੋਕਾਂ ਦੇ ਡੈਮ ਵਿਰੁੱਧ ਅੰਦੋਲਨ ਵਿਚ ਉਸ ਦੀ ਸ਼ਮੂਲੀਅਤ ਕਰ ਕੇ ਦਰਜ ਹੋਇਆ ਕੇਸ ਅਤੇ ਦੂਜਾ 2013 'ਚ ਗੜ੍ਹਚਿਰੌਲੀ (ਮਹਾਰਾਸ਼ਟਰ) ਵਾਲਾ ਕੇਸ। ਫਿਰ ਵੀ 65 ਸਾਲ ਦਾ ਇਹ ਬੰਦਾ ਹੈਰਾਨੀਜਨਕ ਰੂਪ 'ਚ ਕੁੜੱਤਣ ਤੋਂ ਮੁਕਤ ਹੈ। ਪਿਛਲੇ ਸੱਤ ਸਾਲਾਂ ਤੋਂ ਅਮਰਾਵਤੀ ਕੇਂਦਰੀ ਜੇਲ੍ਹ ਵਿਚ ਪੈਦਾ ਹੋਈਆਂ ਤਰ੍ਹਾਂ-ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦੀ ਡਾਕਟਰੀ ਜਾਂਚ ਕਰਾਉਣ ਦੌਰਾਨ ਹੀ ਸਾਬਕਾ ਇੰਜਨੀਅਰ ਤੋਂ ਪੱਤਰਕਾਰ ਬਣੇ ਪ੍ਰਸ਼ਾਂਤ ਰਾਹੀ ਨੇ ਮਸ਼ਹੂਰ ਪੱਤਰਕਾਰ ਜੋਤੀ ਪੁਨਵਨੀ ਨਾਲ ਗੱਲਬਾਤ ਕੀਤੀ। ਜੇਲ੍ਹ ਜ਼ਿੰਦਗੀ ਉੱਪਰ ਬਖ਼ੂਬੀ ਚਾਨਣਾ ਪਾਉਂਦੀ ਇਸ ਗੱਲਬਾਤ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।***




*ਪ੍ਰਸ਼ਾਂਤ ਰਾਹੀ ਦੀਆਂ ਦੋ ਤਸਵੀਰਾਂ।*

**ਸਵਾਲ:** ਤੁਹਾਨੂੰ ਜੇਲ੍ਹ ਤੋਂ ਬਾਹਰ ਆਇਆਂ 48 ਘੰਟੇ ਤੋਂ ਵੱਧ ਸਮਾਂ ਹੋ ਗਿਆ ਹੈ। ਕੀ ਤੁਹਾਨੂੰ ਆਜ਼ਾਦੀ ਦੀ ਆਦਤ ਪੈ ਗਈ ਹੈ?

**ਜਵਾਬ:** ਇਹ ਤੀਜੀ ਵਾਰ ਹੈ ਜਦੋਂ ਮੈਂ ਜੇਲ੍ਹ ਤੋਂ ਬਾਹਰ ਆ ਰਿਹਾ ਹਾਂ। ਮੇਰੇ ਲਈ ਆਜ਼ਾਦ ਰਹਿਣਾ ਕੋਈ ਸਮੱਸਿਆ ਨਹੀਂ ਹੈ, ਸਿਰਫ਼ ਮੇਰੇ ਆਲੇ-ਦੁਆਲੇ ਦੇ ਲੋਕਾਂ ਨੂੰ ਹੀ ਅਸੁਵਿਧਾ ਹੋ ਸਕਦੀ ਹੈ। ਪਿਛਲੇ ਸੱਤ ਸਾਲਾਂ ਵਿਚ ਜੋ ਕੁਝ ਵਾਪਰਿਆ, ਉਸ ਦੀਆਂ ਬਹੁਤ ਸਾਰੀਆਂ ਯਾਦਾਂ ਹਨ, ਉਨ੍ਹਾਂ ਵਿਚ ਵਾਪਸ ਜਾਣ ਦੀ ਸੁਭਾਵਿਕ ਪ੍ਰਵਿਰਤੀ ਹੈ। ਮੈਂ ਉਨ੍ਹਾਂ ਬਾਰੇ ਗੱਲ ਕਰਦਾ ਰਹਿੰਦਾ ਹਾਂ।

ਮੈਂ ਦੇਖਿਆ ਹੈ ਕਿ ਏਨੇ ਲੰਮੇ ਸਮੇਂ ਤੱਕ

**ਜੋਤੀ ਪੁਨਵਨੀ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਜੇਲ੍ਹ ਵਿਚ ਰਹਿਣ ਕਾਰਨ ਮੇਰੇ 'ਚ ਵਿਹਾਰ ਸਬੰਧੀ ਸਮੱਸਿਆਵਾਂ ਵਿਕਸਤ ਹੋ ਗਈਆਂ ਹਨ। ਕਦੇ-ਕਦੇ ਮੈਨੂੰ ਇਹ ਸੁਣਨ 'ਚ ਮੁਸ਼ਕਲ ਆਉਂਦੀ ਹੈ ਕਿ ਲੋਕ ਕੀ ਕਹਿ ਰਹੇ ਹਨ। ਪਿਛਲੇ ਸੱਤ ਸਾਲਾਂ 'ਚ ਜ਼ਿਆਦਾਤਰ ਸਮਾਂ ਮੈਂ ਜ਼ਿੰਦਗੀ ਦਾ ਹਿੱਸਾ ਨਹੀਂ ਸੀ ਜਿਵੇਂ ਤੁਸੀਂ ਜਾਣਦੇ ਹੀ ਹੋ। ਮੈਂ ਆਪਣੇ ਆਪ ਨੂੰ ਅਲੱਗ ਕਰ ਲਿਆ ਸੀ; ਜਾਣ-ਬੁੱਝ ਕੇ ਗੱਲਾਂ ਨਾ ਸੁਣਨ ਦੀ ਕੋਸ਼ਿਸ਼ ਕੀਤੀ।

**ਸਵਾਲ:** 'ਜਾਣ ਬੁੱਝ ਕੇ ਗੱਲਾਂ ਨਾ ਸੁਣਨ ਦੀ ਕੋਸ਼ਿਸ਼ ਕੀਤੀ'। ਅਜਿਹਾ ਕਿਉਂ?

**ਜਵਾਬ:** ਮੇਰੇ ਨਾਲ ਜੇਲ੍ਹ ਵਿਚ ਬੰਦ ਕੁਝ ਅਤਿ-ਕੱਟੜਪੰਥੀਆਂ ਦੀ ਕੱਟੜਤਾ ਕਾਰਨ ਜੋ 2006 'ਚ ਮੁੰਬਈ ਦੇ ਰੇਲ ਬੰਬ-ਧਮਾਕਿਆਂ ਅਤੇ ਔਰੰਗਾਬਾਦ ਹਥਿਆਰ ਬਰਾਮਦਗੀ ਕੇਸ ਦੇ ਦੋਸ਼ੀ ਸਨ। ਉਨ੍ਹਾਂ ਵਿਚੋਂ ਕੁਝ ਇਸਲਾਮਵਾਦੀ ਹਿੰਦੂ ਪਿਛਾਖੜ ਦਾ ਪ੍ਰਤੀਬਿੰਬ ਸਨ। ਮਗਰਲਿਆਂ ਵਾਂਗ ਉਨ੍ਹਾਂ ਨੇ ਵੀ ਆਪਣੇ ਧਰਮ ਦਾ ਰਾਜਨੀਤੀਕਰਨ ਕੀਤਾ ਹੋਇਆ ਸੀ ਪਰ ਉਨ੍ਹਾਂ ਨੂੰ ਡੌਨਾਂ ਨਾਲ ਨਾਪਾਕ ਗੱਠਜੋੜ ਬਾਰੇ ਕੋਈ ਸ਼ਿਕਾਇਤ ਨਹੀਂ ਸੀ ਜੋ ਸਪਸ਼ਟ ਤੌਰ 'ਤੇ ਹਿੰਦੂਤਵ ਪੱਖੀ ਸਨ।

**ਸਵਾਲ:** ਇਸ ਵਾਰ ਤੁਸੀਂ ਆਂਡਾ ਸੈੱਲ ਵਿਚ ਕੈਦ ਸੀ। ਇਹ ਕਿਹੋ ਜਿਹਾ ਸੀ?

**ਜਵਾਬ:** ਇਹ ਆਂਡੇ ਦੇ ਆਕਾਰ ਦਾ ਕੰਕਰੀਟ ਦਾ ਪਿੰਜਰਾ ਜਿਹਾ ਹੈ ਜਿਸ ਦੇ ਅੰਦਰਲੇ ਹਿੱਸੇ ਨਾਲ ਕੋਠੜੀਆਂ ਬਣੀਆਂ ਹੋਈਆਂ ਹਨ। ਅਮਰਾਵਤੀ ਜੇਲ੍ਹ ਦਾ 15 ਕੋਠੜੀਆਂ ਵਾਲਾ ਆਂਡਾ ਸੈੱਲ ਰਾਜ ਦਾ ਸਭ ਤੋਂ ਛੋਟਾ ਆਂਡਾ ਸੈੱਲ ਹੈ। ਹਰ ਸੈੱਲ ਦੀ ਅੰਦਰਲੀ ਕੰਧ ਲੋਹੇ ਦੀਆਂ ਖੜਵੀਆਂ ਸੀਖ਼ਾਂ ਦੀ ਬਣੀ ਹੋਈ ਹੈ। ਇਸ ਦਾ ਇਕ ਗੇਟ ਹੈ ਜੋ ਕੈਦੀ ਨੂੰ ਸ਼ਾਮ 6 ਵਜੇ ਤੋਂ ਸਵੇਰੇ 7 ਵਜੇ ਤੱਕ ਅਤੇ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਬੰਦ ਰੱਖਦਾ ਹੈ। ਆਂਡਾ ਵਾੜੇ ਵਿਚ ਆਇਤਾਕਾਰ ਕੰਪਲੈਕਸ ਦੇ ਉੱਪਰ ਲੱਗੀ ਲੋਹੇ ਦੀਆਂ ਸੀਖ਼ਾਂ ਦੀ ਇਕ ਹੋਰ ਜਾਲੀ ਰਾਹੀਂ ਸੂਰਜ ਦੀ ਲੋਅ ਪਿੰਜਰੇ ਵਿਚ ਆਉਂਦੀ ਹੈ। ਉਸ ਜਾਲੀ ਵਿਚੋਂ ਸਿਰਫ਼ ਅਸਮਾਨ ਹੀ ਦੇਖਿਆ ਜਾ ਸਕਦਾ ਹੈ। ਬਨਸਪਤੀ, ਇੱਥੋਂ ਤੱਕ ਕਿ ਮਿੱਟੀ ਵੀ ਕੈਦੀਆਂ ਦੀ ਪਹੁੰਚ ਤੋਂ ਬਾਹਰ ਹੈ। ਇਸ ਤਰ੍ਹਾਂ ਹਰ ਪਹਿਲੂ ਦਿਨੋ-ਦਿਨ ਇਕ ਤਰ੍ਹਾਂ ਦੀ ਬੇਜਾਨ ਨਕਾਰਾਤਮਕਤਾ ਨੂੰ ਜਨਮ ਦਿੰਦਾ ਹੈ। ਇਹ ਪੈਨੋਪਟੀਕੋਨ (ਗੋਲ ਦਾਇਰੇ 'ਚ ਬਣਿਆ ਢਾਂਚਾ) ਹੈ ਜਿੱਥੇ ਹਰ ਕੈਦੀ ਨੂੰ ਇਕ ਦੂਜੇ ਦੀਆਂ ਅਨੰਤ ਨਜ਼ਰਾਂ ਹੇਠ ਰੱਖਿਆ ਜਾਂਦਾ ਹੈ। ਨਿੱਜਤਾ ਦੀ ਕੋਈ ਗੁੰਜਾਇਸ਼ ਨਹੀਂ ਹੈ। ਹੁਣ ਉਨ੍ਹਾਂ ਨੇ ਅੰਦਰੂਨੀ ਕੰਪਲੈਕਸ ਦੇ ਉੱਪਰ ਚਾਰ ਸੀ.ਸੀ.ਟੀ.ਵੀ. ਕੈਮਰੇ ਵੀ ਲਗਾ ਦਿੱਤੇ ਹਨ ਤਾਂ ਜੋ ਅਧਿਕਾਰੀ ਆਪਣੇ ਦਫ਼ਤਰ ਤੋਂ ਹੀ ਆਪੋ-ਆਪਣੀ ਕੋਠੜੀ 'ਚ ਬੰਦ ਹਰ ਕੈਦੀ ਉੱਪਰ ਸਿੱਧੀ ਨਜ਼ਰ ਰੱਖ ਸਕਣ।

**ਸਵਾਲ:** ਤਾਂ ਕੀ ਇਹ ਇਕਾਂਤ ਕੈਦ ਨਹੀਂ ਹੈ?

**ਜਵਾਬ:** ਸ਼ਾਇਦ ਉਸ ਤਰ੍ਹਾਂ ਨਹੀਂ ਹੈ ਜਿਵੇਂ ਤੁਸੀਂ ਕਲਪਨਾ ਕਰ ਸਕਦੇ ਹੋ। ਆਮ ਬੈਰਕਾਂ ਦੇ ਮੁਕਾਬਲੇ ਸੈੱਲ ਦੇ ਅੰਦਰਲੀ ਜ਼ਿੰਦਗੀ ਹਕੀਕਤ ਵਿਚ ਇਕਾਂਤ ਹੈ। ਮਨੁੱਖੀ ਸੰਪਰਕ ਆਂਡਾ ਦੀ ਹੱਦ ਤੱਕ ਹੀ ਸੀਮਤ ਹੈ। ਸਾਲਾਂ ਤੱਕ ਇੱਕੋ ਵਿਅਕਤੀ ਨਾਲ ਗੱਲਬਾਤ ਕਰਨਾ ਘੁਟਣ ਭਰਿਆ ਹੁੰਦਾ ਹੈ। ਸਾਰੇ ਆਂਡਾ ਅੱਗੇ ਕੋਠੜੀਆਂ ਵਿਚ ਵੰਡੇ ਹੋਏ ਹਨ ਕਿਉਂਕਿ ਕੈਦੀਆਂ ਵਿਚ ਝਗੜੇ ਹੁੰਦੇ ਰਹਿੰਦੇ ਹਨ ਪਰ ਅਮਰਾਵਤੀ ਵਿਚ ਆਂਡਾ ਕੋਠੜੀਆਂ ਵਿਚ ਵੰਡਣ ਲਈ ਬਹੁਤ ਛੋਟਾ ਸੀ ਜਿਸ ਕਾਰਨ ਸਾਡੇ ਤੁਰਨ ਲਈ ਕੋਈ ਜਗ੍ਹਾ ਨਹੀਂ ਬਚਦੀ।

**ਸਵਾਲ:** ਕੀ ਤੁਸੀਂ ਕਿਸੇ ਕੈਦੀ ਨਾਲ ਰਿਸ਼ਤਾ ਬਣਾ ਸਕਦੇ ਸੀ?

**ਜਵਾਬ:** ਮੈਂ ਉੱਥੇ ਕਿਸੇ ਕਸ਼ਮੀਰੀ ਅਪਰਾਧੀ ਨਾਲ ਦੋਸਤੀ ਕਰ ਸਕਦਾ ਸੀ; ਉਸ ਨੇ ਮੈਨੂੰ ਉਰਦੂ ਸਿਖਾਇਆ, ਮੈਂ ਉਸ ਨੂੰ ਅੰਗਰੇਜ਼ੀ ਸਿਖਾਈ।

**ਸਵਾਲ:** ਕੀ ਤੁਹਾਨੂੰ ਉੱਤਰਾਖੰਡ ਵਿਚ ਪਹਿਲੀ ਵਾਰ ਜੇਲ੍ਹ ਵਿਚ ਰਹਿਣ ਦੌਰਾਨ ਇਕਾਂਤ ਕੈਦ ਦਾ ਅਨੁਭਵ ਹੋਇਆ ਸੀ?

**ਜਵਾਬ:** ਹਾਂ, ਉੱਤਰਾਖੰਡ ਦੀਆਂ ਚਾਰ ਵੱਖ-ਵੱਖ ਜੇਲ੍ਹਾਂ ਵਿਚ ਮੇਰੇ ਪਹਿਲੇ ਚਾਰ ਸਾਲਾਂ ਦੇ ਕਾਰਜਕਾਲ ਦਾ ਵੱਡਾ ਹਿੱਸਾ ਇੰਝ ਹੀ ਸੀ। ਹਲਦਵਾਨੀ ਵਿਚ ਮੇਰੇ ਪਹਿਲੇ ਹੀ ਮਹੀਨੇ 'ਚ ਉਨ੍ਹਾਂ ਨੇ ਮੇਰੇ ਲਈ ਪੂਰਾ ਇਕਾਂਤ ਕੰਪਲੈਕਸ ਸਾਫ਼ ਕਰ ਦਿੱਤਾ ਸੀ! ਇਸ ਤੋਂ ਬਾਅਦ, ਜਦੋਂ ਮੈਂ ਦੇਹਰਾਦੂਨ ਜੇਲ੍ਹ ਵਿਚ ਸੀ, ਉਸੇ ਸ਼ਹਿਰ 'ਚ ਜਿੱਥੇ ਮੈਂ ਰਾਸ਼ਟਰੀ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਦਾ ਮਾਨਤਾ ਪ੍ਰਾਪਤ ਪੱਤਰਕਾਰ ਸੀ, ਕੁਝ ਸਥਾਨਕ ਹਿੰਦੀ ਅਖ਼ਬਾਰਾਂ ਨੇ ਮੇਰੀ ਗ੍ਰਿਫ਼ਤਾਰੀ ਨੂੰ ਸਨਸਨੀਖੇਜ਼ ਬਣਾ ਦਿੱਤਾ ਅਤੇ ਦੋਸ਼ ਲਾਇਆ ਕਿ ਮਾਓਵਾਦੀ ਮੈਨੂੰ ਛੁਡਾ ਕੇ ਲਿਜਾ ਸਕਦੇ ਹਨ, ਇਸ ਨਾਲ ਮੈਨੂੰ ਇਕ ਵਾਰ ਫਿਰ ਇਕਾਂਤ ਕੈਦ ਵਿਚ ਬੰਦ ਕਰ ਦਿੱਤਾ ਗਿਆ। ਲੰਮੇ ਅਰਸੇ ਲਈ ਪਰ ਆਂਡਾ ਵਿਚ ਬਿਤਾਏ ਸੱਤ ਸਾਲ ਇਕਾਂਤ ਕੈਦ ਦਾ ਸਭ ਤੋਂ ਅਮਾਨਵੀ ਰੂਪ ਸਨ ਜਿਨ੍ਹਾਂ ਦਾ ਮੈਂ ਸਾਹਮਣਾ ਕੀਤਾ ਹੈ। ਬੰਦ ਬਣਤਰ ਮਨੁੱਖ ਦੀਆਂ ਇੰਦਰੀਆਂ ਲਈ ਸਹਿਜ ਰੂਪ 'ਚ ਕੰਮ ਕਰਨਾ ਮੁਸ਼ਕਲ ਬਣਾ ਦਿੰਦੀ ਹੈ। ਸਿਹਤਮੰਦ ਰਹਿਣਾ ਚੁਣੌਤੀ ਬਣ ਗਿਆ। ਚਿੰਤਾ ਨਿਰੰਤਰ ਭਾਵਨਾ ਦੇ ਰੂਪ 'ਚ ਹਾਵੀ ਰਹੀ।

**ਸਵਾਲ:** ਤੁਹਾਨੂੰ ਦੋ ਵਾਰ ਹਸਪਤਾਲ ਵਿਚ ਭਰਤੀ ਕਰਾਉਣਾ ਪਿਆ। ਕੀ ਇਹ ਮਾੜੀਆਂ ਸਹੂਲਤਾਂ ਕਾਰਨ ਸੀ?

**ਜਵਾਬ:** ਦਰਅਸਲ, ਸਮੱਸਿਆ ਮੈਨੂੰ ਮੇਰੇ ਨਾਲ ਦੇ ਕੈਦੀਆਂ ਵੱਲੋਂ ਇਕ ਖ਼ਾਸ ਤਰ੍ਹਾਂ ਦੀ ਦੁਸ਼ਮਣੀ ਦਾ ਸਾਹਮਣਾ ਕਰਨ ਕਰ ਕੇ ਆਈ ਸੀ। ਮੈਂ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਵਿਚ ਸ਼ਾਮਲ ਨਹੀਂ ਸੀ ਹੋਇਆ, ਇਸ ਲਈ ਮੇਰੇ 'ਤੇ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਵਿਚੋਂ ਕੁਝ ਨੇ ਮੇਰੇ ਭੋਜਨ 'ਚ ਵੀ ਜ਼ਹਿਰ ਮਿਲਾ ਦਿੱਤਾ।

ਪਹਿਲੀ ਵਾਰ, ਹਮਲੇ ਦੀ ਕੋਸ਼ਿਸ਼ 'ਚ ਆਪਣਾ ਬਚਾਅ ਕਰਨ ਤੋਂ ਬਾਅਦ ਮੈਂ ਲਿਖਤੀ ਸ਼ਿਕਾਇਤ ਕੀਤੀ। ਇਸ ਦੇ ਜਵਾਬ 'ਚ ਸਾਡਾ ਦੋਹਾਂ ਦਾ ਅੰਦਰ ਬੰਦ ਰੱਖੇ ਜਾਣ ਦਾ ਸਮਾਂ ਲੱਗਭੱਗ ਅੱਠ ਮਹੀਨੇ ਵਧਾ ਦਿੱਤਾ ਗਿਆ। ਇਸ ਨਾਲ ਮੇਰਾ ਤੁਰਨ-ਫਿਰਨ ਦਾ ਸਮਾਂ ਬਹੁਤ ਘਟ ਗਿਆ ਜਿਸ ਨਾਲ ਜਨਵਰੀ 2021 ਦੀ ਕਹਿਰ ਦੀ ਠੰਢ ਵਿਚ ਮੈਨੂੰ ਲੱਤ 'ਚ ਦਰਦ ਦੀ ਤਕਲੀਫ਼ ਹੋ ਗਈ।

ਭੋਜਨ ਨੂੰ ਜ਼ਹਿਰੀਲਾ ਬਣਾਉਣਾ 22 ਜੁਲਾਈ 'ਚ ਸ਼ੁਰੂ ਹੋਇਆ। ਇਸ ਨਾਲ ਖਾਣਾ ਖਾਣ ਤੋਂ ਬਾਅਦ 10-12 ਜਾਂ 15 ਘੰਟੇ ਲਈ ਪੇਟ ਵਿਚ ਗੰਭੀਰ ਦਰਦ ਹੋਇਆ ਅਤੇ ਮੈਨੂੰ ਜ਼ੋਰਦਾਰ ਦਸਤ ਲੱਗ ਗਏ। ਮੈਂ ਸਰੀਰਕ ਤੌਰ 'ਤੇ ਨਕਾਰਾ ਹੋ ਗਿਆ ਸੀ। ਇਕ ਹੋਰ ਸਰੀਰਕ ਹਮਲੇ ਤੋਂ ਬਾਅਦ ਆਖ਼ਿਰਕਾਰ ਪਤਾ ਲੱਗਾ ਕਿ ਮੇਰੇ ਭੋਜਨ ਵਿਚ ਸੁੱਕੇ ਬੀਜ ਮਿਲਾਏ ਜਾ ਰਹੇ ਸਨ।

**ਸਵਾਲ:** ਉਹ ਤੁਹਾਡੇ ਭੋਜਨ ਤੱਕ ਕਿਵੇਂ ਪਹੁੰਚ ਸਕਦੇ ਸਨ?

**ਜਵਾਬ:** ਅਸੀਂ ਦਿਨ ਵਿਚ ਦੋ ਵਾਰ ਮਿਲਦੇ ਭੋਜਨ ਨੂੰ ਬਾਅਦ ਵਿਚ ਖਾਣ ਲਈ ਆਪਣੇ ਸੈੱਲ ਦੇ ਅੰਦਰ ਆਪਣੀਆਂ ਥਾਲੀਆਂ ਅਤੇ ਕੌਲੀਆਂ ਵਿਚ ਸਾਂਭ ਕੇ ਰੱਖ ਲੈਂਦੇ ਸੀ, ਤੇ ਫਿਰ ਆਪਣੀ ਬਾਕਾਇਦਾ ਗਤੀਵਿਧੀ 'ਚ ਲੱਗ ਜਾਂਦੇ ਸੀ: ਉਸੇ ਜਗ੍ਹਾ ਦੇ ਆਲੇ-ਦੁਆਲੇ ਘੁੰਮਣਾ, ਦੂਜਿਆਂ ਨਾਲ ਘੁਲਣਾ-ਮਿਲਣਾ। ਇਨ੍ਹਾਂ ਲੋਕਾਂ ਨੇ ਉਸ ਮੌਕੇ ਨੂੰ ਮੇਰੇ ਖਾਣੇ ਵਿਚ ਸੁੱਕਾ ਬੀਜ ਮਿਲਾਉਣ ਲਈ ਵਰਤਿਆ।

ਜਦੋਂ ਇਹ ਸਾਰੀ ਸਾਜ਼ਿਸ਼ ਸਾਹਮਣੇ ਆਈ ਤਾਂ ਇਨ੍ਹਾਂ ਕੈਦੀਆਂ ਨਾਲ ਮਿਲੀਭੁਗਤ ਕਾਰਨ ਇਕ ਸਿਪਾਹੀ ਨੂੰ ਕੁਝ ਚਿਰ ਲਈ ਮੁਅੱਤਲ ਕਰ ਦਿੱਤਾ ਗਿਆ। ਇਸ ਬਿਮਾਰੀ ਦਾ ਸਭ ਤੋਂ ਮਾੜਾ ਦੌਰ ਭਾਰਤੀ ਸ਼ੈਲੀ ਦੀ ਟਾਇਲਟ ਦੀ ਵਰਤੋਂ ਕਰਨਾ ਸੀ। ਸ਼ਿਆਟਿਕਾ ਦਰਦ ਕਾਰਨ ਪੰਜ ਦਿਨ ਅਤੇ ਪੰਜ ਰਾਤਾਂ ਪਿੱਠ ਭਾਰ ਪਏ ਰਹਿਣ ਦੇ ਨਤੀਜੇ ਵਜੋਂ ਮੇਰੇ ਗੋਡਿਆਂ ਵਿਚ ਬਹੁਤ ਦਰਦ ਹੋਣਾ ਸ਼ੁਰੂ ਹੋ ਗਿਆ। ਗੋਡਿਆਂ ਦੇ ਦਰਦ ਕਾਰਨ ਪੈਰਾਂ ਭਾਰ ਟਾਇਲਟ 'ਤੇ ਬੈਠਣਾ ਦਰਦ ਨਾਲ ਤੜਫਾ ਦੇਣ ਵਾਲਾ ਸੀ।

ਆਖ਼ਿਰਕਾਰ, ਇਕ ਫੋਲਡਿੰਗ ਕਮੋਡ ਕੁਰਸੀ ਮੁਹੱਈਆ ਕੀਤੀ ਗਈ ਪਰ ਇਹ ਵੀ ਮੇਰੀ ਧੀ ਦੁਆਰਾ ਇਕ ਹੋਰ ਦਰਖ਼ਾਸਤ ਦੇਣ ਤੋਂ ਬਾਅਦ ਹੀ ਦਿੱਤੀ ਗਈ। ਇਹ ਮੇਰੇ ਲਈ ਇਕ ਮਹੀਨਾ ਪਹਿਲਾਂ ਖ਼ਰੀਦੀ ਗਈ ਸੀ ਪਰ ਮੈਨੂੰ ਦਿੱਤੀ ਨਹੀਂ ਗਈ ਕਿਉਂਕਿ ਇਸ ਦੀਆਂ ਲੋਹੇ ਦੀਆਂ ਲੱਤਾਂ ਸੁਰੱਖਿਆ ਲਈ ਖ਼ਤਰਾ ਪੈਦਾ ਕਰ ਸਕਦੀਆਂ ਸਨ!

**ਸਵਾਲ:** ਕੀ ਗੜ੍ਹਚਿਰੌਲੀ ਕੇਸ ਵਿਚ ਤੁਹਾਡੇ ਉੱਪਰ ਹਿਰਾਸਤ ਵਿਚ ਤਸ਼ੱਦਦ ਕੀਤਾ ਗਿਆ ਸੀ, ਜਿਵੇਂ ਉੱਤਰਾਖੰਡ ਪੁਲਿਸ ਨੇ ਪਹਿਲੀ ਵਾਰ ਕੀਤਾ ਸੀ?

**ਜਵਾਬ:** ਮੇਰੇ 'ਤੇ ਤਾਂ ਨਹੀਂ ਪਰ ਮੇਰੇ ਸਹਿ-ਮੁਲਜ਼ਮ ਹੇਮ ਮਿਸ਼ਰਾ, ਪਾਂਡੂ ਨਰੋਟੇ, ਮਹੇਸ ਟਿਰਕੀ 'ਤੇ ਬੁਰੀ ਤਰ੍ਹਾਂ ਤਸ਼ੱਦਦ ਕੀਤਾ ਗਿਆ ਸੀ। ਪੁਲਿਸ ਨੇ ਮੈਨੂੰ ਦੋ ਵਾਰ ਤਸ਼ੱਦਦ ਕਰਨ ਦੀ ਧਮਕੀ ਦਿੱਤੀ ਸੀ ਪਰ ਉਨ੍ਹਾਂ ਨੇ ਅਜਿਹਾ ਕੀਤਾ ਨਹੀਂ। ਮੈਨੂੰ ਲਗਦਾ ਹੈ ਕਿ ਇਹ ਇਸ ਲਈ ਹੋਇਆ ਕਿਉਂਕਿ ਮੇਰੀ ਗ਼ੈਰ-ਕਾਨੂੰਨੀ ਨਜ਼ਰਬੰਦੀ ਬਾਰੇ ਉਨ੍ਹਾਂ ਨੂੰ ਹਜ਼ਾਰਾਂ ਰੋਸ ਚਿੱਠੀਆਂ ਆ ਗਈਆਂ ਸਨ। ਆਈ.ਆਈ.ਟੀ. ਬਨਾਰਸ ਹਿੰਦੂ ਯੂਨੀਵਰਸਿਟੀ ਜਿੱਥੇ ਮੈਂ ਜ਼ਮਾਨਤ 'ਤੇ ਹੋਣ ਸਮੇਂ ਕੁਝ ਲੈਕਚਰ ਦਿੱਤੇ ਸਨ, ਦੇ ਵਿਦਿਆਰਥੀਆਂ ਨੇ ਮੇਰੀ ਗ੍ਰਿਫ਼ਤਾਰੀ ਦਾ ਪਤਾ ਲੱਗਣ 'ਤੇ ਐਮਨੈਸਟੀ ਇੰਟਰਨੈਸ਼ਨਲ ਸਮੇਤ ਸੰਸਥਾਵਾਂ ਨੂੰ ਚਿੱਠੀਆਂ ਲਿਖ ਕੇ ਸੂਚਨਾ ਦੇ ਦਿੱਤੀ ਸੀ ਜਿਸ ਤੋਂ ਬਾਅਦ ਕੌਮਾਂਤਰੀ ਸੱਦਾ ਦਿੱਤਾ ਗਿਆ ਅਤੇ ਪੂਰੀ ਦੁਨੀਆ 'ਚੋਂ ਹਜ਼ਾਰਾਂ ਰੋਸ ਚਿੱਠੀਆਂ ਮੁੱਖ ਸਕੱਤਰ, ਮਹਾਰਾਸ਼ਟਰ ਸਰਕਾਰ ਅਤੇ ਪੁਲਿਸ ਵਿਭਾਗ ਨੂੰ ਭੇਜੀਆਂ ਗਈਆਂ।

ਸਾਡੇ ਕੇਸ ਦੇ ਤਫ਼ਤੀਸ਼ੀ ਅਧਿਕਾਰੀ ਸੁਹਾਸ ਬਾਵਚੇ ਨੇ ਬਾਅਦ ਵਿਚ ਪ੍ਰੈੱਸ ਅੱਗੇ ਮੰਨਿਆ ਕਿ ਉਨ੍ਹਾਂ ਨੂੰ 20000 ਚਿੱਠੀਆਂ ਮਿਲੀਆਂ ਹਨ, ਤੇ ਅਜੇ ਵੀ ਉਹ ਗਿਣਤੀ ਕਰ ਰਹੇ ਹਨ। ਉਸ ਨੇ ਉਨ੍ਹਾਂ ਚਿੱਠੀਆਂ ਦੇ ਮਹੱਤਵ ਨੂੰ ਘਟਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਸੀ- "ਇਹ ਚੰਗੀ ਗੱਲ ਹੈ, ਮੇਰਾ ਪੁੱਤਰ ਵਿਦੇਸ਼ੀ ਟਿਕਟਾਂ ਲੈ ਕੇ ਖ਼ੁਸ਼ ਹੈ ਜੋ ਉਸ ਨੂੰ ਇਸ ਤਰੀਕੇ ਮਿਲ ਗਈਆਂ"।

ਸਿਰਫ਼ ਇਕ ਵਾਰ, ਜਦੋਂ ਮੈਂ ਬਾਵਚੇ ਨੂੰ ਆਪਣਾ ਈਮੇਲ ਪਾਸਵਰਡ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੇ ਮੇਰੇ ਜਬਾੜੇ 'ਤੇ ਜ਼ੋਰਦਾਰ ਵਾਰ ਕੀਤਾ ਸੀ। ਜਦੋਂ ਮੈਂ ਉਸ ਨੂੰ ਕਿਹਾ: "ਮੈਂ ਤੁਹਾਨੂੰ ਆਪਣਾ ਈਮੇਲ ਅਕਾਊਂਟ ਕਿਉਂ ਦੇਖਣ ਦਿਆਂ? ਤੁਸੀਂ ਮੇਰੇ ਦੋਸਤ ਹੋ?" ਤਾਂ ਉਸ ਨੂੰ ਗੁੱਸਾ ਚੜ੍ਹ ਗਿਆ ਸੀ।

ਇੱਥੇ ਦੱਸਣਾ ਜ਼ਰੂਰੀ ਹੈ ਕਿ ਜਦੋਂ ਮੇਰੇ ਵਕੀਲ ਸੁਰਿੰਦਰ ਗਡਲਿੰਗ ਨੇ ਮੇਰੇ ਦੂਜੇ ਪੁਲਿਸ ਰਿਮਾਂਡ ਦੇ ਖ਼ਿਲਾਫ਼ ਅਦਾਲਤ ਵਿਚ ਬਹਿਸ ਕੀਤੀ ਤਾਂ ਬਾਵਚੇ ਨੇ ਮੈਨੂੰ ਕੀ ਕਿਹਾ, "ਤਾਂ ਗਾਡਲਿੰਗ ਇੱਥੇ ਤੇਰੀ ਪੈਰਵੀ ਕਰਨ ਲਈ ਆਇਆ ਹੈ? ਹੁਣ ਅਸੀਂ ਉਸ ਨੂੰ ਸਬਕ ਸਿਖਾਵਾਂਗੇ।" ਇਹ 2013 ਦੀ ਗੱਲ ਹੈ, ਇਸ ਲਈ ਉਨ੍ਹਾਂ ਨੇ ਉਸ ਨੂੰ ਉਦੋਂ ਤੋਂ ਆਪਣੀ ਸੂਚੀ ਵਿਚ ਪਾ ਲਿਆ ਸੀ (ਗਾਡਲਿੰਗ ਨੂੰ ਭੀਮਾ ਕੋਰੇਗਾਓਂ ਕੇਸ ਵਿਚ ਜੂਨ 2018 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ)।

**ਸਵਾਲ:** ਅਦਾਲਤੀ ਫ਼ੈਸਲਾ ਦੱਸਦਾ ਹੈ ਕਿ ਪੁਲਿਸ ਨੇ ਤੁਹਾਡੇ ਸਾਰਿਆਂ ਦੇ ਖ਼ਿਲਾਫ਼ ਕਥਿਤ ਸਬੂਤ ਜੁਟਾਉਣ ਸਮੇਂ ਕਿੰਨੀ ਬੇਸ਼ਰਮੀ ਨਾਲ ਸਾਰੇ ਕਾਇਦਾ-ਏ-ਕਾਨੂੰਨ ਛਿੱਕੇ ਟੰਗੇ। ਪੁਲਿਸ ਨੂੰ ਇਸ ਤੋਂ ਬਚਣ ਦਾ ਇੰਨਾ ਭਰੋਸਾ ਕਿਉਂ ਸੀ?

**ਜਵਾਬ:** ਹੋਰ ਉਹ ਕੀ ਕਰਦੇ? ਜਦੋਂ ਕੋਈ ਜੁਰਮ ਹੋਇਆ ਹੀ ਨਹੀਂ ਸੀ ਤਾਂ ਸਭ ਕੁਝ ਘੜਨਾ ਹੀ ਪੈਣਾ ਸੀ। ਉਨ੍ਹਾਂ ਨੇ ਜੋ ਕੀਤਾ, ਉਹ ਕਿਸੇ ਜੁਰਮ ਦੇ ਪ੍ਰਤੀਕਰਮ 'ਚ ਨਹੀਂ ਸੀ। ਗ੍ਰਿਫ਼ਤਾਰੀਆਂ, ਪੂਰਾ ਕੇਸ, ਉਸ ਦਾ ਹਿੱਸਾ ਸੀ ਜਿਸ ਨੂੰ ਉਹ 'ਬਗ਼ਾਵਤ-ਵਿਰੋਧੀ ਯੁੱਧਨੀਤੀ' ਕਹਿੰਦੇ ਹਨ। ਉਹ ਇਸ ਨੂੰ ਯੁੱਧ ਦੇ ਰੂਪ 'ਚ ਦੇਖਦੇ ਹਨ ਅਤੇ ਪਿਆਰ ਤੇ ਯੁੱਧ ਵਿਚ ਤਾਂ ਸਭ ਕੁਝ ਜਾਇਜ਼ ਹੁੰਦਾ ਹੈ।

ਇਸ ਯੁੱਧਨੀਤੀ ਦੇ ਹਿੱਸੇ ਵਜੋਂ ਉਹ ਨਿਤਾਣੇ ਲੋਕਾਂ ਦੀ ਭਾਲ ਕਰਦੇ ਹਨ ਜਿਨ੍ਹਾਂ ਨੂੰ ਫਸਾਇਆ ਜਾ ਸਕਦਾ ਹੋਵੇ। ਮੇਰੇ ਵਿਰੁੱਧ ਪਹਿਲਾਂ ਹੀ ਇਕ ਕੇਸ ਚੱਲ ਰਿਹਾ ਸੀ ਜਿੱਥੇ ਮੇਰੇ 'ਤੇ ਮਾਓਵਾਦੀ ਹੋਣ ਦਾ ਦੋਸ਼ ਲਗਾਇਆ ਗਿਆ ਸੀ; ਇਸੇ ਲਈ ਉਨ੍ਹਾਂ ਨੇ ਮੈਨੂੰ ਨਿਗਰਾਨੀ ਹੇਠ ਰੱਖਿਆ ਹੋਵੇਗਾ। ਮੈਂ ਰਾਏਪੁਰ ਵਿਚ ਸੀ ਜਦੋਂ ਉਨ੍ਹਾਂ ਨੇ ਮੈਨੂੰ ਅਗਵਾ ਕੀਤਾ; ਇਹ ਗੜ੍ਹਚਿਰੌਲੀ ਤੋਂ ਬਹੁਤੀ ਦੂਰ ਨਹੀਂ ਹੈ। ਰਾਜਾਂ ਤੋਂ ਬਾਹਰ ਹਮੇਸ਼ਾ ਹੀ ਅਤਿਵਾਦ ਵਿਰੋਧੀ ਮੁਹਿੰਮਾਂ ਚੱਲਦੀਆਂ ਰਹਿੰਦੀਆਂ ਹਨ।

ਮੇਰੇ ਖ਼ਿਆਲ 'ਚ ਇਹ ਖ਼ਾਸ ਕੇਸ ਕਈ ਰਾਜਾਂ ਦੀਆਂ ਜਥੇਬੰਦੀਆਂ ਵੱਲੋਂ ਮਿਲ ਕੇ ਉਨ੍ਹਾਂ ਜ਼ੁਲਮਾਂ ਦੀ ਸੁਤੰਤਰ ਤੱਥ-ਖੋਜ ਦੀ ਮੁਹਿੰਮ ਤੋਂ ਧਿਆਨ ਹਟਾਉਣ ਲਈ ਬਣਾਇਆ ਗਿਆ ਸੀ ਜੋ ਪੁਲਿਸ ਦੁਆਰਾ 2012-13 ਵਿਚ 'ਬਗ਼ਾਵਤ ਵਿਰੋਧੀ ਕਾਰਵਾਈਆਂ' ਦੇ ਹਿੱਸੇ ਵਜੋਂ ਗੜ੍ਹਚਿਰੌਲੀ ਵਿਚ ਕੀਤੇ ਗਏ ਸਨ। ਉਦੋਂ ਗੜ੍ਹਚਿਰੌਲੀ ਆਪ੍ਰੇਸ਼ਨ ਨੂੰ ਗ੍ਰਹਿ ਮੰਤਰਾਲੇ ਵਿਚ ਨਮੂਨੇ ਦੀ ਮੁਹਿੰਮ ਵਜੋਂ ਵਡਿਆਇਆ ਜਾ ਰਿਹਾ ਸੀ। ਸਾਡੀਆਂ ਗ੍ਰਿਫ਼ਤਾਰੀਆਂ ਅਤੇ ਬਣਾਏ ਕੇਸ ਨੇ ਇਸ ਦੇ ਬੇਨਕਾਬ ਹੋਣ ਨੂੰ ਰੋਕਣ ਵਿਚ ਮਦਦ ਕੀਤੀ।

ਇਸ ਤੋਂ ਪਹਿਲਾਂ ਬਨਾਰਸ ਵਿਚ ਮੈਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਉੱਥੇ ਰਹਿ ਕੇ ਆਈ.ਆਈ.ਟੀ. ਬੀ.ਐੱਚ.ਯੂ. ਵਿਚ ਪੜ੍ਹਾਈ ਕੀਤੀ ਹੋਣ ਕਾਰਨ ਮੈਂ ਸ਼ਹਿਰ ਦਾ ਐਨੀ ਭੇਤੀ ਸੀ ਕਿ ਮੈਨੂੰ ਅਣਭੋਲ ਹੀ ਦਬੋਚਿਆ ਨਹੀਂ ਸੀ ਜਾ ਸਕਦਾ।

**ਸਵਾਲ:** ਕੀ ਤੁਹਾਨੂੰ ਸਜ਼ਾ ਸੁਣ ਕੇ ਹੈਰਾਨੀ ਹੋਈ ਸੀ?

**ਜਵਾਬ:** ਹਾਂ, ਸਬੂਤਾਂ ਦੇ ਸੁਭਾਅ ਅਤੇ ਪੰਚ (ਮੌਕੇ ਦੇ ਗਵਾਹ) ਦੀ ਗਵਾਹੀ ਨੂੰ ਦੇਖਦੇ ਹੋਏ ਜਿਸ ਨੇ ਸਪੱਸ਼ਟ ਤੌਰ 'ਤੇ ਇਸ ਗੱਲੋਂ ਇਨਕਾਰ ਕੀਤਾ ਸੀ ਕਿ ਮੇਰੇ ਕੋਲੋਂ ਕੋਈ ਜੁਰਮ

***(ਬਾਕੀ ਅਗਲੇ ਸਫੇ 'ਤੇ)***

# ਲੋਕਰਾਜ ਕਿਵੇਂ ਦਮ ਤੋੜਦੇ ਹਨ?

ਤਕਰੀਬਨ ਪਿਛਲੇ ਇੱਕ ਦਹਾਕੇ ਤੋਂ ਦੁਨੀਆ ਭਰ ਦੇ ਲੇਖਕ ਲੋਕਰਾਜ ਦੇ ਪਤਨ, ਲੋਕਰਾਜ ਦੇ ਨਿਘਾਰ, ਲੋਕਰਾਜੀ ਮੰਦਵਾੜੇ ਅਤੇ ਇੱਥੋਂ ਤੱਕ ਕਿ ਲੋਕਰਾਜ ਦੀ ਮੌਤ ਦੀਆਂ ਗੱਲਾਂ ਕਰਦੇ ਆ ਰਹੇ ਹਨ। ਦੇਖਿਆ ਜਾਵੇ ਤਾਂ ਪੱਛਮੀ ਦੇਸ਼ਾਂ ਅਤੇ ਦੁਨੀਆ ਦੇ ਕਈ ਹੋਰ ਹਿੱਸਿਆਂ ਅੰਦਰ ਸੱਜੇ ਪੱਖੀ ਨਿਰੰਕੁਸ਼ ਹਜੂਮਵਾਦੀਆਂ (ਪਾਪੂਲਿਸਟਾਂ) ਦੇ ਹੋਏ ਉਭਾਰ ਪਿੱਛੇ ਲੋਕਰਾਜ

**ਨੀਰਾ ਚੰਡੋਕ**

ਦੀ ਕਮਜ਼ੋਰੀ ਲੁਕੀ ਹੋਈ ਹੈ। ਇਹ ਗੱਲ ਮੰਨਣਯੋਗ ਹੈ ਕਿ ਹਜੂਮਵਾਦੀਆਂ ਨੇ ਜਮਾਤਾਂ ਅਤੇ ਭਾਰਤ ਵਿਚ ਜਾਤਾਂ ਦੇ ਆਰ-ਪਾਰ ਸ਼ਾਨਦਾਰ ਗੱਠਜੋੜ ਸਿਰਜ ਕੇ ਚੋਣਾਂ ਜਿੱਤੀਆਂ ਹਨ। ਵੱਡੇ ਅੰਤਰ ਨਾਲ ਹੁੰਦੀਆਂ ਚੁਣਾਵੀ ਜਿੱਤਾਂ ਲੋਕਰਾਜੀ ਨਿਘਾਰ ਦਾ ਕਾਰਨ ਨਹੀਂ ਹਨ। ਚਿੰਤਾ ਇਹ ਹੈ ਕਿ ਲੋਕਰਾਜ ਸਿਰਫ਼ ਚੋਣਾਂ ਤੱਕ ਸਿਮਟ ਕੇ ਰਹਿ ਗਿਆ ਹੈ।

ਸਾਲ 2018 ਵਿਚ ਆਈ ਕਿਤਾਬ 'ਹਾਓ ਡੈਮੋਕਰੇਸੀਜ਼ ਡਾਇ' (ਲੋਕਰਾਜ ਕਿੰਝ ਮਰਦੇ ਹਨ) ਵਿਚ ਸਟੀਵਨ ਲੈਵਿਤਸਕੀ ਅਤੇ ਡੇਨੀਅਲ ਜ਼ਿਬਲਾਟ ਨੇ ਆਖਿਆ ਸੀ ਕਿ ਠੰਢੀ ਜੰਗ ਦੇ ਖ਼ਾਤਮੇ ਤੋਂ ਬਾਅਦ ਲੋਕਰਾਜ ਨੂੰ ਜੰਗਾਲ ਲੱਗਣਾ ਸ਼ੁਰੂ ਹੋ ਗਿਆ ਸੀ ਪਰ ਇਸ ਦਾ ਕਾਰਨ ਇਹ ਨਹੀਂ ਸੀ ਕਿ ਇਨ੍ਹਾਂ ਨੂੰ ਬੰਦੂਕਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਸਗੋਂ ਇਹ ਮੱਤ-ਪੱਤਰਾਂ ਭਾਵ ਚੋਣਾਂ ਕਰ ਕੇ ਸੀ। ਉਨ੍ਹਾਂ ਦਾ ਵਿਸ਼ਲੇਸ਼ਣ ਐਨ ਨਿਸ਼ਾਨੇ 'ਤੇ ਲੱਗਿਆ ਹੈ। ਚੋਣ ਨਤੀਜੇ ਅਜਿਹੇ ਨਿਰੰਕੁਸ਼ ਆਗੂਆਂ ਨੂੰ ਸੱਤਾ 'ਤੇ ਬਿਠਾ ਸਕਦੇ ਹਨ ਜਿਨ੍ਹਾਂ ਨੂੰ ਲੋਕਰਾਜ ਦੀਆਂ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਦੀ ਰੱਤੀ ਭਰ ਵੀ ਪਰਵਾਹ ਨਹੀਂ ਹੁੰਦੀ। ਲੋਕਰਾਜ ਇਸ ਕਰ ਕੇ ਨਹੀਂ ਮਰਦੇ ਕਿ ਫ਼ੌਜ ਰਾਜਪਲਟਾ ਕਰ ਦਿੰਦੀ ਹੈ ਸਗੋਂ ਇਹ ਇਸ ਕਰ ਕੇ ਮਰਦੇ ਹਨ ਕਿਉਂਕਿ ਸੱਤਾ 'ਤੇ ਅਜਿਹੇ ਆਗੂਆਂ ਦਾ ਕੰਟਰੋਲ ਕਾਇਮ ਹੋ ਜਾਂਦਾ ਹੈ ਜਿਨ੍ਹਾਂ ਅੰਦਰ 'ਸੱਤਾ ਦੀ ਭਿਅੰਕਰ ਹਵਸ' ਹੁੰਦੀ ਹੈ। ਲੋਕਰਾਜ ਉਦੋਂ ਮਰਦੇ ਹਨ ਜਦੋਂ ਸਿਆਸੀ ਵਿਰੋਧੀਆਂ ਅਤੇ ਅਸਹਿਮਤੀ ਰੱਖਣ ਵਾਲਿਆਂ ਖਿਲਾਫ਼ ਸੋਸ਼ਲ ਮੀਡੀਆ ਰਾਹੀਂ ਗਾਲੀ ਗਲੋਚ ਅਤੇ ਬੇਹੂਦਗੀ ਵਰਤਾਈ ਜਾਂਦੀ ਹੈ। ਉਹ ਇਸ ਲਈ ਮਰਦੇ ਹਨ ਕਿਉਂਕਿ ਕਾਨੂੰਨ ਦੇ ਰਾਜ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਛਿੱਕੇ ਟੰਗ ਦਿੱਤਾ ਜਾਂਦਾ ਹੈ; ਤੇ ਜਦੋਂ ਮੀਡੀਆ ਸੱਤਾ ਦਾ ਏਜੰਟ ਬਣ ਜਾਂਦਾ ਹੈ ਅਤੇ ਨਾਗਰਿਕ ਸਮਾਜ ਦੇ ਅਲੰਬਰਦਾਰ ਦੀ ਆਪਣੀ ਭੂਮਿਕਾ ਤਜ ਦਿੰਦਾ ਹੈ।

ਲੈਰੀ ਡਾਇਮੰਡ ਨੇ 2020 ਵਿਚ ਲਿਖਿਆ ਸੀ ਕਿ 1974 ਤੋਂ 2005 ਤੱਕ ਬਹੁਗਿਣਤੀ ਦੇਸ਼ਾਂ ਅੰਦਰ ਲੋਕਰਾਜ ਸੀ। ਉਸ ਤੋਂ ਬਾਅਦ ਅਸੀਂ ਲੋਕਰਾਜ ਦਾ ਮੰਦਵਾੜਾ ਤੱਕਦੇ ਹਾਂ, ਪਹਿਲਾਂ ਇਸ ਦੀ ਹਲਕੀ ਜਿਹੀ ਝਲਕ ਦੇਖਦੇ ਹਾਂ ਤੇ ਫਿਰ ਇਹ ਰੁਝਾਨ ਜ਼ੋਰ ਫੜ ਲੈਂਦਾ ਹੈ। ਇਸ ਪੜਾਅ ਦੌਰਾਨ ਮੁੱਖ ਤੌਰ 'ਤੇ ਆਜ਼ਾਦੀ ਦਾ ਪਤਨ ਹੁੰਦਾ ਹੈ ਜਿਸ ਤੋਂ ਬਾਅਦ ਸੱਤਾ 'ਤੇ ਲਗਾਮ ਲਾਉਣ ਵਾਲੀਆਂ ਸੰਸਥਾਵਾਂ ਪ੍ਰਤੀ ਤ੍ਰਿਸਕਾਰ, ਸਿਆਸੀ ਵਿਰੋਧ, ਸੁਤੰਤਰ ਮੀਡੀਆ, ਨਾਗਰਿਕ ਸਮਾਜ ਦੀ ਕਮਜ਼ੋਰੀ ਅਤੇ ਸਮਾਜਿਕ ਧਰੁਵੀਕਰਨ ਹੁੰਦਾ ਦੇਖਦੇ ਹਾਂ। ਇਸ ਦੀ ਪਟਕਥਾ ਮਿਲਦੀ-ਜੁਲਦੀ ਹੈ।

ਇਸ ਨੂੰ ਲੈ ਕੇ ਚਿੰਤਾ ਦਾ ਕਾਰਨ ਹੈ। ਵੋਟਰ ਅਜਿਹੇ ਆਗੂਆਂ ਨੂੰ ਕਿਉਂ ਚੁਣਦੇ ਹਨ ਜਿਨ੍ਹਾਂ ਦੇ ਮਨ ਵਿਚ ਠੋਸ ਲੋਕਰਾਜ ਪ੍ਰਤੀ ਕੋਈ ਸਤਿਕਾਰ ਨਹੀਂ ਹੈ? 1970ਵਿਆਂ ਤੋਂ ਲੈ ਕੇ ਦੱਖਣੀ ਅਮਰੀਕਾ, ਅਫ਼ਰੀਕਾ ਦੇ ਸਬ-ਸਹਾਰਾ ਅਤੇ ਦੱਖਣੀ ਏਸ਼ੀਆ ਦੇ ਮੁਲਕਾਂ ਵਿਚ ਲੋਕ ਜਮਹੂਰੀਅਤ ਲਈ ਲੜਦੇ ਰਹੇ ਹਨ। ਉਨ੍ਹਾਂ ਨੇ ਗੋਲੀਆਂ, ਅੱਥਰੂ ਗੈਸ ਅਤੇ ਪੁਲੀਸ ਦੇ ਡੰਡਿਆਂ ਦਾ ਟਾਕਰਾ ਕੀਤਾ ਅਤੇ ਹੁਣ ਵੀ ਕਰ ਰਹੇ ਹਨ। ਅੰਦੋਲਨਕਾਰੀ ਕਿਸਾਨਾਂ ਨੂੰ ਰਿਆਸਤੀ/ਸਰਕਾਰੀ ਦਮਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨਸਾਫ਼ ਲਈ ਉਨ੍ਹਾਂ ਦੀ ਜੱਦੋਜਹਿਦ ਲੋਕਤੰਤਰ ਲਈ ਜੱਦੋਜਹਿਦ ਹੈ। ਲੋਕਤੰਤਰ ਲਈ ਲੜਿਆ ਜਾ ਸਕਦਾ ਹੈ। ਸਾਨੂੰ ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰਨੀ ਚਾਹੀਦੀ ਹੈ ਪਰ ਅੱਜ ਸਿਆਸੀ ਇਕਜੁੱਟਤਾ ਵਿਚ ਕਾਣ ਪੈ ਗਿਆ ਹੈ। ਖ਼ਾਸਕਰ ਜੇ ਅਮਰੀਕੀ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਸ਼ਾਇਦ ਲੋਕ 'ਸਿਆਸੀ ਅਕੇਵੇਂ' ਦਾ ਸ਼ਿਕਾਰ ਹੋ ਰਹੇ ਹਨ। ਹਜੂਮਵਾਦੀਆਂ ਦੀ ਲੋਕਪ੍ਰਿਅਤਾ ਸਿਰ ਚੜ੍ਹ ਕੇ ਬੋਲ ਰਹੀ ਹੈ। ਉਨ੍ਹਾਂ ਦੀ ਸਫਲਤਾ ਦਾ ਰਾਜ਼ ਸਰਲ ਹੈ: ਉਹ ਇਤਿਹਾਸ ਬਣਾਉਂਦੇ ਹਨ, ਪੀੜਤਪੁਣੇ ਦੇ ਲਕੀਰੀ ਬਿਰਤਾਂਤ ਅਤੇ ਇੱਕ ਫ਼ਿਰਕੇ ਵੱਲੋਂ ਕਿਸੇ ਦੂਜੇ ਫ਼ਿਰਕੇ ਖ਼ਿਲਾਫ਼ ਦੂਸ਼ਣਬਾਜ਼ੀ 'ਚੋਂ ਵਰਤਮਾਨ ਤੇ ਭਵਿੱਖ ਬਹੁਤ ਸੌਖਾ ਸੁਣਾਈ ਪੈਂਦਾ ਹੈ। ਇਤਿਹਾਸ ਕਦੇ ਵੀ ਸਰਲ ਨਹੀਂ ਹੁੰਦਾ; ਇਹ ਬਹੁ-ਭਾਂਤਾ, ਜਟਿਲ, ਆਪਾ ਵਿਰੋਧੀ, ਸੂਖ਼ਮ ਅਤੇ ਅਚਨਚੇਤ ਹੁੰਦਾ ਹੈ। ਸਦੀਵੀ ਸ਼ਿਕਵਿਆਂ ਦੇ ਸਰਲੀਕ੍ਰਿਤ ਇਤਿਹਾਸ ਨੂੰ ਗੰਭੀਰ ਵਿਦਵਾਨਾਂ ਵੱਲੋਂ ਅਪ੍ਰਵਾਨ ਕਰਨ ਦੀ ਸੰਭਾਵਨਾ ਹੁੰਦੀ ਹੈ। ਸਮੱਸਿਆ ਇਹ ਹੈ ਕਿ ਇਸ ਨੂੰ ਤੇਜ਼ ਤੱਰਾਰ ਸਿਆਸੀ ਮੁਹਾਵਰੇ ਅਤੇ ਬਦਲੇਖੋਰੀ ਦੇ ਸ਼ਬਦਕੋਸ਼ ਰਚਣ ਲਈ ਵਰਤਿਆ ਜਾਂਦਾ ਰਿਹਾ ਹੈ।

ਕਿਸੇ ਜਟਿਲ ਇਤਿਹਾਸ ਦੀ ਸਰਲ ਪੇਸ਼ਕਾਰੀ ਦੀ ਇਸ ਖ਼ਤਰਨਾਕ ਧੁਨ ਉਪਰ ਜੇ ਕਿਸੇ ਨੂੰ ਸਭ ਤੋਂ ਵੱਧ ਗੁੱਸਾ ਆਉਣਾ ਚਾਹੀਦਾ ਹੈ ਤਾਂ ਉਹ ਇਤਿਹਾਸਕਾਰ ਨੂੰ ਆਉਣਾ ਚਾਹੀਦਾ ਹੈ ਜਿਸ ਨੇ ਅੰਤਾਂ ਦੀ ਮਿਹਨਤ ਮੁਸ਼ੱਕਤ ਨਾਲ ਅਤੀਤ ਦੀਆਂ ਪਰਤਾਂ ਨੂੰ ਬੇਪਰਦ ਕਰਨ ਲਈ ਇੰਨਾ ਕੁਝ ਝੋਕਿਆ ਹੁੰਦਾ ਹੈ। ਅੰਧ-ਰਾਸ਼ਟਰਵਾਦ ਨੂੰ ਵਡਿਆਉਣ ਵਾਲੇ ਔਸਤ ਦਰਜੇ ਦੀ ਸੁਸਤ ਇਤਿਹਾਸਕਾਰੀ ਅਤੇ ਨਫ਼ਰਤੀ ਸਾਹਿਤਕਾਰੀ ਮਾਨਵਤਾ ਖ਼ਿਲਾਫ਼ ਅਪਰਾਧ ਹਨ। ਜ਼ਿੰਮੇਵਾਰ ਵਿਦਵਾਨ ਅਤੇ ਲੇਖਕ ਸਮਾਜਾਂ ਨੂੰ ਇਕਜੁੱਟ ਕਰਦੇ ਹਨ; ਉਹ ਵੋਟਾਂ ਬਟੋਰੂ ਸਿਆਸੀ ਆਗੂਆਂ ਦੀ ਤਰ੍ਹਾਂ ਸਮਾਜ ਨੂੰ ਪਾਟੋਧਾੜ ਨਹੀਂ ਕਰਦੇ। ਇਤਿਹਾਸਕਾਰ ਐਰਿਕ ਹੌਬਸਬਾਮ ਨੇ ਲਿਖਿਆ ਹੈ ਕਿ ਇਤਿਹਾਸਕਾਰ ਰਾਸ਼ਟਰਵਾਦ ਨੂੰ ਪੱਠੇ ਪਾਉਂਦੇ ਹਨ। ਅੱਜ ਠੋਸ ਲੋਕਰਾਜ ਪ੍ਰਤੀ ਤਿਰਸਕਾਰ ਪੈਦਾ ਕਰਨ ਵਾਲਾ ਇਹ ਅਹਿਸਾਸ ਉਪਜਾਉਣ ਲਈ ਇਹੀ ਨੁਕਸਾਨਦੇਹ ਇਤਿਹਾਸ ਕਸੂਰਵਾਰ ਹਨ ਕਿ ਅਜਿਹੀਆਂ ਚੋਣਾਂ ਹੀ ਕਾਫ਼ੀ ਹਨ ਜੋ ਮਜ਼ਬੂਤ ਆਗੂ ਨੂੰ ਮਾਨਤਾ ਦਿੰਦੀਆਂ ਹੋਣ।

ਭਾਰਤ ਵਿਚ ਚੋਣਾਂ ਹੋ ਰਹੀਆਂ ਹਨ ਅਤੇ ਇਹ ਸੋਚਣ ਦਾ ਸਮਾਂ ਆ ਗਿਆ ਹੈ ਕਿ ਅਸੀਂ ਕੀ ਚਾਹੁੰਦੇ ਹਾਂ ਅਤੇ ਕਿਸ ਦੇ ਹੱਕਦਾਰ ਹਾਂ, ਆਪਣੀ ਸੁਤੰਤਰ ਪੱਤਰਕਾਰੀ ਅਤੇ ਟਿੱਪਣੀਆਂ ਰਾਹੀਂ ਲੋਕਰਾਜ ਦੀ ਮਸ਼ਾਲ ਲੈ ਕੇ ਚੱਲ ਰਹੇ ਮੁੱਠੀ ਭਰ ਪੱਤਰਕਾਰ ਕਿਸ ਚੀਜ਼ ਲਈ ਜੂਝ ਰਹੇ ਹਨ, ਨਾਗਰਿਕ ਹੱਕਾਂ ਦੇ ਕਾਰਕੁਨ ਜੇਲ੍ਹਾਂ ਵਿਚ ਕਿਉਂ ਬੰਦ ਹਨ ਅਤੇ ਉਨ੍ਹਾਂ ਵਿਦਿਆਰਥੀਆਂ ਦਾ ਕੀ ਸੰਕਲਪ ਹੈ ਜਿਨ੍ਹਾਂ ਨੂੰ ਸਰਕਾਰ ਤੋਂ ਔਖੇ ਸਵਾਲ ਪੁੱਛਣ ਕਰ ਕੇ ਯੂਨੀਵਰਸਿਟੀਆਂ 'ਚੋਂ ਕੱਢ ਦਿੱਤਾ ਗਿਆ। ਸਮਾਂ ਆ ਗਿਆ ਹੈ ਕਿ ਅਸੀਂ ਲੋਕ ਸਖ਼ਤ ਸਵਾਲ ਪੁੱਛਣ ਲੱਗੀਏ। ਕੀ ਅਸੀਂ ਅਜਿਹਾ ਭਾਰਤ ਚਾਹੁੰਦੇ ਹਾਂ ਜਿੱਥੇ ਧਾਰਮਿਕ ਬਹੁਗਿਣਤੀ ਇਸ ਦੀ ਮਾਲਕ ਬਣ ਜਾਵੇ? ਕੀ ਅਸੀਂ ਵਾਕਈ ਅਜਿਹਾ ਭਾਰਤ ਚਾਹੁੰਦੇ ਹਾਂ ਜਿੱਥੇ ਲੋਕ ਨਸਲੀ ਤੇ ਜਾਤੀ ਸੰਘਰਸ਼ ਦੇ ਜਾਲ ਦੇ ਬੰਦੀ ਬਣ ਕੇ ਰਹਿ ਜਾਣ?

ਇਤਿਹਾਸ ਸਾਨੂੰ ਕਈ ਸਬਕ ਸਿਖਾਉਂਦੇ ਹਨ। ਇਸ ਦਾ ਸਭ ਤੋਂ ਬੇਸ਼ਕੀਮਤੀ ਸਬਕ ਇਹ ਹੈ ਕਿ ਬਹੁਤ ਸਾਰੇ ਮੁਲਕਾਂ ਵਿਚ ਇਤਿਹਾਸਕ ਗ਼ਲਤੀਆਂ ਦੀ ਖੱਪ ਪਾਉਣ ਨਾਲ ਨਸਲਕੁਸ਼ੀ ਅਤੇ ਜੰਗ ਦਾ ਦੌਰ ਸ਼ੁਰੂ ਹੋ ਗਿਆ। ਅਸੀਂ ਇਸ ਤੋਂ ਤਦ ਹੀ ਬਚ ਪਾਵਾਂਗੇ ਜਦੋਂ ਅਸੀਂ ਠੋਸ ਲੋਕਰਾਜ ਲਈ ਸੰਘਰਸ਼ ਕਰਨ ਲੱਗਾਂਗੇ ਅਤੇ ਇਹ ਪ੍ਰਵਾਨ ਕਰਾਂਗੇ ਕਿ ਚੋਣਾਂ ਲੋਕਰਾਜ ਦਾ ਮਹਿਜ਼ ਇੱਕ ਪਲ ਜਾਂ ਪੜਾਅ ਹੁੰਦੀਆਂ ਹਨ। ਲੋਕਰਾਜ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਨਾਗਰਿਕ ਵੱਖੋ ਵੱਖਰੇ ਪੱਧਰਾਂ 'ਤੇ ਇਹ ਸੰਵਾਦ ਰਚਾ ਸਕਣ ਕਿ ਸਾਡਾ ਸਮਾਜ ਕਿਹੋ ਜਿਹਾ ਹੈ ਅਤੇ ਕਿਹੋ ਜਿਹਾ ਬਣ ਸਕਦਾ ਹੈ। ਸਾਨੂੰ ਸੋਚਵਾਨ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ ਜੋ ਬੇਰੁਜ਼ਗਾਰੀ ਅਤੇ ਲੋਕਤੰਤਰ ਲਈ ਖ਼ਤਰੇ ਜਿਹੇ ਅਹਿਮ ਮੁੱਦਿਆਂ 'ਤੇ ਸਰਕਾਰ ਨੂੰ ਜਵਾਬ ਦੇਣ ਲਈ ਮਜਬੂਰ ਕਰ ਸਕੇ। ਅਸੀਂ ਲੋਕਰਾਜ ਨੂੰ ਕਿਤੇ ਰੱਖ ਕੇ ਭੁੱਲ ਗਏ ਹਾਂ; ਸਾਨੂੰ ਇਸ ਦੀ ਕਮੀ ਮਹਿਸੂਸ ਹੋ ਰਹੀ ਹੈ।

*ਇਤਿਹਾਸ ਸਾਨੂੰ ਕਈ ਸਬਕ ਸਿਖਾਉਂਦੇ ਹਨ। ਇਸ ਦਾ ਸਭ ਤੋਂ ਬੇਸ਼ਕੀਮਤੀ ਸਬਕ ਇਹ ਹੈ ਕਿ ਬਹੁਤ ਸਾਰੇ ਮੁਲਕਾਂ ਵਿਚ ਇਤਿਹਾਸਕ ਗ਼ਲਤੀਆਂ ਦੀ ਖੱਪ ਪਾਉਣ ਨਾਲ ਨਸਲਕੁਸ਼ੀ ਅਤੇ ਜੰਗ ਦਾ ਦੌਰ ਸ਼ੁਰੂ ਹੋ ਗਿਆ। ਅਸੀਂ ਇਸ ਤੋਂ ਤਦ ਹੀ ਬਚ ਪਾਵਾਂਗੇ ਜਦੋਂ ਅਸੀਂ ਠੋਸ ਲੋਕਰਾਜ ਲਈ ਸੰਘਰਸ਼ ਕਰਨ ਲੱਗਾਂਗੇ ਅਤੇ ਇਹ ਪ੍ਰਵਾਨ ਕਰਾਂਗੇ ਕਿ ਚੋਣਾਂ ਲੋਕਰਾਜ ਦਾ ਮਹਿਜ਼ ਇੱਕ ਪਲ ਜਾਂ ਪੜਾਅ ਹੁੰਦੀਆਂ ਹਨ। ਲੋਕਰਾਜ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਨਾਗਰਿਕ ਵੱਖੋ ਵੱਖਰੇ ਪੱਧਰਾਂ 'ਤੇ ਇਹ ਸੰਵਾਦ ਰਚਾ ਸਕਣ ਕਿ ਸਾਡਾ ਸਮਾਜ ਕਿਹੋ ਜਿਹਾ ਹੈ ਅਤੇ ਕਿਹੋ ਜਿਹਾ ਬਣ ਸਕਦਾ ਹੈ। ਸਾਨੂੰ ਸੋਚਵਾਨ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ ਜੋ ਬੇਰੁਜ਼ਗਾਰੀ ਅਤੇ ਲੋਕਤੰਤਰ ਲਈ ਖ਼ਤਰੇ ਜਿਹੇ ਅਹਿਮ ਮੁੱਦਿਆਂ 'ਤੇ ਸਰਕਾਰ ਨੂੰ ਜਵਾਬ ਦੇਣ ਲਈ ਮਜਬੂਰ ਕਰ ਸਕੇ। ਅਸੀਂ ਲੋਕਰਾਜ ਨੂੰ ਕਿਤੇ ਰੱਖ ਕੇ ਭੁੱਲ ਗਏ ਹਾਂ; ਸਾਨੂੰ ਇਸ ਦੀ ਕਮੀ ਮਹਿਸੂਸ ਹੋ ਰਹੀ ਹੈ।*

---

ਦਾ ਸਬੂਤ ਬਰਾਮਦ ਹੋਇਆ ਸੀ। ਸੱਚ ਤਾਂ ਇਹ ਹੈ ਕਿ ਇਸ ਕੇਸ ਨੂੰ ਲੈ ਕੇ ਮੈਂ ਕਦੇ ਵੀ ਫ਼ਿਕਰਮੰਦ ਨਹੀਂ ਸੀ, ਜ਼ਿਆਦਾ ਫ਼ਿਕਰਮੰਦ ਮੈਂ ਆਪਣੇ ਉੱਤਰਾਖੰਡ ਵਾਲੇ ਕੇਸ ਨੂੰ ਲੈ ਕੇ ਸੀ।

ਦਿਲਚਸਪ ਗੱਲ ਇਹ ਹੈ ਕਿ ਮੇਰਾ ਉੱਤਰਾਖੰਡ ਵਾਲਾ ਕੇਸ ਜਨਵਰੀ 2022 'ਚ ਸੈਸ਼ਨ ਕੋਰਟ ਵਿਚ ਮੁਕੱਦਮੇ ਦੇ ਪੜਾਅ 'ਤੇ ਹੀ ਅਕੱਟ ਰੂਪ 'ਚ ਬਰੀ ਹੋਣ ਨਾਲ ਖ਼ਤਮ ਹੋ ਗਿਆ; ਗੜ੍ਹਚਿਰੌਲੀ ਕੇਸ ਵਿਚ ਬਰੀ ਹੋਣ ਦਾ ਫ਼ੈਸਲਾ ਸਿਰਫ਼ ਹਾਈ ਕੋਰਟ ਤੋਂ ਹੀ ਆਇਆ, ਉਹ ਵੀ ਮਹਾਰਾਸ਼ਟਰ ਸਰਕਾਰ ਦੀਆਂ ਇਸ ਨੂੰ ਰੋਕਣ ਦੀਆਂ ਨਾਕਾਮ ਕੋਸ਼ਿਸ਼ਾਂ ਤੋਂ ਬਾਅਦ।

ਜਦੋਂ 2017 ਵਿਚ ਸਾਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤਾਂ ਮੈਂ ਸੋਚਦਾ ਸੀ ਕਿ ਮੈਂ ਛੇ ਮਹੀਨਿਆਂ 'ਚ ਜ਼ਮਾਨਤ 'ਤੇ ਬਾਹਰ ਆ ਜਾਵਾਂਗਾ ਕਿਉਂਕਿ ਯੂ.ਏ.ਪੀ.ਏ. ਲਗਾਇਆ ਹੋਣ ਦੇ ਬਾਵਜੂਦ ਮੁਕੱਦਮੇ ਤੋਂ ਪਹਿਲੇ ਪੜਾਅ 'ਤੇ ਹੀ ਮੈਨੂੰ ਇਸ ਆਧਾਰ 'ਤੇ ਜ਼ਮਾਨਤ ਮਿਲ ਗਈ ਸੀ ਕਿ ਗ੍ਰਿਫ਼ਤਾਰੀ ਦੇ ਸਮੇਂ ਮੇਰੇ ਕੋਲੋਂ ਜੋ ਜੁਰਮ ਦਾ ਸਬੂਤ ਦਸਤਾਵੇਜ਼ ਬਰਾਮਦ ਹੋਏ ਦਿਖਾਏ ਗਏ ਸਨ, ਉਹ ਪਹਿਲੀ ਨਜ਼ਰੇ ਹੀ ਝੂਠੇ ਜਾਪਦੇ ਹਨ।

ਮੈਂ ਵਿਜੇ ਟਿਰਕੀ (ਜਿਸ ਨੂੰ 10 ਸਾਲ ਦੀ ਸਜ਼ਾ ਦਿੱਤੀ ਗਈ ਸੀ) ਨੂੰ ਕਿਹਾ ਸੀ ਕਿ ਉਹ ਦੋ ਮਹੀਨਿਆਂ ਦੇ ਅੰਦਰ-ਅੰਦਰ ਬਾਹਰ ਆ ਜਾਵੇਗਾ ਪਰ ਟਿਰਕੀ ਦੀ ਜ਼ਮਾਨਤ ਦੀ ਸੁਣਵਾਈ ਮੁਲਤਵੀ ਹੁੰਦੀ ਗਈ। ਇਹ ਸੰਜੋਗ ਹੀ ਸੀ ਕਿ ਸਾਡੀ ਜ਼ਮਾਨਤ ਰੱਦ ਕਰ ਦਿੱਤੀ ਗਈ ਭਾਵੇਂ ਅਦਾਲਤ ਨੇ ਕਿਹਾ ਕਿ ਸਾਡੇ ਵਿਚੋਂ ਕਿਸੇ 'ਤੇ ਵੀ ਕਿਸੇ ਦਹਿਸ਼ਤਵਾਦੀ ਕਾਰਵਾਈ ਦਾ ਦੋਸ਼ ਨਹੀਂ ਲਗਾਇਆ ਜਾ ਸਕਿਆ।

ਵਿਜੇ ਟਿਰਕੀ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਲੈਣ ਲਈ ਸਤੰਬਰ 2019 ਤੱਕ ਇੰਤਜ਼ਾਰ ਕਰਨਾ ਪਿਆ, ਫਿਰ ਕੋਵਿਡ ਲਾਕਡਾਊਨ ਲੱਗ ਗਿਆ ਅਤੇ ਅਦਾਲਤਾਂ ਨੇ ਸਿਰਫ਼ ਆਨਲਾਈਨ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਤੋਂ ਬਾਅਦ ਜ਼ਮਾਨਤ ਮੇਰੇ ਲਈ ਮੁੱਕ ਚੁੱਕਾ ਅਧਿਆਇ ਬਣ ਗਿਆ।

ਸੈਸ਼ਨ ਅਦਾਲਤ 'ਚ ਮੁਕੱਦਮੇ ਦੇ ਅੰਤ 'ਚ ਮੈਨੂੰ ਬਾਹਰ ਨਿਕਲਣ ਦਾ ਐਨਾ ਭਰੋਸਾ ਸੀ ਕਿ ਮੇਰੇ ਕੋਲ ਜੇਲ੍ਹ ਵਿਚ ਛੇ ਮਹੀਨੇ ਰਹਿਣ ਜੋਗਾ ਪੈਸਾ ਸੀ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਨੂੰ ਸੱਤ ਸਾਲਾਂ ਤੱਕ ਆਪਣੀ ਧੀ ਤੋਂ ਪੈਸੇ ਉਧਾਰ ਲੈਂਦੇ ਰਹਿਣਾ ਪਵੇਗਾ। ਮੈਨੂੰ ਏਨੀ ਸ਼ਰਮਿੰਦਗੀ ਹੁੰਦੀ ਸੀ ਕਿ ਮੈਂ ਛੋਟੀਆਂ-ਛੋਟੀਆਂ ਚੀਜ਼ਾਂ ਬਾਰੇ ਦੁਚਿੱਤੀ ਵਿਚ ਰਹਿੰਦਾ ਸੀ, ਜਿਵੇਂ ਕੀ ਮੈਂ ਨਵਾਂ ਟੂਥਪੇਸਟ ਜਾਂ ਭਾਂਡੇ ਧੋਣ ਲਈ ਸਾਬਣ ਖ਼ਰੀਦਾਂ ਜਾਂ ਨਾ।

**ਸਵਾਲ:** ਮੈਂ ਪੜ੍ਹਿਆ ਹੈ ਕਿ ਜੇਲ੍ਹ ਅਧਿਕਾਰੀ ਤੁਹਾਡੇ ਸਵੈਮਾਣ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਸਨ। ਕੀ ਤੁਸੀਂ ਆਪਣਾ ਸਵੈਮਾਣ ਬਰਕਰਾਰ ਰੱਖ ਸਕੇ?


**ਜਵਾਬ:** ਜੇਲ੍ਹ ਵਿਚ ਪਹਿਲਾ ਨੁਕਸਾਨ ਸਵੈਮਾਣ ਦਾ ਹੁੰਦਾ ਹੈ। ਹਰ ਨਕਲੋ-ਹਰਕਤ ਦੀ ਨਿਗਰਾਨੀ ਕੀਤੀ ਜਾਂਦੀ ਹੈ; ਤੁਹਾਡੇ ਕਵਚ ਦੀ ਹਰ ਕਮੀ ਦਾ ਲਾਹਾ ਪ੍ਰਸ਼ਾਸਨ ਵੀ ਲੈਂਦਾ ਹੈ, ਤੇ ਤੁਹਾਡੇ ਸਾਥੀ ਕੈਦੀ ਵੀ ਕਿਉਂਕਿ ਜਿਹੜੇ ਲੋਕ ਸਿੱਧੇ ਰੂਪ 'ਚ ਮੁਜਰਿਮ ਹੁੰਦੇ ਹਨ, ਉਹ ਆਮ ਤੌਰ 'ਤੇ ਦੂਜਿਆਂ 'ਤੇ ਹਾਵੀ ਹੋ ਕੇ ਆਪਣਾ ਮਾਣ-ਇੱਜ਼ਤ ਹਾਸਲ ਕਰਦੇ ਹਨ। ਸਵੈਮਾਣ ਨੂੰ ਬਣਾਈ ਰੱਖਣਾ ਮੇਰੇ ਲਈ ਨਿਰੰਤਰ ਲੜਾਈ ਸੀ। ਅਜਿਹਾ ਕਰਨ ਲਈ ਤੁਹਾਨੂੰ ਲੰਮਾ ਅਤੇ ਧੀਰਜ ਨਾਲ ਸੰਘਰਸ਼ ਕਰਨਾ ਪੈਂਦਾ ਹੈ।

ਇੱਕੋ-ਇਕ ਪੜਾਅ 'ਤੇ ਇਹ ਹੋਇਆ ਜਦੋਂ ਮੈਂ ਮਹਿਸੂਸ ਕੀਤਾ ਕਿ ਮੇਰੇ ਸਵੈਮਾਣ ਨੂੰ ਠੇਸ ਪਹੁੰਚੀ ਹੈ, ਜਦੋਂ ਪਿਛਲੇ ਦਸੰਬਰ 'ਚ ਨਵੀਂ ਨਿਯੁਕਤ ਹੋਈ ਸੁਪਰਡੈਂਟ ਨੇ ਦੌਰੇ ਸਮੇਂ ਮੈਨੂੰ ਮੇਰੀ ਪੁਰਾਣੀ ਅਤੇ ਫਟੀ ਹੋਈ ਜੁੱਤੀ ਲਾਹੁਣ ਲਈ ਕਿਹਾ। ਇਹ ਉਦੋਂ ਹੋਇਆ ਜਦੋਂ ਮੈਂ ਆਪਣੀ ਜੇਲ੍ਹ ਕੋਠੜੀ ਦੇ ਅੰਦਰ ਸੀ!

ਮੈਂ ਉਸ ਨੂੰ ਨਿਮਰਤਾ ਨਾਲ ਕਿਹਾ ਕਿ ਬਿਨਾਂ ਪਾਲਿਸ਼ ਫ਼ਰਸ਼ ਬਹੁਤ ਖੁਰਦਰਾ ਹੈ ਅਤੇ ਧੂੜ ਸਹਿਜੇ ਹੀ ਜੰਮ੍ਹਾਂ ਹੋ ਜਾਂਦੀ ਹੈ ਜਿਸ ਨਾਲ ਮੇਰੇ ਪੈਰਾਂ ਦੀਆਂ ਉਂਗਲਾਂ ਵਿਚ ਜ਼ਖ਼ਮ ਹੋ ਜਾਂਦੇ ਹਨ।

ਉਸ ਔਰਤ ਅਧਿਕਾਰੀ ਨੇ ਪੁੱਛਿਆ, "ਤੁਸੀਂ ਜਦੋਂ ਮੰਦਰ ਜਾਂ ਕਿਸੇ ਦੇ ਘਰ ਜਾਂਦੇ ਹੋ ਤਾਂ ਜੁੱਤੀ ਨਹੀਂ ਲਾਹੁੰਦੇ?"

ਮੈਂ ਉਸ ਨੂੰ ਦੱਸਣਾ ਚਾਹੁੰਦਾ ਸੀ ਕਿ ਮੈਂ ਆਪਣੇ 'ਘਰ' ਵਿਚ ਹਾਂ ਪਰ ਕੁਝ ਨਹੀਂ ਕਿਹਾ ਪਰ ਮੈਂ ਜੁੱਤੀ ਨਹੀਂ ਲਾਹੀ।



ਪ੍ਰਸ਼ਾਂਤ ਰਾਹੀ ਦੀਆਂ ਆਪਣੀ ਧੀ ਸ਼ਿਖਾ ਨਾਲ ਦੋ ਤਸਵੀਰਾਂ।

ਉਸ ਦੇ ਅੱਗੇ ਜਾਣ ਤੋਂ ਬਾਅਦ ਮੈਂ ਉਸ ਦੇ ਨਾਲ ਆਏ ਅਧਿਕਾਰੀ ਨੂੰ ਕੋਲ ਸੱਦ ਕੇ ਪੁੱਛਿਆ ਕਿ ਕੀ ਇਹ ਜੇਲ੍ਹ ਮੈਨੂਅਲ ਦੇ ਵਿਰੁੱਧ ਹੈ? ਜਦੋਂ ਉਸ ਨੇ 'ਨਹੀਂ' ਕਿਹਾ ਤਾਂ ਮੈਂ ਉਸ ਨੂੰ ਕਿਹਾ ਕਿ ਉਸ ਨੂੰ ਦੱਸ ਦਿਓ, ਮੈਂ ਉਸ ਦੀ ਗੱਲ ਨਹੀਂ ਮੰਨਾਂਗਾ ਕਿਉਂਕਿ ਉਸ ਦੇ ਹੁਕਮਾਂ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ।

ਬਾਹਰ ਜਾਂਦੇ ਸਮੇਂ ਉਸ ਨੇ ਫਿਰ ਮੇਰੀ ਜੁੱਤੀ 'ਤੇ ਤਿੱਖੀ ਟਿੱਪਣੀ ਕੀਤੀ ਅਤੇ ਫਿਰ ਦੋ ਘੰਟੇ ਅੰਦਰ ਹੀ ਮੈਨੂੰ ਸੁਪਰਡੈਂਟ ਦਾ ਨਿਰਾਦਰ ਕਰਨ ਅਤੇ ਆਗਿਆ ਨਾ ਮੰਨਣ ਦਾ ਨੋਟਿਸ ਮਿਲ ਗਿਆ ਜਿਸ ਵਿਚ ਧਮਕੀ ਦਿੱਤੀ ਗਈ ਸੀ ਕਿ ਜੇ ਮੈਂ ਸੱਤ ਦਿਨਾਂ ਦੇ ਅੰਦਰ ਉਸ ਦਾ ਸਪਸ਼ਟੀਕਰਨ ਨਹੀਂ ਦਿੰਦਾ ਤਾਂ ਮੇਰੀਆਂ ਮੁਲਾਕਾਤਾਂ ਅਤੇ ਹੋਰ ਸਹੂਲਤਾਂ ਵਾਪਸ ਲੈ ਲਈਆਂ ਜਾਣਗੀਆਂ।

ਮੈਂ ਪਤਾ ਲਾ ਲਿਆ ਕਿ ਅਜਿਹੀ ਸਜ਼ਾ ਸਿਰਫ਼ ਭੁੱਖ ਹੜਤਾਲ ਕਰਨ ਵਾਲੇ ਕੈਦੀਆਂ ਨੂੰ ਦਿੱਤੀ ਜਾਂਦੀ ਸੀ। ਮੈਂ ਆਪਣੇ ਵਕੀਲ ਨੂੰ ਚਿੱਠੀ ਲਿਖ ਕੇ ਇਹ ਮਾਮਲਾ ਉਠਾਉਣ ਲਈ ਕਿਹਾ ਪਰ ਚਿੱਠੀ ਰੋਕ ਲਈ ਗਈ।

ਅੰਤ ਵਿਚ ਮੈਨੂੰ 'ਸਪੱਸ਼ਟੀਕਰਨ' ਦੇਣਾ ਪਿਆ ਕਿ ਮੇਰਾ ਸੁਪਰਡੈਂਟ ਦਾ ਨਿਰਾਦਰ ਕਰਨ ਦਾ ਕੋਈ ਇਰਾਦਾ ਨਹੀਂ ਸੀ, ਤੇ ਇਸ ਤੋਂ ਬਾਅਦ ਮੈਂ ਅਧਿਕਾਰੀਆਂ ਦੁਆਰਾ ਨਿਰੀਖਣ ਦੇ ਦੌਰਿਆਂ ਸਮੇਂ ਕੋਈ ਵੀ ਜੁੱਤੀ ਨਹੀਂ ਪਾਵਾਂਗਾ ਪਰ ਉਸ ਤੋਂ ਬਾਅਦ ਮੈਂ ਜੁਰਾਬਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਜੇਲ੍ਹਰ ਹਰ ਵਾਰ ਉਨ੍ਹਾਂ ਵੱਲ ਦੇਖਦੇ ਪਰ ਕਹਿੰਦੇ ਕੁਝ ਨਾ।

**ਸਵਾਲ:** ਤੁਹਾਡੀ ਧੀ ਨੇ ਤੁਹਾਡੇ ਲਈ ਬਹੁਤ ਸੰਘਰਸ਼ ਕੀਤਾ।

**ਜਵਾਬ:** ਮੇਰੇ ਜੇਲ੍ਹ ਜਾਣ ਦਾ ਖਮਿਆਜ਼ਾ ਮੇਰੀ ਧੀ ਸ਼ਿਖਾ ਨੂੰ ਭੁਗਤਣਾ ਪਿਆ। ਮਈ 2018 'ਚ ਮੇਰੇ ਮੁੱਢਲੇ ਵਕੀਲ ਸੁਰਿੰਦਰ ਗਾਡਲਿੰਗ ਦੀ ਮੰਦਭਾਗੀ ਗ੍ਰਿਫ਼ਤਾਰੀ ਤੋਂ ਲੈ ਕੇ ਉਹ ਮੇਰੀਆਂ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਵਕੀਲਾਂ 'ਤੇ ਜ਼ੋਰ ਪਾਉਂਦੀ ਰਹਿੰਦੀ ਸੀ ਅਤੇ ਹਰ ਤਿਆਰੀ ਕਰਨ 'ਚ ਉਨ੍ਹਾਂ ਦੀ ਮਦਦ ਕਰਦੀ ਸੀ।

ਹਾਈ ਕੋਰਟ ਵਿਚ ਅਪੀਲ ਦੀ ਸੁਣਵਾਈ ਦੌਰਾਨ ਮੈਂ (ਵੀਡੀਓ ਕਾਨਫਰੰਸਿੰਗ ਦੁਆਰਾ) ਦੇਖਿਆ ਕਿ ਜਦੋਂ ਵਕੀਲ ਦਲੀਲਾਂ ਦੇ ਰਹੇ ਸਨ ਤਾਂ ਉਹ ਨਾਲ ਦੀ ਨਾਲ ਟਾਈਪ ਕਰਦੀ ਜਾਂਦੀ ਸੀ ਤਾਂ ਜੋ ਰਿਕਾਰਡ ਸਾਂਭਿਆ ਜਾ ਸਕੇ। ਉਸੇ ਨੇ ਵਕੀਲਾਂ ਨੂੰ ਸੁਝਾਅ ਦਿੱਤਾ ਸੀ ਕਿ ਵੀਡੀਓ ਕਾਨਫਰੰਸਿੰਗ ਦੇਖਣ ਲਈ ਅਦਾਲਤ ਤੋਂ ਇਜਾਜ਼ਤ ਦੀ ਮੰਗ ਕੀਤੀ ਜਾਵੇ।

ਉਸ ਨੇ ਮੇਰੇ ਲਈ ਦਰਜਨਾਂ ਕਿਤਾਬਾਂ ਖ਼ਰੀਦੀਆਂ ਅਤੇ ਮੈਨੂੰ ਭੇਜਦੀ ਰਹੀ; ਸਿਰਫ਼ ਇਹੀ ਨਹੀਂ, ਉਹ ਬਾਕਾਇਦਗੀ ਨਾਲ ਫੋਨ ਅਤੇ ਮੁਲਾਕਾਤਾਂ ਕਰ ਕੇ ਮੇਰਾ ਉਤਸ਼ਾਹ ਵੀ ਵਧਾਉਂਦੀ ਰਹੀ। ਮੇਰੀ ਜਿੱਤ ਵਿਚ ਉਸ ਦੀ ਸ਼ਾਨਦਾਰ, ਪ੍ਰਮੁੱਖ ਭੂਮਿਕਾ ਰਹੀ ਹੈ।

ਹੱਡ-ਬੀਤੀ

# ਦਸ ਕੁ ਮਿੰਟ ਦਾ ਫ਼ਾਸਲਾ

***ਅਮਰੀਕਾ ਵੱਸਦੇ ਉਘੇ ਕਹਾਣੀਕਾਰ ਜਗਜੀਤ ਬਰਾੜ ਦਾ ਇਹ ਲੇਖ ਵੀ ਕਹਾਣੀ ਵਰਗਾ ਜਾਪਦਾ ਹੈ। ਇਸ ਲੇਖ ਵਿਚ ਉਹਨਾਂ ਨੇ ਉਹਨਾਂ ਪਲਾਂ ਦਾ ਜ਼ਿਕਰ ਕੀਤਾ ਹੈ ਜਦੋਂ ਬੰਦੇ ਨੂੰ ਜਾਪਦਾ ਹੈ ਕਿ ਉਸ ਦੀ ਆਖਰੀ ਅਲਵਿਦਾ ਦਾ ਵਕਤ ਆ ਗਿਆ ਹੈ। ਜਗਜੀਤ ਬਰਾੜ ਨੇ ਇਨ੍ਹਾਂ ਪਲਾਂ ਨੂੰ ਬੜੀ ਸੂਖਮਤਾ ਨਾਲ ਫੜਿਆ ਹੈ। ਲੇਖ ਵਿਚ ਮੈਡੀਕਲ ਸਾਇੰਸ ਨਾਲ ਸਬੰਧਤ ਜਿਸ ਤਰ੍ਹਾਂ ਦੀ ਚਰਚਾ ਸਾਹਮਣੇ ਆਈ ਹੈ, ਉਸ ਨਾਲ ਇਹ ਲੇਖ ਯਾਦਗਾਰੀ ਬਣ ਗਿਆ ਹੈ। ਇਹ ਦਿਲਚਸਪ ਲੇਖ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।***

ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਇਕ ਦਿਨ ਮੈਂ ਜ਼ਿੰਦਗੀ ਦੀ ਛਿਣ ਭੰਗਰਤਾ ਦਾ ਅਹਿਸਾਸ ਏਨਾ ਨੇੜਿਓਂ ਕਰਾਂਗਾ। ਸੋ, ਇਸ ਬਾਰੇ ਸੁਣੋ। ਮੈਂ ਜੋ ਕਹਾਂਗਾ, ਉਹ ਕੁਛ ਤਾਂ ਮੇਰਾ ਆਪਣਾ ਅਨੁਭਵ ਹੈ ਅਤੇ ਕੁਛ ਮੇਰੀ ਵੱਡੀ ਬੇਟੀ ਮਾਨਿਕਾ ਅਤੇ ਡਾਕਟਰਾਂ ਤੋਂ ਪਤਾ ਲੱਗਾ ਹੈ।

ਵੀਰਵਾਰ, 20 ਅਕਤੂਬਰ 2022, ਰਾਤ ਦੇ ਦਸ ਵਜੇ ਮੈਂ ਆਪਣੇ ਸਟੱਡੀ ਕਮਰੇ ਵਿਚ ਕੰਪਿਊਟਰ 'ਤੇ ਨਵੀਂ ਕਹਾਣੀ ਮੁਕੰਮਲ ਕਰਨ ਦੇ ਆਹਰ ਵਿਚ ਸਾਂ ਪਰ ਕਹਾਣੀ ਮੇਰੀ ਆਪਣੀ ਜ਼ਿੰਦਗੀ ਦੀ ਹੀ ਮੁਕੰਮਲ ਹੋ ਚੱਲੀ ਸੀ- ਸਬਬੀਂ ਬਚ ਗਈ। ਇਸ ਤਰ੍ਹਾਂ ਮੈਨੂੰ ਆਪਣੀ ਕਲਪਿਤ,


**ਜਗਜੀਤ ਬਰਾੜ**
**ਫੋਨ: +1-925-984-3621**

ਅਧੂਰੀ ਕਹਾਣੀ ਮੁਕੰਮਲ ਕਰਨ ਦਾ ਇਕ ਹੋਰ ਮੌਕਾ ਮਿਲ ਗਿਆ।

ਜਦੋਂ ਉਸ ਰਾਤ ਮੈਂ ਕੰਪਿਊਟਰ 'ਤੇ ਟਾਈਪ ਕਰ ਰਿਹਾ ਸਾਂ ਤਾਂ ਪਤਾ ਨਹੀਂ ਕੀ ਹੋਇਆ। ਮੈਨੂੰ ਕੁਛ ਵੀ ਯਾਦ ਨਹੀਂ ਪਰ ਜਦੋਂ ਹੋਸ਼ ਆਈ ਤਾਂ ਮੈਂ ਫ਼ਰਸ਼ 'ਤੇ ਪਿਆ ਸਾਂ। ਜਦੋਂ ਡਿੱਗੇ ਪਏ ਨੇ ਮੈਂ ਚੁਫੇਰੇ ਦੇਖਿਆ ਤਾਂ ਅੱਖਾਂ ਅੱਗੇ ਧੁੰਦ ਸੀ। ਇਕ-ਦੋ (?) ਮਿੰਟਾਂ ਪਿੱਛੋਂ ਜਦੋਂ ਧੁੰਦ ਹਟ ਗਈ ਤਾਂ ਮੈਂ ਵੇਖਿਆ ਤਾਂ ਕੁਰਸੀ ਮੈਥੋਂ ਕੁਛ ਦੂਰ ਟੇਢੀ ਹੋਈ ਪਈ ਸੀ। ਸੋਚਿਆ ਕਿ ਮੈਂ ਤਾਂ ਬੇਹੋਸ਼ ਹੋ ਗਿਆ ਹੋਵਾਂਗਾ ਅਤੇ ਬੇਹੋਸ਼ੀ ਵਿਚ ਹੀ ਕੁਰਸੀ ਤੋਂ ਡਿੱਗ ਪਿਆ ਹੋਵਾਂਗਾ।

ਮੈਂ ਆਪਣੀ ਹਮਸਫ਼ਰ ਨਛੱਤਰ ਨੂੰ ਆਵਾਜ਼ ਮਾਰੀ। ਉਹ ਆਈ ਤਾਂ ਮੈਂ ਕਿਹਾ ਬੀ.ਪੀ. (ਬਲੱਡ ਪ੍ਰੈਸ਼ਰ) ਵੇਖਣ ਵਾਲੀ ਮਸ਼ੀਨ ਲੈ ਕੇ ਆ। ਪਿਛਲੇ ਛੀ ਕੁ ਮਹੀਨਿਆਂ ਤੋਂ ਮੈਨੂੰ ਬੀ.ਪੀ. ਦੀ ਸ਼ਿਕਾਇਤ ਸੀ, ਸੋ ਮੈਂ ਸੋਚਿਆ ਮੇਰਾ ਬੀ.ਪੀ. ਵਧ ਗਿਆ ਹੋਵੇਗਾ। ਜਦੋਂ ਬੀ.ਪੀ. ਵੇਖਿਆ ਤਾਂ ਉਹ ਨਾਰਮਲ ਸੀ ਪਰ ਨਬਜ਼ ਦੀ ਗਤੀ ਕੇਵਲ 44 ਸੀ। ਆਮ ਕਰ ਕੇ ਨਬਜ਼ ਦੀ ਇਕ ਮਿੰਟ ਦੀ ਔਸਤ ਗਤੀ 72 ਹੈ ਪਰ ਮੇਰੀ ਨਬਜ਼-ਗਤੀ 80 ਦੇ ਕਰੀਬ ਰਹਿੰਦੀ ਸੀ। ਪੰਜਾਂ ਮਿੰਟਾਂ ਬਾਅਦ ਗਤੀ 31 ਹੋ ਗਈ, ਫੇਰ ਅਗਲੇ ਪੰਜਾਂ ਮਿੰਟਾਂ ਪਿੱਛੋਂ 29 ਪਰ ਫੇਰ ਉਸ ਪਿੱਛੋਂ ਗਤੀ ਦਾ ਪਤਾ ਨਾ ਲੱਗ ਸਕਾ; ਉਹ ਏਨੀ ਘਟ ਚੁੱਕੀ ਸੀ ਕਿ ਮਸ਼ੀਨ ਦੱਸ ਨਹੀਂ ਸੀ ਰਹੀ। ਜਿੰਨਾ ਕੁ ਮਸ਼ੀਨ ਨੇ ਦੱਸਿਆ ਸੀ, ਉਸ ਮੁਤਾਬਕ ਮੇਰੀ ਨਬਜ਼ ਦੀ ਗਤੀ ਨਾਰਮਲ ਗਤੀ ਦੀ ਕੇਵਲ 36 ਪ੍ਰਤਿਸ਼ਤ ਰਹਿ ਗਈ ਸੀ।

ਉਸ ਸਮੇਂ ਤੱਕ ਰਾਤ ਦੇ 10:40 ਵੱਜ ਗਏ ਸਨ। ਨਛੱਤਰ ਨੇ ਸਾਡੀਆਂ ਦੋਹਾਂ ਬੇਟੀਆਂ ਨੂੰ ਫ਼ੋਨ ਕੀਤਾ। ਦੋਵੇਂ ਡਾਕਟਰ ਹਨ। ਸਾਡੀ ਵੱਡੀ ਬੇਟੀ ਮਾਨਿਕਾ ਦਾ ਘਰ ਸਾਥੋਂ ਕੇਵਲ ਪੰਜ ਮੀਲ ਹੈ। ਨਿਸਚੇ ਹੀ ਉਹ ਉਸ ਵਕਤ ਸੁੱਤੀ ਹੋਈ ਸੀ। ਉਹ ਜਦੋਂ ਸਾਡੇ ਘਰ ਪਹੁੰਚੀ ਤਾਂ 11:05 ਹੋ ਗਏ ਸਨ। ਉਸ ਦੇ ਆਉਣ ਤਾਈਂ ਮੈਂ ਕੁਛ ਠੀਕ ਹੋ ਗਿਆ ਸਾਂ। ਉਸ ਨੇ ਮੇਰੀ ਸਿਹਤ ਚੈੱਕ ਕੀਤੀ; ਮੇਰੀ ਛੋਟੀ ਧੀ ਪੈਮਿਲਾ ਨਾਲ ਸਲਾਹ ਕਰ ਕੇ ਮੈਨੂੰ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿਚ ਲੈ ਜਾਣਾ ਮਿੱਥ ਲਿਆ। ਉਸ ਸਮੇਂ ਤੱਕ ਮੈਂ ਕੁਛ ਠੀਕ ਮਹਿਸੂਸ ਕਰਨ ਲੱਗ ਪਿਆ ਸਾਂ। ਸੋ ਮੈਂ ਆਪਣੇ ਕਮਰੇ ਵਿਚੋਂ, ਕਿਸੇ ਸਹਾਰੇ ਤੋਂ ਬਿਨਾ ਹੀ ਪੌੜੀਆਂ ਉੱਤਰਿਆ, ਮਾਨਿਕਾ ਦੀ ਕਾਰ ਵਿਚ ਜਾ ਬੈਠਾ ਅਤੇ ਬੈਲਟ ਲਾ ਲਈ। ਜਦੋਂ ਉਸ ਨੇ ਕਾਰ ਸਟਾਰਟ ਕੀਤੀ ਤਾਂ ਮੈਂ ਹੋਸ਼ ਵਿਚ ਸਾਂ ਪਰ ਕਾਰ ਤੁਰਨ ਤੋਂ ਪਹਿਲਾਂ ਹੀ ਮੈਂ ਫੇਰ ਬੇਹੋਸ਼ ਹੋ ਗਿਆ ਸਾਂ। ਮਾਨਿਕਾ ਨੇ ਬਾਅਦ ਵਿਚ ਦੱਸਿਆ ਕਿ ਪਹਿਲਾਂ ਤਾਂ ਮੈਂ ਪੰਜ-ਸੱਤ ਸਕਿੰਟ ਬਾਹਾਂ ਮਾਰਨ ਲੱਗ ਪਿਆ ਸਾਂ ਅਤੇ ਫੇਰ ਮੇਰਾ ਸਿਰ ਇਕ ਪਾਸੇ ਲੁਟਕ ਗਿਆ ਸੀ। ਉਹ ਮੈਨੂੰ ਕਹਿੰਦੀ ਰਹੀ, "ਡੈਡੀ! ਡੈਡੀ! ਵੇਕ ਅੱਪ!" ਉਸ ਨੇ ਦੱਸਿਆ ਕਿ ਮੈਨੂੰ ਦੋ ਮਿੰਟਾਂ ਪਿੱਛੋਂ ਹੋਸ਼ ਆਈ ਸੀ। ਮੇਰਾ ਜੀਅ ਖ਼ਰਾਬ ਹੋਣ ਲੱਗ ਪਿਆ; ਮੈਨੂੰ ਉਲਟੀ ਆ ਰਹੀ ਸੀ। ਮੈਂ ਮਾਨਿਕਾ ਨੂੰ ਕਾਰ ਸੜਕ ਦੇ ਇਕ ਪਾਸੇ ਕਰ ਕੇ ਰੋਕਣ ਲਈ ਕਿਹਾ ਪਰ ਉਸ ਨੇ ਕਾਰ ਨਾ ਰੋਕੀ। ਕਹਿੰਦੀ ਆਪਣੇ ਕੋਲ ਸਮਾਂ ਨਹੀਂ ਹੈ। ਮੈਨੂੰ ਤੌਲੀਆ ਫੜਾਉਂਦੀ ਨੇ ਕਿਹਾ ਕਿ ਉਲਟੀ ਮੈਂ ਕਾਰ ਵਿਚ ਹੀ ਕਰ ਲਵਾਂ। ਉਹ ਕਾਰ ਸਪੀਡ ਲਿਮਟ ਤੋਂ ਵੀ ਤੇਜ਼



*ਚਿੱਤਰਕਾਰ ਕਲੌਡ ਰੋਜਰਜ਼ ਦਾ 1952 ਵਿਚ ਬਣਾਇਆ ਮਰੀਜ਼ ਦਾ ਚਿੱਤਰ।*

***ਅਲਾਰਮ ਵੱਜਦਿਆਂ ਸਾਰ ਹੀ ਮੈਂ ਇਕਦਮ ਮਹਿਸੂਸ ਕੀਤਾ ਜਿਵੇਂ ਮੇਰੀ ਛਾਤੀ ਦੇ ਖੱਬੇ ਪਾਸੇ, ਦਿਲ ਤੋਂ ਉਤਾਂਹ ਦੀਆਂ ਪੱਸਲੀਆਂ ਉੱਤੇ, ਬਹੁਤ ਜ਼ੋਰ ਨਾਲ ਹਥੌੜਾ ਵੱਜਾ ਹੋਵੇ ਅਤੇ ਦਿਲ ਦਾ ਹੇਠਲਾ ਪਾਸਾ ਕਿਸੇ ਚੀਜ਼ ਨੇ ਘੁੱਟ ਲਿਆ ਹੋਵੇ। ਹਥੌੜੇ ਦੇ ਉਸ ਅਹਿਸਾਸ ਅਤੇ ਦਿਲ-ਘੁਟਣ ਦੀ ਪੀੜ ਏਨੀ ਸੀ ਕਿ ਮੈਂ ਕੁਰਲਾ ਉੱਠਿਆ ਸਾਂ। ਮਾਨਿਕਾ ਨੇ ਮੈਨੂੰ ਆਸਰਾ ਦੇਣ ਲਈ ਮੇਰਾ ਇਕ ਹੱਥ ਘੁੱਟ ਕੇ ਫੜ ਲਿਆ ਸੀ। ਨਿਸਚੇ ਹੀ ਮੈਨੂੰ ਉਸ ਦਾ ਬਹੁਤ ਆਸਰਾ ਮਹਿਸੂਸ ਹੁੰਦਾ ਸੀ। ਇਕ ਲਮਹੇ ਪਿੱਛੋਂ ਫੇਰ ਉਹੀ ਹਥੌੜਾ, ਫੇਰ ਉਹੀ ਦਰਦ; ਫੇਰ ਉਹੀ ਹਥੌੜਾ, ਫੇਰ ਉਹੀ ਦਰਦ। ਇਹ ਸਿਲਸਿਲਾ ਕਿੰਨਾ ਕੁ ਚਿਰ ਚੱਲਦਾ ਰਿਹਾ? ਮੈਂ ਕਹਿ ਨਹੀਂ ਸਕਦਾ ਪਰ ਸਮਾਂ ਭਾਵੇਂ ਕਿੰਨਾ ਵੀ ਥੋੜ੍ਹਾ ਸੀ, ਬਹੁਤ ਲੰਮਾ ਜਾਪਦਾ ਸੀ।***

ਚਲਾ ਰਹੀ ਸੀ, ਉਸ ਨੇ ਆਸੇ-ਪਾਸੇ ਵੇਖ ਕੇ ਦੋ ਵਾਰ ਲਾਲ ਬੱਤੀਆਂ ਵਿਚੋਂ ਵੀ ਕਾਰ ਲੰਘਾ ਲਈ ਸੀ।

ਜਦੋਂ ਅਸੀਂ ਐਮਰਜੈਂਸੀ ਵਿਭਾਗ ਦੇ ਬਾਹਰ ਪਹੁੰਚੇ ਤਾਂ 11:45 ਹੋ ਚੁੱਕੇ ਸਨ। ਮੈਂ ਕੁਛ ਹੋਸ਼ ਵਿਚ ਸਾਂ। ਮਾਨਿਕਾ ਛੇਤੀ-ਛੇਤੀ ਮੇਰੇ ਲਈ ਵ੍ਹੀਲ ਚੇਅਰ ਲੈ ਕੇ ਆਈ। ਚੇਅਰ ਵਿਚ ਬੈਠਦਿਆਂ ਹੀ ਮੈਂ ਉਸ ਨੂੰ ਕਿਹਾ, "ਫ਼ਿਊਨਰਲ ਸਮੇਂ ਮੇਰੇ ਉੱਤੇ ਮੇਰਾ ਪੀਐੱਚਡੀ ਵਾਲਾ ਗਾਊਨ ਪਾਈਂ।" ਉਹ ਕਹਿੰਦੀ, "ਨੋਅ ਡੈਡੀ, ਆਈ ਵੈਂਟ ਲੈੱਟ ਯੂ ਗੋ ਦੇਅਰ, ਨਾਅਟ ਸੈੱਟ। ਜਸਟ ਰੀਲੈਕਸ।" ਜਦੋਂ ਅਸੀਂ ਐਮਰਜੈਂਸੀ ਰੂਮ ਨੂੰ ਜਾ ਰਹੇ ਸਾਂ ਤਾਂ ਮਾਨਿਕਾ ਨੇ ਹਸਪਤਾਲ ਨੂੰ ਰਾਹ ਵਿਚੋਂ ਹੀ ਫ਼ੋਨ ਕਰ ਦਿੱਤਾ ਸੀ, ਉਹ ਵੀ ਆਪਣੇ ਮਰੀਜ਼ ਜਿਨ੍ਹਾਂ ਦੀ ਉਸ ਨੇ ਸਰਜਰੀ ਕਰਨੀ ਹੋਵੇ, ਓਸੇ ਹਸਪਤਾਲ ਵਿਚ ਦਾਖ਼ਲ ਕਰਦੀ ਹੈ।

ਐਮਰਜੈਂਸੀ ਰੂਮ ਵਿਚ ਸਾਰ ਮੈਂ ਵੇਖਿਆ ਤਾਂ ਸਾਹਮਣੀ ਕੰਧ ਨਾਲ ਚਾਰ ਮਸ਼ੀਨਾਂ ਪਈਆਂ ਸਨ ਅਤੇ ਹੋਰ ਵੀ ਕੁਛ ਡੀਵਾਈਸਾਂ ਸਨ। ਇਕ ਕੰਧ 'ਤੇ ਲਾਲ ਰੰਗ ਦੇ ਬੱਲਬਾਂ ਦੀ ਲੜੀ ਸੀ। ਮਾਨਿਕਾ ਦੀ ਜਾਣ-ਪਛਾਣ ਕਰ ਕੇ ਐਮਰਜੈਂਸੀ ਰੂਮ ਵਿਚ ਇਕ ਡਾਕਟਰ, ਪੰਜ ਨਰਸਾਂ ਅਤੇ ਦੋ ਟੈਕਨੀਕਲ ਬੰਦਿਆਂ ਦੀ ਟੀਮ ਪਹਿਲਾਂ ਹੀ ਹਾਜ਼ਰ ਸੀ। ਉਹਨਾਂ ਨੇ ਆਪਣੇ-ਆਪਣੇ ਕੰਮ ਵੰਡੇ ਹੋਏ ਸਨ। ਜਦੋਂ ਹੀ ਮੈਨੂੰ ਮੇਜ਼ 'ਤੇ ਪਾ ਲਿਆ ਗਿਆ, ਉਹ ਫੁਰਤੀ ਨਾਲ ਇਕੋ ਸਮੇਂ ਆਪਣਾ-ਆਪਣਾ ਕੰਮ ਕਰਨ ਲੱਗ ਪਏ। ਮੇਰਾ ਬੀ.ਪੀ. ਅਤੇ ਨਬਜ਼ ਦੀ ਗਤੀ ਵੇਖੀ ਜਾ ਰਹੇ ਸਨ; ਮੇਰੀ ਸੱਜੀ ਬਾਂਹ ਵਿਚ ਆਈ.ਵੀ. ਲਾਈ ਗਈ ਸੀ ਅਤੇ ਖੱਬੀ ਵਿਚ ਦੋ; ਟੈੱਸਟ ਕਰਨ ਲਈ ਬਲੱਡ ਲਿਆ ਜਾ ਰਿਹਾ ਸੀ; ਮੈਨੂੰ ਆਕਸੀਜਨ ਦਿੱਤੀ ਜਾ ਰਹੀ ਸੀ; ਇਕੋ ਸਮੇਂ ਟੈਂਪਰੇਚਰ, ਐਕਸ-ਰੇ, ਇਲੈੱਕਟਰੋਕਾਰਡੀਓਗਰਾਮ ਵੇਖਣ ਦਾ ਸਿਲਸਿਲਾ ਚੱਲ ਰਿਹਾ ਸੀ। ਇਲੈੱਕਟਰੋਕਾਰਡੀਓਗਰਾਮ ਨਬਜ਼ ਦੀ ਗਤੀ ਦਾ ਗ਼ਰਾਫ਼ ਬਣਾਈ ਜਾਂਦਾ ਸੀ ਜੋ ਨਾਲ ਦੀ ਨਾਲ, ਇਕ-ਇਕ ਪਲ ਪਿੱਛੋਂ, ਕਾਗਜ਼ 'ਤੇ ਪ੍ਰਿੰਟ ਹੋਈ ਜਾਂਦਾ ਸੀ। ਇਸ ਪ੍ਰਕਾਰ ਨਬਜ਼ ਜਾਂ ਹਾਰਟ ਬੀਟ ਭਾਵ ਦਿਲ ਦੀ ਧੜਕਨ ਦੀ ਗਤੀ ਦਾ ਪਤਾ ਲੱਗੀ ਜਾਂਦਾ ਸੀ। ਜਿੰਨੀ ਘੱਟ ਗਤੀ, ਓਨਾ ਹੀ ਵੱਧ ਖ਼ਤਰਾ। ਐਮਰਜੈਂਸੀ ਰੂਮ ਵਿਚ ਪਹੁੰਚਣ ਬਾਅਦ, ਤਿੰਨਾਂ ਕੁ ਮਿੰਟਾਂ ਪਿੱਛੋਂ ਅਲਾਰਮ ਵੱਜਣ ਲੱਗ ਪਿਆ ਅਤੇ ਕੰਧ 'ਤੇ ਲੱਗੇ ਲਾਲ ਰੰਗ ਦੇ ਬੱਲਬ ਛੇਤੀ-ਛੇਤੀ ਜਗਣ-ਬੁਝਣ ਲੱਗ ਪਏ।

ਮੈਨੂੰ ਅਗਲੇ ਦਿਨ ਪਤਾ ਲੱਗਾ ਕਿ ਅਲਾਰਮ ਮੈਨੂੰ ਖ਼ਤਰਾ ਵਧ ਜਾਣ ਕਰ ਕੇ ਵੱਜਣ ਲੱਗ ਪਿਆ ਸੀ ਤਾਂ ਕਿ ਜੇ ਕੋਈ ਹੋਰ ਡਾਕਟਰ ਜਾਂ ਨਰਸ ਨੇੜੇ ਹੋਣ ਤਾਂ ਉਹ ਵੀ ਆ ਜਾਣ। ਅਲਾਰਮ ਵੱਜਦਿਆਂ ਸਾਰ ਹੀ ਮੈਂ ਇਕਦਮ ਮਹਿਸੂਸ ਕੀਤਾ ਜਿਵੇਂ ਮੇਰੀ ਛਾਤੀ ਦੇ ਖੱਬੇ ਪਾਸੇ, ਦਿਲ ਤੋਂ ਉਤਾਂਹ ਦੀਆਂ ਪੱਸਲੀਆਂ ਉੱਤੇ, ਬਹੁਤ ਜ਼ੋਰ ਨਾਲ ਹਥੌੜਾ ਵੱਜਾ ਹੋਵੇ ਅਤੇ ਦਿਲ ਦਾ ਹੇਠਲਾ ਪਾਸਾ ਕਿਸੇ ਚੀਜ਼ ਨੇ ਘੁੱਟ ਲਿਆ ਹੋਵੇ। ਹਥੌੜੇ ਦੇ ਉਸ ਅਹਿਸਾਸ ਅਤੇ ਦਿਲ-ਘੁਟਣ ਦੀ ਪੀੜ ਏਨੀ ਸੀ ਕਿ ਮੈਂ ਕੁਰਲਾ ਉੱਠਿਆ ਸਾਂ। ਮਾਨਿਕਾ ਨੇ ਮੈਨੂੰ ਆਸਰਾ ਦੇਣ ਲਈ ਮੇਰਾ ਇਕ ਹੱਥ ਘੁੱਟ ਕੇ ਫੜ ਲਿਆ ਸੀ। ਨਿਸਚੇ ਹੀ ਮੈਨੂੰ ਉਸ ਦਾ ਬਹੁਤ ਆਸਰਾ ਮਹਿਸੂਸ ਹੁੰਦਾ ਸੀ। ਇਕ ਲਮਹੇ ਪਿੱਛੋਂ ਫੇਰ ਉਹੀ ਹਥੌੜਾ, ਫੇਰ ਉਹੀ ਦਰਦ; ਫੇਰ ਉਹੀ ਹਥੌੜਾ, ਫੇਰ ਉਹੀ ਦਰਦ। ਇਹ ਸਿਲਸਿਲਾ ਕਿੰਨਾ ਕੁ ਚਿਰ ਚੱਲਦਾ ਰਿਹਾ? ਮੈਂ ਕਹਿ ਨਹੀਂ ਸਕਦਾ ਪਰ ਸਮਾਂ ਭਾਵੇਂ ਕਿੰਨਾ ਵੀ ਥੋੜ੍ਹਾ ਸੀ, ਬਹੁਤ ਲੰਮਾ ਜਾਪਦਾ ਸੀ। ਮੈਂ ਮੈਡੀਕਲ ਟੀਮ ਨੂੰ ਉੱਚੀ ਆਵਾਜ਼ ਵਿਚ ਕਿਹਾ, "ਪਲੀਜ਼, ਗਿਵ ਮੀ ਪੇਨਕਿੱਲਰ।" ਪੇਨਕਿੱਲਰ ਤਾਂ ਉਹਨਾਂ ਨੇ ਪਹਿਲਾਂ ਹੀ ਦੇ ਦਿੱਤਾ ਸੀ ਪਰ ਉਸ ਦਾ ਅਜੇ ਅਸਰ ਨਹੀਂ ਸੀ ਹੋਇਆ। ਜਦੋਂ ਅਸਰ ਹੋਇਆ ਤਾਂ ਹਥੌੜੇ ਦੀ ਸੱਟ ਅਤੇ ਦਰਦ ਕੁਛ ਘਟ ਗਏ ਸਨ। ਉਸ ਪਿੱਛੋਂ ਜੋ ਹੋਇਆ, ਉਸ ਦਾ ਪਤਾ ਮੈਨੂੰ ਅਗਲੀ ਸਵੇਰ ਲੱਗਾ।

***ਐੱਨਸਥੀਸੀਆ ਦਾ ਨਸ਼ਾ ਲਹਿ ਗਿਆ ਅਤੇ ਮੈਨੂੰ ਹੋਸ਼ ਆਈ ਤਾਂ ਦੋ ਆਦਮੀ ਮੈਨੂੰ ਪਹੀਆਂ ਵਾਲੇ ਬੈੱਡ 'ਤੇ ਪਾ ਕੇ ਕਿਧਰੇ ਲਈ ਜਾ ਰਹੇ ਸਨ।... ਉਸ ਕਮਰੇ ਵਿਚ ਮੇਰੇ ਨਾਲ ਦੋ ਮਸ਼ੀਨਾਂ ਜੋੜ ਦਿੱਤੀਆਂ ਗਈਆਂ ਸਨ। ਇਕ ਲਗਾਤਾਰ ਮੇਰਾ ਬੀ.ਪੀ. ਅਤੇ ਨਬਜ਼ ਗਤੀ ਚੈੱਕ ਕਰੀ ਜਾਂਦੀ ਸੀ ਅਤੇ ਦੂਜੀ ਆਕਸੀਜਨ ਦੀ ਖਪਤ-ਦਰ। ਲੋੜ ਅਨੁਸਾਰ, ਨਰਸ ਸਮੇਂ ਸਿਰ ਦਵਾਈਆਂ ਦੇ ਦਿੰਦੀ ਸੀ। ਜਦੋਂ ਮੈਨੂੰ ਉਸ ਕਮਰੇ ਵਿਚ ਲਿਜਾਇਆ ਗਿਆ ਸੀ ਤਾਂ ਰਾਤ ਦੇ ਕੇਵਲ ਦੋ ਕੁ ਘੰਟੇ ਹੀ ਬਾਕੀ ਰਹਿੰਦੇ ਸਨ ਪਰ ਮੈਨੂੰ ਨੀਂਦ ਨਹੀਂ ਸੀ ਆਈ।***

ਐਮਰਜੈਂਸੀ ਰੂਮ ਵਿਚ ਜਦੋਂ ਮੇਰੇ ਹਥੌੜਾ ਜਿਹਾ ਵੱਜਣ ਲੱਗਾ ਸੀ ਤਾਂ ਉਸ ਸਮੇਂ ਮੇਰੇ ਦਿਲ ਦੀ ਧੜਕਣ ਰੁਕ ਗਈ ਸੀ। ਡਾਕਟਰਾਂ ਅਨੁਸਾਰ ਮੇਰੀ ਸਥਿਤੀ ਕੰਪਲੀਟ ਹਾਰਟ ਬਲਾਕ ਸੀ। ਸੋ ਧੜਕਣ ਬਹਾਲ ਕਰਨ ਲਈ ਡਾਕਟਰ ਮੇਰੇ ਦਿਲ ਨੂੰ ਬਿਜਲੀ ਦੇ ਸ਼ੌਕ ਦੇ ਰਹੇ ਸਨ। ਉਹ ਇਕ ਜੰਤਰ ਨਾਲ ਬਹੁਤ ਹੀ ਥੋੜ੍ਹੇ-ਥੋੜ੍ਹੇ ਵਕਫ਼ੇ ਪਿੱਛੋਂ, ਬਿਜਲੀ ਦਾ ਕਰੰਟ ਲਾਈ ਜਾਂਦੇ ਸਨ ਜੋ ਮੈਨੂੰ ਹਥੌੜਾ ਵੱਜਣ ਵਾਂਗ ਲੱਗਦਾ ਸੀ- ਮੈਨੂੰ ਨਵੀਂ ਜ਼ਿੰਦਗੀ ਦੇਣ ਵਾਲਾ ਹਥੌੜਾ।

ਕੁਛ ਚਿਰ ਪਿੱਛੋਂ ਮੈਨੂੰ ਐੱਨਸਥੀਸੀਆ ਦਿੱਤਾ ਗਿਆ ਜਿਸ ਨਾਲ ਲਗਭਗ ਤਿੰਨ ਘੰਟਿਆਂ ਲਈ ਮੇਰੀ ਹੋਂਦ ਸੌਂ ਗਈ ਸੀ। ਐੱਨਸਥੀਸੀਆ ਦੇ ਅਸਰ ਹੇਠ ਦਰਦ ਮੇਰੇ ਜਿਸਮ ਵਿਚ ਰਜਿਸਟਰ ਨਹੀਂ ਸੀ ਹੋ ਰਿਹਾ। ਉਸ ਸਥਿਤੀ 'ਚੋਂ ਮੈਂ ਬਾਹਰ ਕਦੋਂ ਆਇਆ? ਅਗਲੇ ਦਿਨ ਸਵੇਰ ਦੇ ਪੌਣੇ ਚਾਰ ਵਜੇ ਮੈਨੂੰ ਹੋਸ਼ ਆਈ ਸੀ।

ਐਮਰਜੈਂਸੀ ਰੂਮ ਦੇ ਡਾਕਟਰਾਂ ਅਤੇ ਮੈਡੀਕਲ ਟੀਮ ਨੇ ਮੇਰੇ ਓਥੇ ਪਹੁੰਚਣ ਸਮੇਂ ਹੀ ਜਾਣ ਲਿਆ ਸੀ ਕਿ ਸਿਲਸਿਲਾ ਮੇਰੇ ਦਿਲ ਵਿਚਲੀ ਕੁਦਰਤੀ ਬਣਦੀ ਬਿਜਲੀ ਵਿਚ ਕਿਸੇ ਨੁਕਸ ਸੀ ਜਿਸ ਦਾ ਕਰੰਟ ਪਲ-ਪਲ ਪਿੱਛੋਂ ਦਿਲ ਦੇ ਚੈਂਬਰਾਂ ਨਾਲ ਲੱਗ ਕੇ ਨਬਜ਼ ਚਲਾਉਂਦਾ ਹੈ; ਜਾਂ ਤਾਂ ਬਿਜਲੀ ਠੀਕ ਮਿਕਦਾਰ ਵਿਚ ਨਹੀਂ ਬਣ ਰਹੀ ਜਾਂ ਉਸ ਦੇ ਪ੍ਰਵਾਹ ਵਿਚ ਰੁਕਾਵਟ ਆ ਰਹੀ ਸੀ। ਇਹ ਠੀਕ ਕਰਨ ਲਈ ਮੈਨੂੰ ਸਰਜਰੀ ਦੀ ਅਤੇ ਕਾਰਡੀਆਲੌਜਿਕ ਸਰਜਨ ਦੀ ਤਤਪਰ ਲੋੜ ਸੀ ਪਰ ਐਮਰਜੈਂਸੀ ਰੂਮ ਵਿਚ ਕੋਈ ਸਪੈਸ਼ਲਿਸਟ ਡਾਕਟਰ ਨਹੀਂ ਹੁੰਦਾ। ਜਿਸ ਤਰ੍ਹਾਂ ਦੇ ਸਪੈਸ਼ਲਿਸਟ ਦੀ ਲੋੜ ਹੋਵੇ, ਉਹ ਬੁਲਾ ਲੈਂਦੇ ਹਨ। ਸੋ ਉਹਨਾਂ ਕਾਰਡੀਆਲੌਜਿਸਟ ਬੁਲਾ ਲਿਆ ਜਿਸ ਦੀਆਂ ਸੇਵਾਵਾਂ ਹਸਪਤਾਲ ਨੇ ਪਹਿਲਾਂ ਹੀ ਮਨਜ਼ੂਰ ਕੀਤੀਆਂ ਸਨ। ਕਾਰਡੀਆਲੌਜਿਸਟ ਨੂੰ ਐਮਰਜੈਂਸੀ ਰੂਮ ਵਿਚ ਪਹੁੰਚਣ ਲਈ ਘੱਟੋ-ਘੱਟ ਅੱਧਾ ਘੰਟਾ ਲੱਗ ਗਿਆ ਹੋਵੇਗਾ। ਉਸ ਨੇ ਮੇਰੀ ਨਬਜ਼ ਗਤੀ ਅਤੇ ਦਿਲ ਦੀ ਧੜਕਣ ਤੇਜ਼ ਕਰਨ ਲਈ ਕੋਈ ਸਰਜੀਕਲ ਪ੍ਰੋਸੀਜਰ ਕਰਨਾ ਸੀ ਜਿਸ ਨਾਲ ਬਿਜਲੀ ਦਾ ਕਰੰਟ ਦਿਲ ਦੇ ਚੈਂਬਰਾਂ ਤਾਈਂ ਠੀਕ ਸਮੇਂ ਪਹੁੰਚਣ ਲੱਗ ਜਾਣਾ ਸੀ ਤਾਂ ਕਿ ਜਦੋਂ ਵੀ ਗਤੀ ਹੌਲ਼ੀ ਹੋ ਜਾਣੀ ਸੀ ਤਾਂ ਉਸ ਨੂੰ ਤੇਜ਼ ਕਰਨ ਲਈ ਦਿਲ ਨੂੰ ਆਪਣੇ ਆਪ ਕਰੰਟ ਲੱਗ ਜਾਣਾ ਸੀ। ਇਹ ਸਾਰਾ ਸਮਾਂ ਮੈਂ ਐੱਨਸਥੀਸੀਏ ਨਾਲ ਸ਼ਰਾਬੀ ਹੋਇਆ ਮਸਤ ਰਿਹਾ ਸਾਂ।

ਇਸ ਪ੍ਰੋਸੀਜਰ ਲਈ ਸਰਜਨ ਨੇ ਮੇਰੀ ਧੌਣ ਦੀ ਇਕ ਨਾੜੀ (ਵੇਨ) ਰਤਾ ਕੁ ਕੱਟ ਕੇ ਉਸ ਵਿਚੋਂ ਇਕ ਬਾਰੀਕ ਤਾਰ ਪਾ ਕੇ ਉਸ ਦਾ ਇਕ ਸਿਰਾ ਦਿਲ ਨਾਲ ਜੋੜਨਾ ਸੀ ਅਤੇ ਦੂਜਾ ਵਿਸ਼ੇਸ਼ ਡੀਵਾਈਸ ਨਾਲ ਜੋ ਮੇਰੇ ਜਿਸਮ ਦੇ ਬਾਹਰ, ਦਿਲ ਵਾਲੇ ਪਾਸੇ, ਸਕਿਨ ਉੱਪਰ ਲਾਉਣੀ ਸੀ ਪਰ ਐਮਰਜੈਂਸੀ ਰੂਮ ਵਿਚ ਕੇਵਲ ਆਰਜ਼ੀ ਆਪਰੇਸ਼ਨ ਹੀ ਕੀਤਾ ਜਾ ਸਕਦਾ ਸੀ। ਸੋ ਸਰਜਨ ਨੇ ਤਾਰ, ਸੱਚੀਮੁੱਚੀ ਦੀ ਤਾਰ, ਜੋ ਟਾਈਟੇਨੀਅਮ ਧਾਤ ਦੀ ਸੀ, ਦਾ ਇਕ ਪਾਸਾ ਵੇਨ ਵਿਚ ਪਰੋ ਕੇ, ਉਸ ਨੂੰ ਹੌਲ਼ੀ-ਹੌਲ਼ੀ ਦਿਲ ਨਾਲ ਜੋੜਨਾ ਸੀ ਪਰ ਇਸ ਪ੍ਰਕਾਰ ਦਾ ਆਪਰੇਸ਼ਨ ਐਮਰਜੈਂਸੀ ਰੂਮ ਵਿਚ ਨਹੀਂ ਕੀਤਾ ਜਾ ਸਕਦਾ ਸੀ। ਉਂਝ ਉਸ ਰੂਮ ਵਿਚ ਕਾਰਡੀਆਲੌਜਿਸਟ ਨੇ ਕਿਸੇ ਤਰ੍ਹਾਂ ਨਬਜ਼ ਗਤੀ ਸਥਿਰ ਕਰ ਦਿੱਤੀ ਸੀ ਪਰ ਇਹ ਸਾਰਾ ਪ੍ਰਬੰਧ ਆਰਜ਼ੀ ਸੀ, ਇਕ-ਦੋ ਦਿਨਾਂ ਲਈ।

ਜਦੋਂ ਐੱਨਸਥੀਸੀਆ ਦਾ ਨਸ਼ਾ ਲਹਿ ਗਿਆ ਅਤੇ ਮੈਨੂੰ ਹੋਸ਼ ਆਈ ਤਾਂ ਦੋ ਆਦਮੀ ਮੈਨੂੰ ਪਹੀਆਂ ਵਾਲੇ ਬੈੱਡ 'ਤੇ ਪਾ ਕੇ ਕਿਧਰੇ ਲਈ ਜਾ ਰਹੇ ਸਨ। ਮੈਂ ਪੁੱਛਿਆ, "ਆਰ ਯੂ ਟੇਕਿੰਗ ਮੀ ਫ਼ਾਰ ਐਨ ਆਪਰੇਸ਼ਨ?" ਇਕ ਬੰਦੇ ਨੇ ਜਵਾਬ ਦਿੱਤਾ, "ਯੂ ਵਰ ਟੈਂਪ੍ਰੇਰੇਲੀ ਟੇਕਨ ਕੇਅਰ ਔਫ਼ ਇਨ ਦੀ ਐਮਰਜੈਂਸੀ ਰੂਮ। ਨਾਓ ਵੀ ਆਰ ਟੇਕਿੰਗ ਯੂ ਟੂ ਐਨ ਇਨਟੈਂਸਿਵ ਕੇਅਰ ਯੂਨਿਟ।" ਸੋ ਉਹ ਮੈਨੂੰ ਇਕ ਵਿਸ਼ੇਸ਼ ਕਮਰੇ ਵਿਚ ਲੈ ਗਏ। ਜਿੰਨਾ ਚਿਰ ਮੈਂ ਹਸਪਤਾਲ ਵਿਚ ਸਾਂ, ਉਸੇ ਕਮਰੇ ਵਿਚ ਹੀ ਰਿਹਾ ਸਾਂ। ਅਜਿਹੇ ਕਮਰੇ ਵਿਚ ਕੇਵਲ ਗੰਭੀਰ ਹਾਲਤ ਵਾਲੇ ਮਰੀਜ਼ ਹੀ ਰੱਖੇ ਜਾਂਦੇ ਹਨ। ਉਹਨਾਂ ਦੀ ਦੇਖ-ਭਾਲ ਲਈ ਨਰਸ ਚੌਵੀ ਘੰਟੇ ਡਿਊਟੀ 'ਤੇ ਰਹਿੰਦੀ ਹੈ। ਉਸ ਕਮਰੇ ਵਿਚ ਮੇਰੇ ਨਾਲ ਦੋ ਮਸ਼ੀਨਾਂ ਜੋੜ ਦਿੱਤੀਆਂ ਗਈਆਂ ਸਨ। ਇਕ ਲਗਾਤਾਰ ਮੇਰਾ ਬੀ.ਪੀ. ਅਤੇ ਨਬਜ਼ ਗਤੀ ਚੈੱਕ ਕਰੀ ਜਾਂਦੀ ਸੀ ਅਤੇ ਦੂਜੀ ਆਕਸੀਜਨ ਦੀ ਖਪਤ-ਦਰ। ਲੋੜ ਅਨੁਸਾਰ, ਨਰਸ ਸਮੇਂ ਸਿਰ ਦਵਾਈਆਂ ਦੇ ਦਿੰਦੀ ਸੀ। ਜਦੋਂ ਮੈਨੂੰ ਉਸ ਕਮਰੇ ਵਿਚ ਲਿਜਾਇਆ ਗਿਆ ਸੀ ਤਾਂ ਰਾਤ ਦੇ ਕੇਵਲ ਦੋ ਕੁ ਘੰਟੇ ਹੀ ਬਾਕੀ ਰਹਿੰਦੇ ਸਨ ਪਰ ਮੈਨੂੰ ਨੀਂਦ ਨਹੀਂ ਸੀ ਆਈ।

ਸ਼ੁੱਕਰਵਾਰ 21 ਅਕਤੂਬਰ ਨੂੰ ਸਵੇਰ ਦੇ ਸਾਢੇ ਸੱਤ ਵਜੇ ਹੀ ਮੇਰੇ ਟੈੱਸਟ ਫੇਰ ਸ਼ੁਰੂ ਹੋ ਗਏ। ਬਲੱਡ ਟੈੱਸਟ, ਐਕਸ-ਰੇ, ਯੂਰਿਨ ਟੈੱਸਟ, ਇਲੈੱਕਟਰੋਕਾਰਡੀਓਗਰਾਮ। ਬਾਅਦ ਦੁਪਹਿਰ ਦੋ ਵਜੇ ਮੇਰੇ ਪਰਮਾਨੈਂਟ ਪੇਸਮੇਕਰ ਪੈਣਾ ਸੀ। ਪੇਸਮੇਕਰ ਨੂੰ ਪਲੱਸ ਜੈਨਰੇਟਰ ਵੀ ਕਿਹਾ ਜਾਂਦਾ ਹੈ। ਇਹ ਅਜਿਹੀ ਡੀਵਾਈਸ ਹੈ ਜੋ ਹਰ ਵਕਤ ਨਬਜ਼ ਦੀ ਗਤੀ ਮਾਨੀਟਰ ਕਰਦੀ ਰਹਿੰਦੀ ਹੈ। ਜੇ, ਜਾਂ ਜਦੋਂ ਨਬਜ਼ ਦੀ ਗਤੀ ਘਟ ਜਾਵੇ ਤਾਂ ਪੇਸਮੇਕਰ ਦਿਲ ਨੂੰ ਕਰੰਟ ਲਾ ਕੇ ਨਬਜ਼ ਦੀ ਗਤੀ ਤੇਜ਼ ਕਰ ਦਿੰਦਾ ਹੈ।

ਸ਼ੁੱਕਰਵਾਰ ਦੋ ਵਜੇ ਮੇਰਾ ਆਪਰੇਸ਼ਨ ਕਰ ਕੇ ਪਰਮਾਨੈਂਟ ਪੇਸਮੇਕਰ ਪਾਉਣਾ ਸੀ। ਸਰਜਨ ਲਈ ਸਾਰਾ ਸਿਲਸਿਲਾ ਪਹਿਲਾਂ ਤਿਆਰ ਕਰਨ ਲਈ ਮੈਨੂੰ ਆਪਰੇਸ਼ਨ ਥੀਏਟਰ ਵਿਚ ਇਕ ਵਜੇ ਲਿਜਾਇਆ ਗਿਆ। ਓਥੇ ਮੇਰੇ ਨਾਲ ਦੋ ਮਸ਼ੀਨਾਂ ਜੋੜੀਆਂ ਗਈਆਂ। ਇਕ ਨਰਸ ਮੈਨੂੰ ਕਹਿੰਦੀ, "ਮੈਂ ਤੇਰੇ ਦੋਹਾਂ ਹੱਥਾਂ ਵਿਚ ਬਰੇਸਲੈੱਟ ਭਾਵ ਕੰਗਣ ਪਾਉਣੇ ਹਨ।" ਮੈਂ

***(ਬਾਕੀ ਅਗਲੇ ਸਫੇ 'ਤੇ)***

# ਕੇਜਰੀਵਾਲ ਦੀ ਗ੍ਰਿਫਤਾਰੀ ਅਤੇ ਸਿਆਸੀ ਦਾਅ-ਪੇਚ

*ਜਿਹੜਾ ਕੇਸ ਡੇਢ ਸਾਲ ਤੋਂ ਚਲਿਆ ਆ ਰਿਹਾ ਸੀ, ਉਸ ਕੇਸ ਵਿਚ ਕਿਸੇ ਮੁੱਖ ਮੰਤਰੀ ਨੂੰ ਚੋਣ ਪ੍ਰਕਿਰਿਆ ਸ਼ੁਰੂ ਹੋਣ ਮਗਰੋਂ ਗ੍ਰਿਫ਼ਤਾਰ ਕਰਨ ਦੀ ਕਾਹਲ ਦੀ ਉੱਕਾ ਲੋੜ ਨਹੀਂ ਸੀ। ਇਸ ਦਾ ਮਤਲਬ ਕੇਜਰੀਵਾਲ ਜਾਂ 'ਆਪ' ਨੂੰ ਕਲੀਨ ਚਿੱਟ ਦੇਣਾ ਬਿਲਕੁਲ ਨਹੀਂ ਹੈ ਜੋ 100 ਕਰੋੜ ਰੁਪਏ ਦੀ ਰਿਸ਼ਵਤ ਹਾਸਲ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹੋ ਵੀ ਸਕਦੇ ਹਨ ਜਾਂ ਨਹੀਂ ਵੀ ਹੋ ਸਕਦੇ। ਮਸਲਾ ਗ੍ਰਿਫ਼ਤਾਰੀ ਦੇ ਸਮੇਂ ਦਾ ਹੈ।*

ਪਿਛਲੇ ਦੋ ਦਹਾਕਿਆਂ ਤੋਂ ਮੈਂ ਅਰਵਿੰਦ ਕੇਜਰੀਵਾਲ ਨੂੰ ਕਰੀਬ ਤੋਂ ਵਾਚਿਆ ਹੈ ਜਦੋਂ ਉਹ ਪਟਪੜਗੰਜ ਵਿਚ ਛੋਟੇ ਜਿਹੇ ਦੁਕਾਨ ਨੁਮਾ ਦਫ਼ਤਰ ਵਿਚ ਛੋਟੇ ਜਿਹੇ ਕਾਰਕੁਨ ਹੁੰਦੇ ਸਨ ਤੇ ਫਿਰ ਉਹ ਮੁੱਖ ਮੰਤਰੀ ਬਣ ਕੇ ਉੱਥੋਂ ਫਲੈਗਸਟਾਫ ਰੋਡ 'ਤੇ ਮਹਿਲਨੁਮਾ ਬੰਗਲੇ ਵਿਚ ਪਹੁੰਚ ਗਏ। ਗ਼ੈਰ-ਸਿਆਸੀ ਸਮਾਜਿਕ ਕਾਰਕੁਨ ਦੇ ਤੌਰ 'ਤੇ ਪੂਰਬੀ ਦਿੱਲੀ ਦੀ ਮਜ਼ਦੂਰ ਕਾਲੋਨੀ ਵਿਚ ਸਰਕਾਰੀ ਸਬਸਿਡੀ ਵਾਲਾ ਰਾਸ਼ਨ ਪੁੱਜਦਾ ਕਰਨ ਵਿਚ ਉਨ੍ਹਾਂ ਦੀ ਦਿਆਨਤਦਾਰੀ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਕਾਰਗਰ ਬਣਾਉਣ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਵਾਕਈ ਪ੍ਰਸ਼ੰਸਾਯੋਗ ਹੈ। ਦਿੱਲੀ ਵਿਚ ਵਿਸ਼ਵ ਬੈਂਕ ਦੀ ਸਕੀਮ ਤਹਿਤ

ਰਾਜੇਸ਼ ਰਾਮਚੰਦਰਨ

ਪੀਣ ਵਾਲੇ ਪਾਣੀ ਦੀ ਸਪਲਾਈ ਦੇ ਨਿੱਜੀਕਰਨ ਦੀ ਕੋਸ਼ਿਸ਼ ਨੂੰ ਬੇਨਕਾਬ ਕਰਨ ਲਈ ਦਸਤਾਵੇਜ਼ ਇਕੱਤਰ ਕਰਨ ਵਾਸਤੇ ਉਨ੍ਹਾਂ ਦੀ ਖਟਾਰਾ ਜਿਹੀ ਮਾਰੂਤੀ 800 ਕਾਰ ਵਿਚ ਬੈਠ ਕੇ ਦਿੱਲੀ ਦੇ ਚੱਕਰ ਕੱਟਣ ਵਿਚ ਵੀ ਮਜ਼ਾ ਆਉਂਦਾ ਸੀ।

ਜਾਣਕਾਰੀ ਦੇ ਅਧਿਕਾਰ ਰਾਹੀਂ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੀ ਮੰਗ ਲਈ ਲੜਨ ਵਾਲੇ ਕਾਰਕੁਨ ਵਜੋਂ ਉਨ੍ਹਾਂ ਦੇ ਵਿਕਾਸ ਦੀ ਬੇਮਿਸਾਲ ਪਰਵਾਜ਼ ਉਦੋਂ ਸਿਖਰ 'ਤੇ ਪਹੁੰਚ ਗਈ ਜਦੋਂ ਉਨ੍ਹਾਂ ਆਪਣੀ ਕਾਰਕੁਨ ਪੂੰਜੀ ਤਜ ਕੇ ਸਿਆਸੀ ਕਰੀਅਰ ਦੀ ਚੋਣ ਕਰ ਲਈ ਜਿਸ ਨਾਲ ਯੂਪੀਏ ਸਰਕਾਰ ਦੇ ਪਤਨ ਦੀ ਇਬਾਰਤ ਲਿਖੀ ਗਈ। ਯੂਪੀਏ ਨੇ 2009 ਵਿਚ ਵਿਰੋਧੀ ਧਿਰ ਭਾਜਪਾ ਦੀ ਛੰਗਾਈ ਕਰ ਕੇ ਸੱਤਾ ਮੁੜ ਹਾਸਲ ਕੀਤੀ ਸੀ। ਦੂਜੀ ਵਾਰ ਚੋਣ ਜਿੱਤ ਕੇ ਸੱਤਾ ਵਿਚ ਆਈ ਸਰਕਾਰ ਨੂੰ ਨਵੇਂ ਕਿਸਮ ਦੀ ਸਿਆਸੀ ਸਰਗਰਮੀ ਰਾਹੀਂ ਹੀ ਬਦਨਾਮ ਕੀਤਾ ਜਾ ਸਕਦਾ ਸੀ। ਕੇਜਰੀਵਾਲ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੇ ਉਹ ਮੰਚ ਮੁਹੱਈਆ ਕਰਵਾ ਦਿੱਤਾ ਜਿੱਥੇ ਰਾਲੇਗਾਓਂ ਦੇ ਕਿਸਾਨ ਬਾਬੂਰਾਓ ਹਜ਼ਾਰੇ ਨੇ ਗਾਂਧੀ ਦੀ ਭੂਮਿਕਾ ਨਿਭਾਈ ਤੇ ਟੀਵੀ ਦੇ ਦਰਸ਼ਕਾਂ ਨੂੰ ਨਵਾਂ ਮਸੀਹਾ ਮਿਲ ਗਿਆ।

ਪਰਦੇ ਪਿੱਛੇ ਕੇਜਰੀਵਾਲ ਭਾਜਪਾ ਪੱਖੀ ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਨਾਲ ਕਾਨਫਰੰਸਾਂ ਵਿਚ ਸ਼ਿਰਕਤ ਕਰਦੇ ਸਨ ਅਤੇ ਪਹਿਲੀ ਵਾਰ ਸੋਸ਼ਲ ਮੀਡੀਆ 'ਤੇ ਸਿਆਸਤ ਚਲਾਈ ਜਾ ਰਹੀ ਸੀ। ਉਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰਾਂ ਦਾ ਵੀ ਕੋਈ ਸੋਸ਼ਲ ਮੀਡੀਆ ਖਾਤਾ ਨਹੀਂ ਸੀ, ਕੋਈ ਝੂਠਾ ਜਾਂ ਬਦਲਵਾਂ ਸਿਆਸੀ ਬਿਰਤਾਂਤ ਸਿਰਜਣਾ ਤਾਂ ਬਹੁਤ ਦੂਰ ਦੀ ਗੱਲ ਸੀ। ਛੇਤੀ ਹੀ ਕੇਜਰੀਵਾਲ ਸੋਸ਼ਲ ਮੀਡੀਆ ਅਤੇ ਮੁੱਖ ਧਾਰਾ ਮੀਡੀਆ 'ਤੇ ਜਨ ਧਾਰਨਾ/ਪ੍ਰਸੈਪਸ਼ਨ ਮੈਨੇਜਮੈਂਟ ਦੇ ਉਸਤਾਦ ਵਜੋਂ ਉਭਰ ਕੇ ਸਾਹਮਣੇ ਆਏ। ਜਿਹੜੇ ਲੋਕ ਖਰੀਦੇ ਨਹੀਂ ਜਾ ਸਕਦੇ ਸਨ, ਉਨ੍ਹਾਂ ਦੇ ਮਨ ਵਿਚ ਉਨ੍ਹਾਂ ਉਮੀਦ ਦੀ ਕਿਰਨ ਜਗਾਈ ਅਤੇ ਜਿਹੜੇ ਲੋਕ ਸਰਕਾਰ ਨੂੰ ਡੇਗਣਾ ਚਾਹੁੰਦੇ ਸਨ, ਉਨ੍ਹਾਂ ਨਾਲ ਨਾਤਾ ਗੰਢ ਲਿਆ; ਤੇ ਇਹ ਗੱਲ ਉਸ ਵੇਲੇ ਵਿਰੋਧੀ ਧਿਰ ਵਿਚ ਬੈਠੀ ਭਾਜਪਾ ਨੂੰ ਬਹੁਤ ਰਾਸ ਆਈ।

2013 ਵਿਚ ਦਿੱਲੀ ਦੀਆਂ ਚੋਣਾਂ ਵਿਚ ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਨੇ ਜ਼ਮੀਨੀ ਪੱਧਰ 'ਤੇ ਜਥੇਬੰਦਕ ਢਾਂਚੇ ਤੋਂ ਵਿਰਵੀ ਜਨ ਧਾਰਨਾ ਦੀ ਸਿਆਸਤ ਦੇ ਕਾਰਗਰ ਹੋਣ ਨੂੰ ਸਿੱਧ ਕੀਤਾ। ਦਰਅਸਲ, ਆਰ.ਐੱਸ.ਐੱਸ. ਦੇ ਕੇਡਰ ਨੇ ਹਜ਼ਾਰੇ-ਕੇਜਰੀਵਾਲ ਦੇ ਪ੍ਰਦਰਸ਼ਨਾਂ ਲਈ ਹਮਾਇਤ ਜੁਟਾਉਣ ਵਿਚ ਕਾਫ਼ੀ ਜ਼ੋਰ ਲਗਾਇਆ ਸੀ ਪਰ ਚੁਣਾਵੀ ਜਿੱਤ ਦਾ ਸਿਹਰਾ ਸਿਰਫ਼ ਕੇਜਰੀਵਾਲ ਸਿਰ ਬੱਝਿਆ; ਤੇ ਉਨ੍ਹਾਂ ਪਾਰਟੀ ਅਤੇ ਨਵੀਂ-ਨਵੀਂ ਮਿਲੀ ਸੱਤਾ ਵਿਚ ਆਪਣੇ ਉਨ੍ਹਾਂ ਸਾਥੀਆਂ ਨੂੰ ਸ਼ਰੀਕ ਕਰਨ ਤੋਂ ਇਨਕਾਰ ਕਰ ਦਿੱਤਾ ਜਿਨ੍ਹਾਂ ਨੇ ਪਾਰਟੀ ਨੂੰ ਉਸਾਰਨ ਵਿਚ ਮਦਦ ਕੀਤੀ ਸੀ। ਉਸ ਲਿਹਾਜ਼ ਤੋਂ ਉਨ੍ਹਾਂ ਨੂੰ ਸੱਤਾ ਦੇ ਗਤੀਮਾਨਾਂ ਦੀ ਗਹਿਰੀ ਸਮਝ ਸੀ ਜਿਸ ਨੂੰ ਉਨ੍ਹਾਂ ਪਾਰਟੀ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਵਾਰ-ਵਾਰ ਅਤੇ ਬਾਅਦ ਵਿਚ ਪੰਜਾਬ ਦੀਆਂ ਚੋਣਾਂ ਜਿੱਤ ਕੇ ਸਿੱਧ ਕੀਤਾ। ਉਹ ਮੌਜੂਦਾ ਸੱਤਾ ਢਾਂਚੇ ਅੰਦਰ ਵੱਡੇ ਥੰਮ੍ਹਾਂ ਦਾ ਭਰੋਸੇਮੰਦ ਬਦਲ ਬਣ ਸਕਦੇ ਸਨ।

ਇਕ ਲਿਹਾਜ਼ ਤੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਚਮਤਕਾਰੀ ਸਨ। ਉਹ ਸੰਘ ਪਰਿਵਾਰ ਦਾ ਹਿੱਸਾ ਬਣ ਕੇ ਯੂਪੀਏ ਸਰਕਾਰ ਨੂੰ ਡੇਗਣ ਦਾ ਸੌਖਾ ਰਾਹ ਚੁਣ ਸਕਦੇ ਸਨ। ਉਨ੍ਹਾਂ ਦਾ ਸਮਾਜਿਕ ਏਜੰਡਾ ਹਮੇਸ਼ਾ ਹਿੰਦੂਤਵ ਪ੍ਰਤੀ ਉਲਾਰ ਰਿਹਾ ਹੈ ਅਤੇ ਉਹ ਪਹਿਲੇ ਗ਼ੈਰ-ਭਾਜਪਾ ਮੁੱਖ ਮੰਤਰੀ ਸਨ ਜੋ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਰਾਮ ਮੰਦਰ ਵਿਚ ਮੱਥਾ ਟੇਕਣ ਗਏ। ਕੇਜਰੀਵਾਲ ਖਰੇ ਸਿਆਸੀ ਉੱਦਮੀ ਹਨ ਜਿਨ੍ਹਾਂ ਦਾ ਆਪਣੇ ਸਟਾਰਟਅੱਪ ਵਿਚ ਬੇਹੱਦ ਭਰੋਸਾ ਹੈ। ਉਨ੍ਹਾਂ ਦੀ ਆਮ ਆਦਮੀ ਪਾਰਟੀ ਵੱਡੀ ਮੱਲ ਮਾਰਨ ਵਾਲੀ (ਡੈਕਾਕੋਰਨ) ਇਕਲੌਤੀ ਪਾਰਟੀ ਹੈ (ਬਿਨਾਂ ਸ਼ੱਕ ਕਿਸੇ ਸਿਆਸੀ ਉਦਮ ਨੂੰ ਕਾਰੋਬਾਰੀ ਲਿਹਾਜ਼ ਤੋਂ ਨਹੀਂ ਮਾਪਿਆ ਜਾ ਸਕਦਾ) ਜੋ ਪ੍ਰਤੀਰੋਧ ਦੀ ਸਿਆਸਤ ਅਤੇ ਨਵੀਂ ਦਹਿਸਦੀ ਵਿਚ ਸੋਸ਼ਲ ਮੀਡੀਆ 'ਚੋਂ ਉਭਰੀ ਸੀ ਅਤੇ ਉਹ ਉਚ ਦੁਮਾਲੜੀ ਸਭਾ ਵਿਚ ਆਪਣੀ ਕੁਰਸੀ ਡਹਾਉਣ ਦਾ ਕੋਈ ਮੌਕਾ ਨਹੀਂ ਖੁੰਝਣ ਦੇਣ ਜਾ ਰਹੇ। ਉਹ ਨਵੀਂ ਉਚ ਦੁਮਾਲੜੀ ਸਭਾ ਸਿਰਜਣ ਜਾ ਰਹੇ ਹਨ ਅਤੇ ਇਹੀ ਉਨ੍ਹਾਂ ਦਾ ਆਤਮ-ਵਿਸ਼ਵਾਸ ਬਣਿਆ ਰਿਹਾ ਹੈ।

ਇਸ ਅਜੇਤੂ ਸਟਾਰਟਅੱਪ ਦੇ ਸਾਰੇ ਬਾਨੀ ਉਦੋਂ ਨਾਕਾਮ ਹੋ ਗਏ ਜਦੋਂ ਆਤਮ-ਵਿਸ਼ਵਾਸ ਉਪਰ ਸਮਾਜਿਕ ਹਕੀਕਤਾਂ ਜਾਂ ਜਿਨ੍ਹਾਂ ਨੂੰ ਮਾਰਕਸਵਾਦੀ ਠੋਸ ਹਾਲਤਾਂ ਕਹਿੰਦੇ ਹਨ, ਭਾਰੂ ਪੈ ਗਈਆਂ। ਆਪ ਦਾ ਇਕਮਾਤਰ ਵੋਟਾਂ ਖਿੱਚਣ ਵਾਲਾ ਨਾਅਰਾ (ਯੂ.ਐੱਸ.ਪੀ.) ਭ੍ਰਿਸ਼ਟਾਚਾਰ ਵਿਰੋਧੀ ਸਟੈਂਡ ਸੀ ਜਿਸ 'ਤੇ ਖਲੋ ਕੇ ਇਹ ਚੰਗੇ ਸ਼ਾਸਨ ਅਤੇ ਵੋਟਰਾਂ ਦੇ ਸਭ ਤੋਂ ਗ਼ਰੀਬ ਤਬਕਿਆਂ ਲਈ ਬਿਜਲੀ, ਪਾਣੀ ਤੇ ਸਕੂਲਾਂ ਜਿਹੀਆਂ ਸੇਵਾਵਾਂ ਦੀ ਕਾਰਗਰ ਡਲਿਵਰੀ ਕਰਨ ਦਾ ਦਾਅਵਾ ਕਰ ਸਕੀ ਸੀ ਪਰ ਨਵੀਂ ਆਬਕਾਰੀ ਨੀਤੀ ਨੇ ਇਸ ਦੀ ਆਪਣੀ ਸਿਆਸੀ ਭਰੋਸੇਯੋਗਤਾ ਨੂੰ ਝੰਜੋੜ ਦਿੱਤਾ ਹੈ। ਇਕੋ ਸੱਟੇ ਨਵਾਂ ਸਿਸਟਮ ਲੈ ਆਂਦਾ ਗਿਆ ਜਿਸ ਵਿਚ 'ਆਪ' ਨੂੰ ਪੁਰਾਣਿਆਂ ਦੀ ਥਾਂ ਨਵੇਂ ਖਿਡਾਰੀਆਂ ਦੀ ਤਰਫ਼ਦਾਰੀ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈਣਾ ਸੀ।

ਸ਼ਰਾਬ ਨੀਤੀ ਵਿਚ ਘੁਟਾਲਾ ਹੋਣ ਦੇ ਦੋਸ਼ ਦੀ ਕਹਾਣੀ ਆਉਣ ਤੱਕ ਇਸ ਨੂੰ 'ਆਪ' ਖ਼ਿਲਾਫ਼ ਚੁਣਾਵੀ ਹਥਿਆਰ ਵਜੋਂ ਵਰਤਣ ਦੀ ਭਾਜਪਾ ਦੀ ਸਿਆਸੀ ਪਟਕਥਾ ਕਾਫ਼ੀ ਠੀਕ-ਠਾਕ ਚੱਲ ਰਹੀ ਸੀ ਪਰ ਲੋਕ ਸਭਾ ਚੋਣਾਂ ਦੇ ਪ੍ਰੋਗਰਾਮ ਦੇ ਐਲਾਨ ਤੋਂ ਪੰਜ ਦਿਨਾਂ ਬਾਅਦ ਇਕ ਮੌਜੂਦਾ ਮੁੱਖ ਮੰਤਰੀ ਦੀ ਗ੍ਰਿਫ਼ਤਾਰੀ ਨਾਲ ਚੋਣ ਪ੍ਰਕਿਰਿਆ ਨੂੰ ਵੱਡਾ ਧੱਕਾ ਵੱਜਿਆ ਹੈ। ਜਦੋਂ ਕਿਸੇ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਰੋਧੀ ਧਿਰ ਦੇ ਕਿਸੇ ਪ੍ਰਮੁੱਖ ਆਗੂ ਨੂੰ ਚੋਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤਾਂ ਦੇਸ਼ ਦੀ ਲੋਕਰਾਜੀ ਪਛਾਣ 'ਤੇ ਸਵਾਲ ਖੜ੍ਹੇ ਹੁੰਦੇ ਹਨ। ਇਹ ਕੋਈ ਨਵਾਂ ਮਾਮਲਾ ਨਹੀਂ ਹੈ। ਦਿੱਲੀ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਇਸੇ ਕੇਸ ਵਿਚ 9 ਮਾਰਚ 2023 ਨੂੰ ਈ.ਡੀ. ਵਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ; 'ਆਪ' ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ 4 ਅਕਤੂਬਰ 2023 ਨੂੰ ਅਤੇ ਪਾਰਟੀ ਦੇ ਸੰਚਾਰ ਵਿੰਗ ਦੇ ਮੁਖੀ ਵਿਜੈ ਨਾਇਰ ਨੂੰ ਨਵੰਬਰ 2023 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਜਿਹੜਾ ਕੇਸ ਡੇਢ ਸਾਲ ਤੋਂ ਚਲਿਆ ਆ ਰਿਹਾ ਸੀ, ਉਸ ਕੇਸ ਵਿਚ ਕਿਸੇ ਮੁੱਖ ਮੰਤਰੀ ਨੂੰ ਚੋਣ ਪ੍ਰਕਿਰਿਆ ਸ਼ੁਰੂ ਹੋਣ ਮਗਰੋਂ ਗ੍ਰਿਫ਼ਤਾਰ ਕਰਨ ਦੀ ਕਾਹਲ ਦੀ ਉੱਕਾ ਲੋੜ ਨਹੀਂ ਸੀ ਅਤੇ ਜਿਸ ਨਾਲ ਚੋਣ ਜਿੱਤਣ ਵਾਲੀ ਪਾਰਟੀ ਨੂੰ 140 ਕਰੋੜ ਲੋਕਾਂ 'ਤੇ ਸ਼ਾਸਨ ਕਰਨ ਦੇ ਅਖਤਿਆਰ ਦਾ ਪ੍ਰਮਾਣ ਮਿਲਣਾ ਸੀ। ਇਸ ਦਾ ਮਤਲਬ ਕੇਜਰੀਵਾਲ ਜਾਂ 'ਆਪ' ਨੂੰ ਕਲੀਨ ਚਿੱਟ ਦੇਣਾ ਬਿਲਕੁਲ ਨਹੀਂ ਹੈ ਜੋ 100 ਕਰੋੜ ਰੁਪਏ ਦੀ ਰਿਸ਼ਵਤ ਹਾਸਲ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹੋ ਵੀ ਸਕਦੇ ਹਨ ਜਾਂ ਨਹੀਂ ਵੀ ਹੋ ਸਕਦੇ। ਮਸਲਾ ਗ੍ਰਿਫ਼ਤਾਰੀ ਦੇ ਸਮੇਂ ਦਾ ਹੈ।

ਜਾਂਚ ਏਜੰਸੀਆਂ ਕੇਜਰੀਵਾਲ ਜਾਂ ਉਨ੍ਹਾਂ ਦੇ ਪਰਿਵਾਰ ਕੇ ਕਿਸੇ ਜੀਅ ਦੇ ਨਾਂ 'ਤੇ ਲਾਕਰਾਂ 'ਚੋਂ ਨੋਟਾਂ ਦੀਆਂ ਥੱਬੀਆਂ ਲੱਭਣ ਜਾਂ ਸੰਪਤੀਆਂ ਜ਼ਬਤ ਕਰਨ ਵਿਚ ਕਾਮਯਾਬ ਨਹੀਂ ਹੋ ਸਕੀਆਂ। ਹੋ ਸਕਦਾ ਹੈ ਕੇਜਰੀਵਾਲ ਨੇ ਨਵੇਂ ਤਰੀਕੇ ਅਜ਼ਮਾਏ ਹੋਣ ਪਰ ਸਵਾਲ ਇਹ ਹੈ ਕਿ ਅਜਿਹੇ ਕਿਹੜੇ ਤਰੀਕੇ ਸਨ? ਚੁਣੇ ਹੋਏ ਕਾਨੂੰਨਸਾਜ਼ ਜਾਂ ਫਿਰ ਇਹੋ ਜਿਹੇ ਨੁਮਾਇੰਦਿਆਂ ਨੂੰ ਅਣਮਿੱਥੇ ਸਮੇਂ ਲਈ ਹਿਰਾਸਤ ਅਧੀਨ ਨਹੀਂ ਰੱਖਿਆ ਜਾਣਾ ਚਾਹੀਦਾ। ਇਸ ਸਬੰਧ ਵਿਚ ਜੇਲ੍ਹ ਦੀ ਥਾਂ ਜ਼ਮਾਨਤ ਦਾ ਨੇਮ ਅਪਣਾਇਆ ਜਾਣਾ ਚਾਹੀਦਾ ਹੈ। ਅਣਮਿੱਥੇ ਸਮੇਂ ਲਈ ਹਿਰਾਸਤ ਨੂੰ ਦੋਸ਼ੀ ਠਹਿਰਾਉਣ ਤੋਂ ਪਹਿਲਾਂ ਹੀ ਸਜ਼ਾ ਦੇ ਤੌਰ 'ਤੇ ਦੇਖਿਆ ਜਾਵੇਗਾ। ਇਸ ਤੋਂ ਪਹਿਲਾਂ ਆਮਦਨ ਕਰ ਵਿਭਾਗ ਵਲੋਂ ਕਾਂਗਰਸ ਪਾਰਟੀ ਦੇ ਖਾਤੇ ਜਾਮ ਕਰਨ ਅਤੇ ਫਿਰ ਈਡੀ ਵਲੋਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਚੋਣਾਂ ਦੀ ਭਰੋਸੇਯੋਗਤਾ ਧੁੰਦਲੀ ਹੋ ਗਈ ਹੈ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਜਿੱਤਣ ਦੇ ਕਾਫ਼ੀ ਆਸਾਰ ਹਨ। ਵਿਰੋਧੀ ਧਿਰ ਵਲੋਂ ਕਾਫ਼ੀ ਚਿਰ ਤੋਂ ਦੇਸ਼ ਅੰਦਰ ਅਣਐਲਾਨੀ ਐਮਰਜੈਂਸੀ ਲਾਉਣ ਦੇ ਦੋਸ਼ਾਂ ਦਾ ਚੀਕ ਚਿਹਾੜਾ ਪਾਇਆ ਜਾ ਰਿਹਾ ਸੀ। ਇਨ੍ਹਾਂ ਦੋਸ਼ਾਂ ਨੂੰ ਸਿਰਫ਼ ਇਸ ਕਰ ਕੇ ਰੱਦ ਨਹੀਂ ਕੀਤਾ ਜਾ ਸਕਦਾ ਕਿ ਵਿਰੋਧੀ ਧਿਰ ਦੇ ਸਾਰੇ ਪ੍ਰਮੁੱਖ ਸਿਆਸਤਦਾਨ ਆਪੋ-ਆਪਣੀ ਰਾਜਨੀਤੀ ਕਰਨ ਤੇ ਪ੍ਰਗਟਾਉਣ ਲਈ ਆਜ਼ਾਦ ਹਨ। ਹੁਣ ਚੋਣਾਂ ਤੋਂ ਐਨ ਪਹਿਲਾਂ ਕੇਜਰੀਵਾਲ ਦੀ ਗ੍ਰਿਫ਼ਤਾਰੀ ਕਰ ਕੇ ਸਭ ਨੂੰ ਡਰ ਮਹਿਸੂਸ ਹੋ ਰਿਹਾ ਹੈ।

# ਦਸ ਕੁ ਮਿੰਟ ਦਾ ਫ਼ਾਸਲਾ

*(ਪਿਛਲੇ ਸਫੇ ਦੀ ਬਾਕੀ)*

ਸੋਚਿਆ, ਉਹ ਸ਼ੁਗਲ ਕਰਦੀ ਹੋਵੇਗੀ ਪਰ ਨਹੀਂ। ਉਸ ਨੇ ਕੰਗਣ ਪਾ ਕੇ ਮੇਰੇ ਹੱਥ ਆਪਰੇਸ਼ਨ ਟੇਬਲ ਦੇ ਦੋਹੀਂ ਪਾਸੀਂ ਬੰਨ੍ਹ ਦਿੱਤੇ। ਕਿਉਂ? ਮੈਂ ਭਗੌੜਾ ਤਾਂ ਨਹੀਂ ਸੀ ਹੋ ਸਕਦਾ। ਹੱਥ ਇਸ ਲਈ ਬੰਨ੍ਹੇ ਸਨ ਕਿ ਆਪਰੇਸ਼ਨ ਦੀ ਜਗ੍ਹਾ ਖੱਬੀ ਕੱਛ ਦੇ ਨੇੜੇ ਹੋਣ ਕਾਰਨ, ਮੈਂ ਕਿਧਰੇ ਅਚੇਤੇ ਹੀ ਬਾਹਾਂ ਨਾ ਹਿਲਾ ਲਵਾਂ ਜਿਸ ਕਾਰਨ ਆਪਰੇਸ਼ਨ ਸਮੇਂ ਸਰਜਨ ਦੇ ਹੱਥ ਜਾਂ ਔਜ਼ਾਰ ਹਿੱਲ ਜਾਣ।

ਇਕ ਹੋਰ ਨਰਸ ਨੇ ਮੋਟੇ ਨੀਲੇ ਕਾਗਜ਼ ਜਿਸ ਵਿਚ ਨਿੱਕੇ-ਨਿੱਕੇ ਸੁਰਾਖ ਸਨ, ਦੀ ਆਰਜ਼ੀ ਛਤਰੀ ਬਣਾ ਕੇ ਮੇਰਾ ਮੂੰਹ ਅਤੇ ਸਿਰ ਢੱਕ ਦਿੱਤੇ ਸਨ ਜਿਸ ਕਰ ਕੇ ਮੇਰਾ ਸਾਹ ਬੰਦ ਹੁੰਦਾ ਜਾਪਦਾ ਸੀ। ਮੈਂ ਉਸ ਨੂੰ ਕਿਹਾ ਕਿ ਮੇਰੇ 'ਤੇ ਰਤਾ ਰਹਿਮ ਕਰ। ਉਹ ਕਹਿੰਦੀ, "ਛੇਤੀ ਹੀ ਐਨਸਥੀਸੀਆ ਤੇਰੇ 'ਤੇ ਰਹਿਮ ਕਰ ਦੇਵੇਗਾ।" ਉਹੋ ਗੱਲ ਹੋਈ; ਕੁਛ ਸਕਿੰਟਾਂ ਪਿੱਛੋਂ ਮੈਂ ਬੇਹੋਸ਼ ਹੋ ਗਿਆ, ਐਨਸਥੀਸੀਏ ਦੇ ਰਹਿਮ ਕਾਰਨ ਸਾਹ ਬੰਦ ਹੋਣ ਦਾ ਅਹਿਸਾਸ ਨਾ ਰਿਹਾ। ਸਰਜਨ ਕਦੋਂ ਆਇਆ ਅਤੇ ਆਪਰੇਸ਼ਨ ਕਦੋਂ ਮੁੱਕਾ? ਇਸ ਦਾ ਮੈਨੂੰ ਕੋਈ ਗਿਆਨ ਨਹੀਂ। ਹਰ ਆਪਰੇਸ਼ਨ ਸਮੇਂ ਮੁੱਖ ਸਰਜਨ ਨਾਲ ਸਹਾਇਕ ਸਰਜਨ ਵੀ ਹੁੰਦਾ ਹੈ ਜੋ ਮੇਰੀ ਬੇਟੀ ਮਾਨਿਕਾ ਸੀ। ਮੈਨੂੰ ਉਸ ਦੇ ਆਪਰੇਸ਼ਨ ਥੀਏਟਰ ਵਿਚ ਹੋਣ ਦਾ ਅਗਾਊਂ ਪਤਾ ਸੀ। ਸੋ ਉਸ ਦੇ ਓਥੇ ਹੋਣ ਦਾ ਮੈਨੂੰ ਭਾਵਾਤਮਕ ਸੁੱਖ ਸੀ।


ਸਰਜਨ ਨੇ ਮੇਰੀ ਧੌਣ ਦੀ ਇਕ ਵੇਨ ਰਤਾ ਕੁ ਕੱਟ ਕੇ ਉਸ ਵਿਚੋਂ ਪੇਸਮੇਕਰ ਦੀਆਂ ਟਾਈਟੇਨੀਅਮ ਧਾਤ ਦੀਆਂ ਦੋ ਤਾਰਾਂ ਲੰਘਾ ਕੇ ਦਿਲ ਦੇ ਦੋ ਚੈਂਬਰਾਂ ਨਾਲ ਜੋੜ ਦਿੱਤੀਆਂ ਸਨ। ਇਹ ਵੇਖਣ ਲਈ ਕਿ ਤਾਰਾਂ ਠੀਕ ਰਾਹ 'ਤੇ ਜਾ ਰਹੀਆਂ ਸਨ, ਉਹਨਾਂ ਅੱਗੇ ਲੱਗਾ ਜੰਤਰ ਫਲੋਰੋਸਕੋਪ ਵੇਨ ਵਿਚ ਰੌਸ਼ਨੀ ਕਰ ਕੇ ਸਰਜਨ ਦਾ ਰਾਹ ਪ੍ਰਦਰਸ਼ਿਤ ਕਰੀ ਜਾਂਦਾ ਸੀ।

ਪੇਸਮੇਕਰ ਛਾਤੀ ਦੇ ਖੱਬੇ ਪਾਸੇ ਦਿਲ ਤੋਂ ਉਤਾਂਹ, ਹੱਸੀ ਜਾਂ ਹੱਸਲੀ ਹੇਠ ਪਾਇਆ/ਰੱਖਿਆ ਗਿਆ ਸੀ। ਸੋ ਸਰਜਨ ਨੇ ਮੇਰੀ ਸਕਿਨ ਹੇਠ, ਸਭ ਤੋਂ ਉੱਪਰਲੀ ਪੱਸਲੀ ਦੇ ਪੱਠੇ ਵਿਚ ਪਾਕੇਟ ਜਾਂ ਜੇਬ ਜਿਹੀ ਬਣਾ ਕੇ ਉਸ ਵਿਚ ਪੇਸਮੇਕਰ ਰੱਖ ਕੇ ਜ਼ਖ਼ਮ ਸਿਉਂ ਦਿੱਤਾ ਸੀ। ਪੇਸਮੇਕਰ ਮਾਚਸ ਦੀ ਡੱਬੀ ਤੋਂ ਵੀ ਕਾਫ਼ੀ ਤਲਾ ਹੈ ਜਿਸ ਵਿਚ ਬਹੁਤ ਛੋਟੀ ਬੈਟਰੀ ਜਾਂ ਸੈੱਲ ਹੈ। ਇਸ ਸੈੱਲ ਦੀ ਜ਼ਿੰਦਗੀ ਲਗਭਗ ਦਸ ਸਾਲ ਹੈ। ਜੇ ਦਸ ਸਾਲ ਮੇਰਾ ਸਾਹ ਚੱਲਦਾ ਰਿਹਾ ਤਾਂ ਨਵਾਂ ਪੇਸਮੇਕਰ ਪਾਉਣਾ ਹੋਵੇਗਾ। ਰੱਬ ਕਰੇ ਏਵੇਂ ਹੀ ਹੋਵੇ। ਪੇਸਮੇਕਰ ਤਿੰਨ ਭਾਂਤਾਂ ਦੇ ਹਨ। ਜੋ ਮੇਰੇ ਪਾਇਆ ਗਿਆ, ਉਸ ਦੀਆਂ ਦੋ ਤਾਰਾਂ ਹਨ ਜੋ ਮੇਰੇ ਦਿਲ ਦੇ ਦੋ ਚੈਂਬਰਾਂ ਨਾਲ ਜੋੜੀਆਂ ਗਈਆਂ ਹਨ। ਉਂਜ ਦਿਲ ਦੇ ਚਾਰ ਚੈਂਬਰ ਹਨ। ਕਮਾਲ ਇਹ ਹੈ ਕਿ ਦਿਲ ਦਾ ਆਪਣਾ ਬਿਜਲਈ ਪ੍ਰਬੰਧ ਹੈ। ਇਸ ਤਸਵੀਰ ਦੇ ਆਰ.ਏ. ਚੈਂਬਰ ਦੇ ਉਪਰ ਵਿਚ ਮੱਕੀ ਦੇ ਦਾਣੇ ਜਿਹੀ ਥਾਂ ਵਿਚ ਕੁਦਰਤੀ ਬਿਜਲੀ ਬਣਦੀ ਹੈ ਜੋ ਦਿਲ ਦੇ ਚੈਂਬਰਾਂ ਨੂੰ ਦਿਲ ਦੇ ਹੀ ਪੱਠਿਆਂ ਦੇ ਬਾਰੀਕ ਧਾਗਿਆਂ ਵਰਗੇ ਰੇਸ਼ਿਆਂ ਰਾਹੀਂ ਪਹੁੰਚਦੀ ਰਹਿੰਦੀ ਹੈ। ਮੇਰੇ ਦਿਲ ਦੇ ਬਿਜਲਈ ਪ੍ਰਬੰਧ ਵਿਚ ਵਿਘਨ ਪੈ ਗਿਆ ਸੀ ਜਿਸ ਕਰ ਕੇ ਕਦੇ-ਕਦੇ ਚੈਂਬਰਾਂ ਵਿਚ ਕਰੰਟ ਪਹੁੰਚਣ 'ਚ ਦੇਰ ਹੋ ਜਾਂਦੀ ਸੀ।

ਤਸਵੀਰ ਦੇ ਸੱਜੇ ਪਾਸੇ ਉਪਰ ਵੱਲ ਦਿਲ ਤੋਂ ਰਤਾ ਕੁ ਦੂਰ ਭੂਰੇ ਅਤੇ ਚਿੱਟੇ ਰੰਗ ਦੀ ਜੋ ਡੀਵਾਈਸ ਹੈ, ਉਹ ਹੈ ਪੇਸਮੇਕਰ। ਉਸ ਵਿਚੋਂ ਸੁਰਮਈ ਰੰਗ ਦੀਆਂ ਦੋ ਤਾਰਾਂ ਧੌਣ ਦੀ ਇਕ ਵੇਨ ਵਿਚੋਂ ਲੰਘਾ ਕੇ ਦਿਲ ਦੇ ਦੋ ਚੈਂਬਰਾਂ ਨਾਲ ਬਹੁਤ ਛੋਟੇ ਪੇਚਾਂ ਨਾਲ ਜੋੜੀਆਂ ਗਈਆਂ ਸਨ-ਹਾਂ, ਪੇਚਾਂ ਨਾਲ! ਫੇਰ ਪੇਸਮੇਕਰ ਛਾਤੀ ਵਿਚ ਬਣਾਈ ਪਾਕੇਟ ਵਿਚ ਰੱਖ ਕੇ ਜ਼ਖ਼ਮ ਸਿਉਂ ਦਿੱਤਾ ਗਿਆ ਸੀ। ਸੋ ਜਦੋਂ ਦਿਲ ਦੀ ਆਪਣੀ ਬਿਜਲੀ ਵਿਚ ਕੋਈ ਰੁਕਾਵਟ ਹੋ ਜਾਵੇ ਅਤੇ ਨਬਜ਼ ਦੀ ਦਰ ਘਟ ਜਾਵੇ ਤਾਂ ਪੇਸਮੇਕਰ ਦਾ ਸੈੱਲ ਨਬਜ਼ ਤੇਜ਼ ਕਰਨ ਲਈ ਆਪਣੇ-ਆਪ ਬਿਜਲੀ ਸਪਲਾਈ ਕਰ ਦਿੰਦਾ ਹੈ।

ਆਪਰੇਸ਼ਨ ਦੇ ਚੌਵੀ ਘੰਟਿਆਂ ਪਿੱਛੋਂ ਮੈਂ ਘਰ ਆ ਸਕਦਾ ਸੀ ਪਰ ਮੇਰੀ ਬੇਟੀ ਨੇ ਇਹਤਿਆਤ ਰੱਖਦਿਆਂ ਮੈਨੂੰ ਹਸਪਤਾਲ ਇਕ ਦਿਨ ਹੋਰ ਠਹਿਰਾ ਦਿੱਤਾ ਸੀ। ਘਰ ਆਉਣ ਤੋਂ ਪਹਿਲਾਂ ਹਸਪਤਾਲ ਨੇ ਮੈਨੂੰ ਮੋਬਾਈਲ ਫੋਨ ਜਿੱਡੀ ਵਿਸ਼ੇਸ਼ ਡੀਵਾਈਸ ਦਿੱਤੀ ਸੀ ਜੋ ਮੈਂ ਆਪਣੇ ਬੈੱਡ ਦੇ ਸਿਰਹਾਣੇ ਵਾਲੇ ਪਾਸੇ ਇਕ ਨਿੱਕੇ ਟੇਬਲ 'ਤੇ ਰੱਖ ਲਈ ਹੈ। ਉਹ ਰਾਤ ਨੂੰ ਮੇਰੇ ਸੁੱਤੇ ਹੋਏ ਦੀ ਨਬਜ਼ ਦੀ ਗਤੀ ਹਰ ਵਕਤ ਮਾਨੀਟਰ ਕਰੀ ਜਾਂਦੀ ਹੈ ਅਤੇ ਗਤੀ ਦਾ ਡੈਟਾ ਲਗਾਤਾਰ, ਆਪਣੇ-ਆਪ ਹਸਪਤਾਲ ਨੂੰ ਰੀਲੀਜ਼ ਹੋਈ ਜਾਂਦਾ ਹੈ, ਸ਼ਾਇਦ ਇਸ ਲਈ ਕਿ ਜੇ ਮੇਰੀ ਜ਼ਿੰਦਗੀ ਦੀ ਖੇਡ ਸੁੱਤੇ ਪਏ ਦੀ ਮੁੱਕ ਗਈ ਤਾਂ ਉਹਨਾਂ ਨੂੰ ਉਸ ਦਾ ਕਾਰਨ ਸਮਝ ਆ ਸਕੇ। ਸੋ ਹੁਣ, ਮਸ਼ੀਨ ਨਾਲ ਬੱਝੀ ਮੇਰੀ ਜ਼ਿੰਦਗੀ ਤਾਰਾਂ ਸਹਾਰੇ ਲਟਕ ਰਹੀ ਹੈ-ਤਾਰਾਂ ਸਹਾਰੇ? ਇਹ ਸੋਚਦਿਆਂ ਹੀ ਮੈਨੂੰ ਪੰਜਾਬ 'ਚ ਮੇਰੇ ਪਿੰਡ ਨੂੰ ਜਾਂਦੀ ਬਿਜਲੀ ਦੇ ਖੰਭਿਆਂ ਦੀਆਂ ਤਾਰਾਂ ਯਾਦ ਆ ਜਾਂਦੀਆਂ ਹਨ।

ਕੰਪਿਊਟਰ ਸਾਹਵੇਂ ਬੈਠੇ ਦੇ ਬੇਹੋਸ਼ੀ ਵਿਚ ਅਚਾਨਕ ਡਿੱਗ ਪੈਣ ਅਤੇ ਹਸਪਤਾਲੋਂ ਘਰ ਵਾਪਸ ਆਉਣ ਤੱਕ ਜੋ ਮੇਰੇ ਨਾਲ ਵਾਪਰਿਆ ਸੀ, ਉਸ ਦੀ ਨਾ ਮੈਨੂੰ ਕੋਈ ਘਬਰਾਹਟ ਹੋਈ, ਨਾ ਕੋਈ ਡਰ ਅਤੇ ਨਾ ਹੀ ਫ਼ਿਕਰ ਹੋਇਆ ਸੀ। ਇਉਂ ਜਾਪਦਾ ਸੀ ਜਿਵੇਂ ਮੈਂ ਪਾਸੇ ਖੜ੍ਹ ਕੇ ਕੋਈ ਖੇਡ ਵੇਖ ਰਿਹਾ ਹੋਵਾਂ। ਹੁਣ ਮੈਂ ਸੋਚਦਾ ਹਾਂ ਕਿ ਕਿੰਨੇ ਬੰਦੇ ਹਉਮੈ ਦੇ ਸ਼ਰਾਬੀ ਹੋਏ ਆਪਣੇ ਸਿਰਾਂ ਵਿਚ ਏਨੀ ਹਵਾ ਭਰੀ ਫਿਰਦੇ ਹਨ ਕਿ ਉਹ ਉਹਨਾਂ ਦੇ ਮੋਢਿਆਂ ਦੇ ਮੇਚ ਨਹੀਂ ਆਉਂਦੇ। ਸ਼ਾਇਦ ਉਹਨਾਂ ਨੂੰ ਹਿੰਦੂ ਮਿੱਥ ਦੇ ਰਾਵਣ ਵਾਕੁਰ ਮੌਤ ਕਿੱਲੇ ਨਾਲ ਬੰਨ੍ਹ ਲੈਣ ਦਾ ਹੰਕਾਰ ਹੋਵੇ ਪਰ ਜ਼ਿੰਦਗੀ ਤਾਂ ਛਿਣ ਭੰਗਰੀ ਹੈ। ਇਹ ਭਾਂਡਾ ਤਾਂ ਰੇਤ ਦਾ ਹੈ। ਬੱਸ ਏਨਾ ਹੀ ਕਿ ਨਬਜ਼ ਧੜਕੀ ਨਾ ਧੜਕੀ! ਜੇ ਮੇਰੀ ਬੇਟੀ ਮੈਨੂੰ ਲੈ ਕੇ ਐਮਰਜੈਂਸੀ ਰੂਮ ਵਿਚ ਪਹੁੰਚਣ ਵਿਚ ਦਸ ਕੁ ਮਿੰਟ ਲੇਟ ਹੋ ਜਾਂਦੀ ਤਾਂ ਤਮਾਸ਼ਾ ਰਾਹ ਵਿਚ ਹੀ ਮੁੱਕ ਜਾਣਾ ਸੀ ਅਤੇ ਮੇਰੇ ਇਹ ਹਰਫ਼ ਸਦਾ ਲਈ ਬ੍ਰਹਿਮੰਡ ਵਿਚ ਭਟਕਦੇ ਰਹਿਣੇ ਸਨ। ਸੋ ਮੇਰੀ ਜ਼ਿੰਦਗੀ ਅਤੇ ਨਾ-ਜ਼ਿੰਦਗੀ ਵਿਚਲਾ ਫ਼ਾਸਲਾ ਕੇਵਲ ਦਸ ਕੁ ਮਿੰਟ ਹੀ ਰਹਿ ਗਿਆ ਸੀ। ਮੈਂ ਖੁਸ਼ਕਿਸਮਤ ਹਾਂ ਅਤੇ ਪ੍ਰਾਰਥਕ ਵੀ, ਮਾਨਿਕਾ ਵਰਗੀਆਂ ਧੀਆਂ ਪਰਮਾਤਮਾ ਹਰ ਮਾਂ-ਬਾਪ ਨੂੰ ਦੇਵੇ ਅਤੇ ਪੇਸਮੇਕਰ ਲੋੜ ਸਮੇਂ ਮੇਰੇ ਦਿਲ ਨੂੰ ਬਿਜਲੀ ਪਹੁੰਚਾਉਂਦਾ ਰਹੇ।




ਪੇਸਮੇਕਰ ਦਾ ਚਿੱਤਰ।

*ਪੇਸਮੇਕਰ ਛਾਤੀ ਦੇ ਖੱਬੇ ਪਾਸੇ ਦਿਲ ਤੋਂ ਉਤਾਂਹ, ਹੱਸੀ ਜਾਂ ਹੱਸਲੀ ਹੇਠ ਪਾਇਆ/ਰੱਖਿਆ ਗਿਆ ਸੀ। ਸੋ ਸਰਜਨ ਨੇ ਮੇਰੀ ਸਕਿਨ ਹੇਠ, ਸਭ ਤੋਂ ਉੱਪਰਲੀ ਪੱਸਲੀ ਦੇ ਪੱਠੇ ਵਿਚ ਪਾਕੇਟ ਜਾਂ ਜੇਬ ਜਿਹੀ ਬਣਾ ਕੇ ਉਸ ਵਿਚ ਪੇਸਮੇਕਰ ਰੱਖ ਕੇ ਜ਼ਖ਼ਮ ਸਿਉਂ ਦਿੱਤਾ ਸੀ। ਪੇਸਮੇਕਰ ਮਾਚਸ ਦੀ ਡੱਬੀ ਤੋਂ ਵੀ ਕਾਫ਼ੀ ਤਲਾ ਹੈ ਜਿਸ ਵਿਚ ਬਹੁਤ ਛੋਟੀ ਬੈਟਰੀ ਜਾਂ ਸੈੱਲ ਹੈ। ਇਸ ਸੈੱਲ ਦੀ ਜ਼ਿੰਦਗੀ ਲਗਭਗ ਦਸ ਸਾਲ ਹੈ। ਜੇ ਦਸ ਸਾਲ ਮੇਰਾ ਸਾਹ ਚੱਲਦਾ ਰਿਹਾ ਤਾਂ ਨਵਾਂ ਪੇਸਮੇਕਰ ਪਾਉਣਾ ਹੋਵੇਗਾ। ਰੱਬ ਕਰੇ ਏਵੇਂ ਹੀ ਹੋਵੇ। ਪੇਸਮੇਕਰ ਤਿੰਨ ਭਾਂਤਾਂ ਦੇ ਹਨ। ਜੋ ਮੇਰੇ ਪਾਇਆ ਗਿਆ, ਉਸ ਦੀਆਂ ਦੋ ਤਾਰਾਂ ਹਨ ਜੋ ਮੇਰੇ ਦਿਲ ਦੇ ਦੋ ਚੈਂਬਰਾਂ ਨਾਲ ਜੋੜੀਆਂ ਗਈਆਂ ਹਨ। ਉਂਜ ਦਿਲ ਦੇ ਚਾਰ ਚੈਂਬਰ ਹਨ। ਕਮਾਲ ਇਹ ਹੈ ਕਿ ਦਿਲ ਦਾ ਆਪਣਾ ਬਿਜਲਈ ਪ੍ਰਬੰਧ ਹੈ। ਇਸ ਤਸਵੀਰ ਦੇ ਆਰ.ਏ. ਚੈਂਬਰ ਦੇ ਉਪਰ ਵਿਚ ਮੱਕੀ ਦੇ ਦਾਣੇ ਜਿਹੀ ਥਾਂ ਵਿਚ ਕੁਦਰਤੀ ਬਿਜਲੀ ਬਣਦੀ ਹੈ ਜੋ ਦਿਲ ਦੇ ਚੈਂਬਰਾਂ ਨੂੰ ਦਿਲ ਦੇ ਹੀ ਪੱਠਿਆਂ ਦੇ ਬਾਰੀਕ ਧਾਗਿਆਂ ਵਰਗੇ ਰੇਸ਼ਿਆਂ ਰਾਹੀਂ ਪਹੁੰਚਦੀ ਰਹਿੰਦੀ ਹੈ। ਮੇਰੇ ਦਿਲ ਦੇ ਬਿਜਲਈ ਪ੍ਰਬੰਧ ਵਿਚ ਵਿਘਨ ਪੈ ਗਿਆ ਸੀ ਜਿਸ ਕਰ ਕੇ ਕਦੇ-ਕਦੇ ਚੈਂਬਰਾਂ ਵਿਚ ਕਰੰਟ ਪਹੁੰਚਣ 'ਚ ਦੇਰ ਹੋ ਜਾਂਦੀ ਸੀ।*

# ਪਰਵਾਸ ਦਾ ਸੰਕਟ ਅਤੇ 'ਸੁਰਖ਼ ਸਾਜ਼' ਦੀ ਸੁਰ

**ਜਸਵਿੰਦਰ ਸਿੰਘ ਨੇ ਆਪਣੇ ਨਵੇਂ ਨਾਵਲ 'ਸੁਰਖ਼ ਸਾਜ਼' ਰਾਹੀਂ ਪੰਜਾਬ ਅਤੇ ਅਮਰੀਕਾ ਦੇ ਸਭਿਆਚਾਰ ਅਤੇ ਵਸੇਬ ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਇਹ ਅਚੇਤ ਹੋਇਆ ਹੈ ਜਾਂ ਸੁਚੇਤ ਪਰ ਨਾਵਲੀ ਪਾਠ ਕਰਦਿਆਂ ਪਾਠਕ ਦੇ ਮਨ ਵਿਚ ਦੋਹਾਂ ਸੱਭਿਆਚਾਰਾਂ ਦੀ ਤੁਲਨਾ ਨਾਲ-ਨਾਲ ਤੁਰਦੀ ਹੈ। ਇੱਕ ਪਾਸੇ ਭਾਵਨਾਵਾਂ ਹਨ, ਨੈਤਿਕਤਾ ਹੈ, ਇਖ਼ਲਾਕ ਹੈ, ਸਮਾਜਿਕ ਮਰਿਆਦਾ ਹੈ, ਵੱਡਿਆਂ ਦਾ ਸਤਿਕਾਰ ਹੈ; ਦੂਜੇ ਪਾਸੇ ਸਭ ਕੁਝ ਮਕਾਨਕੀ ਹੈ, ਭਾਵਨਾਵਾਂ ਰਹਿਤ ਹੈ। ਉਘੇ ਲੇਖਕ ਬਲਦੇਵ ਸਿੰਘ ਸੜਕਨਾਮਾ ਨੇ ਨਾਵਲ ਦੇ ਸਾਰੇ ਪ੍ਰਸੰਗਾਂ ਬਾਰੇ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ।**

ਕਲਾ ਪਰਿਕਰਮਾ

ਭਾਰਤ ਦੇ ਦੁਨੀਆ ਦਾ ਸਰਵ-ਸ੍ਰੇਸ਼ਟ ਮੁਲਕ ਜਾਂ ਵਿਸ਼ਵ ਗੁਰੂ ਬਣਨ ਦੇ ਦਾਅਵੇ ਬੜੇ ਠੋਕ ਵਜਾ ਕੇ ਕੀਤੇ ਜਾ ਰਹੇ ਹਨ ਪਰ ਇੱਥੋਂ ਦਾ ਨੌਜਵਾਨ ਵਰਗ ਬੇਰੁਜ਼ਗਾਰੀ ਤੋਂ ਮਾਯੂਸ ਅਤੇ ਨਿਰਾਸ਼ ਹੋ ਕੇ ਪਰਵਾਸ ਕਰਨ ਲਈ ਮਜਬੂਰ ਹੈ। ਆਰਥਿਕ, ਸਮਾਜਿਕ ਜਾਂ ਸਿਆਸੀ ਕਾਰਨਾਂ ਕਰ ਕੇ ਕਾਨੂੰਨੀ, ਗ਼ੈਰ-ਕਾਨੂੰਨੀ ਡੌਂਕੀਆਂ ਰਾਹੀਂ ਵਿਦੇਸ਼ਾਂ ਵਿਚ ਵਸਣ ਦੀ ਹੋੜ ਲੱਗੀ ਹੋਈ ਹੈ। ਬੱਚੇ ਕਿਸੇ ਨਾ ਕਿਸੇ ਤਰ੍ਹਾਂ ਵਿਦੇਸ਼ਾਂ ਵਿਚ ਪੱਕੇ ਪੈਰੀਂ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਮਾਂ-ਬਾਪ ਅਤੇ ਰਿਸ਼ਤੇਦਾਰ ਵੀ ਵਸਦੇ-ਰਸਦੇ ਘਰਾਂ ਨੂੰ ਤਾਲੇ ਲਾ ਕੇ ਜਹਾਜ਼ ਚੜ੍ਹਨ ਦੀ ਲਾਲਸਾ ਪਾਲ ਲੈਂਦੇ ਹਨ। ਦੋ ਸੱਭਿਆਚਾਰਾਂ 'ਚ ਫਸੇ ਇਹ ਲੋਕ ਕਿਵੇਂ

**ਬਲਦੇਵ ਸਿੰਘ ਸੜਕਨਾਮਾ**
**ਫੋਨ: +91-98147-83069**

ਦੁਸ਼ਵਾਰੀਆਂ, ਜੁੜਦੇ ਟੁੱਟਦੇ ਰਿਸ਼ਤਿਆਂ ਦਾ ਸੰਤਾਪ ਭੋਗਦੇ, ਕਿਵੇਂ ਆਪਣੇ ਹੀ ਆਪਣਿਆਂ ਨਾਲ ਬੇਗ਼ਾਨਗੀ ਈਰਖਾ, ਵੈਰ, ਸਾੜਾ ਤੇ ਵਿਤਕਰੇ ਦੇ ਭਾਵ ਰੱਖਦੇ ਹਨ ਅਤੇ ਕਈ ਵਾਰ ਆਰਥਿਕ ਤੇ ਮਾਨਸਿਕ ਸ਼ੋਸ਼ਣ ਵੀ ਕਰਦੇ ਹਨ। ਇਹ ਤਮਾਮ ਪ੍ਰਭਾਵ ਡਾ. ਜਸਵਿੰਦਰ ਸਿੰਘ ਦੇ ਨਵੇਂ ਨਾਵਲ 'ਸੁਰਖ਼ ਸਾਜ਼' ਦੇ ਪਾਠ ਉਪਰੰਤ ਪਾਠਕ ਮਹਿਸੂਸ ਕਰਦਾ ਹੈ।

ਪਰਾਵਸੀ ਲੇਖਕ ਉਥੋਂ ਦੀ ਰਹਿਤਲ, ਵਸੇਬ ਅਤੇ ਸਭਿਆਚਾਰਕ ਵਖਰੇਵੇਂ ਨੂੰ ਆਪਣੀਆਂ ਕਿਰਤਾਂ ਵਿਚ ਤਾਂ ਦਰਸਾਉਂਦੇ ਹਨ ਹੀ, ਹੁਣ ਪੰਜਾਬ ਜਾਂ ਭਾਰਤ ਦੇ ਲੇਖਕ ਜਿਹੜੇ ਅਕਸਰ ਵਿਦੇਸ਼ਾਂ ਵਿਚ ਚੱਕਰ ਲਾਉਂਦੇ ਰਹਿੰਦੇ ਹਨ, ਵੀ ਗ੍ਰਹਿਣ ਕੀਤੇ ਨਵੇਂ ਅਨੁਭਵਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਉਣ ਲੱਗੇ ਹਨ। ਨਾਵਲ 'ਸੁਰਖ਼ ਸਾਜ਼' ਵੀ ਅਜਿਹੇ ਅਨੁਭਵਾਂ ਵਿਚੋਂ ਨਿਕਲਿਆ ਹੈ।

ਵਿਦੇਸ਼ਾਂ ਵਿਚ ਪੰਜਾਬੀ ਨੌਜਵਾਨ ਸੁਪਨੇ ਲੈ ਕੇ ਜਾਂਦੇ ਹਨ। ਉਥੋਂ ਦੀ ਧਰਤੀ 'ਤੇ ਉਤਰਦਿਆਂ ਹੀ ਹਕੀਕਤ ਨਾਲ ਸਾਹਮਣਾ ਹੁੰਦਾ ਹੈ। ਉਥੇ ਕੱਚੇ ਤੋਂ ਪੱਕੇ ਹੋਣ ਤੱਕ ਉਨ੍ਹਾਂ ਨੂੰ ਕਿਹੜੀਆਂ ਜ਼ਿੱਲਤਾਂ, ਔਕੜਾਂ, ਮਾਯੂਸੀਆਂ ਤੇ ਬੇਭਰੋਸਗੀਆਂ ਨਾਲ ਦੋ-ਚਾਰ ਹੋਣਾ ਪੈਂਦਾ ਹੈ, ਕਿਵੇਂ ਏਜੰਟਾਂ, ਖੇਡ ਪ੍ਰਮੋਟਰਾਂ, ਗਾਇਕਾਂ ਆਦਿ ਰਾਹੀਂ ਕਬੂਤਰਬਾਜ਼ੀ ਕੀਤੀ ਜਾਂਦੀ ਹੈ। ਇਹ ਸਭ ਜਸਵਿੰਦਰ ਸਿੰਘ ਨੇ ਇਸ ਨਾਵਲ ਰਾਹੀਂ ਖ਼ੂਬਸੂਰਤ ਤੇ ਰੌਚਿਕ ਬਿਰਤਾਂਤ ਨਾਲ ਪੇਸ਼ ਕੀਤਾ ਹੈ।

ਨਾਵਲ ਦੇ ਪਹਿਲੇ ਕਾਂਡ ਤੋਂ ਹੀ ਪਾਠਕ ਨੂੰ ਆਭਾਸ ਹੋਣ ਲੱਗਦਾ ਹੈ ਕਿ ਕਬੱਡੀ ਟੀਮ ਨੂੰ ਵਿਦੇਸ਼ ਲਿਜਾਣ ਦੀ ਆੜ ਵਿਚ ਕਬੂਤਰਬਾਜ਼ੀ ਹੋ ਰਹੀ ਹੈ। ਟੀਮ ਵਿਚ ਹੋਰ ਕਬੂਤਰਾਂ ਦੇ ਨਾਲ ਹਰੀਪਾਲ ਵੀ ਹੈ ਜਿਹੜਾ ਥਾਂ-ਥਾਂ ਟਿਕਾਣੇ ਬਦਲਦਾ ਖੱਜਲ ਖੁਆਰ ਹੁੰਦਾ ਆਖ਼ਰ ਆਪਣਾ ਟਿਕਾਣਾ ਬਣਾ ਲੈਂਦਾ ਹੈ। ਸ਼ੋਸ਼ਣ ਕਰਨ ਵਾਲਿਆਂ ਵਿਚ ਕੁਝ ਸੁਹਿਰਦ ਅਤੇ ਮਦਦਗਾਰ ਲੋਕ ਵੀ ਹੁੰਦੇ ਹਨ। ਹਰੀਪਾਲ ਨੂੰ ਗੈਰੀ, ਦਰਸ਼ਨ ਤੇ ਡਾ. ਸਮਿੱਥ ਜਿਹੇ ਹਮਦਰਦ ਵੀ ਮਿਲਦੇ ਹਨ। ਮਿਹਨਤ ਤੇ ਜਨੂਨ ਆਪਣਾ ਰੰਗ ਦਿਖਾਉਂਦੇ ਹਨ। ਹਰੀਪਾਲ ਉਥੇ ਪੱਕਾ ਹੋਣ ਤੋਂ ਬਾਅਦ ਵਿਆਹ ਵੀ ਕਰਵਾਉਂਦਾ ਹੈ ਤੇ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਵੀ ਵੇਖਦਾ ਹੈ ਪਰ ਉਥੇ ਨਾ ਰਿਸ਼ਤਿਆਂ ਦੀ ਕਦਰ ਹੈ, ਨਾ ਭਾਵਨਾਵਾਂ ਦੀ। ਪੈਸੇ ਦੀ ਕਦਰ ਵੀ ਇੱਕ ਹੱਦ ਤੱਕ ਹੈ। ਹਰੀਪਾਲ ਉਥੇ ਹੀ ਆਪਣੇ ਸੁਪਨੇ ਟੁੱਟਦੇ ਵੇਖਦਾ ਹੈ।

ਜਸਵਿੰਦਰ ਸਿੰਘ ਨੇ ਪੰਜਾਬ ਅਤੇ ਅਮਰੀਕਾ ਦੇ ਸਭਿਆਚਾਰ ਅਤੇ ਵਸੇਬ ਨੂੰ ਦਰਸਾਉਣ ਲਈ ਉਚੇਚਾ ਯਤਨ ਕੀਤਾ ਹੈ। ਇਹ ਅਚੇਤ ਹੋਇਆ ਹੈ ਜਾਂ ਸੁਚੇਤ ਪਰ ਨਾਵਲੀ ਪਾਠ ਕਰਦਿਆਂ ਪਾਠਕ ਦੇ ਮਨ ਵਿਚ ਦੋਹਾਂ ਸੱਭਿਆਚਾਰਾਂ ਦੀ ਤੁਲਨਾ ਨਾਲ-ਨਾਲ ਤੁਰਦੀ ਹੈ। ਇੱਕ ਪਾਸੇ ਭਾਵਨਾਵਾਂ ਹਨ, ਨੈਤਿਕਤਾ ਹੈ। ਇਖ਼ਲਾਕ ਹੈ, ਸਮਾਜਿਕ ਮਰਿਆਦਾ ਹੈ, ਵੱਡਿਆਂ ਦਾ ਸਤਿਕਾਰ ਹੈ। ਦੂਜੇ ਪਾਸੇ ਸਭ ਕੁਝ ਮਕਾਨਕੀ ਹੈ, ਭਾਵਨਾਵਾਂ ਰਹਿਤ ਹੈ। ਗੈਰੀ ਅਤੇ ਹਰੀਪਾਲ ਦੋਹਾਂ ਦੇ ਤਲਾਕ ਵੀ ਇਸ ਤਰ੍ਹਾਂ ਹੀ ਹੁੰਦੇ ਹਨ। ਬੱਚਿਆਂ ਦੇ ਵਿਆਹ, ਮਾਂ-ਬਾਪ ਨਾਲ ਰਹਿਣਾ ਹੈ ਜਾਂ ਨਹੀਂ ਰਹਿਣਾ, ਕੋਈ ਭਰੋਸਾ ਨਹੀਂ। ਇਹ ਵਿਕਸਤ ਦੇਸ਼ ਦਾ ਸੱਭਿਆਚਾਰ ਹੈ। ਜਸਵਿੰਦਰ ਸਿੰਘ ਖ਼ੁਦ ਵਿਦਵਾਨ ਆਲੋਚਕ ਹੈ। ਦੂਸਰੇ ਲੇਖਕਾਂ ਦੀਆਂ ਕਿਰਤਾਂ ਦਾ ਮੁਲਾਂਕਣ ਕਰਦਿਆਂ ਉਹ ਸਮਝਦਾ ਹੈ, ਕੀ ਕਹਿਣਾ ਹੈ, ਕਦੋਂ ਕਹਿਣਾ ਹੈ ਤੇ ਕਿਸ ਤਰ੍ਹਾਂ ਕਹਿਣਾ ਹੈ। ਬਿਰਤਾਂਤ ਵਿਚ ਜਗਿਆਸਾ ਬਣਾਈ ਰੱਖਣ ਦਾ ਉਸ ਨੂੰ ਹੁਨਰ ਹੈ। ਉਂਜ ਮੇਰੇ ਇੱਕ ਦੋਸਤ ਪਾਠਕ ਦਾ ਵਿਚਾਰ ਹੈ: "ਯਾਰ, ਨਾਵਲ ਦੀ ਕਥਾ ਜੂੰ ਦੀ ਤੋਰ ਤੁਰਦੀ ਹੈ। ਲੇਖਕ ਗੱਲ ਨੂੰ ਲਮਕਾਉਂਦਾ ਬਹੁਤ ਹੈ। ਮੇਰੇ ਵਰਗੇ ਪਾਠਕਾਂ 'ਚ ਇੰਨਾ ਸਬਰ ਨਹੀਂ ਹੁੰਦਾ।" ਮੈਂ ਉਸ ਨੂੰ ਸਮਝਾਇਆ, "ਇਹ ਸੂਝਵਾਨ ਪਾਠਕਾਂ ਦਾ ਨਾਵਲ ਹੈ।" ਉਸ ਫਿਰ ਕਿਹਾ, "ਪਤਾ ਨਹੀਂ ਮੈਨੂੰ ਲੱਗਿਆ, ਕੁਝ ਥਾਵਾਂ 'ਤੇ ਵਿਦੇਸ਼ੀ ਧਰਤੀ ਦਾ ਬਿਰਤਾਂਤ ਪੰਜਾਬੀ ਪੇਂਡੂ ਪਾਠਕਾਂ ਨਾਲ ਵਿੱਥ ਰੱਖ ਕੇ ਤੁਰਦਾ ਹੈ।" ਖ਼ੈਰ, ਹਰ ਪਾਠਕ ਦੀ ਆਪਣੀ ਸੋਚ ਹੈ। ਨਾਵਲ ਦਾ ਬਿਰਤਾਂਤ ਬੇਹੱਦ ਸੰਘਣਾ ਹੈ। ਬੜਾ ਸੁਚੇਤ ਹੋ ਕੇ ਨਾਵਲ ਪੜ੍ਹਨ ਦੀ ਲੋੜ ਹੈ। ਵਿਦੇਸ਼ੀ ਸੱਭਿਆਚਾਰ ਦੇ ਪ੍ਰਤੱਖਣ ਅਤੇ ਨਿਰੀਖਣ ਲਈ ਜਸਵਿੰਦਰ ਦੀ ਕਲਮ ਨੂੰ ਸਲਾਮ ਕਰਨਾ ਬਣਦਾ ਹੈ ਜਿਸ ਨੇ ਵਿਦੇਸ਼ ਵਸਦੇ ਪੰਜਾਬੀਆਂ ਦੀ ਹਰ ਖ਼ੁਸ਼ੀ, ਵਿਹਾਰ, ਸੰਕਟਾਂ, ਰਿਸ਼ਤਿਆਂ ਅਤੇ ਲਾਲਸਾਵਾਂ ਨੂੰ ਏਨੀ ਨੀਝ ਨਾਲ ਸਮਝਿਆ, ਵਾਚਿਆ ਤੇ ਆਪਣੇ ਨਾਵਲ ਵਿਚ ਪੇਸ਼ ਕੀਤਾ। ਲੇਖਕ ਨੇ ਉਨ੍ਹਾਂ ਨੌਜਵਾਨਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ ਜਿਹੜੇ ਵਿਦੇਸ਼ ਜਾਣਾ ਨਹੀਂ ਚਾਹੁੰਦੇ ਤੇ ਇੱਥੇ ਰਹਿ ਕੇ ਹੀ ਆਪਣੀ ਯੋਗਤਾ ਨਾਲ ਕੁਝ ਕਰਨ ਦਾ ਹੌਸਲਾ ਰੱਖਦੇ ਹਨ: 'ਨੋ ਮੈਂ ਅਮਰੀਕਾ ਨਹੀਂ ਜਾਣਾ ਤਾਇਆ ਜੀ, ਮੈਂ ਆਈ.ਏ.ਐੱਸ. ਕਰਨੀ ਆ'।

ਵਿਦੇਸ਼ੀ ਧਰਤੀ ਦੇ ਜੀਵਨ ਦਰਸ਼ਨ ਬਾਰੇ ਪਾਤਰ ਗੈਰੀ ਆਖਦਾ ਹੈ: ਮਜ਼ੇ ਲਓ ਯਾਰ, ਸਿਆਣੇ ਕਹਿਗੇ- ਆਹ ਜੀਵਨ ਮਿੱਠਾ, ਅਗਲਾ ਕਿਸ ਨੇ ਡਿੱਠਾ। ... ਮਨ ਚਿੱਤ ਲਾ ਸੁਣ... ਸੰਗੀਤ ਦਾ, ਕਿਤਾਬਾਂ ਦਾ ਸ਼ੌਕ ਪਾਲ। ਮੇਰਾ ਚਿੱਤ ਕਰਦਾ ਸਾਰੇ ਜੰਜਾਲ ਛੱਡ ਗਾਰਸੀਆ ਨਾਲ ਸੋਸ਼ਲ ਵਰਕ ਕਰਾਂ, ਬਥੇਰਾ ਕਮਾ ਲਿਆ।

ਅੰਤ ਵਿਚ ਨਾਵਲ ਹਾਂਦਰੂ ਸੁਨੇਹੇ, ਕਦੇ ਵੀ ਨਾ ਹਾਰਨ ਤੇ ਜੱਦੋਜਹਿਦ ਕਰਦੇ ਰਹਿਣ ਤੇ ਨਵੇਂ ਦਿਸਹੱਦਿਆਂ ਦੀ ਤਲਾਸ਼ ਲਈ ਜਾਣ ਦੇ ਸੰਕੇਤ ਨਾਲ ਬੰਦ ਹੁੰਦਾ ਹੈ। ਮੈਨੂੰ ਯਕੀਨ ਹੈ, ਪਾਠਕ 'ਸੁਰਖ਼ ਸਾਜ਼' ਵਿਚ ਰੁਚੀ ਦਿਖਾਉਣਗੇ।



*ਡਾ. ਜਸਵਿੰਦਰ ਸਿੰਘ*




*ਡਾ. ਜਸਵਿੰਦਰ ਸਿੰਘ ਦੇ ਨਵੇਂ ਛਪੇ ਨਾਵਲ 'ਸੁਰਖ਼ ਸਾਜ਼' ਦਾ ਮੁਖੜਾ।*

**ਨਾਵਲ ਹਾਂਦਰੂ ਸੁਨੇਹੇ, ਕਦੇ ਵੀ ਨਾ ਹਾਰਨ ਤੇ ਜੱਦੋਜਹਿਦ ਕਰਦੇ ਰਹਿਣ ਤੇ ਨਵੇਂ ਦਿਸਹੱਦਿਆਂ ਦੀ ਤਲਾਸ਼ ਲਈ ਜਾਣ ਦੇ ਸੰਕੇਤ ਨਾਲ ਬੰਦ ਹੁੰਦਾ ਹੈ।**

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਅਪਰੈਲ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-632



*ਦਿਨ ਤਾਂ ਉਹ ਵੀ ਚੰਗੇ ਹੈ ਸੀ ਸਾਦਗੀ ਨਾਲ ਲੰਘਾਉਂਦੇ ਰਹੇ।*
*ਨਵਾਂ ਟਾਇਰ ਵੀ ਜੁੜਦਾ ਨਾ ਸੀ ਬੱਸ ਨਵਾਂ ਜੁਗਾੜ ਬਣਾਉਂਦੇ ਰਹੇ।*
*ਵਿੱਚ ਟਾਇਰ ਦੇ ਪੱਚ ਧਰਾਕੇ ਆਪਣਾ ਡੰਗ ਟਪਾਉਂਦੇ ਰਹੇ*

### ਕੈਪਸ਼ਨ ਮੁਕਾਬਲਾ-630



ਚਾਰ ਚੁਫੇਰਾ ਮਨ ਨੂੰ ਮੋਂਹਦਾ
ਫੁੱਲ ਖਿੜਨ ਦੀ ਰੁੱਤ ਜਦ ਆਵੇ।
ਗੁਲਜ਼ਾਰ ਦੇ ਕੋਲੋਂ ਲੰਘਣ ਵਾਲਾ
ਰੰਗਾਂ ਦੇ ਵਿਚ ਰੰਗਿਆ ਜਾਵੇ।
ਗੁਲਾਬੀ ਜਿਹੀ ਭਾਹ ਮਾਰਨ ਲੱਗੇ
ਜਦ ਪੋਟਾ ਪੱਤੀ ਨੂੰ ਛੂਹ ਜਾਵੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***

---

ਵਿਚ ਬਗੀਚੀ ਨਾਲ਼ ਗੁਲਾਬਾਂ,
ਗੱਲਾਂ ਕਰ ਰਹੀ ਜਾਪੇ,
ਇਹ ਰੰਗ ਕੁੜੀਆਂ ਮਨ ਭਾਵੇ,
ਵਿਚ ਬਣੀ ਫੁੱਲ ਆਪੇ।
ਮਿਲਦੀ ਜੁਲਦੀ ਹੈ ਗੁਰਗਾਬੀ,
ਪਰਸ ਗੁੱਤ ਫੁੱਲ ਟੰਗੇ,
ਸਦਾ ਰਹੇ ਵਾਂਗ ਖਿੜੇ ਗੁਲਾਬਾਂ,
ਰੱਬ ਤੋਂ ਹੱਥ ਜੋੜ ਮੰਗੇ।
***-ਸੇਵਾ ਸਿੰਘ 'ਨੂਰਪੁਰੀ'***

---

ਫੁੱਲਾਂ ਵਿਚੋਂ ਫੁੱਲ
ਅੱਵਲ ਦਰਜਾ ਗੁਲਾਬ ਦਾ
ਰੂਪ, ਮਹਿਕ,
ਸੁਹੱਪਣ ਨਾਲ ਭਰੀ ਫੁਲਵਾੜੀ
ਨਹੀਂ ਕੋਈ ਜਾਂਦਾ ਖਾਲੀ
ਬਿਨ ਸਲਾਹਿਆਂ
ਬੈਠ ਜਾਏ ਹਾਰ ਸ਼ਿੰਗਾਰ
ਕਰ ਕੋਈ ਲੜਕੀ
ਭੁਲੇਖਾ ਜ਼ਰੂਰ ਪਊ
ਇਹ ਵੀ ਹੈ ਬਾਗ ਦੀ ਸ਼ਾਨ
ਜੋ ਚਾਰ ਚੰਨ ਲਾ ਰਹੀ ਹੁਸਨ ਨੂੰ।
***-ਦਰਸ਼ਨ ਪਾਲ ਦੋਸਾਂਝ***

---

ਫੁੱਲ ਤੇ ਮਾਲਣ ਹਾਣੋਂ ਹਾਣੀ
ਹੜ੍ਹ ਜੋਬਨ ਦਾ ਆਇਆ
ਸੁਗੰਧੀ ਮਾਣੇ ਬਣ ਤਿਤਲੀ
ਬਗੀਚਾ ਵੀ ਮਹਿਕਾਇਆ।
ਫੁੱਲਾਂ ਦੇ ਨਾਲ ਇਕ ਮਿਕ ਹੋ ਕੇ
ਹੁਸਨ ਦੀ ਤੁਲਨਾ ਕਰਦੀ।
ਧਾਰੀਆਂ ਵਾਲੀ ਫਰਾਕ ਅਸਮਾਨੀ
ਰਹੀ ਗਵਾਹੀ ਭਰਦੀ।
***-ਹਰਜੋਤ ਕੌਰ ਮਹੇਸ਼ਪੁਰਾ***

## .ਗ਼ਜ਼ਲ

ਵਿਕਣੇ ਵਾਲੇ ਟਿਕ ਜਾਂਦੇ ਨੇ, ਅੜਨੇ ਵਾਲ਼ੇ ਝੜ ਜਾਂਦੇ ਨੇ,
ਸੱਚ ਦੇ ਆਸ਼ਿਕ ਔਖੇ ਵੇਲੇ, ਨਾਲ਼ ਸੱਚ ਦੇ ਖੜ ਜਾਂਦੇ ਨੇ।

ਸੱਚੋ ਸੱਚੀ ਪੱਤਰਕਾਰੀ, ਜਾਨ ਅਤੇ ਈਮਾਨ ਦਾ ਜੋਖ਼ਮ
ਬਦੋ ਬਦੀ ਕਈ ਤਲੀਆਂ ਉੱਤੇ, ਆਣ ਕਰੋੜਾਂ ਧਰ ਜਾਂਦੇ ਨੇ।

ਧਾਰ ਸ਼ਬਦਾਂ ਦੀ ਬੜੀ ਕਟੀਲੀ, ਏਹੋ ਬੁਝਾਵੇ ਲਾਵੇ ਤੀਲੀ,
ਰਾਜਨੀਤੀ ਦੇ ਚਾਣਕਿਆ ਵੀ, ਇਸ ਦੇ ਵਾਰ ਤੋਂ ਡਰ ਜਾਂਦੇ ਨੇ।

ਲੱਕੜੀ ਤੋਂ ਹੈ ਬਣਦਾ ਕਾਗਜ਼, ਕਾਗਜ਼ ਤੋਂ ਫਿਰ ਉੱਤਪੰਨ ਮਾਇਆ,
ਸਰੀਰ ਮਿੱਟੀ ਦੇ ਆਖ਼ਰ ਵੇਲੇ, ਲੱਕੜਾਂ ਵਿਚ ਹੀ ਸੜ ਜਾਂਦੇ ਨੇ।

ਬੋਦਲਾਂ ਦੇ ਸੁੱਖਵਿੰਦਰਾ ਕ੍ਰਾਂਤੀ, ਕ਼ਲਮਾਂ ਤੋਂ ਤਲਵਾਰਾਂ ਤੀਕਰ,
ਟਾਮੇ ਟਾਮੇ ਕ੍ਰਾਂਤੀਆਂ ਦੇ ਅੰਬਰੀਂ, ਬਣ ਕੇ ਤਾਰੇ ਚੜ੍ਹ ਜਾਂਦੇ ਨੇ।
***-ਸੁੱਖਵਿੰਦਰ ਬੋਦਲਾਂਵਾਲਾ (ਯੂ ਐਸ ਏ)***
***ਫੋਨ: 360-281-2624***

## ਵਰਿੰਦਰ ਕੌਰ ਤੂਰ ਦੇ ਚਲਾਣੇ 1ਤੇ ਤੂਰ ਅਤੇ ਚੀਮਾ ਪਰਿਵਾਰ ਨੂੰ ਸਦਮਾ



**ਟਲੈਰੀ:** ਕੈਲੇਫੋਰਨੀਆ ਦੇ ਸ਼ਹਿਰ ਟਲੈਰੀ ਨਿਵਾਸੀ ਬੀਬੀ ਵਰਿੰਦਰ ਕੌਰ ਤੂਰ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ 'ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆ' ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਦੀ ਪਤਨੀ ਦੇ ਭਰਾ ਸ. ਸੁਰਿੰਦਰਪਾਲ ਸਿੰਘ ਤੂਰ (ਸੈਮ, ਤੂਰ ਟਰੱਕਿੰਗ ਵਾਲੇ) ਦੇ ਪਤਨੀ ਸਨ। ਜੋ 1992 ਤੋਂ ਕੈਲੇਫੋਰਨੀਆ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਪੰਜਾਬ ਵਿਚ ਨਕੋਦਰ ਨੇੜੇ ਉਨ੍ਹਾਂ ਦਾ ਪਿੰਡ ਬੜਾ ਇਸਲਾਮ ਹੈ। ਉਹ ਆਪਣੇ ਪਿੱਛੇ ਪਤੀ ਤੋਂ ਇਲਾਵਾ ਇਕ ਧੀ ਅਤੇ ਦੋ ਪੁੱਤਰ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 30 ਮਾਰਚ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ ਸਵੇਰ 11 ਤੋਂ 1 ਵਜੇ ਤੱਕ ਹੋਵੇਗੀ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਜਾਂ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪਤੀ ਸ. ਸੁਰਿੰਦਰਪਾਲ ਸਿੰਘ ਸੈਮ ਤੂਰ ਨਾਲ ਫੋਨ ਨੰਬਰ 559 300 4899 ਜਾਂ ਸ. ਸੁਖਦੇਵ ਸਿੰਘ ਚੀਮਾ 559 300 0711 (ਬ੍ਰਦਰ-ਇਨ-ਲਾਅ) ਜਾਂ ਹਰਦੀਪ ਸਿੰਘ ਧੋਨਾ 331 900 0001 (ਸਨ-ਇਨ-ਲਾਅ) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ***-ਕੁਲਵੰਤ ਧਾਲੀਆਂ / ਨੀਟਾ ਮਾਛੀਕੇ***


TBF
THE BAINS FIRM



Manpreet S. Bains

Personal Injury and Wrongful Death Attorneys

Case Results*

**$10 MILLION** Motorcycle vs. Truck Collision


**$8 MILLION** Wrongful Death

**$5.25 MILLION** Traumatic Brain Injury

**$1.1 MILLION** Burn Injury

**$1.1 MILLION** Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

**CONTACT US AT:**

**Phone:** (510) 474-0028 • **E-mail:** info@thebainsfirm.com

www.thebainsfirm.com



# ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

# CALIFORNIA

IMMIGRATION SERVICES INC.

Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

**Address:**

**Fremont Office:**
4127 Bay Street, Unit 5, Fremont CA, 94538

**Tracy Office:**
1660 W Linne Rd. Unit J24, Tracy CA, 95377

**Website:** www.caials.com **e-mail:** rosy@caials.com


ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



# Homeopathicvibes

## Harminder Singh Gill

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES


ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਅਕਾਲੀ ਦਲ ਦੀ ਸਿਆਸਤ ਅਤੇ ਪੰਜਾਬ

**ਸਾਰੀਆਂ ਸਿਆਸੀ ਪਾਰਟੀਆਂ ਨੇ ਲੋਕ ਸਭਾ ਚੋਣਾਂ ਲਈ ਕਮਰ ਕੱਸ ਲਈ ਹੈ। ਇਸ ਵਕਤ ਪੰਜਾਬ ਵਿਚ ਚਾਰ ਅਹਿਮ ਸਿਆਸੀ ਧਿਰਾਂ ਹਨ। ਇਨ੍ਹਾਂ ਵਿਚ ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਮੁੱਖ ਹਨ। ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਤਕਰੀਬਨ ਢਾਈ ਦਹਾਕੇ ਗਠਜੋੜ ਰਿਹਾ ਪਰ ਕਿਸਾਨ ਅੰਦੋਲਨ ਦੌਰਾਨ ਇਹ ਗਠਜੋੜ ਟੁੱਟ ਗਿਆ। ਇਸ ਸਿਆਸੀ ਪ੍ਰਸੰਗ ਵਿਚ ਆਕਸਫੋਰਡ ਬਰੁਕਸ ਬਿਜ਼ਨਸ ਸਕੂਲ ਵਿਚ ਅਮੈਰਿਟਸ ਪ੍ਰੋਫੈਸਰ ਪ੍ਰੀਤਮ ਸਿੰਘ ਨੇ ਅਕਾਲੀ ਦਲ ਦੀ ਸਿਆਸਤ ਦੀ ਅਹਿਮੀਅਤ ਬਾਰੇ ਟਿੱਪਣੀ ਕੀਤੀ ਹੈ।**

2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੀ ਇਕ ਖਾਸੀਅਤ ਨੂੰ ਡੂੰਘਾਈ ਨਾਲ ਸਮਝਣ ਦੀ ਲੋੜ ਹੈ। ਇਸ ਖਾਸੀਅਤ ਦੀ ਮਹੱਤਤਾ ਨੂੰ ਸਮਝਣ ਨਾਲ ਹੀ ਅਕਾਲੀ ਦਲ ਦੀ ਚੋਣ ਨੀਤੀ ਘੜਨ ਦੀ ਮਹੱਤਤਾ ਸਾਹਮਣੇ ਆਏਗੀ। ਅਕਾਲੀ ਦਲ ਪੰਜਾਬ ਦੀ ਇਕੋ-ਇਕ ਖੇਤਰੀ ਪਾਰਟੀ ਹੈ। ਬਾਕੀ ਸਭ ਪਾਰਟੀਆਂ ਜਿਵੇਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ, ਬਸਪਾ, ਸੀ.ਪੀ.ਆਈ. ਤੇ ਸੀ.ਪੀ.ਐੱਮ. ਜੋ ਪੰਜਾਬ ਵਿਚ ਵਿਚਰਦੀਆਂ ਹਨ, ਦੀ ਸਿਆਸਤ ਅਤੇ ਚੋਣ ਨੀਤੀ ਉਨ੍ਹਾਂ ਦੀ ਕੇਂਦਰੀ ਲੀਡਰਸ਼ਿਪ ਦੀ ਸੋਚ ਅਤੇ ਸਿਆਸਤ 'ਤੇ ਆਧਾਰਿਤ ਹੁੰਦੀ ਹੈ। ਇਨ੍ਹਾਂ ਪਾਰਟੀਆਂ ਦਾ ਕੇਂਦਰੀਕਰਨ ਇਕ ਤਰ੍ਹਾਂ ਦਾ ਨਹੀਂ ਹੈ। ਕਿਸੇ ਵਿਚ ਬਹੁਤਾ ਜ਼ਿਆਦਾ ਕੇਂਦਰੀਕਰਨ ਹੈ ਜਿਵੇਂ ਭਾਜਪਾ ਵਿਚ ਤੇ ਕਿਸੇ ਵਿਚ ਥੋੜ੍ਹਾ ਘੱਟ ਜਿਵੇਂ ਖੱਬੀਆਂ ਪਾਰਟੀਆਂ ਵਿਚ,



ਪ੍ਰੋ. ਪ੍ਰੀਤਮ ਸਿੰਘ
ਫੋਨ: +44-7922-657957

ਖਾਸ ਤੌਰ 'ਤੇ ਉਦੋਂ ਤੋਂ ਜਦੋਂ ਤੋਂ ਖੱਬੀ ਸਿਆਸਤ ਭਾਰਤ ਵਿਚ ਕਮਜ਼ੋਰ ਹੋਈ ਹੈ ਪਰ ਇਸ ਫਰਕ ਦੇ ਬਾਵਜੂਦ ਇਨ੍ਹਾਂ ਪਾਰਟੀਆਂ ਵਿਚ ਕੇਂਦਰੀਕਰਨ ਭਾਰੂ ਹੋਣ ਕਰ ਕੇ ਇਨ੍ਹਾਂ ਦੀ ਪੰਜਾਬ ਆਧਾਰਿਤ ਲੀਡਰਸ਼ਿਪ ਆਜ਼ਾਦਾਨਾ ਫੈਸਲੇ ਨਹੀਂ ਕਰ ਸਕਦੀ।

ਅਸੈਂਬਲੀ ਜਾਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਨ੍ਹਾਂ ਗੈਰ-ਅਕਾਲੀ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਆਪਣੀ ਪੰਜਾਬ ਵਿਚਲੀ ਲੀਡਰਸ਼ਿਪ ਨੂੰ ਚੋਣ ਗੱਠਜੋੜ ਲਈ ਕੁਝ ਆਜ਼ਾਦੀ ਜ਼ਰੂਰ ਦਿੰਦੀ ਹੈ ਪਰ ਉਸ ਗਿਣੀ ਮਿਣੀ ਆਜ਼ਾਦੀ ਦੀਆਂ ਹੱਦਾਂ ਇਨ੍ਹਾਂ ਪਾਰਟੀਆਂ ਦੀ ਕੇਂਦਰੀ ਲੀਡਰਸ਼ਿਪ ਹੀ ਤੈਅ ਕਰਦੀ ਹੈ।

1947 ਤੋਂ ਬਾਅਦ ਕਾਂਗਰਸ ਪਾਰਟੀ ਭਾਰਤ ਦੀ ਸਭ ਤੋਂ ਵੱਡੀ ਪਾਰਟੀ ਸੀ। 1947 ਤੋਂ ਪਹਿਲਾਂ ਇਸ ਪਾਰਟੀ ਦੀ ਸੋਚ ਤੇ ਵਿਚਾਰਧਾਰਾ ਤਾਂ ਕੇਂਦਰਵਾਦੀ ਸੀ ਪਰ ਜਥੇਬੰਦਕ ਢਾਂਚਾ ਇਸ ਸੋਚ 'ਤੇ ਆਧਾਰਿਤ ਸੀ ਕਿ ਭਾਰਤ ਦੇ ਵੱਖ-ਵੱਖ ਖੇਤਰਾਂ ਨੂੰ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਕਰਨ ਲਈ ਉਨ੍ਹਾਂ ਖੇਤਰਾਂ ਦੀ ਕਾਂਗਰਸ ਪਾਰਟੀ ਖੇਤਰੀ ਪੱਧਰ 'ਤੇ ਆਧਾਰਤ ਹੋਵੇ; ਜਿਵੇਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਜਾਂ ਬੰਗਾਲ ਪ੍ਰਦੇਸ਼ ਕਾਂਗਰਸ ਕਮੇਟੀ ਆਦਿ। ਇਸ ਜਥੇਬੰਦਕ ਢਾਂਚੇ ਵਿਚ ਪ੍ਰਦੇਸ਼ ਸ਼ਬਦ ਦਾ ਇਸਤੇਮਾਲ ਇਸ ਸਚਾਈ ਨੂੰ ਉਜਾਗਰ ਕਰਦਾ ਸੀ ਕਿ ਭਾਰਤ ਅਲੱਗ-ਅਲੱਗ ਪ੍ਰਦੇਸ਼ਾਂ (ਨੈਸ਼ਨੈਲਿਟੀਜ਼) ਦਾ ਸਮੂਹ ਸੀ। 1947 ਤੋਂ ਬਾਅਦ ਦੇਸ਼ ਦੀ ਵੰਡ ਨਾਲ ਹੋਈ ਆਜ਼ਾਦੀ ਨੇ ਇਸ ਪਾਰਟੀ ਦੀ ਲੀਡਰਸ਼ਿਪ ਨੂੰ ਕੇਂਦਰਵਾਦ ਵੱਲ ਧੱਕ ਦਿੱਤਾ ਅਤੇ ਇਸ ਦੀ ਸੋਚ ਅਨੇਕਤਾ ਵਿੱਚ ਏਕਤਾ (ਯੂਨਿਟੀ) ਵੱਲ ਮੁੜ ਗਈ ਜਿਸ ਵਿਚ ਜ਼ਿਆਦਾ ਜ਼ੋਰ ਏਕਤਾ (ਯੂਨਿਟੀ) 'ਤੇ ਸੀ ਅਤੇ ਅਨੇਕਤਾ (ਡਾਇਵਰਸਿਟੀ) ਸਿਰਫ ਕਹਿਣ ਜਾਂ ਦਿਖਾਵੇ ਲਈ ਸੀ।

ਜਵਾਹਰ ਲਾਲ ਨਹਿਰੂ ਜੋ ਇਸ ਪਾਰਟੀ ਦੀ ਸੋਚ ਦਾ ਮੁੱਖ ਘਾੜਾ ਸੀ, ਕੇਂਦਰਵਾਦ ਵਿਚ ਜਨੂਨ ਤੱਕ ਵਿਸ਼ਵਾਸ ਕਰਨ ਵਾਲਾ ਸੀ ਕਿਉਂਕਿ ਉਸ ਦੀ ਸੋਚ ਮੁਤਾਬਕ ਭਾਰਤ ਨੂੰ ਇਕ ਕੌਮ ਵਿਚ ਪਰੋਣ ਲਈ ਕੇਂਦਰਵਾਦੀ ਵਿਚਾਰਧਾਰਾ ਤੇ ਕੇਂਦਰਵਾਦੀ ਸੰਸਥਾਵਾਂ ਨੂੰ ਹਥਿਆਰ ਵਜੋਂ ਵਰਤਣ ਦੀ ਲੋੜ ਸੀ। ਉਸ ਦੀ ਇਸ ਵਿਚਾਰਧਾਰਾ ਅਤੇ ਭਾਰਤ ਦੀ ਅਸਲੀ ਸਚਾਈ ਕਿ ਇਹ ਅਲੱਗ-ਅਲੱਗ ਪ੍ਰਦੇਸ਼ਾਂ ਦਾ ਸਮੂਹ ਸੀ, ਵਿਚ ਟਕਰਾਅ ਸੀ। ਇਸੇ ਟਕਰਾਅ ਕਾਰਨ ਭਾਸ਼ਾ ਆਧਾਰਿਤ ਸੂਬੇ ਬਣਾਉਣ ਦੀਆਂ ਜੋ ਲਹਿਰਾਂ ਚੱਲੀਆਂ, ਉਨ੍ਹਾਂ ਦੀ ਇਹ ਵਿਰੋਧੀ ਸੀ ਪਰ ਅਲੱਗ-ਅਲੱਗ ਖੇਤਰ ਜਿਵੇਂ ਗੁਜਰਾਤ ਤੇ ਆਂਧਰਾ ਪ੍ਰਦੇਸ਼ ਵਿਚ ਭਾਸ਼ਾ ਆਧਾਰ 'ਤੇ ਸੂਬੇ ਬਣਾਉਣ ਲਈ ਉਠੇ ਜਨਤਕ ਉਭਾਰ ਜੋ ਇਸ ਸਮਾਜਿਕ ਤੇ ਸਭਿਆਚਾਰਕ ਸੱਚ ਨੂੰ ਉਜਾਗਰ ਕਰਦੇ ਸਨ ਕਿ ਭਾਰਤ ਉਸ ਦੇ ਸੁਫ਼ਨਿਆਂ ਮੁਤਾਬਕ ਇਕ ਨਹੀਂ ਸੀ, ਨਹਿਰੂ ਨੂੰ ਇਸ ਸੱਚ ਅੱਗੇ ਝੁਕਣਾ ਪਿਆ। ਉਹ ਝੁਕ ਤਾਂ ਗਿਆ ਪਰ ਆਪਣੀ ਸੋਚ ਵਿਚ ਤਬਦੀਲੀ ਨਹੀਂ ਕੀਤੀ। ਉਸ ਦੀ ਇਸੇ ਕੇਂਦਰਵਾਦੀ ਨੀਤੀ ਕਰ ਕੇ ਉਹ 1964 ਵਿਚ ਆਪਣੀ ਮੌਤ ਤੱਕ ਪੰਜਾਬੀ ਭਾਸ਼ਾ 'ਤੇ ਆਧਾਰਿਤ ਸੂਬੇ ਦਾ ਵਿਰੋਧੀ ਰਿਹਾ ਹਾਲਾਂਕਿ ਪੰਜਾਬੀ ਜ਼ੁਬਾਨ ਆਧਾਰਿਤ ਸੂਬੇ ਦੀ ਲਹਿਰ ਵਿਚ ਕੁਝ ਕਮਜ਼ੋਰੀਆਂ ਸਨ ਜਿਵੇਂ ਮਾਸਟਰ ਤਾਰਾ ਸਿੰਘ ਦੀ ਦੋਗਲੀ ਸੋਚ ਜੋ ਕਦੇ ਇਸ ਨੂੰ ਸਿੱਖ ਪ੍ਰਧਾਨ ਸੂਬੇ ਦੇ ਤੌਰ 'ਤੇ ਪੇਸ਼ ਕਰਦੀ ਸੀ ਤੇ ਕਦੇ ਜ਼ੁਬਾਨ ਆਧਾਰਿਤ ਸੂਬੇ 'ਤੇ। ਨਹਿਰੂ ਤੇ ਮਾਸਟਰ ਤਾਰਾ ਸਿੰਘ ਦੋਵੇਂ ਇਖਲਾਕੀ ਤੌਰ 'ਤੇ ਬੜੇ ਉੱਚ ਦਰਜੇ ਦੇ ਨੇਤਾ ਸਨ ਪਰ ਉਨ੍ਹਾਂ ਦੇ ਆਪਸੀ ਵਿਚਾਰਧਾਰਕ ਤੇ ਕੁਝ ਹੱਦ ਤੱਕ ਜਾਤੀ ਟਕਰਾਅ ਕਾਰਨ ਪੰਜਾਬੀ ਸੂਬਾ ਦੋਨਾਂ ਦੀ ਮੌਤ ਤੋਂ ਬਾਅਦ ਹੀ ਬਣ ਸਕਿਆ।

ਨਹਿਰੂ ਦੀ ਮੌਤ ਤੋਂ ਬਾਅਦ ਕਾਂਗਰਸ ਪਾਰਟੀ ਵਿਚ ਕਈ ਤਬਦੀਲੀਆਂ ਆਈਆਂ ਪਰ ਉਸ ਦੀ 'ਭਾਰਤੀ ਕੌਮ' ਵਾਲੀ ਵਿਚਾਰਧਾਰਾ ਇਸ ਪਾਰਟੀ ਦਾ ਸਿਧਾਂਤਕ ਨਿਰਦੇਸ਼ਕ ਰਿਹਾ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਰਾਹੁਲ ਗਾਂਧੀ ਨੇ ਇਕ ਦੋ ਵਾਰ ਭਾਰਤ ਨੂੰ ਸੂਬਿਆਂ ਦਾ ਦੇਸ਼ ਕਹਿ ਕੇ ਉਸ ਵਿਚਾਰਧਾਰਾ ਤੋਂ ਥੋੜ੍ਹੀ ਦੂਰੀ ਦਿਖਾਈ ਹੈ ਪਰ ਮੁੱਢਲੇ ਤੌਰ 'ਤੇ ਕਾਂਗਰਸ ਪਾਰਟੀ ਹੁਣ ਵੀ ਕੇਂਦਰਵਾਦੀ ਸੋਚ ਦੀ ਧਾਰਨੀ ਹੈ। ਭਾਰਤ ਦੇ ਸਿਆਸੀ ਵਿਚਾਰਧਾਰਕ ਇਤਿਹਾਸ ਵਿਚ ਇਹ ਬਹੁਤ ਵੱਡੀ ਤਬਦੀਲੀ ਹੋਏਗੀ ਜੇ ਕਾਂਗਰਸ ਪਾਰਟੀ ਨੇ ਕੇਂਦਰੀਵਾਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਦਿੱਤੀ। ਐਸੀ ਵਿਚਾਰਧਾਰਕ ਤਬਦੀਲੀ ਇਸ ਪਾਰਟੀ ਵਿਚ ਭੂਚਾਲ ਵਰਗੀ ਉਥਲ ਪੁਥਲ ਕਰ ਸਕਦੀ ਹੈ।

ਭਾਰਤੀ ਜਨਤਾ ਪਾਰਟੀ ਵੀ 'ਭਾਰਤ ਇਕ ਕੌਮ' ਵਿਚਾਰਧਾਰਾ ਦੀ ਮੁਦਈ ਹੈ ਪਰ ਇਹ ਕੌਮ ਨੂੰ ਹਿੰਦੂ ਕੌਮ ਬਣਾਉਣ ਦੇ ਪ੍ਰੋਜੈਕਟ ਲਈ ਜਨੂਨ ਦੀ ਹੱਦ ਤਕ ਵਚਨਬੱਧ ਹੈ। ਇਸ ਪ੍ਰੋਜੈਕਟ ਨੂੰ ਸਿਰੇ ਚਾੜ੍ਹਨ ਲਈ ਇਹ ਪਾਰਟੀ ਇੱਥੋਂ ਤਕ ਕੇਂਦਰਵਾਦ ਨੂੰ ਸਮਰਪਿਤ ਹੈ ਕਿ ਭਾਵੇਂ ਜਮਹੂਰੀਅਤ ਦਾ ਕਤਲ ਕਰ ਕੇ ਤਾਨਾਸ਼ਾਹੀ ਲਾਉਣੀ ਪਵੇ। ਅਜਿਹਾ ਪ੍ਰੋਜੈਕਟ ਬਹੁਤ ਸਮਾਜਿਕ ਤੇ ਸਭਿਆਚਾਰਕ ਨੁਕਸਾਨ ਕਰ ਸਕਦਾ ਹੈ ਪਰ ਕਾਮਯਾਬ ਨਹੀਂ ਹੋ ਸਕਦਾ ਕਿਉਂਕਿ ਭਾਰਤ ਬਹੁ-ਕੌਮਾਂ ਦਾ ਭੂਗੋਲਿਕ ਸਮੂਹ ਹੈ ਅਤੇ ਇਸ ਸਚਾਈ ਅੱਗੇ ਇਸ ਵਿਚਾਰਧਾਰਾ ਨੂੰ ਹਾਰ ਮੰਨਣੀ ਪਏਗੀ। ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਇਹ ਪਾਰਟੀ ਅਜੇ ਆਪਣੀ ਬੜੀ ਖਤਰਨਾਕ ਹਿੰਦੂ ਕੇਂਦਰਵਾਦੀ ਸੋਚ ਬਾਰੇ ਚਿੰਤਤ ਹੈ।

ਆਮ ਆਦਮੀ ਪਾਰਟੀ ਦੀ ਕਾਂਗਰਸ ਜਾਂ ਭਾਜਪਾ ਵਾਂਗ ਕੋਈ ਖਾਸ ਵਿਚਾਰਧਾਰਾ ਨਹੀਂ ਹੈ ਪਰ ਸਿਰਫ਼ ਅਰਵਿੰਦ ਕੇਜਰੀਵਾਲ 'ਤੇ ਆਧਾਰਿਤ ਹੋਣ ਕਰ ਕੇ ਇਹ ਪਾਰਟੀ ਵੀ ਬਹੁਤ ਕੇਂਦਰਵਾਦੀ ਹੈ।

ਬਸਪਾ ਦੀ ਸੋਚ ਵਿਚ ਦੁਬਿਧਾ ਹੈ। ਇਕ ਪਾਸੇ ਮਹਾਨ ਚਿੰਤਕ ਅੰਬੇਡਕਰ ਦੇ ਵਿਚਾਰਾਂ 'ਤੇ ਆਧਾਰਿਤ ਇਹ ਪਾਰਟੀ ਬ੍ਰਾਹਮਣਵਾਦੀ ਹਿੰਦੂ ਵਿਚਾਰਧਾਰਾ ਦੀ ਵਿਰੋਧੀ ਹੈ ਅਤੇ ਕੇਂਦਰਵਾਦ ਤੋਂ ਦਲਿਤਾਂ ਲਈ ਪੈਦਾ ਹੋਣ ਵਾਲੇ ਖਤਰਿਆਂ ਤੋਂ ਡਰਦੀ ਹੈ; ਦੂਜੇ ਪਾਸੇ ਇਸ ਗੱਲ ਵਿਚ ਵੀ ਵਿਸ਼ਵਾਸ ਰੱਖਦੀ ਹੈ ਕਿ ਦਲਿਤਾਂ 'ਤੇ ਉਚੀਆਂ ਜਾਤਾਂ ਦੇ ਅਤਿਆਚਾਰ ਰੋਕਣ ਲਈ ਕੇਂਦਰੀ ਸੰਸਥਾਵਾਂ ਦੀ ਦਖਲ ਅੰਦਾਜ਼ੀ ਜ਼ਰੂਰੀ ਹੈ। ਬਸਪਾ ਦਾ ਜਥੇਬੰਦਕ ਢਾਂਚਾ ਇਸ ਦੀ ਮੁਖੀ ਮਾਇਆਵਤੀ 'ਤੇ ਇੰਨਾ ਆਧਾਰਿਤ ਹੈ ਕਿ ਅਸਲ ਵਿਚ ਇਹ ਵੀ ਬਹੁਤ ਕੇਂਦਰਵਾਦੀ ਪਾਰਟੀ ਬਣ ਚੁੱਕੀ ਹੈ।

ਖੱਬੀਆਂ ਪਾਰਟੀਆਂ ਵਿਚੋਂ ਸੀ.ਪੀ.ਆਈ. ਦਾ ਝੁਕਾਅ ਕੇਂਦਰਵਾਦੀ ਜ਼ਿਆਦਾ ਹੈ ਪਰ ਇਹ ਕੇਂਦਰਵਾਦੀ ਝੁਕਾਅ ਕਾਂਗਰਸ ਜਾਂ ਭਾਜਪਾ ਵਾਂਗ ਭਾਰਤ ਨੂੰ ਇਕ ਕੌਮ ਬਣਾਉਣ ਦੀ ਵਿਚਾਰਧਾਰਾ 'ਤੇ ਆਧਾਰਿਤ ਨਹੀਂ ਹੈ। ਸੀ.ਪੀ.ਆਈ. ਦਾ ਕੇਂਦਰਵਾਦੀ ਝੁਕਾ ਸੋਵੀਅਤ ਯੂਨੀਅਨ ਦੇ ਭਾਰਤ ਨਾਲ ਸਬੰਧਾਂ ਨਾਲ ਜੁੜਿਆ ਹੋਇਆ ਹੈ। ਠੰਢੀ ਜੰਗ ਦੇ ਸਮੇਂ ਜਦੋਂ ਸੰਸਾਰ ਦੇ ਬਹੁਤੇ ਦੇਸ਼ ਜਾਂ ਤਾਂ ਸੋਵੀਅਤ ਯੂਨੀਅਨ ਤੇ ਜਾਂ ਫਿਰ ਅਮਰੀਕਾ ਨਾਲ ਜੁੜੇ ਹੋਏ ਸਨ, ਉਸ ਵਕਤ ਸੋਵੀਅਤ ਯੂਨੀਅਨ ਭਾਰਤੀ ਸਟੇਟ ਨੂੰ ਆਪਣੇ ਗੁਟ ਵਿਚ ਸਮਝਦਾ ਸੀ ਅਤੇ ਕਿਸੇ ਵੀ ਐਸੀ ਲਹਿਰ ਜਾਂ ਵਿਚਾਰਧਾਰਾ ਨੂੰ ਜੋ ਇਸ ਸਟੇਟ ਨੂੰ ਕਮਜ਼ੋਰ ਕਰ ਸਕਦੀ ਸੀ, ਉਸ ਦਾ ਵਿਰੋਧ ਕਰਦਾ ਸੀ। ਸੀ.ਪੀ.ਆਈ. ਵਿਚਾਰਧਾਰਕ ਤੌਰ 'ਤੇ ਸੋਵੀਅਤ ਯੂਨੀਅਨ ਨਾਲ ਜੁੜੀ ਹੋਣ ਕਰ ਕੇ ਭਾਰਤੀ ਸਟੇਟ ਨੂੰ ਮਜ਼ਬੂਤ ਕਰਨ ਅਤੇ ਰੱਖਣ ਲਈ ਕੇਂਦਰਵਾਦ ਦੀ ਮੁਦਈ ਸੀ।

ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਉਸ ਵਿਚਾਰਧਾਰਾ ਦਾ ਪਾਰਟੀ 'ਤੇ ਅਜੇ ਵੀ ਅਸਰ ਹੈ ਕਿਉਂਕਿ ਜਦੋਂ ਲੀਡਰਸ਼ਿਪ ਅਤੇ ਵਰਕਰਾਂ ਨੇ ਦਹਾਕਿਆਂ ਬੱਧੀ ਇਕ ਸੋਚ 'ਤੇ ਜ਼ੋਰ ਸ਼ੋਰ ਨਾਲ ਪਹਿਰਾ ਦਿੱਤਾ ਹੋਵੇ, ਉਸ ਤੋਂ ਮੁਕਤ ਹੋਣਾ ਆਸਾਨ ਨਹੀਂ ਹੈ। ਜਥੇਬੰਦਕ ਤੌਰ 'ਤੇ ਇਹ ਵੀ ਕੇਂਦਰਵਾਦੀ ਪਾਰਟੀ ਹੈ ਪਰ ਇਸ ਦਾ ਕੇਂਦਰਵਾਦ ਜਨੂਨੀ ਕਿਸਮ ਦਾ ਨਹੀਂ ਤੇ ਤਬਦੀਲੀ ਦੀ ਸੰਭਾਵਨਾ ਰੱਖਦਾ ਹੈ; ਖਾਸ ਤੌਰ 'ਤੇ ਇਸ ਕਰ ਕੇ ਕਿ ਇਹ ਹਿੰਦੂ ਰਾਸ਼ਟਰਵਾਦ ਦੇ ਖ਼ਤਰਿਆਂ ਤੋਂ ਜਾਣੂ ਹੈ।

ਸੀ.ਪੀ.ਐੱਮ. ਬਹੁਤ ਦੇਰ ਤਕ ਰਾਜਾਂ ਦੇ ਅਧਿਕਾਰਾਂ ਦੀ ਮੁਦਈ ਰਹੀ ਹੈ ਅਤੇ ਕਦੇ-ਕਦੇ ਭਾਰਤ ਵਿਚ ਵਸਦੀਆਂ ਵੱਖ-ਵੱਖ ਕੌਮਾਂ ਬਾਰੇ ਇਸ ਦੀ ਸੋਚ ਅਗਾਂਹਵਧੂ ਸੀ ਪਰ 1980ਵਿਆਂ ਤੋਂ ਬਾਅਦ ਹਰਕਿਸ਼ਨ ਸਿੰਘ ਸੁਰਜੀਤ ਦੀ ਲੀਡਰਸ਼ਿਪ ਹੇਠ ਇਹ ਪਾਰਟੀ ਵੀ ਸੋਵੀਅਤ ਯੂਨੀਅਨ ਅਤੇ ਭਾਰਤੀ ਸਟੇਟ ਨਾਲ ਨੇੜਤਾ ਪਾ ਚੁੱਕੀ ਹੈ। ਪੰਜਾਬ ਵਿਚ ਦੋਨਾਂ ਖੱਬੀਆਂ ਪਾਰਟੀਆਂ ਦੀਆਂ ਮੁੱਖ ਗਲਤੀਆਂ ਭਾਰਤੀ ਸਟੇਟ ਨਾਲ ਨੇੜਤਾ 'ਚੋਂ ਪੈਦਾ ਹੋਈਆਂ ਹਨ ਹਾਲਾਂਕਿ ਦੋਨਾਂ ਪਾਰਟੀਆਂ ਵਿਚ ਬਹੁਤ ਸੁਹਿਰਦ ਨੇਤਾ ਤੇ ਵਰਕਰ ਹਨ। ਸੀ.ਪੀ.ਐੱਮ. ਵੀ ਹਿੰਦੂ ਰਾਸ਼ਟਰਵਾਦ ਦੇ ਖ਼ਤਰਿਆਂ ਬਾਰੇ ਚੇਤੰਨ ਹੈ ਪਰ ਜਥੇਬੰਦਕ ਤੌਰ 'ਤੇ ਇਹ ਵੀ ਕੇਂਦਰਵਾਦੀ ਪਾਰਟੀ ਹੈ।




ਇਸ ਪ੍ਰਸੰਗ ਵਿਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਆਧਾਰਿਤ ਇਕੋ-ਇਕ ਖੇਤਰੀ ਪਾਰਟੀ ਹੈ। ਜਦੋਂ ਮੈਂ ਆਪਣੀ ਕਿਤਾਬ 'Federalism, Nationalism and Development: India and the Punjab Economy' ਲਈ ਖੋਜ ਕਰ ਰਿਹਾ ਸੀ ਤਾਂ ਇਹ ਗੱਲ ਬਿਲਕੁਲ ਸਾਫ ਸਾਹਮਣੇ ਆਈ ਕਿ ਉਤਰੀ ਭਾਰਤ ਜੋ ਦੇਸ਼ ਦਾ ਹਿੰਦੀ ਭਾਸ਼ੀ ਖਿੱਤਾ ਸਮਝਿਆ ਜਾਂਦਾ ਹੈ, ਵਿਚ ਪੰਜਾਬ ਤੇ ਕਸ਼ਮੀਰ ਅਲੱਗ ਖਿੱਤੇ ਹਨ। ਇਨ੍ਹਾਂ ਦੋਹਾਂ ਵਿਚ ਵੀ ਖਾਸ ਫ਼ਰਕ ਹਨ ਜਿਨ੍ਹਾਂ ਨੂੰ ਸਮਝਣਾ ਇਨ੍ਹਾਂ ਦੋਹਾਂ ਪ੍ਰਾਂਤਾਂ ਦੀ ਸਿਆਸਤ ਦੀ ਖਾਸੀਅਤ ਨੂੰ ਸਮਝਣ ਲਈ ਜ਼ਰੂਰੀ ਹੈ। ਪੰਜਾਬ ਵਿਚ ਕੌਮੀ ਘੱਟਗਿਣਤੀ (ਸਿੱਖ) ਇਥੇ ਬਹੁਗਿਣਤੀ ਹੈ ਅਤੇ ਕਸ਼ਮੀਰ ਵਿਚ ਵੀ ਕੌਮੀ ਘੱਟਗਿਣਤੀ (ਮੁਸਲਮਾਨ) ਇਥੇ ਬਹੁਗਿਣਤੀ ਹੈ। ਇਹ ਦੋਨਾਂ ਦੀ ਸਾਂਝ ਹੈ ਜੋ ਇਸ ਨੂੰ ਉੱਤਰੀ ਭਾਰਤ ਦੇ ਦੂਜੇ ਰਾਜਾਂ ਨਾਲੋਂ ਨਿਖੇੜਦੀ ਹੈ ਪਰ ਇਨ੍ਹਾਂ ਦੋਹਾਂ ਵਿਚ ਮਹੱਤਵਪੂਰਨ ਫ਼ਰਕ ਵੀ ਹੈ ਕਿ ਮੁਸਲਮਾਨ ਭਾਵੇਂ ਭਾਰਤ ਵਿਚ ਘੱਟਗਿਣਤੀ ਵਿਚ ਹਨ ਪਰ ਸੰਸਾਰਕ ਤੌਰ 'ਤੇ ਇਸਲਾਮ ਦੁਨੀਆ ਦੇ ਵੱਡੇ ਧਰਮਾਂ 'ਚੋਂ ਇਕ ਹੈ ਅਤੇ ਦੂਜੇ ਨੰਬਰ 'ਤੇ ਹੈ (ਦੁਨੀਆ ਦੀ ਆਬਾਦੀ ਦਾ ਲਗਭਗ 25% ਜਿਥੇ ਇਸਾਈ ਧਰਮ ਪਹਿਲੇ ਨੰਬਰ 'ਤੇ ਹੈ, ਲਗਭਗ 31%)। ਇਸ ਲਈ ਪੰਜਾਬ ਦੀ ਸਹੀ ਖੇਤਰੀ ਪਾਰਟੀ ਉਹੀ ਹੋ ਸਕਦੀ ਹੈ ਜੋ ਇਕੋ ਸਮੇਂ ਪੰਜਾਬ ਦੇ ਆਰਥਿਕ ਹਿੱਤਾਂ ਤੇ ਕੁਦਰਤੀ ਸਰੋਤਾਂ ਦੀ ਰਾਖੀ ਕਰ ਸਕੇ ਅਤੇ ਸਿੱਖਾਂ ਦੇ ਸਭਿਆਚਾਰਕ, ਧਾਰਮਿਕ ਤੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਕਰ ਸਕੇ ਕਿਉਂਕਿ ਪੰਜਾਬ ਹੀ ਦੁਨੀਆ ਦਾ ਅਜਿਹਾ ਖਿੱਤਾ ਹੈ ਜਿਥੇ ਸਿੱਖ ਬਹੁਗਿਣਤੀ ਵਿਚ ਹਨ। ਪੰਜਾਬ ਦੀ ਖੇਤਰੀ ਪਾਰਟੀ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਭਾਰਤ ਦੇ ਦੂਜੇ ਪ੍ਰਾਂਤਾਂ ਵਿਚ ਅਤੇ ਦੁਨੀਆ ਦੇ ਦੂਜੇ ਦੇਸ਼ਾਂ ਵਿਚ ਵਸਦੇ ਸਿੱਖਾਂ ਤੇ ਪੰਜਾਬੀਆਂ ਦੇ ਧਾਰਮਿਕ ਤੇ ਸਭਿਆਚਾਰਕ ਅਧਿਕਾਰਾਂ ਦੀ ਰਾਖੀ ਕਰੇ।

ਇਉਂ ਅਸੀਂ ਇਹ ਕਹਿ ਸਕਦੇ ਹਾਂ ਕਿ ਜੇ ਅਕਾਲੀ ਪਾਰਟੀ ਨਾ ਵੀ ਹੁੰਦੀ ਤਾਂ ਵੀ ਪੰਜਾਬ ਦੇ ਖਾਸ ਇਤਿਹਾਸਕ ਹਾਲਾਤ ਕਰ ਕੇ ਕਿਸੇ ਅਜਿਹੀ ਪਾਰਟੀ ਦੀ ਲੋੜ ਪੈਣੀ ਸੀ ਅਤੇ ਅਜਿਹੀ ਪਾਰਟੀ ਦਾ ਜਨਮ ਲੈਣਾ ਜ਼ਰੂਰੀ ਹੋਣਾ ਸੀ ਕਿਉਂਕਿ ਪੰਜਾਬ ਦੀ ਅਜਿਹੀ ਖੇਤਰੀ ਪਾਰਟੀ ਨੂੰ ਸਿੱਖ ਘੱਟਗਿਣਤੀ ਦੇ ਹਿੱਤਾਂ ਦੀ ਰਾਖੀ ਕਰਨਾ ਜ਼ਰੂਰੀ ਬਣਦਾ ਸੀ। ਅਜਿਹੀ ਪਾਰਟੀ ਦੀ ਇਹ ਇਤਿਹਾਸਕ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਉਹ ਪੰਜਾਬ ਵਿਚਲੀਆਂ ਧਾਰਮਿਕ ਘੱਟਗਿਣਤੀਆਂ (ਹਿੰਦੂ, ਮੁਸਲਮਾਨ, ਇਸਾਈ, ਜੈਨੀ, ਬੋਧੀ) ਦੀ ਵੀ ਰਾਖੀ ਕਰੇ। ਇਨ੍ਹਾਂ ਧਾਰਮਿਕ ਘੱਟਗਿਣਤੀਆਂ ਵਿਚ ਵੀ ਫ਼ਰਕ ਹੈ ਕਿਉਂਕ ਮੁਸਲਮਾਨ, ਇਸਾਈ, ਜੈਨੀ ਤੇ ਬੋਧੀ ਪੰਜਾਬ ਵਿਚ ਵੀ ਤੇ ਦੇਸ਼ ਵਿਚ ਵੀ ਘੱਟਗਿਣਤੀ ਵਿਚ ਹਨ ਜਦੋਂਕਿ ਹਿੰਦੂ ਦੇਸ਼ ਵਿਚ ਬਹੁਤ ਵੱਡੀ ਬਹੁਗਿਣਤੀ (ਲਗਭਗ 79-80%) ਦਾ ਹਿੱਸਾ ਹਨ। ਇਸ ਫ਼ਰਕ ਦੇ ਬਾਵਜੂਦ ਪੰਜਾਬ ਦੀ ਸਹੀ ਖੇਤਰੀ ਰਾਜਨੀਤਕ ਪਾਰਟੀ ਉਹੀ ਹੋ ਸਕਦੀ ਹੈ ਜੋ ਸਿੱਖਾਂ ਦੇ ਨਾਲ-ਨਾਲ ਇਨ੍ਹਾਂ ਘੱਟਗਿਣਤੀਆਂ ਦਾ ਵਿਸ਼ਵਾਸ ਵੀ ਜਿੱਤ ਸਕੇ ਤੇ ਇਨ੍ਹਾਂ ਦੇ ਧਾਰਮਿਕ ਤੇ ਸਭਿਆਚਾਰਕ ਹੱਕਾਂ ਦੀ ਰਖਵਾਲੀ ਵੀ ਬਣੇ।

ਜਦੋਂ ਤੱਕ ਅਕਾਲੀ ਪਾਰਟੀ ਪੰਜਾਬ ਦੀਆਂ ਦੂਜੀਆਂ ਪਾਰਟੀਆਂ ਵਾਂਗ ਕਿਸੇ ਕੇਂਦਰੀ ਕੰਟਰੋਲ ਥੱਲੇ ਨਹੀਂ ਰਹੀ, ਉਦੋਂ ਤੱਕ ਇਸ ਨੇ ਸਭ ਮੁਸ਼ਕਲਾਂ ਦੇ ਬਾਵਜੂਦ ਪੰਜਾਬ ਦੇ ਖੇਤਰੀ ਹੱਕਾਂ ਲਈ ਸੰਘਰਸ਼ ਕੀਤਾ ਹੈ। ਪਿਛਲੇ ਸਾਲਾਂ ਵਿਚ ਇਸ ਦੀ ਗਿਰਾਵਟ ਦਾ ਮੁੱਖ ਕਾਰਨ ਇਹ ਸੀ ਕਿ ਇਹ ਭਾਜਪਾ ਨਾਲ ਸਾਂਝ ਪਾ ਕੇ ਆਪਣੀ ਖੇਤਰੀ ਪਾਰਟੀ ਦੀ ਆਜ਼ਾਦਾਨਾ ਪਛਾਣ ਕਮਜ਼ੋਰ ਕਰਨ ਲੱਗ ਗਈ ਸੀ। ਇੱਥੇ ਗਿਰਾਵਟ ਤੋਂ ਭਾਵ ਸਿਰਫ਼ ਚੋਣਾਂ ਵਿਚ ਪਹਿਲਾਂ ਨਾਲੋਂ ਘੱਟ ਵੋਟਾਂ ਲੈਣਾ ਤੇ ਘੱਟ ਸੀਟਾਂ ਜਿੱਤਣਾ ਨਹੀਂ; ਗਿਰਾਵਟ ਤੋਂ ਭਾਵ ਵਿਚਾਰਧਾਰਕ ਗਿਰਾਵਟ ਹੈ ਜਿੱਥੇ ਕੋਈ ਖੇਤਰੀ ਪਾਰਟੀ ਆਜ਼ਾਦਾਨਾ ਫੈਸਲੇ ਕਰਨੇ ਛੱਡ ਕੇ ਕੇਂਦਰੀ ਪਾਰਟੀ ਨਾਲ ਸਾਂਝ ਰੱਖਣ ਲਈ ਆਪਣੀ ਖਾਸੀਅਤ ਨੂੰ ਮਿਟਾਉਣਾ ਸ਼ੁਰੂ ਕਰ ਦੇਵੇ।

ਦੂਜਾ ਮੁੱਖ ਮੁੱਦਾ ਜਮਹੂਰੀਅਤ ਦਾ ਹੈ। ਘੱਟਗਿਣਤੀਆਂ ਦੇ ਅਧਿਕਾਰ ਸਿਰਫ਼ ਜਮਹੂਰੀਅਤ ਵਿਚ ਹੀ ਸੁਰੱਖਿਅਤ ਹਨ ਭਾਵੇਂ ਜਮਹੂਰੀ ਢਾਂਚੇ ਵਿਚ ਨੁਕਸ ਵੀ ਹੋਣ। ਜਦੋਂ ਮੈਂ ਅਕਾਲੀ ਪਾਰਟੀ 'ਤੇ ਪਰਚਾ ਲਿਖਣ ਲਈ ਖੋਜ ਕਰ ਰਿਹਾ ਸੀ ਤਾਂ ਇਕ ਗੱਲ ਬੜੀ ਦਿਲਚਸਪ ਤੇ ਮਹੱਤਤਾ ਵਾਲੀ ਸਾਹਮਣੇ ਆਈ ਸੀ ਕਿ ਐਮਰਜੈਂਸੀ ਵੇਲੇ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀ ਪਾਰਟੀ ਨੂੰ ਸਮਝੌਤੇ ਦੀ ਪੇਸ਼ਕਸ਼ ਕੀਤੀ ਸੀ ਕਿ ਜੇ ਉਹ ਐਮਰਜੈਂਸੀ ਖ਼ਿਲਾਫ਼ ਮੋਰਚਾ ਬੰਦ ਕਰ ਦੇਵੇ ਤਾਂ ਉਹ ਪਾਰਟੀ ਦਾ ਪੰਜਾਬ ਵਿਚ ਰਾਜ ਕਰਨ ਲਈ ਸਮਝੌਤਾ ਕਰ ਲਏਗੀ ਤਾਂ ਪਾਰਟੀ ਨੇ ਉਸ ਦੀ ਪੇਸ਼ਕਸ਼ ਇਸ ਕਰ ਕੇ ਰੱਦ ਕਰ ਦਿੱਤੀ ਸੀ ਕਿ ਸਾਡੇ ਗੁਰੂਆਂ ਨੇ ਸਾਨੂੰ ਜ਼ੁਲਮ ਦੇ ਖ਼ਿਲਾਫ਼ ਲੜਨ ਦੀ ਸਿੱਖਿਆ ਦਿੱਤੀ ਹੈ; ਅੰਦਰੂਨੀ ਤੌਰ 'ਤੇ ਇਹ ਵੀ ਸਮਝ ਲਿਆ ਸੀ ਕਿ ਘੱਟਗਿਣਤੀਆਂ ਲਈ ਜਮਹੂਰੀਅਤ ਬਹੁਤ ਜ਼ਰੂਰੀ ਹੈ।

2024 ਦੀਆਂ ਚੋਣਾਂ ਮੌਕੇ ਜੇ ਅਕਾਲੀ ਦਲ ਨੇ ਭਾਜਪਾ ਨਾਲ ਸੀਟਾਂ ਦਾ ਸਮਝੌਤਾ ਕਰ ਲਿਆ ਤਾਂ ਹੋ ਸਕਦਾ ਹੈ ਕਿ ਕੁਝ ਚੋਣ ਪ੍ਰਾਪਤੀ ਇਕੱਲੇ ਲੜਨ ਨਾਲੋਂ ਜ਼ਿਆਦਾ ਹੋ ਜਾਏ ਪਰ ਉਸ ਦਾ ਖੇਤਰੀ ਪਾਰਟੀ ਵਾਲਾ ਚਰਿੱਤਰ ਹੋਰ ਵੀ ਕਮਜ਼ੋਰ ਹੋ ਜਾਏਗਾ ਅਤੇ ਅਕਾਲੀ ਦਲ ਵਿਚਾਰਧਾਰਕ ਤੌਰ 'ਤੇ ਹੋਰ ਵੀ ਗਿਰਾਵਟ ਵੱਲ ਚਲਾ ਜਾਏਗਾ। ਜੇ ਇਸ ਸਮਝੌਤੇ ਕਰ ਕੇ ਚੋਣ ਪ੍ਰਾਪਤੀ ਵੀ ਨਾ ਹੋਈ ਤਾਂ ਸਭਿਆਚਾਰਕ ਗਿਰਾਵਟ ਦੇ ਨਾਲ-ਨਾਲ ਪਾਰਟੀ ਰਾਜਨੀਤਕ ਨਿਰਾਸ਼ਾ ਦਾ ਸ਼ਿਕਾਰ ਵੀ ਹੋਵੇਗੀ।

ਜੇ ਪਾਰਟੀ ਆਪਣੇ ਬਲਬੂਤੇ ਚੋਣ ਲੜਦੀ ਹੈ ਤੇ ਚੋਣ ਪ੍ਰਾਪਤੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਸੰਭਾਵਨਾ ਹੈ ਤਾਂ ਪਾਰਟੀ ਵਿਚ ਨਵਾਂ ਉਤਸ਼ਾਹ ਆਏਗਾ। ਇਕੱਲੇ ਚੋਣ ਲੜਨ ਨਾਲ ਜੇ ਚੋਣ ਪ੍ਰਾਪਤੀਆਂ ਵੀ ਨਹੀਂ ਹੁੰਦੀਆਂ ਤਾਂ ਘੱਟੋ-ਘੱਟ ਆਪਣੀ ਆਜ਼ਾਦਾਨਾ ਪਛਾਣ ਰੱਖਣ ਦੀ ਮਹੱਤਵਪੂਰਨ ਪ੍ਰਾਪਤੀ ਹੋਏਗੀ। ਕੁਝ ਸਮੇਂ ਅਜਿਹੇ ਹੁੰਦੇ ਹਨ ਜਿੱਥੇ ਆਪਣੀ ਵਿਚਾਰਧਾਰਕ ਸੁੱਚਮ ਰੱਖਣਾ ਵੋਟਾਂ ਲੈਣ ਨਾਲੋਂ ਕਈ ਗੁਣਾ ਜ਼ਿਆਦਾ ਮਹੱਤਤਾ ਰੱਖਦਾ ਹੈ। ਆਉਣ ਵਾਲੇ ਸਮੇਂ ਵਿਚ ਅਕਾਲੀ ਦਲ ਨੂੰ ਹੋਰ ਡੂੰਘੀ ਵਿਚਾਰ ਕਰ ਕੇ ਨਵੇਂ ਕਿਸਮ ਦੇ ਗੱਠਜੋੜਾਂ ਬਾਰੇ ਸੋਚਣਾ ਚਾਹੀਦਾ ਹੈ। ਪੰਜਾਬ ਦੀ ਇਸ ਇਕੱਲੀ ਖੇਤਰੀ ਪਾਰਟੀ ਦੀ ਇਹ ਇਤਿਹਾਸਕ ਲੋੜ ਵੀ ਹੈ ਤੇ ਜ਼ਿੰਮੇਵਾਰੀ ਵੀ ਹੈ।

# ਇੱਕ ਧਰਮ ਨਿਰਪੱਖ ਸੰਤ ਦੀ ਜੀਵਨ ਕਹਾਣੀ

ਸਮਾਜ ਸੇਵੀ ਅਤੇ ਚਿਪਕੋ ਅੰਦੋਲਨ ਦੇ ਮੋਹਰੀਆਂ 'ਚੋਂ ਇੱਕ ਚੰਡੀ ਪ੍ਰਸਾਦ ਭੱਟ ਦਾ ਮੈਂ ਬਹੁਤ ਆਦਰ ਕਰਦਾ ਹਾਂ। ਉਨ੍ਹਾਂ ਨਾਲ ਪਹਿਲੀ ਮੁਲਾਕਾਤ ਵੇਲੇ ਮੇਰੀ ਉਮਰ ਵੀਹ ਸਾਲ ਤੋਂ ਥੋੜ੍ਹੀ ਵੱਧ ਸੀ ਅਤੇ ਮੇਰੇ ਜੀਵਨ 'ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਬਹੁਤ ਗਹਿਰਾ ਅਸਰ ਪਿਆ ਸੀ। ਉਸ ਤੋਂ ਬਾਅਦ ਵੀ ਕਈ ਵਾਰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ; ਹਰੇਕ ਮੁਲਾਕਾਤ ਨਾਲ ਭਾਰਤ ਅਤੇ ਦੁਨੀਆ ਨੂੰ ਦਰਪੇਸ਼ ਨੈਤਿਕ, ਸਿਆਸੀ ਤੇ ਵਾਤਾਵਰਣਕ ਚੁਣੌਤੀਆਂ ਅਤੇ ਇਨ੍ਹਾਂ



ਨਾਲ ਨਜਿੱਠਣ ਬਾਰੇ ਕੀ ਕੀਤਾ ਜਾਣਾ ਚਾਹੀਦਾ ਹੈ, ਮੁਤੱਲਕ ਨਵੀਂ ਸੂਝ ਮਿਲਦੀ ਰਹਿੰਦੀ ਸੀ। ਕੁਝ ਸਾਲ ਪਹਿਲਾਂ ਚੰਡੀ ਪ੍ਰਸਾਦ ਭੱਟ ਦੀ ਸਵੈ-ਜੀਵਨੀ ਪ੍ਰਕਾਸ਼ਿਤ ਹੋਈ

**ਰਾਮਚੰਦਰ ਗੁਹਾ**

ਸੀ ਜੋ ਕਿ ਹਿੰਦੀ ਵਿਚ ਸੀ। ਇਸ ਦੇ ਅੰਗਰੇਜ਼ੀ ਸੰਸਕਰਣ 'ਜੈਂਟਲ ਰਜਿਸਟੈਂਸ' ਦਾ ਅਨੁਵਾਦ ਸਮੀਰ ਬੈਨਰਜੀ ਨੇ ਕੀਤਾ ਹੈ।


ਚੰਡੀ ਪ੍ਰਸਾਦ ਭੱਟ ਦਾ ਜਨਮ 1934 ਵਿਚ ਹੋਇਆ ਜਦੋਂ ਹਿੰਦੋਸਤਾਨ ਹਾਲੇ ਅੰਗਰੇਜ਼ਾਂ ਦੀ ਬਸਤੀ ਹੀ ਸੀ। ਕਿਤਾਬ ਦੇ ਮੁੱਢਲੇ ਅਧਿਆਇਆਂ ਵਿਚ ਉਨ੍ਹਾਂ ਦੇ ਬਚਪਨ ਅਤੇ ਵੱਡੀ ਭੈਣ (ਜਿਨ੍ਹਾਂ ਨਾਲ ਉਨ੍ਹਾਂ ਦਾ ਬਹੁਤ ਤਿਹੁ ਸੀ), ਅਧਿਆਪਕਾਂ, ਪਿੰਡ ਦੇ ਵੱਡ-ਵਡੇਰਿਆਂ ਅਤੇ ਮਜ਼ਦੂਰੀ ਕਰਨ ਵਾਲੀਆਂ ਅਖੌਤੀ ਨੀਵੀਆਂ ਜਾਤੀਆਂ ਦੇ ਲੋਕਾਂ ਦੀਆਂ ਯਾਦਾਂ ਦਾ ਜ਼ਿਕਰ ਆਇਆ ਹੈ। ਇਨ੍ਹਾਂ ਤੋਂ ਇਲਾਵਾ ਕਿਤਾਬ ਦੇ ਇਨ੍ਹਾਂ ਪੰਨਿਆਂ 'ਤੇ ਹਿਮਾਲਿਆ, ਇਸ ਦੀਆਂ ਪਹਾੜੀਆਂ, ਜੰਗਲਾਂ, ਮੈਦਾਨਾਂ ਅਤੇ ਨਦੀਆਂ ਦਾ ਧਰਾਤਲ ਸਜੀਵ ਹੋ ਉਠਦਾ ਹੈ। ਉਹ ਲਿਖਦੇ ਹਨ, "ਮੈਨੂੰ ਅਲਕਨੰਦਾ ਦੇ ਵਗਦੇ ਪਾਣੀ ਨਾਲ ਪਿਆਰ ਹੈ।" ਇਵੇਂ ਜਾਪਦਾ ਹੈ ਕਿ ਉਹ ਨਦੀ ਦੇ ਲੈਅਮਈ ਵਹਾਅ ਤੋਂ ਭਾਵੁਕ ਤੌਰ 'ਤੇ ਮੁਤਾਸਿਰ ਹੋਏ ਸਨ।

ਬ੍ਰਾਹਮਣ ਹੋਣ ਕਰਕੇ ਨੌਜਵਾਨ ਚੰਡੀ ਪ੍ਰਸਾਦ ਦਾ ਸਮਾਜਿਕ ਰੁਤਬਾ ਬਹੁਤ ਉਚਾ ਗਿਣਿਆ ਜਾਂਦਾ ਸੀ। ਉਂਝ, ਇਸ ਨਾਲ ਉਨ੍ਹਾਂ ਦੇ ਕਾਰ ਵਿਹਾਰ 'ਤੇ ਕੋਈ ਬਹੁਤਾ ਪ੍ਰਭਾਵ ਨਹੀਂ ਪਿਆ। ਜਦੋਂ ਉਹ ਇੱਕ ਸਾਲ ਦੇ ਸਨ ਤਾਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਪਰਿਵਾਰ ਗ਼ਰੀਬ ਸੀ ਪਰ ਲਾਚਾਰ ਨਹੀਂ ਸੀ ਜਿਵੇਂ ਕਿ ਉਹ ਲਿਖਦੇ ਹਨ, "ਮੇਰਾ ਪੂਰਾ ਬਚਪਨ ਤੰਗੀਆਂ ਤੁਰਸ਼ੀਆਂ ਦੇ ਮਾਹੌਲ ਵਿਚ ਬੀਤਿਆ, ਕਿਸੇ ਵੀ ਚੀਜ਼ ਦੀ ਬਹੁਤਾਤ ਨਹੀਂ ਸੀ ਅਤੇ ਹਰ ਲੋੜੀਂਦੀ ਚੀਜ਼ ਦੀ ਥੁੜ ਜਾਪਦੀ ਸੀ।" ਅੱਲੜ੍ਹ ਉਮਰੇ ਉਨ੍ਹਾਂ ਨੂੰ ਖੇਤੀ ਕਰਨੀ ਅਤੇ ਗਾਵਾਂ ਚਰਾਉਣੀਆਂ ਪੈਂਦੀਆਂ ਸਨ ਤਾਂ ਕਿ ਘਰ ਦਾ ਚੁੱਲ੍ਹਾ ਬਲਦਾ ਰਹੇ। ਚੰਡੀ ਪ੍ਰਸਾਦ ਸਾਫ਼ਗੋਈ ਨਾਲ ਲਿਖਦੇ ਹਨ ਕਿ ਕਿਵੇਂ ਉਹ ਬੇਪ੍ਰਵਾਹ ਵਿਦਿਆਰਥੀ ਸਨ, ਮੁਸ਼ਕਿਲ ਨਾਲ ਹੀ ਪਾਸ ਹੁੰਦੇ ਸਨ ਅਤੇ ਕਈ ਸਕੂਲ ਬਦਲ ਕੇ ਉਨ੍ਹਾਂ ਨੇ ਦਸਵੀਂ ਦੀ ਪੜ੍ਹਾਈ ਪੂਰੀ ਕੀਤੀ ਸੀ। ਯੂਨੀਵਰਸਿਟੀ ਦੀ ਪੜ੍ਹਾਈ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ; ਚੰਗੇ ਭਾਗੀਂ ਇੱਕ ਮੁਕਾਮੀ ਬੱਸ ਕੰਪਨੀ ਦੇ ਦਫ਼ਤਰ ਵਿਚ ਬੁਕਿੰਗ ਕਲਰਕ ਦੀ ਨੌਕਰੀ ਮਿਲਣ ਕਰਕੇ ਥੋੜ੍ਹੀ ਜਿਹੀ ਮਾਸਿਕ ਆਮਦਨ ਆਉਣ ਲੱਗ ਪਈ। ਹਿਮਾਲਿਆ ਵਿਚ ਸਥਿਤ ਪਵਿੱਤਰ ਧਰਮ ਅਸਥਾਨਾਂ ਦੇ ਦਰਸ਼ਨਾਂ ਲਈ ਬਹੁਤ ਸਾਰੇ ਸ਼ਰਧਾਲੂ ਬੱਸਾਂ ਰਾਹੀਂ ਆਉਂਦੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮਿਲ-ਜੁਲ ਕੇ ਚੰਡੀ ਪ੍ਰਸਾਦ ਦਾ ਸੱਭਿਆਚਾਰਕ ਤੇ ਭੂਗੋਲਿਕ ਬ੍ਰਹਿਮੰਡ ਵਿਸ਼ਾਲ ਹੋਣਾ ਸ਼ੁਰੂ ਹੋ ਗਿਆ। ਵੀਹ ਸਾਲ ਦੀ ਉਮਰ ਵਿਚ ਉਨ੍ਹਾਂ ਪਹਿਲੀ ਵਾਰ ਕਿਸੇ ਮੋਟਰ ਕਾਰ ਵਿਚ ਬਦਰੀਨਾਥ ਦੇ ਦਰਸ਼ਨਾਂ ਲਈ ਆਏ ਦੌਲਤਮੰਦ ਬਿਰਲਾ ਪਰਿਵਾਰ ਨੂੰ ਦੇਖਿਆ ਸੀ। ਉਹ ਲਿਖਦੇ ਹਨ: "ਉਦੋਂ ਤੱਕ ਮੈਂ ਬਿਰਲਾ ਪਰਿਵਾਰ ਦੇ ਕਿਸੇ ਜੀਅ ਨੂੰ ਨਹੀਂ ਦੇਖਿਆ ਸੀ ਪਰ ਉਨ੍ਹਾਂ ਦੇ ਡਰਾਈਵਰ ਦੀ ਸ਼ਾਨਦਾਰ ਪੁਸ਼ਾਕ ਦੇਖ ਕੇ ਉਨ੍ਹਾਂ ਦੀ ਉਚੀ ਹੈਸੀਅਤ ਦਾ ਅੰਦਾਜ਼ਾ ਹੋ ਗਿਆ ਸੀ।"

ਸੰਨ 1956 ਵਿਚ ਸਤਿਕਾਰਤ ਗਾਂਧੀਵਾਦੀ ਸਮਾਜ ਸੇਵੀ ਜੈਪ੍ਰਕਾਸ਼ ਨਰਾਇਣ ਨੇ ਗੜਵਾਲ ਦਾ ਦੌਰਾ ਕੀਤਾ। ਨੌਜਵਾਨ ਚੰਡੀ ਪ੍ਰਸਾਦ ਭੱਟ ਉਨ੍ਹਾਂ ਨੂੰ ਸੁਣਨ ਗਏ ਅਤੇ ਸੱਠ ਸਾਲਾਂ ਬਾਅਦ ਉਨ੍ਹਾਂ ਚੇਤੇ ਕਰਦਿਆਂ ਦੱਸਿਆ ਕਿ "ਜੇਪੀ ਦੇ ਸ਼ਬਦਾਂ ਨੇ ਮੇਰੀ ਆਤਮਾ ਨੂੰ ਛੂਹ ਲਿਆ।" ਉਸ ਤੋਂ ਬਾਅਦ ਉਹ ਇੱਕ ਮੁਕਾਮੀ ਸਰਵੋਦਯ ਕਾਰਕੁਨ ਮਾਨ ਸਿੰਘ ਰਾਵਤ ਨੂੰ ਮਿਲੇ ਜੋ ਉਨ੍ਹਾਂ ਨੂੰ ਪਹਾੜੀ ਖੇਤਰਾਂ ਵਿਚ ਪੈਦਲ ਯਾਤਰਾਵਾਂ 'ਤੇ ਲੈ ਕੇ ਜਾਂਦੇ ਸਨ। ਜੇਪੀ ਦੇ ਸ਼ਬਦਾਂ ਅਤੇ ਮਾਨ ਸਿੰਘ ਦੀ ਮਿਸਾਲ ਤੋਂ ਪ੍ਰਭਾਵਿਤ ਹੋ ਕੇ ਭੱਟ ਨੇ ਗੜਵਾਲ ਮੋਟਰ ਓਨਰਜ਼ ਯੂਨੀਅਨ ਦੀ ਨੌਕਰੀ ਤਿਆਗ ਦਿੱਤੀ ਅਤੇ ਸਾਰਾ ਸਮਾਂ ਸਮਾਜ ਸੇਵਾ ਦੇ ਲੇਖੇ ਲਾਉਣ ਲੱਗੇ।

1960ਵਿਆਂ ਵਿਚ ਭੱਟ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਲੇਬਰ ਸਹਿਕਾਰਤਾ ਅਤੇ ਮਹਿਲਾ ਮੰਗਲ (ਭਲਾਈ) ਦਲ ਬਣਾਉਣ ਦਾ ਕਾਰਜ ਵਿੱਢਿਆ। ਉਹ ਨਿਮਰਤਾ ਨਾਲ ਜਾਤੀ ਵਿਤਕਰੇ ਦਾ ਵਿਰੋਧ ਕਰਨ ਦੇ ਨਾਲ ਨਾਲ ਹੜ੍ਹ, ਬੱਸ ਹਾਦਸਿਆਂ ਦੇ ਪੀੜਤਾਂ ਨੂੰ ਬਚਾਉਣ ਦਾ ਕੰਮ ਵੀ ਕਰਦੇ ਸਨ। ਦਸ ਕੁ ਸਾਲਾਂ ਦੇ ਅੰਦਰ-ਅੰਦਰ ਪੂਰੇ ਗੜਵਾਲ ਵਿਚ ਉਨ੍ਹਾਂ ਦੀ ਸਮਾਜ ਸੇਵੀ ਵਜੋਂ ਪਛਾਣ ਬਣ ਗਈ। ਇਸ ਦੌਰਾਨ ਭੱਟ ਨੇ ਪਹਾੜਾਂ ਵਿਚ ਵਪਾਰਕ ਫੌਰੈਸਟਰੀ (ਕਾਰੋਬਾਰੀ ਮੰਤਵ ਲਈ ਪੌਦੇ ਲਾਉਣ) ਦੇ ਅਸਰਾਂ ਨੂੰ ਘੋਖਣਾ ਸ਼ੁਰੂ ਕੀਤਾ। ਉਨ੍ਹਾਂ ਲਿਖਿਆ ਕਿ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਦਰਖ਼ਤਾਂ ਦੀ ਕਟਾਈ ਨਾਲ ਕੁਦਰਤ ਅਤੇ ਇਨਸਾਨ ਦੋਵਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਕਿਵੇਂ ਮਜ਼ਦੂਰਾਂ ਨੂੰ ਉਨ੍ਹਾਂ ਦੇ ਕੰਮ ਦਾ ਮਾਮੂਲੀ ਜਿਹਾ ਇਵਜ਼ਾਨਾ ਦੇ ਕੇ ਬਾਕੀ ਸਾਰਾ ਮੁਨਾਫ਼ਾ ਠੇਕੇਦਾਰ ਛਕ ਜਾਂਦੇ ਅਤੇ ਲੱਕੜ ਮੈਦਾਨੀ ਇਲਾਕਿਆਂ ਦੀਆਂ ਸਨਅਤਾਂ ਲਈ ਭੇਜ ਦਿੱਤੀ ਜਾਂਦੀ ਸੀ। ਇਸ ਬਰਬਾਦੀ ਨੂੰ ਤੱਕ ਕੇ ਭੱਟ ਨੇ ਆਪਣੇ ਆਪ ਨੂੰ ਸਵਾਲ ਕੀਤਾ: "ਕੀ ਇਹ ਸ਼ੋਸ਼ਣਕਾਰੀ ਪਾਗਲਪਣ ਰੋਕਿਆ ਜਾ ਸਕਦਾ ਹੈ?" ਉਨ੍ਹਾਂ ਸੋਚਿਆ ਕਿ ਇਹ ਕੀਤਾ ਜਾ ਸਕਦਾ ਹੈ ਪਰ ਸਿਰਫ਼ ਉਦੋਂ ਜਦੋਂ ਪਹਾੜੀ ਲੋਕਾਂ ਦਾ ਆਪਣੇ ਜੰਗਲਾਂ ਜਿਨ੍ਹਾਂ 'ਤੇ ਉਨ੍ਹਾਂ ਦੀ ਰੋਜ਼ੀ ਰੋਟੀ ਤੇ ਹੋਂਦ ਟਿਕੀ ਹੋਈ ਸੀ, ਉਤੇ ਕੰਟਰੋਲ ਮੁੜ ਸਥਾਪਤ ਹੋ ਜਾਵੇਗਾ।

1973 ਵਿਚ ਭੱਟ ਨੇ ਵਪਾਰਕ ਫਾਰੈਸਟਰੀ ਖ਼ਿਲਾਫ਼ ਪਿੰਡਾਂ ਦੇ ਲੋਕਾਂ ਦਾ ਪਹਿਲਾ ਰੋਸ ਪ੍ਰਦਰਸ਼ਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਜਿਸ ਨੂੰ ਸਮੂਹਿਕ ਰੂਪ ਵਿਚ 'ਚਿਪਕੋ ਲਹਿਰ' ਦਾ ਨਾਂ ਦਿੱਤਾ ਗਿਆ। ਚਿਪਕੋ ਲਹਿਰ ਬਾਰੇ ਦਰਜਨਾਂ ਕਿਤਾਬਾਂ ਅਤੇ ਲੇਖ ਪ੍ਰਕਾਸ਼ਿਤ ਹੋਏ। ਮੈਂ ਆਪਣਾ ਡਾਕਟੋਰਲ ਲੇਖ ਵੀ ਇਸ ਲਹਿਰ ਅਤੇ ਇਸ ਦੇ ਇਤਿਹਾਸਕ ਉਥਾਨ ਬਾਰੇ ਲਿਖਿਆ ਸੀ। ਭੱਟ ਦੀਆਂ ਯਾਦਾਂ ਦੀ ਖ਼ੂਬਸੀਅਤ ਨੂੰ ਅਨੁਵਾਦਕ ਸਮੀਰ ਬੈਨਰਜੀ ਨੇ ਆਪਣੇ ਨੋਟ ਵਿਚ ਬਿਆਨ ਕੀਤਾ ਹੈ: 'ਅਕਾਦਮਿਕ ਬਿਰਤਾਂਤ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਕਾਰਕੁਨਾਂ ਨਾਲ ਜੁੜੀ ਮਨੁੱਖੀ ਮਿਹਨਤ ਮੁਸ਼ੱਕਤ, ਆਸਾਂ ਅਤੇ ਅਹਿਸਾਸਾਂ ਦਾ ਖ਼ੁਲਾਸਾ ਕਰਨ ਲਈ ਕਦੇ ਕਦਾਈਂ ਹੀ ਸਾਜ਼ਗਾਰ ਹੁੰਦਾ ਹੈ; ਕਿਸੇ ਕਾਰਕੁਨ ਦੀ ਜ਼ਿੰਦਗੀ ਵਿਚ ਅਹਿਸਾਸ ਦੀ ਦੁਨੀਆ ਆਮ ਤੌਰ 'ਤੇ ਸ਼ਬਦਾਂ, ਵਾਕਾਂ, ਭਾਸ਼ਾ ਅਤੇ 'ਵਾਦ' ਦੇ ਪਸਾਰੇ ਜੋ ਕਿ ਵਿਆਖਿਆ ਅਤੇ ਵਿਸ਼ਲੇਸ਼ਣ ਦੇ ਚੌਖਟਿਆਂ ਨਾਲ ਜੁੜਿਆ ਹੁੰਦਾ ਜਾਂ ਉੱਥੋਂ ਉਗਮਿਆ ਹੁੰਦਾ ਹੈ ਤੇ ਜ਼ਮੀਨੀ ਹਕੀਕਤਾਂ ਤੋਂ ਕੋਰਾ ਹੁੰਦਾ ਹੈ, ਵਿਚ ਗੁਆਚ ਜਾਂਦੀ ਹੈ।



> **ਚੰਡੀ ਪ੍ਰਸਾਦ ਭੱਟ ਮੁੱਖ ਤੌਰ 'ਤੇ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਜੋੜਦਾ ਹੈ ਪਰ ਇਸ ਦੇ ਬਾਵਜੂਦ ਉਹ ਗਹਿਰੀ ਪਹੁੰਚ ਵਾਲਾ ਚਿੰਤਕ ਹੈ, ਖ਼ਾਸ ਤੌਰ 'ਤੇ ਟਿਕਾਊ ਆਰਥਿਕ ਉੱਦਮਾਂ ਦੇ ਮਾਮਲੇ ਵਿਚ। ਉਸ ਨੇ 1976 ਵਿਚ ਹੀ ਚਿਤਾਵਨੀ ਦੇ ਦਿੱਤੀ ਸੀ ਕਿ ਸੜਕਾਂ ਦੀ ਅੰਨ੍ਹੇਵਾਹ ਉਸਾਰੀ ਜੋਸ਼ੀਮੱਠ ਵਿਚ ਘਰਾਂ 'ਚ ਤਰੇੜਾਂ ਦਾ ਕਾਰਨ ਬਣੇਗੀ। 1980ਵਿਆਂ ਵਿਚ ਉਸ ਨੇ ਕਈ ਇਤਿਹਾਸਕ ਲੇਖ ਲਿਖੇ ਜਿਨ੍ਹਾਂ 'ਚ ਸਮਝਾਇਆ ਸੀ ਕਿ ਕਿਉਂ ਵੱਡੇ ਡੈਮ ਹਿਮਾਲਿਆ ਲਈ ਢੁਕਵੇਂ ਨਹੀਂ ਹਨ।**

ਬੈਨਰਜੀ ਦੀਆਂ ਟਿੱਪਣੀਆਂ ਵਿਚਲਾ ਸੱਚ ਹੋਰਾਂ ਘਟਨਾਵਾਂ ਦੇ ਨਾਲ-ਨਾਲ ਭੱਟ ਦੇ ਲਖਨਊ 'ਚ ਇੱਕ ਸੀਨੀਅਰ ਨੌਕਰਸ਼ਾਹ ਨਾਲ ਆਹਮੋ-ਸਾਹਮਣੇ ਹੋਣ ਦੀ ਘਟਨਾ 'ਚੋਂ ਸਪੱਸ਼ਟ ਝਲਕਦਾ ਹੈ। ਇਹ ਟਾਕਰਾ 'ਚਿਪਕੋ ਅੰਦੋਲਨ' ਦੇ ਸ਼ੁਰੂਆਤੀ ਸਾਲ ਵਿਚ ਹੀ ਹੋਇਆ ਸੀ। ਉਨ੍ਹਾਂ ਦੇ ਇਸ ਅਧਿਕਾਰੀ ਨੂੰ ਮਿਲਣ ਦਾ ਕਾਰਨ ਜੰਗਲਾਤ ਦੀ ਵਾਗਡੋਰ ਰਾਜ ਦੀ ਬਜਾਏ ਸਮਾਜ ਨੂੰ ਸੌਂਪਣ ਦੀ ਵਕਾਲਤ ਕਰਨਾ ਸੀ। ਇਸ ਸਮਾਜ ਸੇਵਕ ਨੇ ਸੀਨੀਅਰ ਅਧਿਕਾਰੀ ਦੇ ਦਫ਼ਤਰ ਵਿਚ ਜਾਣਾ ਇਸ ਤਰ੍ਹਾਂ ਬਿਆਨ ਕੀਤਾ: "ਮੈਂ ਉਸ ਨੂੰ ਬੁਲਾਇਆ ਪਰ ਉਸ ਨੇ ਜਵਾਬ ਨਹੀਂ ਦਿੱਤਾ। ਕਈ ਵਾਰ ਨਮਸਕਾਰ ਕਰਨ 'ਤੇ ਕੋਈ ਜਵਾਬ ਨਾ ਮਿਲਣ 'ਤੇ, ਮੈਂ ਹਿਚਕਚਾਹਟ ਜਿਹੀ ਵਿਚ ਉਸ ਦੇ ਸਾਹਮਣੇ ਰੱਖੀ ਕੁਰਸੀ 'ਤੇ ਬੈਠ ਗਿਆ। ਕੁਝ ਦੇਰ ਬਾਅਦ ਉਸ ਨੇ ਮੋਟੀ ਜਿਹੀ ਮਿੱਟੀ ਰੰਗੀ ਸਿਗਰਟ ਜਲਾ ਲਈ - ਬਾਅਦ ਵਿਚ ਮੈਨੂੰ ਕਿਸੇ ਨੇ ਦੱਸਿਆ ਕਿ ਇਸ ਨੂੰ ਸਿਗਾਰ ਕਹਿੰਦੇ ਹਨ, ਜਿਸ ਨੂੰ ਜ਼ਿਆਦਾਤਰ 'ਵੱਡੇ ਸਾਹਿਬ' ਪਸੰਦ ਕਰਦੇ ਹਨ। ਧੂੰਆਂ ਬਾਹਰ ਕੱਢਦਿਆਂ, ਉਹ ਮੇਰੇ ਵੱਲ ਮੁੜਿਆ ਤੇ ਪੁੱਛਿਆ, 'ਇਹ ਸਭ ਤੁਸੀਂ ਕੀ ਕਰ ਰਹੇ ਹੋ'? ਪ੍ਰਤੱਖ ਕਸ਼ ਭਰਦਾ ਹੋਇਆ, ਉਹ ਅਫ਼ਸਰ ਮੇਰੇ ਵੱਲ ਧੂੰਆਂ ਕੱਢਦਾ ਰਿਹਾ। ਮੈਂ ਉਸ ਨੂੰ ਆਪਣਾ ਦ੍ਰਿਸ਼ਟੀਕੋਣ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਦਿਲਚਸਪੀ ਨਹੀਂ ਲਈ। ਉਸ ਦੀ ਵਿਸ਼ਵ ਦ੍ਰਿਸ਼ਟੀ ਨੌਕਰਸ਼ਾਹਾਂ ਦੇ ਆਮ ਵਤੀਰੇ ਵਰਗੀ ਹੀ ਜਾਪ ਰਹੀ ਸੀ - ਉਨ੍ਹਾਂ ਦੇ ਮਨ ਵਿਚ ਪਹਾੜੀ ਕਿਸਾਨਾਂ ਦੀ ਕੋਈ ਕਦਰ ਨਹੀਂ ਸੀ ਤੇ ਉਨ੍ਹਾਂ ਦੇ ਛੋਟੇ ਯੂਨਿਟ ਇੱਕ ਲਿਸ਼ਕਦੇ ਰਾਸ਼ਟਰ ਦੇ ਪਿੰਡੇ 'ਤੇ ਛਾਲਿਆਂ ਵਰਗੇ ਸਨ ਜਿਸ ਨੂੰ ਠੀਕ ਰੱਖਣਾ ਉਨ੍ਹਾਂ ਦਾ ਫ਼ਰਜ਼ ਸੀ।"

ਚੰਡੀ ਪ੍ਰਸਾਦ ਭੱਟ ਦੇ ਇਸ ਸ਼ਬਦ ਚਿੱਤਰ ਦੀ ਤੁਲਨਾ ਇੱਕ ਹੋਰ ਚਿਤਰਨ ਨਾਲ ਕਰਕੇ ਦੇਖੋ ਜੋ ਕਿ ਬਰਾਬਰ ਉੱਘੜਵਾਂ ਪਰ ਜ਼ਿਆਦਾ ਹਮਦਰਦੀ ਭਰਿਆ ਹੈ। ਇੱਥੇ ਇੱਕ ਵਿਲੱਖਣ ਸ਼ਖ਼ਸੀਅਤ ਗੌਰਾ ਦੇਵੀ ਦੀ ਗੱਲ ਹੋ ਰਹੀ ਹੈ ਜੋ ਮਾਰਚ 1974 ਵਿਚ ਰੇਨੀ ਪਿੰਡ 'ਚ ਹੋਏ 'ਚਿਪਕੋ ਅੰਦੋਲਨ' ਦੀ ਆਗੂ ਸੀ ਤੇ ਜਿਨ੍ਹਾਂ ਬਾਰੇ ਮੈਂ ਪੂਰੇ 50 ਸਾਲ ਪਹਿਲਾਂ ਲਿਖਿਆ ਸੀ। ਉਹ ਕਦੇ ਸਕੂਲ ਨਹੀਂ ਗਈ, ਛੋਟੀ ਉਮਰ 'ਚ ਹੀ ਵਿਧਵਾ ਹੋ ਗਈ ਤੇ ਥੋੜ੍ਹੀ ਜਿਹੀ ਜ਼ਮੀਨ ਨੂੰ ਵਾਹ ਕੇ ਗੁਜ਼ਾਰਾ ਕਰ ਰਹੀ ਸੀ। ਫਿਰ ਵੀ ਉਸ ਨੇ 1965 ਵਿਚ ਆਪਣੇ ਪਿੰਡ 'ਚ 'ਮਹਿਲਾ ਮੰਗਲ ਦਲ' ਸ਼ੁਰੂ ਕਰਨ ਲਈ ਸਮਾਂ ਤੇ ਊਰਜਾ ਲਾਈ ਅਤੇ ਨੌਂ ਸਾਲਾਂ ਬਾਅਦ ਇੱਕ ਅਜਿਹੇ ਸੰਘਰਸ਼ ਦੀ ਅਗਵਾਈ ਕੀਤੀ ਜੋ ਸ਼ਾਇਦ ਹਿਮਾਲਿਆ ਦੇ ਇਤਿਹਾਸ 'ਚ 'ਚਿਪਕੋ ਅੰਦੋਲਨ' ਨਾਲ ਸਬੰਧਿਤ ਰੋਸ ਮੁਜ਼ਾਹਰਿਆਂ 'ਚੋਂ ਸਭ ਤੋਂ ਵੱਧ ਮਹੱਤਵਪੂਰਨ ਹੋ ਨਿੱਬੜਿਆ। ਗੌਰਾ ਦੇਵੀ ਦਾ 1991 ਵਿਚ ਦੇਹਾਂਤ ਹੋ ਗਿਆ ਪਰ 'ਨਾ-ਬਰਾਬਰੀ ਅਤੇ ਦਮਨ ਖ਼ਿਲਾਫ਼ ਸੰਘਰਸ਼ 'ਚ ਸੇਧ ਦਿੰਦਿਆਂ ਉਹ ਆਪਣੇ ਪਿੱਛੇ ਨਾਬਰੀ ਦੀ ਪ੍ਰੇਰਨਾਦਾਇਕ ਤੇ ਰੌਸ਼ਨ ਭਾਵਨਾ ਛੱਡ ਗਈ।'

ਭੱਟ ਨੇ ਲਿਖਿਆ ਕਿ ਉਸ ਨੂੰ 'ਦਮਨ ਵਿਰੁੱਧ ਲੜਨ ਦੀ ਪ੍ਰੇਰਨਾ ਆਪਣੀ ਜ਼ਿੰਦਗੀ ਅਤੇ ਪੀੜ੍ਹੀਆਂ ਤੋਂ ਗ਼ਰੀਬੀ ਤੇ ਨਿੱਜੀ ਤ੍ਰਾਸਦੀ ਨਾਲ ਜੂਝ ਰਹੀਆਂ ਆਪਣੀਆਂ ਸਾਥੀ ਇਸਤਰੀਆਂ ਦੀ ਕਰੜੀ ਅਜ਼ਮਾਇਸ਼ ਨੂੰ ਦੇਖ ਕੇ ਮਿਲੀ ਸੀ'। ਦ੍ਰਿੜ੍ਹ ਹੌਸਲੇ ਦੇ ਨਾਲ ਉਸ 'ਚ ਗਹਿਰੀ ਹਮਦਰਦੀ ਵੀ ਸੀ; ਇਸ ਲਈ ਉਸ ਨੂੰ ਯਾਦ ਕਰਦਾ ਲਿਖਦਾ ਹੈ, "ਮੇਰੇ ਲਈ ਉਸ ਅੰਦਰਲੀ ਸੁਘੜਤਾ ਨੂੰ ਭੁੱਲਣਾ ਅਸੰਭਵ ਹੈ।" ਜਦ ਉਸ ਨੇ ਆਪਣੀਆਂ ਸਾਥਣਾਂ ਨਾਲ ਪਿੰਡ ਰੇਨੀ ਲਾਗੇ ਦਰਖ਼ਤਾਂ ਦੀ ਕਟਾਈ ਰੋਕੀ ਤਾਂ ਇਸੇ ਸੁਘੜਤਾ ਵਿਚੋਂ ਉਸ ਨੇ ਕਿਹਾ, "ਲੱਕੜਹਾਰਿਆਂ ਦੇ ਉਜੱਡ ਵਤਰਾਅ ਦੇ ਬਾਵਜੂਦ ਮੈਂ ਉਨ੍ਹਾਂ ਬਾਰੇ ਪ੍ਰਸ਼ਾਸਨ ਨੂੰ ਸ਼ਿਕਾਇਤ ਨਹੀਂ ਕਰਾਂਗੀ ਜਿਸ ਨਾਲ ਉਨ੍ਹਾਂ ਦੀ ਨੌਕਰੀ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ।"

ਪੁਸਤਕ 'ਚ ਬਾਕੀ ਹੋਰ ਥਾਵਾਂ 'ਤੇ ਵੀ ਭੱਟ ਨੇ ਉਸ ਅੰਦੋਲਨ ਦੀ ਅਰਥਪੂਰਨ ਪਰਿਭਾਸ਼ਾ ਦਿੱਤੀ ਹੈ ਜਿਸ ਦਾ ਉਹ ਆਪ ਨਾਇਕ ਰਿਹਾ: "ਚਿਪਕੋ ਅੰਦੋਲਨ ਪਹਾੜੀ ਪਿੰਡਾਂ ਦੇ ਵਾਸੀਆਂ ਦੀ ਉਨ੍ਹਾਂ ਦੇ ਆਪਣੇ ਜੰਗਲਾਂ ਪ੍ਰਤੀ ਅੰਦਰੂਨੀ ਸੰਵੇਦਨਾ ਨੂੰ ਜਗਾਉਣ ਦਾ ਇੱਕ ਤਰੀਕਾ ਬਣਿਆ ਤੇ ਇਸ ਅੰਦਰਲਾ ਜਜ਼ਬਾ ਸਮਾਜਿਕ ਵਚਨਬੱਧਤਾ ਵਿਚ ਬਦਲਿਆ।" ਇਸ ਵਚਨਬੱਧਤਾ ਨੂੰ ਸਿਰਫ਼ ਜੰਗਲਾਤ ਦੀ ਤਬਾਹੀ ਵਿਰੁੱਧ ਰੋਸ ਜ਼ਾਹਿਰ ਕਰ ਕੇ ਹੀ ਨਹੀਂ ਪ੍ਰਗਟਾਇਆ ਗਿਆ ਸਗੋਂ ਜੰਗਲਾਂ ਦੀ ਬਹਾਲੀ 'ਚ ਵੀ ਮੋਹਰੀ ਭੂਮਿਕਾ ਅਦਾ ਕੀਤੀ ਗਈ। ਭੱਟ ਦੀ ਅਗਵਾਈ ਵਿਚ, ਚਿਪਕੋ ਦੇ ਕਾਰਕੁਨਾਂ ਨੇ ਗੜਵਾਲ ਵਿਚ ਕਈ ਰੁੰਡ-ਮੁੰਡ ਹੋਏ ਪਹਾੜਾਂ ਨੂੰ ਮੁੜ ਹਰਿਆ-ਭਰਿਆ ਕਰਨ ਲਈ ਪਿੰਡ ਵਾਸੀਆਂ ਨਾਲ ਮਿਲ ਕੇ ਕੰਮ ਕੀਤਾ ਜਿਸ ਦੇ ਸਥਾਨਕ ਚੌਗਿਰਦੇ 'ਤੇ ਚੰਗੇ ਪ੍ਰਭਾਵ ਸਾਹਮਣੇ ਆਏ।

ਚੰਡੀ ਪ੍ਰਸਾਦ ਭੱਟ ਮੁੱਖ ਤੌਰ 'ਤੇ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਜੋੜਦਾ ਹੈ ਪਰ ਇਸ ਦੇ ਬਾਵਜੂਦ ਉਹ ਗਹਿਰੀ ਪਹੁੰਚ ਵਾਲਾ ਚਿੰਤਕ ਹੈ, ਖ਼ਾਸ ਤੌਰ 'ਤੇ ਟਿਕਾਊ ਆਰਥਿਕ ਉੱਦਮਾਂ ਦੇ ਮਾਮਲੇ ਵਿਚ। ਉਸ ਨੇ 1976 ਵਿਚ ਹੀ ਚਿਤਾਵਨੀ ਦੇ ਦਿੱਤੀ ਸੀ ਕਿ ਸੜਕਾਂ ਦੀ ਅੰਨ੍ਹੇਵਾਹ ਉਸਾਰੀ ਜੋਸ਼ੀਮੱਠ ਵਿਚ ਘਰਾਂ 'ਚ ਤਰੇੜਾਂ ਦਾ ਕਾਰਨ ਬਣੇਗੀ। 1980ਵਿਆਂ ਵਿਚ ਉਸ ਨੇ ਕਈ ਇਤਿਹਾਸਕ ਲੇਖ ਲਿਖੇ ਜਿਨ੍ਹਾਂ 'ਚ ਸਮਝਾਇਆ ਸੀ ਕਿ ਕਿਉਂ ਵੱਡੇ ਡੈਮ ਹਿਮਾਲਿਆ ਲਈ ਢੁਕਵੇਂ ਨਹੀਂ ਹਨ। ਉਸ ਨੇ ਲਿਖਿਆ, "ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਪਹਿਲਾਂ ਤੋਂ ਹੀ ਨਾਜ਼ੁਕ ਪਰਬਤ ਹੋਰ ਜ਼ਿਆਦਾ ਜਰਜਰ ਹੋ ਰਹੇ ਹਨ। ਇਸ ਦਾ ਕਾਰਨ ਹੈ ਕਿ ਮਨੁੱਖਤਾ ਨੂੰ ਹੁਣ ਉਸ ਧਰਤ ਤੇ ਕੁਦਰਤੀ ਸਰੋਤਾਂ ਤੋਂ ਬੇਗਾਨਾ ਕਰ ਦਿੱਤਾ ਗਿਆ ਹੈ ਜਿਸ 'ਤੇ ਉਹ ਨਿਰਭਰ ਹਨ। ਹਰ ਥਾਂ ਵਪਾਰਕ ਹਿੱਤਾਂ ਨੇ ਪਹਿਲ ਲੈ ਲਈ ਹੈ ਅਤੇ ਮਾਨਸਿਕ ਤੇ ਭਾਵੁਕ ਤਬਦੀਲੀਆਂ ਨਾਲ ਬਦਲਦਿਆਂ ਲੋਕ ਵਣਜ ਮੁਤਾਬਿਕ ਚੱਲਣ ਲੱਗੇ ਹਨ।"

ਚੰਡੀ ਪ੍ਰਸਾਦ ਭੱਟ ਦੀ ਆਤਮਕਥਾ ਇੱਕ ਬੇਹੱਦ ਮਹੱਤਵਪੂਰਨ ਪੁਸਤਕ ਹੈ। ਉਸ ਦੇ ਆਪਣੇ ਤਜਰਬੇ ਸਮਾਜੀ ਤੇ ਵਾਤਾਵਰਣ ਨਾਲ ਜੁੜੇ ਇਤਿਹਾਸ, ਅਤੇ ਨਾਲ ਹੀ ਗਾਂਧੀ ਤੋਂ ਬਾਅਦ ਹੋਏ ਗਾਂਧੀਵਾਦ ਦੇ ਬਿਰਤਾਂਤ ਉਤੇ ਵੀ ਗਹਿਰੀ ਝਾਤ ਪੁਆਉਂਦੇ ਹਨ। ਇਹ ਕਿਤਾਬ ਸਾਹਿਤਕ ਪੱਖ ਤੋਂ ਵੀ ਮੁੱਲਵਾਨ ਦਸਤਾਵੇਜ਼ ਹੈ। ਮੈਨੂੰ ਭਰੋਸਾ ਹੈ ਕਿ ਇਹ ਵਿਆਪਕ ਪੱਧਰ 'ਤੇ ਪਾਠਕਾਂ ਤੱਕ ਪਹੁੰਚੇਗੀ ਤੇ ਬਣਦਾ ਮਾਣ-ਸਤਿਕਾਰ ਹਾਸਲ ਕਰੇਗੀ।

# ਜਦੋਂ ਲੀਡਰ ਵਿਆਹ 'ਚ ਨਾ ਪੁੱਜਾ

ਮੇਰੇ ਬਹੁਤ ਹੀ ਅਜ਼ੀਜ਼ ਸਤਿਕਾਰਯੋਗ ਮਿੱਤਰ ਦੇ ਭਤੀਜੇ ਦਾ ਵਿਆਹ ਸੀ ਜਿਸ ਕਰਕੇ ਉਹ ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਪੰਜਾਬ ਪੁੱਜੇ ਸਨ। ਭਤੀਜੇ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ, ਅਤੇ ਲੜਕੇ ਦੇ ਤਾਏ ਨੇ ਪੁੱਛਿਆ ਕਿ ਮੈਨੂੰ ਵੀ ਕੋਈ ਕੰਮ ਦੱਸੋ ਮੈਂ ਤੁਹਾਡਾ ਹੱਥ ਵੰਡਾਵਾਂ ਤਾਂ ਅੱਗੋਂ ਉਸ ਨੇ ਭਰਾ

**ਅੰਗਰੇਜ ਸਿੰਘ ਹੁੰਦਲ**
**ਫੋਨ: 98767-85672**

ਨੂੰ ਤਿੰਨ ਮਠਿਆਈ ਦੇ ਡੱਬੇ ਦਿੱਤੇ ਅਤੇ ਤਿੰਨ ਵੱਖ-ਵੱਖ ਪਾਰਟੀਆਂ ਦੇ ਲੀਡਰਾਂ ਦੇ ਨਾਮ ਦੱਸਦੇ ਹੋਏ ਕਿਹਾ ਕਿ ਇਹ ਡੱਬੇ ਉਨ੍ਹਾਂ ਨੂੰ ਦੇ ਕੇ ਆ। ਉਸ ਨੇ ਕਿਹਾ ਕਿ ਆਪਾਂ ਇੱਕ ਹੀ ਆਪਣੀ ਪਾਰਟੀ ਦਾ ਲੀਡਰ ਸੱਦੀਏ ਦੂਜੇ ਕਿਉਂ? ਅੱਗੋਂ ਛੋਟਾ ਭਰਾ ਕਹਿੰਦਾ ਕਿ ਜੇ ਸਾਡੀ ਪਾਰਟੀ ਦਾ ਲੀਡਰ ਵਿਆਹ 'ਤੇ ਆ ਜਾਵੇਗਾ ਤਾਂ ਅਸੀਂ ਦੂਜੇ ਨੂੰ ਕਹਿ ਦੇਵਾਂਗੇ ਕਿ ਦੂਜੇ ਦੋਵੇਂ ਬਗੈਰ ਸੱਦੇ ਤੋਂ ਆ ਗਏ। ਇਸ ਦਾ ਭਾਵ ਕਿ ਵਿਆਹ ਵਿਚ ਲੀਡਰ ਬੁਲਾ ਕੇ ਆਪਣੀ ਫੋਕੀ ਸ਼ੋਹਰਤ ਹਾਸਲ ਕਰਨੀ ਸੀ ਕਿ ਲੜਕੇ ਵਾਲਿਆਂ ਦੀ ਸਿਆਸਤ ਵਿਚ ਬੜੀ ਪਹੁੰਚ ਹੈ ਜੋ ਵੱਡੇ ਲੀਡਰ ਵਿਆਹ ਵਿਚ ਪੁੱਜੇ ਹਨ। ਅੱਜ-ਕੱਲ੍ਹ ਲੋਕ ਫੋਕੇ ਦਿਖਾਵੇ ਲਈ ਕਰਜ਼ੇ ਥੱਲੇ ਆ ਜਾਂਦੇ ਹਨ ਪਰ ਦਿਖਾਵੇ ਦੀ ਕੋਈ ਕਸਰ ਨਹੀਂ ਛੱਡਦੇ ਫਿਰ ਸਾਰੀ ਉਮਰ ਭਾਵੇਂ ਕਰਜ਼ਾ ਉਤਾਰਣ ਵਿਚ ਲੰਘ ਜਾਵੇ। ਚਲੋ ਜੀ ਵਿਆਹ ਵਾਲਾ ਦਿਨ ਆਇਆ ਤਾਂ ਲੜਕੇ ਦਾ ਪਿਤਾ ਬੜੀ ਖ਼ੁਸ਼ੀ ਨਾਲ ਫੁੱਲਿਆ ਹੋਇਆ ਦਿਖਾਈ ਦਿੱਤਾ ਕਿ ਅੱਜ ਪਾਰਟੀਆਂ ਦੇ ਲੀਡਰਾਂ ਨੇ ਮੇਰੇ ਲੜਕੇ ਦੇ ਵਿਆਹ 'ਤੇ ਆਉਣਾ ਹੈ। ਦੂਜੇ ਪਾਸੇ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਵੀ ਪਹਿਲਾਂ ਦੱਸਿਆ ਸੀ ਕਿ ਸਾਡੇ ਵਿਆਹ ਕਈ ਸਿਆਸਤਦਾਨ ਆਉਣਗੇ। ਪਰ ਹਾਸੋ-ਹੀਣੀ ਗੱਲ ਉਦੋਂ ਬਣ ਗਈ ਜਦੋਂ ਲੀਡਰ ਨੇ ਵਿਆਹ ਵਿਚ ਆਉਣ ਦੇ ਮੌਕੇ ਕੋਈ ਜ਼ਰੂਰੀ ਕੰਮ ਹੋਣ ਦਾ ਬਹਾਨਾ ਬਣਾ ਕੇ ਦੱਸ ਦਿੱਤਾ ਫਿਰ ਲੀਡਰਾਂ ਨਾਲ ਫੋਟੋਆਂ ਕਰਵਾਉਣ ਅਤੇ ਦਿਖਾਵੇ ਕਰਨ ਵਾਲੇ ਚਾਅ ਖ਼ਤਮ ਹੋ ਗਏ ਨਿਰਾਸ਼ਾ ਅਤੇ ਨਮੋਸ਼ੀ ਵੀ ਹੋਈ ਉਪਰੋਂ ਯਾਰਾਂ ਮਿੱਤਰਾਂ ਦੇ ਮਖੌਲ ਦੇ ਪਾਤਰ ਵੀ ਬਣੇ। ਮੇਰੇ ਮਿੱਤਰ ਦਾ ਭਰਾ ਬਹੁਤ ਤੇਜ਼-ਤਰਾਰ ਸੀ, ਉਸ ਨੇ ਅੰਮ੍ਰਿਤ ਨਹੀਂ ਸੀ ਛਕਿਆ ਪਰ ਜਦੋਂ ਅਕਾਲੀ ਦਲ ਵਾਲੇ ਲੀਡਰਾਂ ਨੂੰ ਮਿਲਦਾ ਸੀ ਤਾਂ ਨੀਲੀ ਪੱਗ ਬੰਨ੍ਹ ਕੇ ਉਪਰੋਂ ਦੀ ਸਿਰੀ ਸਾਹਿਬ ਪਾ ਲੈਂਦਾ ਸੀ।

ਮੇਰਾ ਇਸ ਤੋਂ ਅਨੁਭਵ ਹੋਇਆ ਕਿ ਜਿਵੇਂ ਲੀਡਰ ਆਪਣੇ ਫਾਇਦੇ ਦੇਖ ਕੇ ਪਾਰਟੀਆਂ ਬਦਲ ਲੈਂਦੇ ਹਨ ਅੱਜ-ਕੱਲ੍ਹ ਉਵੇਂ ਦੇ ਵਰਕਰ ਹੋ ਚੁੱਕੇ ਹਨ ਉਹ ਵੀ ਸਾਰੀਆਂ ਪਾਰਟੀਆਂ ਦੇ ਲੀਡਰਾਂ ਨਾਲ ਹੱਥ ਮਿਲਾ ਕੇ ਰੱਖਦੇ ਹਨ ਕਿ ਕੀ ਪਤਾ ਕਿਸ ਪਾਸੇ ਵੱਲ ਜਾਣਾ ਪਵੇ। ਪਰ ਕਈ ਅਜਿਹੇ ਵੀ ਪਾਰਟੀ ਪੱਖੀ ਲੋਕਾਂ ਬਾਰੇ ਸੁਣਿਆ ਹੈ ਕਿ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ, ਸਰਕਾਰ ਵਿਚ ਵੱਡੇ ਅਹੁਦੇ ਦਿੱਤੇ ਜਾਣ ਦੀਆਂ ਪੇਸ਼ਕਸ਼ ਦਿੱਤੀਆਂ ਜਾਂਦੀਆਂ ਰਹੀਆਂ ਹਨ ਪਰ ਉਹ ਆਪਣੀ ਪਾਰਟੀ ਤੋਂ ਪਿੱਛੇ ਨਹੀਂ ਹਟੇ। ਹੁਣ ਸਮਾਂ ਬਦਲ ਚੁੱਕਿਆ ਹੈ। ਫੋਕੇ ਦਿਖਾਵੇ, ਝੂਠੀ ਸ਼ੋਹਰਤ ਸਮਾਜ ਵਿਚ ਦਿਖਾਉਣ ਲਈ ਲੋਕ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ ਪਰ ਹਕੀਕਤ ਵਿਚ ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੁੰਦਾ। ਜੋ ਸਾਨੂੰ ਮਾਣ-ਸਨਮਾਨ ਪ੍ਰਮਾਤਮਾ ਵਲੋਂ ਸਮਾਜ ਵਿਚ ਬਖ਼ਸ਼ਿਆ ਜਾਂਦਾ ਹੈ। ਉਹ ਸਦਾ ਰਹਿਣ ਵਾਲਾ ਹੁੰਦਾ ਹੈ। ਝੂਠੇ ਫੋਟੋਆਂ ਵਾਲੇ ਮਾਣ-ਸਨਮਾਨ ਕੁਝ ਵਕਤ ਦੀ ਖੇਡ ਹੁੰਦੇ ਹਨ। ਸੋ ਸਾਨੂੰ ਸਿਆਣੇ ਅਤੇ ਸਮਝਦਾਰ ਹੋਣ ਦੀ ਲੋੜ ਹੈ। ਵਿਆਹ ਸਾਦੇ ਢੰਗਾਂ ਨਾਲ ਕਰੀਏ ਜਿਸ ਨਾਲ ਦੋਵੇਂ ਪਰਿਵਾਰ ਸੁਖੀ ਰਹਿਣ ਅਤੇ ਸਮਾਜ ਨੂੰ ਸੇਧ ਦੇਣ ਦੂਜਿਆਂ ਲਈ ਪ੍ਰੇਰਨਾ ਦਾ ਸਰੋਤ ਬਣਨ।

# ਸੁਦਾਗਰ ਬਰਾੜ ਲੰਡੇ

ਮਾਰਚ 18, 2024 ਦੀ ਫੇਸਬੁੱਕ ਉੱਤੇ, ਕੁਲਵਿੰਦਰ ਖਹਿਰਾ ਵੱਲੋਂ ਦਿੱਤੀ ਸੂਚਨਾ ਪੜ੍ਹ ਕੇ ਤਨ-ਮਨ ਡੂੰਘੇ ਸਦਮੇ ਵਿਚ ਚਲਾ ਗਿਆ। ਸੁਦਾਗਰ ਬਰਾੜ ਲੰਡੇ ਨੂੰ ਯਾਦ ਕਰਨਾ ਮੇਰੀ ਰੂਹ ਦਾ ਹੁਲਾਰਾ ਸੀ। ਬਿਨਾਂ ਪਤੇ ਉਸਦਾ ਤੁਰ ਜਾਣਾ ਮੇਰੇ ਲਈ ਡੁੱਬ ਕੇ ਮਰ ਜਾਣ ਵਾਲ਼ੀ ਗੱਲ ਹੈ। ਉਹ ਸੁਰਗਵਾਸ ਹੋਇਆ ਨਵੰਬਰ 2022 ਵਿਚ ਅਤੇ ਮੈਨੂੰ ਪਤਾ ਲੱਗਿਆ ਮਾਰਚ 2024 ਨੂੰ। ਮੇਰੇ ਲਈ ਇਸ ਤੋਂ ਵੱਡੀ ਨਮੋਸ਼ੀ ਵਾਲ਼ੀ ਕਿਹੜੀ ਗੱਲ ਹੋ

**ਕਿਰਪਾਲ ਸਿੰਘ ਪੰਨੂੰ**
ਫੋਨ: 1-905-796-0531

ਸਕਦੀ ਹੈ। ਅਗਲੇ ਦਿਨ ਸੁਦਾਗਰ ਦੀ ਸੁਪਤਨੀ ਸਰਦਾਰਨੀ ਗੁਰਚਰਨ ਕੌਰ ਨਾਲ਼ ਦਰਦ ਸਾਂਝਾ ਕਰਨ ਲਈ ਫੋਨ ਕੀਤਾ ਤਾਂ ਉਨ੍ਹਾਂ ਦੀ ਬੇਟੀ ਨਿਰਮਲਜੀਤ ਕੌਰ ਨੇ ਦੱਸਿਆ ਕਿ ਉਹ ਤੇ ਇੰਡੀਆ ਗਏ ਹੋਏ ਨੇ। ਉਸਨੇ ਇਹ ਵੀ ਦੱਸਿਆ ਕਿ ਬਰਾੜ ਦੇ ਸੁਰਗਵਾਸ ਹੋਣ ਦੀ ਜਾਣਕਾਰੀ ਸਮੇਂ ਸਿਰ ਪੂਰਨ ਸਿੰਘ ਪਾਂਧੀ ਨੂੰ ਦੇ ਦਿੱਤੀ ਗਈ ਸੀ। ਇਹ ਸੁਣ ਕੇ ਸਦਮੇ ਦਾ ਦੂਹਰਾ ਤਕੜਾ ਝਟਕਾ ਲੱਗਿਆ।

ਪਾਂਧੀ ਵੀ ਮੇਰੇ ਪੂਰਾ ਨੇੜੇ ਹੈ ਅਤੇ ਕਿਤੇ ਵੀ ਹੋਈਏ ਉਹ ਮੇਰੇ ਨਾਲ਼ ਪਲ-ਪਲ ਦੀ ਜਾਣਕਾਰੀ ਦਾ ਆਦਾਨ-ਪਰਦਾਨ ਕਰਦਾ ਰਹਿੰਦਾ ਹੈ। ਪੁੱਛਣ ਉੱਤੇ ਪਾਂਧੀ ਨੇ ਦੱਸਿਆ ਕਿ ਇਹ ਭਿਅੰਕਰ ਗਲਤੀ ਪਤਾ ਨਹੀਂ ਕਿਵੇਂ ਹੋ ਗਈ। ਮੈਂ ਉਨ੍ਹਾਂ ਦਿਨਾਂ ਵਿਚ ਚਾਰ ਕੁ ਮਹੀਨੇ ਇੰਡੀਆ ਗਿਆ ਹੁੰਦਾ ਹਾਂ। ਸ਼ਾਇਦ ਇਹ ਖ਼ਬਰ ਇਨ੍ਹਾਂ ਚਾਰ ਮਹੀਨਿਆਂ ਵਿਚ ਹੀ ਉਡ-ਪੁੱਡ ਗਈ। ਪਰ ਮੇਰੇ ਲਈ ਇਹ ਇਸ ਤਰ੍ਹਾਂ ਨਹੀਂ ਹੋ ਸਕਦਾ।

ਸਾਡਾ ਪਹਿਲਾ ਮੇਲ 'ਕਲਮਾਂ ਦੇ ਕਾਫ਼ਲੇ' ਦੀ ਇੱਕ ਮਹੀਨਾਵਾਰ ਮੀਟਿੰਗ ਵਿਚ ਹੋਇਆ। ਪਹਿਲੇ ਮੇਲ ਵਿਚ ਹੀ ਸੁਦਾਗਰ ਨੇ ਮੇਰੀ ਰੂਹ ਦਾ ਹਰ ਕੋਨਾ ਮੱਲ ਲਿਆ। "ਬਰਾੜ ਕੀ ਤੇ ਲੰਡੇ ਕੀ, ਇਹ ਕੁਮੇਲ ਕਿਉਂ?" ਮੈਂ ਉਸਨੂੰ ਪੁੱਛਿਆ। "ਆਪੋ ਆਪਣੀ ਸੋਚ ਹੁੰਦੀ ਹੈ", ਉਹ ਬੋਲਿਆ, "ਚੰਗੀਆਂ ਚੀਜ਼ਾਂ ਦਾ ਮੇਲ ਕਦੇ ਵੀ ਕੁਮੇਲ ਨਹੀਂ ਹੁੰਦਾ। ਆਪਣੇ ਨਾਂ ਪਿੱਛੇ ਮਾਂ-ਬਾਪ, ਕਬੀਲੇ ਦਾ ਨਾਂ ਅਤੇ ਪਿੰਡ ਦਾ ਨਾਂ ਸਦਾ ਹੀ ਮਾਣਯੋਗ ਹੋਇਆ ਕਰਦੇ ਨੇ।" ਉਸ ਨੇ ਵਿਆਖਿਆ ਦਿੱਤੀ। ਉਹ ਪਲ ਤੇ ਇਹ ਪਲ ਸੁਦਾਗਰ ਮੇਰੇ ਹੋਰ ਨੇੜੇ ਹੋਰ ਨੇੜੇ ਹੁੰਦਾ ਚਲਾ ਗਿਆ। ਸੱਚੀ ਗੱਲ ਤਾਂ ਇਹ ਹੈ ਕਿ ਉਹ ਸਦੀਵੀ ਦੂਰ ਜਾ ਕੇ ਵੀ ਮੇਰੇ ਜੀਂਦੇ ਜੀਅ ਮੇਰੇ ਤੋਂ ਦੂਰ ਹੋਣ ਵਾਲ਼ਾ ਨਹੀਂ।

ਉਹ ਇੱਕ ਬਹੁ-ਗੁਣੀ ਇਨਸਾਨ ਸੀ। ਅਧਿਆਪਕਾਂ ਦੀ ਯੂਨੀਅਨ ਵਿਚ ਉਹ ਸਦਾ ਸਰਗਰਮ ਰਿਹਾ। ਮਹਾਨ ਇਨਕਲਾਬੀ ਤੇਜਾ ਸਿੰਘ ਸੁਤੰਤਰ ਦੇ ਕਈ ਵੇਰ ਰੂਬਰੂ ਹੋ ਕੇ ਉਹ ਆਪਣੇ ਸ਼ੰਕੇ ਦੂਰ ਕਰਦਾ ਰਿਹਾ। ਉਸਦੇ ਪੁਰਖੇ ਮਹਿਕਮਾ ਮਾਲ ਵਿਚ ਰਹੇ ਅਤੇ ਉਸ ਕੋਲ਼ ਮਾਲ ਮਹਿਕਮੇ ਦੀ ਜਾਣਕਾਰੀ ਦਾ ਇਕ ਵਿਸ਼ਾਲ ਭੰਡਾਰ ਸੀ। ਇਤਿਹਾਸ ਵਿਚ ਉਸਦੀ ਪੂਰੀ ਰੁਚੀ ਅਤੇ ਮੁਹਾਰਤ ਸੀ। ਸਿਹਤ ਕਦੀ ਵੀ ਵਧੀਆ ਨਾ ਰਹਿਣ 'ਤੇ ਵੀ ਉਹ ਕਬੱਡੀ ਦਾ ਇਕ ਤਿੱਖਾ ਖਿਡਾਰੀ ਸੀ। ਜਿਸ ਇਨਸਾਨ ਦੀਆਂ ਅੱਖਾਂ ਤੇ ਕੰਨ ਸਦਾ ਖੁੱਲ੍ਹੇ ਹੋਣ ਅਤੇ ਉਹ ਤਰਕ-ਵਿਤਰਕ ਬਿਰਤੀ ਦਾ ਮਾਲਕ ਹੋਵੇ, ਉਸਦੇ ਗਿਆਨ ਵਸੀਲੇ ਸਦਾ ਸਤਰਕ ਰਹਿੰਦੇ ਹਨ। ਵਿਚਾਰਾਂ ਦੇ ਮੋਤੀ ਚੁਣਦਿਆਂ-ਚੁਣਦਿਆਂ ਉਸ ਕੋਲ਼ ਜਾਣਕਾਰੀ ਦਾ ਅਸੀਮ ਖ਼ਜ਼ਾਨਾ ਇਕੱਠਾ ਹੋ ਜਾਂਦਾ ਹੈ। ਮੈਂ ਤੇ ਮੇਰੀ ਪਤਨੀ ਨੇ ਉਸ ਕੀਮਤੀ ਭੰਡਾਰ ਦੇ ਅਨੇਕ ਵਾਰ ਦਰਸ਼ਨ ਕੀਤੇ ਹਨ। ਉਸਦਾ ਸਾਡੇ ਘਰ ਅਤੇ ਸਾਡਾ ਉਸਦੇ ਘਰ ਆਣਾ-ਜਾਣਾ ਵਗਦੀ ਵਾ ਦੇ ਨਿੱਘੇ-ਮਹਿਕਦੇ ਬੁੱਲ੍ਹੇ ਸਮਾਨ ਬਣਿਆ ਰਿਹਾ ਹੈ। ਜਦੋਂ ਅਸੀਂ ਕੇਵਲ ਦੋਵੇਂ ਹੀ ਹੁੰਦੇ ਤਾਂ ਬਹੁਤੀ ਵੇਰਾਂ ਆਪਣੀਆਂ ਢਕੀਆਂ-ਰਿੱਝਦੀਆਂ ਦੇ ਢੱਕਣ ਚੁੱਕਦੇ ਤੇ ਮਲੂਕ ਜਾਣਕਾਰੀ ਦਾ ਆਦਾਨ-ਪਰਦਾਨ ਭਰੋਸੇ ਦੇ ਰੇਸ਼ਮੀ ਪੜਦਿਆਂ ਪਿੱਛੇ ਮੁੜ ਢਕਿਆ ਜਾਂਦਾ।

ਸੁਦਾਗਰ ਨੇ ਮੈਨੂੰ ਆਪਣੇ ਅਣਗਿਣਤ ਸੁਹਿਰਦ ਜਾਣਕਾਰਾਂ ਨਾਲ਼ ਮਿਲ਼ਾ ਕੇ ਮੇਰੀਆਂ ਬਾਹਾਂ ਹੋਰ ਲੰਬੀਆਂ ਕੀਤੀਆਂ ਮੇਰੇ ਵਿਅਕਤੀਤਵ ਨੂੰ ਹੋਰ ਪਾਸਾਰ ਦਿੱਤਾ। ਕਲਾਕਾਰ ਮਲਕੀਤ ਸਿੰਘ, ਲਾਲ ਸਿੰਘ ਢਿੱਲੋਂ, ਪ੍ਰੋਫੈਸਰ ਕੰਵਲਜੀਤ ਢਿੱਲੋਂ ਆਦਿ ਦਾ ਮੈਂ ਸਦਾ ਮਾਣਮੱਤਾ ਸਾਥ ਮਾਣਦਾ ਰਿਹਾ ਹਾਂ। ਮੈਨੂੰ ਤੇ ਮੇਰੀ ਪਤਨੀ ਨੂੰ ਐਡਮਿੰਟਨ ਅਤੇ ਕੈਲਗਰੀ ਦੀ ਯਾਦਗਾਰੀ ਸੈਰ ਕਰਾਉਣ ਦਾ ਮਾਣ ਵੀ ਸੁਦਾਗਰ ਨੂੰ ਹੀ ਜਾਂਦਾ ਹੈ। ਗੱਲ ਕੀ ਉਸਦੀ ਇਹ ਸਮੁੱਚੀ ਦੇਣ ਵਰਨਣੋਂ ਬਾਹਰੀ ਹੈ।

ਮੇਰੀ ਪਤਨੀ ਨੂੰ ਆਪਣਾ ਨਵਾਂ ਘਰ ਖ਼੍ਰੀਦਣ ਲਈ 25ਕੁ ਹਜ਼ਾਰ ਕੈਨੇਡੀਅਨ ਡਾਲਰਾਂ ਦੀ ਲੋੜ ਪਈ ਤਾਂ ਪੂਰਨ ਸਿੰਘ ਪਾਂਧੀ ਨੇ ਅਤੇ ਸੁਦਾਗਰ ਨੇ ਅੱਧ ਬੋਲ ਪੂਰੀ ਕਰ ਦਿੱਤੀ। ਸਮੇਂ ਪਿੱਛੋਂ ਮੈਂ ਪੁੱਛਿਆ ਕਿ ਉਧਾਰ ਕਿੱਥੇ ਅਤੇ ਕਿਵੇਂ ਮੋੜਾਂ? ਤਾਂ ਸੁਦਾਗਰ ਦਾ ਕਹਿਣਾ ਸੀ ਕਿਤੇ ਵੀ ਤੇ ਕਿਵੇਂ ਵੀ ਮੋੜ ਦੇਵੀਂ ਤੇ ਕੋਈ ਕਾਹ਼ਲੀ ਨਹੀਂ ਹੈ। ਇੰਡੀਆ ਤੋਂ ਮੈਂ ਆਪਣੀ ਨਵੀਂ ਛਪੀ ਕਿਤਾਬ ਕੈਨੇਡਾ ਲੈ ਕੇ ਆਉਣੀ ਸੀ। ਬਰਾੜ ਨੂੰ ਮੈਂ ਪੁੱਛਿਆ ਕਿ ਉਹ ਕਿਤਨੀਆਂ ਕੁ ਕਿਤਾਬਾਂ ਲਿਜਾ ਸਕਦਾ ਹੈ? "ਇੱਕ ਪੂਰਾ ਸੂਟਕੇਸ ਤੇਰੀਆਂ ਕਿਤਾਬਾਂ ਲਈ ਹੈ।" ਉਸਦੀ ਉਦਾਰਤਾ ਬੋਲੀ। ਮੈਨੂੰ ਜੋ ਵੀ ਕਿਹਾ ਸੁਦਾਗਰ ਨੇ ਉਹ ਸਦਾ ਪੂਰਾ ਨਿਭਾਇਆ।

ਕਿਸ ਘਰ ਵਿਚ ਸਮੱਸਿਆਵਾਂ ਨਹੀਂ ਹੁੰਦੀਆਂ? ਸੁਦਾਗਰ ਉੱਤੇ ਵੀ ਸਿਰੇ ਦੀਆਂ ਸਮੱਸਿਆਵਾਂ ਝੁੱਲੀਆਂ। ਮੈਂ ਉਨ੍ਹਾਂ ਦਾ ਵਰਣਨ ਕਰ ਕੇ ਉਨ੍ਹਾਂ ਨੂੰ ਮੁੜ ਹਰੀਆਂ ਨਹੀਂ ਕਰਨਾ ਚਾਹੁੰਦਾ। ਬਰਾੜ ਨੇ ਆਪਣਾ ਸਨਮਾਨ ਬਰਕਰਾਰ ਰੱਖਦਿਆਂ ਸਿਆਣਪ, ਧੀਰਜ ਅਤੇ ਭਵਿੱਖ ਦੀ ਅੱਖ ਵਿਚ ਦੇਖਦਿਆਂ ਉਨ੍ਹਾਂ ਨਾਲ਼ ਸਮੇਂ ਸਿਰ ਠੀਕ-ਠੀਕ ਸਿੱਝਿਆ। ਸੁਦਾਗਰ ਸਿੰਘ ਬਰਾੜ ਮੇਰਾ ਸਹਾਰਾ ਸੀ, ਪ੍ਰੇਰਨਾ ਸ੍ਰੋਤ ਸੀ ਤੇ ਰਹਿਬਰ ਸੀ। ਮੇਰੇ ਵੱਲੋਂ ਉਸਦੀ ਸ਼ਰਧਾ ਵਿਚ ਬੋਲਣ ਲਈ ਅਜੇ ਬੜਾ ਕੁੱਝ ਬਾਕੀ ਹੈ।



ਸੁਦਾਗਰ ਬਰਾੜ ਲੰਡੇ

ਸੁਦਾਗਰ ਨੂੰ ਇਸ਼ਨਾਨ ਕਰਨ ਵੇਲ਼ੇ (ਭਾਰਤ ਵਿਚ) ਦਿਮਾਗੀ ਹੱਲਾ ਹੋਇਆ। ਸਮੇਂ ਸਿਰ ਸੰਭਾਲ਼ਿਆ ਵੀ ਗਿਆ ਤੇ ਬਠਿੰਡੇ ਚੰਗੇ ਹਸਪਤਾ਼ਲ ਪਹੁੰਚਾਇਆ ਵੀ ਗਿਆ ਪਰ ਉਸਦੀ ਪੂਰੀ ਸਿਹਤ ਵਾਪਸੀ ਨਾ ਹੋ ਸਕੀ ਅਤੇ ਲੰਮੇ ਸਮੇਂ ਲਈ ਵ੍ਹੀਲ ਚੇਅਰ ਨਾ਼ਲ ਜੁੜਿਆ ਰਿਹਾ। ਉਸਦੀ ਪਤਨੀ ਸ੍ਰੀਮਤੀ ਗੁਰਚਰਨ ਕੌਰ ਨੇ ਅਥੱਕ ਸ਼ਰਧਾ ਨਾ਼ਲ ਪੂਰੀ ਸਾਂਭ-ਸੰਭਾ਼ਲ ਕੀਤੀ। ਇਸ ਵਡਮੁੱਲੇ ਯੋਗਦਾਨ ਲਈ ਉਸਦੇ ਸਤਿਕਾਰ ਵਿਚ ਮੇਰਾ ਸਿਰ ਸਦਾ ਝੁਕਿਆ ਰਹੇਗਾ। ਸਰਦਾਰਨੀ ਬਰਾੜ ਨੇ ਸੁਦਾਗਰ ਦੀ ਅਧੂਰੀ ਪਈ ਪੁਸਤਕ ਦਾ ਖਰੜਾ ਕੰਪਿਊਟਰ ਵਿਚੋਂ ਲੱਭ ਕੇ ਆਪ ਤਿਆਰ ਕਰਵਾਇਆ ਅਤੇ ਵਧੀਆ ਛਪਵਾਇਆ। ਬਰਾੜ ਦੀ ਬੀਮਾਰੀ ਸਮੇਂ ਸਾਰੇ ਪਰਿਵਾਰ ਨੇ ਹੀ ਸਮੇਤ ਉਸਦੇ ਪੁੱਤਰ, ਪੁੱਤਰੀ ਅਤੇ ਜੁਆਈ ਨੇ ਪੂਰੀ ਸੇਵਾ ਨਾ਼ਲ ਸਾਂਭ-ਸੰਭਾ਼ਲ ਕੀਤੀ। ਸੁਦਾਗਰ ਦੀ ਨੂੰਹ ਰਾਣੀ ਤੇਜ਼ ਬੁੱਧੀ ਦੀ ਮਾਲਕ ਹੈ। ਹਰ ਪੜ੍ਹਾਈ ਵਿਚ ਹੀ ਉਹ ਚੰਗੇ ਗ੍ਰੇਡ ਵਿਚ ਪਾਸ ਹੋਈ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਉਸਦੀ ਬੁੱਧੀ ਪਰਿਵਾਰਕ ਜੀਵਨ ਵਿਚ ਸਹਾਈ ਨਹੀਂ ਹੋ ਸਕੀ। ਕਈ ਵੇਰ ਬਹੁਤੀ ਸਿਆਣਪ ਹੀ ਸਿਖਰ ਦੀ ਵਿਰੋਧਤਾ ਦਾ ਕਾਰਨ ਬਣ ਜਾਂਦੀ ਹੈ।

ਇੱਥੇ ਸੁਦਾਗਰ ਦੇ ਕੁੱਝ ਸੱਜਣਾਂ ਮਿੱਤਰਾਂ ਵੱਲੋਂ ਭੇਟ ਕੀਤੀ ਗਏ ਸ਼ਰਧਾ ਦੇ ਫੁੱਲ ਪੇਸ਼ ਕੀਤੇ ਜਾਂਦੇ ਹਨ:

ਕਿੰਝ ਧੋਵਾਂਗੇ ਇਹ ਨਮੋਸ਼ੀ? -ਅੱਜ ਦਿਲ ਉਸ ਵੇਲ਼ੇ ਸ਼ਰਮ ਅਤੇ ਅਫ਼ਸੋਸ ਨਾ਼ਲ ਛਲਣੀ ਹੋ ਗਿਆ ਜਦੋਂ ਸਾਡੇ ਸਤਿਕਾਰਯੋਗ ਕਹਾਣੀਕਾਰ ਅਤੇ ਅਧਿਆਪਕ ਯੂਨੀਅਨ 'ਚ ਰਹੇ ਧੜੱਲੇਦਾਰ ਘੁਲਾਟੀਏ ਸੁਦਾਗਰ ਬਰਾੜ ਸਾਹਿਬ ਦੀ ਬੇਟੀ ਨੂੰ ਮੈਸਜ ਕਰ ਕੇ ਬਰਾੜ ਸਾਹਿਬ ਦੀ ਸਿਹਤ ਦਾ ਪਤਾ ਕਰਨ ਅਤੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਤਾਂ ਭੈਣ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਛੜਿਆਂ ਤਾਂ ਸਵਾ ਸਾਲ ਤੋਂ ਵੱਧ ਹੋ ਗਿਆ ਹੈ। ਦਿਲ ਸ਼ਰਮਸਾਰ ਹੈ ਕਿ ਅਸੀਂ ਆਪਣੇ ਬਿਮਾਰ ਪਏ ਸਾਥੀ ਦਾ ਪਤਾ ਤਾਂ ਕੀ ਲੈਣਾ ਸੀ, ਉਸਦੇ ਤੁਰ ਜਾਣ ਦੀ ਖ਼ਬਰ ਵੀ ਨਹੀਂ ਰੱਖ ਸਕੇ। -ਕੁਲਵਿੰਦਰ ਖਹਿਰਾ।

ਬਹੁਤ ਅਫ਼ਸੋਸ ਵਾਲੀ ਗੱਲ! ਸੁਣ ਕੇ ਬਹੁਤ ਦੁੱਖ ਹੋਇਆ। ਜਦੋਂ ਮੈਂ ਕਰੋਨਾ ਤੋਂ ਪਹਿਲਾਂ ਉਨਾਂ ਨੂੰ ਮਿਲਣ ਗਈ ਸੀ ਤਾ ਉਨਾਂ ਦੀ ਵਾਈਫ਼ ਨੇ ਪੁੱਛਿਆ ਕੀ ਤੁਸੀਂ ਇਨ੍ਹਾਂ ਨੂੰ ਪਛਾਣਿਆ? ਧੀਮੀ ਜਿਹੀ ਆਵਾਜ਼ ਵਿਚ ਕਹਿਣ ਲੱਗੇ, "ਹਾਂ ਅਸੀਂ ਇਕੱਠੇ ਕਹਾਣੀ ਮੀਟਿੰਗ ਵਿਚ ਜਾਂਦੇ ਹੁੰਦੇ ਸੀ।" ਭਾਵੇਂ ਮੁਸ਼ਕਲ ਨਾਲ ਬੋਲ ਹੁੰਦਾ ਸੀ ਸਰੀਰ ਦਾ ਇੱਕ ਪਾਸਾ ਕੰਮ ਨਹੀਂ ਸੀ ਕਰ ਰਿਹਾ। ਏਨੇ ਨੂੰ ਜਦੋਂ ਨਰਸ ਆਈ ਤਾਂ ਉਸਨੂੰ ਮੇਰੇ ਬਾਰੇ ਦੱਸਣ ਦੀ ਤੇ ਆਪਣੀਆਂ ਲਿਖਤਾਂ ਬਾਰੇ ਦੱਸਣ ਦੀ ਕੋਸ਼ਿਸ਼ ਕਰਨ ਲੱਗੇ। ਉਹ ਸੁਣ ਕੇ ਬਹੁਤ ਖੁਸ਼ ਹੋਈ ਤੇ ਕਹਿਣ ਲੱਗੀ, "ਹਾਂ ਅਰਏ ਅ ਗਰਏਅਟ ਰਟਿਟਰ" ਸੁਣ ਕੇ ਉਸਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਨਰਸ ਨੇ ਉਸਨੂੰ ਨਹਾਉਣਾ ਕਰਕੇ ਮੈਂ ਬਹੁਤਾ ਚਿਰ ਠਹਿਰ ਨਾ ਸਕੀ। ਬਹੁਤ ਅਫ਼ਸੋਸ ! -ਰਛਪਾਲ ਕੌਰ ਗਿੱਲ।

ਯਾਰ, ਖ਼ਬਰ ਕਲੇਜੇ ਵਿਚ ਬਰਛੀ ਵਾਂਗ ਵੱਜੀ। ਮੈਂ ਤੈਨੂੰ ਕਹਿੰਦਾ ਵੀ ਰਿਹਾ ਕਿ ਉਨ੍ਹਾਂ ਨੂੰ ਮਿਲਣ ਚੱਲੀਏ, ਪਰ ਆਪਾਂ ਜਾ ਹੀ ਨਾ ਸਕੇ। ਗੁਨਾਹਗਾਰ ਮਹਿਸੂਸ ਕਰ ਰਿਹਾ ਸੀ। -ਵਰਿਆਮ ਸਿੰਘ ਸੰਧੂ।

ਬਹੁਤ ਅਫਸੋਸ ਹੈ, ਕਾਫਲੇ ਦੇ ਅਹਿਮ ਮੈਂਬਰ ਸੁਦਾਗਰ ਬਰਾੜ ਦੇ ਟੁਰ ਜਾਣ ਦਾ। ਮੈਂ ਦੋ ਵਾਰ ਮਿਲਣ ਲਈ ਗਿਆ ਸਾਂ, ਉਹ ਪਛਾਣ ਲੈਂਦਾ ਸੀ। ਇਹ ਪਤਾ ਲੱਗਣ 'ਤੇ ਕਿ ਉਹ ਪਛਾਣਦਾ ਨਹੀਂ, ਫਿਰ ਨਹੀਂ ਗਿਆ। -ਜਰਨੈਲ ਸਿੰਘ ਕਹਾਣੀਕਾਰ।

2011 ਵਿਚ ਕੈਲਗਰੀ ਆਏ ਸਨ ਸੁਦਾਗਰ ਬਰਾੜ ਜੀ ਉਦੋਂ ਮਿਲੇ ਸਨ। ਅਫ਼ਸੋਸ ਕਿ ਇਹ ਪਤਾ ਨਹੀਂ ਲੱਗਾ ਕਿ ਉਨ੍ਹਾਂ ਨੂੰ ਦੁਨੀਆਂ ਤੋਂ ਗਿਆ ਵੀ ਸਵਾ ਸਾਲ ਹੋ ਗਿਆ ਹੈ। -ਬਲਜਿੰਦਰ ਸੰਘਾ।

ਸੁਦਾਗਰ ਸਿੰਘ ਦੀ ਮੌਤ ਹੋ ਜਾਣ 'ਤੇ ਸੋਸ਼ਲ ਮੀਡੀਏ ਰਾਹੀਂ ਉਨ੍ਹਾਂ ਦੇ ਬੇਟੇ ਵੱਲੋਂ ਜਾਣਕਾਰੀ ਦਿੱਤੀ ਗਈ ਸੀ। ਕੁਝ ਸਮੇਂ ਬਾਅਦ ਉਨ੍ਹਾਂ ਦੇ ਜੱਦੀ ਪਿੰਡ ਲੰਡੇ ਵਿਖੇ ਆਯੋਜਿਤ ਸ਼ਰਧਾਂਜਲੀ ਸਮਾਗਮ ਦੀਆਂ ਖ਼ਬਰਾਂ ਵੀ ਸਾਂਝੀਆਂ ਕੀਤੀਆਂ ਗਈਆਂ ਸਨ। ਕਈ ਵਾਰ ਜਾਣਕਾਰੀ ਸਾਂਝੀ ਕਰਨ ਵਾਲੇ ਨਾਲ ਸਿੱਧੇ ਤੌਰ 'ਤੇ ਜੁੜੇ ਨਾ ਹੋਣ ਕਾਰਨ ਕਰਕੇ ਅਜਿਹਾ ਵਾਪਰ ਜਾਂਦਾ ਹੈ -ਗੁਰਬਚਨ ਬਰਾੜ, ਕੈਲਗਰੀ।

ਸੁਦਾਗਰ ਸਿੰਘ ਬਰਾੜ ਪੰਜਾਬ ਦੀ ਅਧਿਆਪਕ ਯੂਨੀਅਨ ਤੇ ਕੈਨੇਡਾ ਦੇ 'ਕਲਮਾਂ ਦੇ ਕਾਫ਼ਲੇ' ਦੀ ਜਿੰਦ-ਜਾਨ ਸੀ। ਕਈ ਵਰ੍ਹੇ ਪਹਿਲਾਂ ਉਸ ਨੂੰ ਪਿੰਡ ਗਏ ਨੂੰ ਸਟਰੋਕ ਹੋ ਗਿਆ ਸੀ। ਫਿਰ ਪਰਿਵਾਰ ਉਸ ਨੂੰ ਕੈਨੇਡਾ ਲੈ ਆਇਆ ਸੀ। ਵਰ੍ਹਿਆਂਬੱਧੀ ਸੇਵਾ ਸੰਭਾਲ ਕੀਤੀ ਗਈ। ਬੜੇ ਦੁੱਖ ਝੱਲੇ ਗਏ। ਜਦ ਜਾਂਦੀ ਵਾਰ ਦਾ ਸੱਦਾ ਆਇਆ ਤਾਂ ਕਲਮਾਂ ਦੇ ਕਾਫਲੇ 'ਚੋਂ ਕਿਸੇ ਨੂੰ ਵੀ ਪਤਾ ਨਾ ਲੱਗਾ। ਕੇਹੀ ਤਰਾਸਦੀ ਹੈ ਸਰਗਰਮ ਘੁਲਾਟੀਏ ਤੇ ਪੰਜਾਬੀ ਲੇਖਕ ਦੀ! ਫੇਸਬੁੱਕ ਦੇ ਜ਼ਮਾਨੇ ਵਿਚ ਵੀ ਕਿੰਨੀ ਦੇਰ ਬਾਅਦ ਪਤਾ ਲੱਗਾ! ਆਓ ਕਲਮਾਂ ਦੇ ਕਾਫ਼ਲੇ ਦੀ ਅਗਲੀ ਮੀਟਿੰਗ ਸੁਦਾਗਰ ਸਿੰਘ ਨਮਿੱਤ ਰੱਖੀਏ ਤੇ ਤੁਰ ਗਏ ਰਾਂਗਲੇ ਸੱਜਣ ਨੂੰ ਯਾਦ ਕਰੀਏ। -ਪ੍ਰਿੰਸੀਪਲ ਸਰਵਣ ਸਿੰਘ ਸੰਧੂ।

ਕੁਲਵਿੰਦਰ! ਤੁਹਾਡੀ ਪੋਸਟ ਪੜ੍ਹ ਕੇ ਅਫ਼ਸੋਸ ਅਤੇ ਤੁਅਜਬ ਹੋਇਆ ਕਿ ਅੰਕਲ ਦੇ ਸਰੀਰਕ ਤੌਰ 'ਤੇ ਸਾਡੇ ਕੋਲੋਂ ਵਿਦਾ ਹੋਣ ਦਾ ਕਿਸੇ ਵੀ ਲੇਖਕ ਨੂੰ ਪਤਾ ਹੀ ਨਹੀਂ ਸੀ ਲੱਗਾ। ਸਾਡੀਆਂ ਪਰਿਵਾਰਕ ਸਾਂਝਾਂ ਹੋਣ ਕਰਕੇ ਅਸੀਂ ਬਰੈਂਪਟਨ ਅਤੇ ਸਾਰਨੀਆਂ ਕਈ ਵਾਰ ਆਪਣੇ ਪਾਪਾ ਜੀ ਨੂੰ, ਬੀਮਾਰੀ ਸਮੇਂ ਉਨ੍ਹਾਂ ਨੂੰ ਮਿਲਾਉਣ ਲਿਜਾਂਦੇ ਰਹੇ ਸੀ। ਸਸਕਾਰ ਉੱਤੇ ਵੀ ਗਏ ਅਤੇ ਭੋਗ ਉੱਤੇ ਵੀ, ਉਹ ਮੇਰੇ ਪਾਪਾ ਦੇ ਸੰਗਰਾਮੀ ਸਾਥੀ ਰਹੇ ਸਨ। ਪਰਿਵਾਰਾਂ ਦੀਆਂ ਅਗਲੀਆਂ ਪੀੜ੍ਹੀਆਂ ਦੀ ਵੀ ਸਾਂਝ ਬਣੀ ਹੋਈ ਹੈ। ਮੇਰੇ ਪਿਤਾ ਨੂੰ ਅੰਕਲ ਨੇ ਹੀ ਟੀਚਰ ਯੂਨੀਅਨ ਦਾ ਇਤਿਹਾਸ ਲਿਖਣ ਬਾਰੇ ਪਰੇਰਿਆ ਹੀ ਨਹੀਂ ਸਗੋਂ ਮਜਬੂਰ ਕੀਤਾ ਕਿਉਂਕਿ ਮੇਰੇ ਪਿਤਾ ਪੰਜਾਬ ਵਿਚ ਟਰੇਡ/ਟੀਚਰ ਯੂਨੀਅਨ ਦਾ ਮੁੱਢ ਬੰਨ੍ਹਣ ਵਾਲਿਆਂ ਵਿਚੋਂ ਸਨ/ਹਨ। ਸੁਦਾਗਰ ਅੰਕਲ ਬਹੁਤ ਬਾਅਦ ਵਿਚ ਕਾਫਲੇ ਵਿਚ ਸ਼ਾਮਿਲ ਹੋਏ। ਮੈਨੂੰ ਮਾਣ ਹੈ ਕਿ ਇਸ ਕਰਕੇ ਉਹ ਮੇਰੇ ਪਾਪਾ ਜੀ ਨੂੰ ਆਪਣੇ ਆਗੂ/ਰਹਿਬਰ ਵਾਲਾ ਸਤਿਕਾਰ ਦਿੰਦੇ ਰਹੇ ਅਤੇ ਸਾਨੂੰ ਪਿਆਰ ਨਾਲ ਨਿਵਾਜਦੇ ਰਹੇ। ਮੈ ਉਨ੍ਹਾਂ ਦੇ ਸਸਕਾਰ ਅਤੇ ਭੋਗ ਵੇਲੇ ਦੋਨਾਂ ਮੌਕਿਆਂ ਉੱਤੇ ਸੰਗਰਾਮੀ ਸਾਥੀਆਂ ਅਤੇ ਅਦੀਬਾਂ ਦੀ ਗੈਰ ਹਾਜ਼ਰੀ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ। ਸੁਦਾਗਰ ਅੰਕਲ ਨੂੰ ਬਹੁਤ ਸਤਿਕਾਰ । -ਕੰਵਲਜੀਤ ਢਿੱਲੋਂ।

ਸੁਦਾਗਰ ਬਰਾੜ ਭਾਵੇਂ ਕਈ ਸਾਲ ਦੂਜੇ ਬਸ ਪਿਆ ਰਿਹਾ ਪਰ ਉਸਦੇ ਠੀਕ ਹੋ ਜਾਣ ਦੀ ਮੈਨੂੰ ਸਦਾ ਹੀ ਆਸ ਬਣੀ ਰਹੀ। ਜਦੋਂ ਵੀ ਮੈਂ ਤੇ ਗੁਰਬਚਨ ਚਿੰਤਕ ਨੇ ਉਸਨੂੰ ਮਿਲਣਾ ਬੀਤੇ ਦੀਆਂ ਪ੍ਰਾਪਤੀਆਂ ਦੀਆਂ ਬਾਤਾਂ ਚੱਲਣੀਆਂ ਤੇ ਖੁਸ਼ਗਵਾਰ ਵਾਤਾਵਰਨ ਬਣਿਆ ਰਹਿਣਾ। ਦੂਰ ਜਾ ਕੇ ਵੀ ਉਹ ਮੇਰੇ ਮਨ ਤੋਂ ਕਦੇ ਵੀ ਦੂਰ ਨਹੀਂ ਹੋ ਸਕਦਾ। ਉਸਦੇ ਇਸ ਸਦੀਵੀ ਸਾਥ ਨੂੰ ਲੱਖ-ਲੱਖ ਪਰਨਾਮ।

# ਮਜ਼ਦੂਰ ਵਰਗ ਦਾ ਲੇਖਕ: ਮੈਕਸਿਮ ਗੋਰਕੀ

ਗੋਰਕੀ ਪੂਰੀ ਦੁਨੀਆਂ ਦੀ ਮਿਹਨਤਕਸ਼-ਮਜ਼ਦੂਰ ਜਮਾਤ ਦਾ ਮਹਾਨ ਲੇਖਕ ਸੀ। ਰੂਸ ਵਿਚ ਮਜ਼ਦੂਰ ਵਰਗ ਦੇ ਪੂਰੇ ਕ੍ਰਾਂਤੀਕਾਰੀ ਦੌਰ ਵਿਚ ਅਕਤੂਬਰ ਸਮਾਜਵਾਦੀ ਕ੍ਰਾਂਤੀ ਅਤੇ ਉਸ ਤੋਂ ਬਾਅਦ ਦੇ ਸਮਾਜਵਾਦੀ ਨਿਰਮਾਣ ਤੱਕ ਦੇ ਲੰਮੇ ਦੌਰ ਵਿਚ ਗੋਰਕੀ ਨੇ ਆਪਣੀਆਂ ਕਹਾਣੀਆਂ, ਨਾਟਕਾਂ, ਲੇਖਾਂ ਅਤੇ ਨਾਵਲਾਂ ਦੇ ਮਾਧਿਅਮ ਰਾਹੀਂ ਹਰ ਕਦਮ 'ਤੇ ਮਿਹਨਤਕਸ਼ ਲੋਕਾਂ ਨੂੰ ਆਪਣੀਆਂ ਪਰਿਸਥਿਤੀਆਂ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਉਹ ਆਪਣੇ ਸਮੇਂ ਵਿਚ ਦੱਬੀ-ਕੁਚਲੀ ਜਨਤਾ ਦੀ ਆਵਾਜ਼ ਬਣ ਕੇ ਉਭਰਿਆ।


**ਪ੍ਰੋ. ਨਵ ਸੰਗੀਤ ਸਿੰਘ**
ਫੋਨ: +91-94176-92015

ਉਹ ਆਪਣੀ ਕਲਮ ਨਾਲ ਰੂਸੀ ਸਾਹਿਤ ਅਤੇ ਜਨਤਾ ਵਿਚ ਪਰਿਵਰਤਨ ਲਈ ਨਵੀਂ ਊਰਜਾ ਦਾ ਸੰਚਾਰ ਕਰਦਾ ਰਿਹਾ।

28 ਮਾਰਚ 1868 ਨੂੰ ਰੂਸ ਦੇ ਵੋਲਗਾ ਨਦੀ ਦੇ ਕਿਨਾਰੇ ਇਕ ਬਸਤੀ ਵਿਚ ਅਲੈਕਸੇਈ ਮੈਕਸਿਮੋਵਿਚ ਦਾ ਜਨਮ ਹੋਇਆ, ਜੋ ਆਪਣੀਆਂ ਲਿਖਤਾਂ ਰਾਹੀਂ ਮੈਕਸਿਮ ਗੋਰਕੀ ਬਣ ਕੇ ਪੂਰੀ ਦੁਨੀਆਂ 'ਤੇ ਛਾ ਗਿਆ। ਸੱਤ ਸਾਲ ਦੀ ਉਮਰ ਵਿਚ ਹੀ ਅਨਾਥ ਹੋ ਜਾਣ ਵਾਲੇ ਗੋਰਕੀ ਦਾ ਛੇਤੀ ਹੀ ਇਸ ਸੱਚਾਈ ਨਾਲ ਸਾਹਮਣਾ ਹੋ ਗਿਆ ਕਿ ਜ਼ਿੰਦਗੀ ਇੱਕ ਸੰਘਰਸ਼ ਦਾ ਨਾਂ ਹੈ। ਗੋਰਕੀ ਬਚਪਨ ਤੋਂ ਹੀ ਇਕ ਮਜ਼ਦੂਰ ਦੇ ਰੂਪ ਵਿਚ ਵਧਿਆ-ਫੁੱਲਿਆ ਅਤੇ ਘਰ ਦੇ ਕੰਮਾਂ ਤੋਂ ਲੈ ਕੇ ਬੇਕਰੀ ਦੀਆਂ ਫੈਕਟਰੀਆਂ, ਜਹਾਜ਼ਾਂ ਅਤੇ ਖੇਤਾਂ ਵਿਚ ਕਈ ਤਰ੍ਹਾਂ ਦੇ ਕੰਮ ਕਰਦਿਆਂ ਉਹਦਾ ਬਚਪਨ ਮਿਹਨਤ ਅਤੇ ਸੰਘਰਸ਼ ਵਿਚ ਬੀਤਿਆ।

ਮਾਪਿਆਂ ਦੇ ਗੁਜ਼ਰ ਜਾਣ ਪਿੱਛੋਂ ਉਹ ਕੁਝ ਸਮਾਂ ਨਾਨੀ ਕੋਲ ਰਿਹਾ। ਸਮਾਜ ਦੇ ਸਭ ਤੋਂ ਗਰੀਬ ਲੋਕਾਂ ਦੀਆਂ ਗੰਦੀਆਂ ਬਸਤੀਆਂ ਵਿਚ ਪਲ ਕੇ ਉਹ ਸਿਆਣਾ ਹੋਇਆ। ਨਾਨੀ ਦੀ ਮੌਤ ਪਿੱਛੋਂ ਗੋਰਕੀ ਨੇ 13 ਸਾਲ ਦੀ ਉਮਰ ਵਿਚ ਘਰ ਛੱਡ ਦਿੱਤਾ ਅਤੇ ਕਈ ਥਾਂਵਾਂ 'ਤੇ ਕੰਮ ਕਰਦਿਆਂ ਰੂਸ ਦੇ ਕਈ ਹਿੱਸਿਆਂ ਵਿਚ ਘੁੰਮਦਾ ਰਿਹਾ। ਇਸ ਦੌਰਾਨ ਉਹਨੂੰ ਸਮਾਜ ਨੂੰ ਹੋਰ ਨੇੜਿਓਂ ਵੇਖਣ ਦਾ ਮੌਕਾ ਮਿਲਿਆ।

ਬਚਪਨ ਤੋਂ ਹੀ ਢਿੱਡ ਭਰਨ ਲਈ ਉਹਨੇ ਪਾਵਰੋਟੀ ਬਣਾਉਣ, ਨਮਕ ਬਣਾਉਣ ਦੇ ਕਾਰਖਾਨੇ ਵਿਚ ਕੰਮ ਕਰਨ ਤੋਂ ਲੈ ਕੇ ਗੋਦੀ ਮਜ਼ਦੂਰ, ਰਸੋਈਆ, ਅਰਦਲੀ, ਕੁਲੀ, ਮਾਲੀ, ਸੜਕ ਬਣਾਉਣ ਵਾਲੇ ਮਜ਼ਦੂਰ ਵਜੋਂ ਕੰਮ ਕੀਤਾ। ਸਮਾਜ ਦੇ ਮਿਹਨਤਕਸ਼, ਗਰੀਬ, ਅਵਾਰਾ, ਗੰਦੀ ਬਸਤੀਆਂ ਦੇ ਲੋਕਾਂ ਵਿਚ ਜੀਵਨ ਬਿਤਾਉਂਦਿਆਂ ਉਹਨੇ ਜ਼ਿੰਦਗੀ ਦੀ ਕਿਤਾਬ ਤੋਂ ਵਿੱਦਿਆ ਹਾਸਲ ਕੀਤੀ। ਭਾਵੇਂ ਉਹਨੇ ਸਕੂਲ ਦਾ ਮੂੰਹ ਤੱਕ ਨਹੀਂ ਸੀ ਵੇਖਿਆ ਪਰ ਪੰਦਰਾਂ-ਪੰਦਰਾਂ ਘੰਟੇ ਲੱਕ-ਤੋੜ ਮਿਹਨਤ ਨਾਲ ਮਿਲੇ ਅਨੁਭਵਾਂ ਨੇ ਉਹਨੂੰ



ਮਜ਼ਦੂਰ ਵਰਗ ਦਾ ਸੱਚਾ ਲੇਖਕ ਬਣਾ ਦਿੱਤਾ।

ਬਚਪਨ ਦੇ ਵੱਖ-ਵੱਖ ਅਨੁਭਵ ਅਤੇ ਤਤਕਾਲੀ ਰੂਸ ਵਿਚ ਜ਼ਾਰਸ਼ਾਹੀ ਡਿਕਟੇਟਰਸ਼ਿਪ ਤੇ ਦਮਨ ਪੀੜਾ ਉਹਦੀਆਂ ਲਿਖਤਾਂ ਦਾ ਆਧਾਰ ਬਣੀ ਅਤੇ ਉਹ ਜਨਤਾ ਦੇ ਮੁਕਤੀ ਸੰਘਰਸ਼ ਦਾ ਹਿੱਸਾ ਬਣ ਕੇ ਉਭਰਿਆ। ਉਹਨੂੰ ਕਿਸੇ ਸਕੂਲ ਜਾਂ ਯੂਨੀਵਰਸਿਟੀ ਵਿਚ ਪੜ੍ਹਨ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਕ੍ਰਾਂਤੀਕਾਰੀਆਂ ਦੇ ਮੇਲ-ਮਿਲਾਪ ਨੇ ਉਹਨੂੰ ਕਿਤਾਬਾਂ ਨਾਲ ਜਾਣੂੰ ਕਰਵਾਇਆ। ਖ਼ੁਦ ਦੇ ਅਤੇ ਮਿਹਨਤਕਸ਼ ਜਨਤਾ ਨਾਲ ਮੇਲ ਤੋਂ ਮਿਲੇ ਅਨੁਭਵ ਨੇ ਉਹਦੀ ਲੇਖਣੀ ਨੂੰ ਤਿੱਖਾਪਣ ਦਿੱਤਾ ਅਤੇ ਬਹੁਤ ਛੇਤੀ ਹੀ ਰੂਸ ਦਾ ਵੱਡਾ ਲੇਖਕ ਬਣ ਗਿਆ।

ਆਪਣੇ ਸਾਹਿਤਕ ਜੀਵਨ ਦੇ ਆਰੰਭ ਤੋਂ ਹੀ ਗੋਰਕੀ ਦੀ ਜਾਣ-ਪਛਾਣ ਟਾਲਸਟਾਏ ਅਤੇ ਚੈਖਵ ਵਰਗੇ ਮਹਾਨ ਲੇਖਕਾਂ ਨਾਲ ਹੋ ਗਈ। ਉਹ ਮੁੱਢਲੇ ਦਿਨਾਂ ਤੋਂ ਹੀ ਕ੍ਰਾਂਤੀਕਾਰੀ ਅੰਦੋਲਨਾਂ ਨਾਲ ਜੁੜਿਆ ਰਿਹਾ। ਪਿੱਛੋਂ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਕੇ ਲੋਕ-ਸੰਘਰਸ਼ ਨਾਲ ਨੇੜਿਓਂ ਜੁੜ ਗਿਆ। ਇਸੇ ਦੌਰਾਨ ਉਹਨੇ ਮਜ਼ਦੂਰਾਂ ਅਤੇ ਕ੍ਰਾਂਤੀਕਾਰੀਆਂ ਦੇ ਜੀਵਨ ਅਤੇ ਸੰਘਰਸ਼ 'ਤੇ ਆਧਾਰਿਤ ਆਪਣਾ ਸੰਸਾਰ ਪ੍ਰਸਿੱਧ ਨਾਵਲ 'ਮਾਂ' (1906) ਲਿਖਿਆ।

ਗੋਰਕੀ ਨੇ ਆਪਣੀਆਂ ਕਹਾਣੀਆਂ, ਨਾਟਕਾਂ, ਨਾਵਲਾਂ ਅਤੇ ਲੇਖਾਂ ਦੇ ਮਾਧਿਅਮ ਰਾਹੀਂ ਸਮਾਜ ਨੂੰ ਸਿਰਫ਼ ਚਿਤਰਿਤ ਹੀ ਨਹੀਂ ਕੀਤਾ ਸਗੋਂ ਇੱਕ ਹਥਿਆਰ ਵਾਂਗ ਇਸਤੇਮਾਲ ਕੀਤਾ। ਉਹਦੇ ਆਤਮ-ਕਥਾਤਮਕ ਨਾਵਲਾਂ 'ਮੇਰਾ ਬਚਪਨ', 'ਮੇਰੀਆਂ ਯੂਨੀਵਰਸਿਟੀਆਂ', 'ਜੀਵਨ ਦੇ ਰਾਹਾਂ 'ਤੇ' ਵਿਚ ਨਿਮਨ ਜ਼ਿੰਦਗੀ ਜੀਅ ਰਹੇ ਮਜ਼ਦੂਰਾਂ ਅਤੇ ਤਤਕਾਲੀ ਸਮਾਜ ਦੇ ਯਥਾਰਥ ਦਾ ਜੀਵੰਤ ਚਿਤਰਣ ਮਿਲਦਾ ਹੈ ਅਤੇ ਬਗਾਵਤ ਲਈ ਪ੍ਰੇਰਿਤ ਕਰਦਾ ਹੈ। ਗੋਰਕੀ ਦੇ ਹੋਰ ਨਾਵਲਾਂ 'ਫੋਮਾ ਗੋਰਦੇਯੇਵ' ਅਤੇ 'ਉਹ ਤਿੰਨ' ਦੇ ਕੇਂਦਰੀ ਚਰਿੱਤਰ ਫੋਮਾ ਅਤੇ ਇਲੀਆ ਲੁਨੇਵ ਅਜਿਹੇ ਵਿਅਕਤੀ ਹਨ ਜੋ ਨਿੱਜੀ ਸੰਪਤੀ 'ਤੇ ਆਧਾਰਿਤ ਸਮਾਜ ਦੇ ਤੌਰ ਤਰੀਕਿਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੰਦੇ ਹਨ।

ਗੋਰਕੀ ਦਾ ਪੂਰਾ ਜੀਵਨ ਅਤੇ ਉਹਦਾ ਸਾਹਿਤਕ ਕੰਮ ਪੂਰੀ ਦੁਨੀਆਂ ਦੇ ਮਜ਼ਦੂਰਾਂ ਲਈ ਪ੍ਰੇਰਨਾ ਸਰੋਤ ਹੈ ਅਤੇ ਅਨਿਆਂ ਵਿਰੁੱਧ ਕਦਮ ਕਦਮ 'ਤੇ ਸਾਨੂੰ ਸੰਘਰਸ਼ ਕਰਨ ਲਈ ਉਤਸ਼ਾਹਿਤ ਕਰਦਾ ਹੈ। ਉਹਦਾ ਮੰਨਣਾ ਸੀ, "ਪੂੰਜੀਵਾਦੀ ਸਮਾਜ ਵਿਚ ਕੁੱਲ ਮਿਲਾ ਕੇ ਮਨੁੱਖ ਆਪਣੀ ਅਦਭੁਤ ਸਮਰੱਥਾ ਨੂੰ ਨਿਰਾਰਥਕ ਮੰਤਵਾਂ ਦੀ ਪ੍ਰਾਪਤੀ ਲਈ ਬਰਬਾਦ ਕਰਦਾ ਹੈ।" ਜੀਵਨ ਪ੍ਰਤੀ ਉਹਦਾ ਦ੍ਰਿਸ਼ਟੀਕੋਣ ਆਸ਼ਾਵਾਦ ਅਤੇ ਜਨਤਾ ਵਿਚ ਦ੍ਰਿੜ ਵਿਸ਼ਵਾਸ ਨਾਲ ਭਰਿਆ ਹੋਇਆ ਸੀ। ਜੂਨ 1936 ਵਿਚ 68 ਸਾਲ ਦੀ ਉਮਰ ਵਿਚ ਮਾਸਕੋ (ਸੋਵੀਅਤ ਰੂਸ) ਵਿਖੇ ਉਹਦਾ ਦਿਹਾਂਤ ਹੋ ਗਿਆ। ਗੋਰਕੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀਆਂ ਹਨ। ਮਹਾਨ ਹਿੰਦੀ ਲੇਖਕ ਮੁਨਸ਼ੀ ਪ੍ਰੇਮਚੰਦ ਗੋਰਕੀ ਦਾ ਬਹੁਤ ਵੱਡਾ ਪ੍ਰਸ਼ੰਸਕ ਸੀ।

# ਪਹਿਲਾ ਤਾਂ ਪਹਿਲਾ ਹੀ ਹੁੰਦਾ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਵਾਪਰਦੇ ਵਰਤਾਰਿਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਆਪਣਾ ਖਾਸ ਹੀ ਮਹੱਤਵ ਹੁੰਦਾ ਹੈ। ਮਨੁੱਖ ਵਲੋਂ ਪੁੱਟਿਆ ਪਹਿਲਾ ਕਦਮ ਹੀ ਉਸ ਦੀ ਪੂਰੀ ਜ਼ਿੰਦਗੀ ਦੇ ਸਫ਼ਰ ਨੂੰ ਨਿਰਧਾਰਤ ਕਰਦਾ ਹੈ।***

ਕਦੇ ਵੀ ਪਹਿਲਾ, ਦੂਸਰਾ ਨਹੀਂ ਹੁੰਦਾ ਸਗੋਂ ਪਹਿਲਾ ਤਾਂ ਪਹਿਲਾ ਹੀ ਹੁੰਦਾ। ਭਾਵੇਂ ਇਹ ਪਹਿਲਾ ਪੁੱਟਿਆ ਕਦਮ ਹੋਵੇ, ਪਹਿਲਾ ਸਫ਼ਰ ਹੋਵੇ, ਪਹਿਲਾ ਸੁਪਨਾ ਹੋਵੇ, ਪਹਿਲੀ ਸਫ਼ਲਤਾ ਹੋਵੇ ਜਾਂ ਪਹਿਲੀ ਮਿਲਣੀ ਹੋਵੇ।

ਜ਼ਿੰਦਗੀ ਵਿਚ ਪਹਿਲੇ ਕਦਮ ਦਾ ਸਭ ਤੋਂ ਵੱਧ ਮਹੱਤਵ। ਪਹਿਲੇ ਉਦਮ ਨੇ ਹੀ ਇਹ ਨਿਰਧਾਰਤ ਕਰਨਾ ਹੁੰਦਾ ਕਿ ਤੁਹਾਡੀਆਂ ਪੈੜਾਂ ਕਿਹੜੀ ਮੰਜ਼ਲ਼ ਨੂੰ ਤਲਾਸ਼ਦੀਆਂ, ਤੁਹਾਡੇ ਸੁਪਨਿਆਂ ਦਾ ਸਫ਼ਰ ਕੀ ਹੋਵੇਗਾ, ਤੁਹਾਡੀਆਂ ਪ੍ਰਾਪਤੀਆਂ ਦਾ ਸਿਰਲੇਖ ਕਿਹੜਾ ਹੋਵੇਗਾ ਅਤੇ ਤੁਹਾਡੀਆਂ ਰਾਹਾਂ ਸੁਖਨਮਈ ਹੋਣਗੀਆਂ ਜਾਂ ਇਹ ਪੀੜਾਂ-ਪਰੁੱਚੇ ਮਾਰਗਾਂ ਦੀ ਨਿਸ਼ਾਨਦੇਹੀ ਹੋਵੇਗੀ?

ਮਨੁੱਖਾ ਜੀਵਨ ਹੀ ਪਹਿਲਾਂ ਨਾਲ ਭਰਿਆ ਹੋਇਆ। ਹਰ ਪੜਾਅ 'ਤੇ ਹੀ ਅਸੀਂ ਕੁਝ ਨਾ ਕੁਝ ਪਹਿਲੀ ਵਾਰ ਹੀ ਕਰਦੇ। ਸਾਡਾ ਪਹਿਲਾ ਅਨੁਭਵ ਹੀ ਬਹੁਤ ਕੁਝ ਸਾਡੇ ਜ਼ਿਹਨ ਵਿਚ ਧਰਦਾ ਜਿਸ ਨੇ ਸਾਨੂੰ ਅਤੇ ਸਾਡੀ ਜੀਵਨ-ਸ਼ੈਲੀ ਨੂੰ ਪ੍ਰਭਾਵਿਤ ਕਰਨਾ ਹੁੰਦਾ।

ਮਨੁੱਖ ਹਮੇਸ਼ਾ ਉਨ੍ਹਾਂ ਪਹਿਲਕਦਮੀਆਂ ਦੀ ਤਲਾਸ਼ ਵਿਚ ਜਿਨ੍ਹਾਂ ਨੇ ਉਸ ਦੇ ਜੀਵਨ ਨੂੰ ਨਿਆਮਤਾਂ ਨਾਲ ਵਰੋਸਾਉਣਾ ਹੁੰਦਾ ਅਤੇ ਜਿਸ ਕਾਰਨ ਮਨੁੱਖ ਨੂੰ ਸੁੱਖ-ਸਹੂਲਤਾਂ ਦਾ ਅਹਿਸਾਸ ਅਤੇ ਪਰਿਵਾਰਕ ਖੁਸ਼ਹਾਲੀ ਦਾ ਰਾਜ਼ ਪਤਾ ਲੱਗਦਾ।

ਇਹ ਪਹਿਲਾਂ ਹੀ ਹੁੰਦੀਆਂ ਜਿਨ੍ਹਾਂ ਦੇ ਮੱਥੇ 'ਤੇ ਅਣਜਾਣੇ ਰਾਹਾਂ, ਮਨਚਾਹੀਆਂ ਪ੍ਰਾਪਤੀਆਂ ਅਤੇ ਅਸੀਮ ਦਾਤਾਂ ਦੀ ਰਹਿਨੁਮਾਈ ਪ੍ਰਾਪਤ ਹੁੰਦੀ। ਅਸੀਂ ਆਪਣੇ ਜੀਵਨ ਨੂੰ ਸਫਲ਼ਾ ਮੰਨਦੇ। ਜਦ ਕਿਸੇ ਔਰਤ ਨੂੰ ਪਹਿਲੀ ਵਾਰ ਪਤਾ ਲੱਗਦਾ ਹੈ ਕਿ ਉਹ ਮਾਂ ਬਣਨ ਵਾਲੀ ਹੈ ਤਾਂ ਉਸਦੇ ਮੁੱਖੜੇ ਦਾ ਨੂਰ, ਅੰਗ-ਅੰਗ ਵਿਚੋਂ ਝਰਦੀ ਖੁਸ਼ੀ ਅਤੇ ਮਨ ਵਿਚ ਪੂਰਨਤਾ ਦਾ ਅਹਿਸਾਸ, ਉਸ ਲਈ ਸਭ ਤੋਂ ਵੱਡਾ ਵਰਦਾਨ। ਉਹ ਆਪਣੇ ਆਉਣ ਵਾਲੇ ਬੱਚੇ ਲਈ ਸੁੱਤੀ/ਜਾਗਦੀ ਦੁਆਵਾਂ ਮੰਗਦੀ, ਕੁੱਖ ਵਿਚ ਉਸ ਨਾਲ ਗੱਲਾਂ ਕਰਦੀ। ਉਸਨੂੰ ਇਕ ਸੁਖਨ ਮਿਲਦਾ। ਉਸਦੇ ਮਨ ਵਿਚ ਸੰਪੂਰਨ ਪਰਿਵਾਰ ਦਾ ਸੁਪਨਾ ਪੂਰਾ ਹੋਣਾ ਲੋਚਦਾ।

ਕਿਸੇ ਔਰਤ ਲਈ ਸਭ ਤੋਂ ਅਹਿਮ ਹੁੰਦਾ ਹੈ ਪਹਿਲੀ ਵਾਰ ਮਾਂ ਬਣਨਾ। ਮਾਂ ਦੇ ਅਹਿਸਾਸ ਨੂੰ ਜੀਵੰਤ ਰੂਪ ਵਿਚ ਜਿਊਣਾ ਤੇ ਮਾਨਣਾ। ਜਨਮ ਵੇਲੇ ਬੱਚੇ ਦੀ ਪਹਿਲੀ ਚੀਕ, ਉਸ ਦਾ ਤੰਦਰੁਸਤ ਰੂਪ ਵਿਚ ਸੰਸਾਰ ਵਿਚ ਆਮਦ ਦਾ ਪੈਗ਼ਾਮ ਅਤੇ ਮਾਂ ਨੂੰ ਜੀਵਨ-ਦਾਨ। ਬੱਚੇ ਦਾ ਪਹਿਲੀ ਵਾਰ ਬੈਠਣਾ, ਪਹਿਲੀ ਵਾਰ ਖੜੇ ਹੋਣਾ ਅਤੇ ਪਹਿਲੀ ਵਾਰ ਕੁਝ ਕਦਮ ਤੁਰਨਾ, ਪਰਿਵਾਰ ਲਈ ਖੇੜੇ ਅਤੇ ਖੁਸ਼ੀਆਂ ਦਾ ਆਧਾਰ। ਉਸਦਾ ਪਹਿਲਾ ਤੋਤਲਾ ਬੋਲ, ਆਪਣੇ ਹਾਵ-ਭਾਵ ਪ੍ਰਗਟਾਉਣ ਦੀ ਕੋਸ਼ਿਸ਼। ਨਾਨਾ/ਨਾਨੀ ਜਾਂ ਦਾਦਾ/ਦਾਦੀ ਦੀ ਉਂਗਲ ਫੜ ਕੇ ਪੁੱਟੇ ਹੋਏ ਕੁਝ ਕਦਮਾਂ ਦਾ ਚਾਅ ਬੱਚੇ ਨੂੰ ਇੰਨਾ ਹੁੰਦਾ ਕਿ ਉਹ ਵਾਰ ਵਾਰ ਤੁਰਨ ਲਈ ਅਹੁਲਦਾ। ਉਸਨੂੰ ਕੀ ਪਤਾ ਕਿ ਵਕਤ ਆਉਣ 'ਤੇ ਉਸ ਨੇ ਇਨ੍ਹਾਂ ਬਜ਼ੁਰਗਾਂ ਲਈ ਹੀ ਤੁਰਨ ਲਈ ਡੰਗੋਰੀ ਬਣਨਾ।

ਬੱਚਾ ਜਦ ਪਹਿਲੇ ਦਿਨ ਸਕੂਲੇ ਜਾਂਦਾ ਤਾਂ ਮਾਂ ਸੁੱਖਣਾ ਸੁੱਖਦੀ ਅਤੇ ਅਰਦਾਸਾਂ ਵੀ ਕਰਦੀ ਕਿ ਉਹ ਪੜ੍ਹ ਕੇ ਵੱਡਾ ਅਫਸਰ ਬਣੇ। ਪਰ ਮਾਂ ਦੇ ਅੰਦਰੋਂ ਖੋਹ ਵੀ ਪੈਂਦੀ ਕਿ ਅੱਜ ਤੋਂ ਬਾਅਦ ਬੱਚੇ ਨੇ ਨਵੇਂ ਚੌਗਿਰਦੇ ਵਿਚ ਨਵੇਂ ਸਾਥੀਆਂ ਸੰਗ ਨਵੀਂ ਦੁਨੀਆਂ ਵਿਚ ਵਿਚਰਨਾ ਹੈ ਜਿਸ ਵਿਚੋਂ ਬਹੁਤ ਕੁਝ ਉਸਨੇ ਸਿੱਖਣਾ ਵੀ ਅਤੇ ਮਾਪਿਆਂ ਦੀਆਂ ਕੁਝ ਕੁ ਸਿੱਖਿਆਵਾਂ ਨੂੰ ਵਿਸਾਰਨਾ ਵੀ। ਪਹਿਲੇ ਦਿਨ ਸਕੂਲ ਜਾਣ ਵੇਲੇ ਕੁਝ ਬੱਚਿਆਂ ਨੂੰ ਤਾਂ ਬਹੁਤ ਚਾਅ ਹੁੰਦਾ ਜਦ ਕਿ ਕੁਝ ਬੱਚਿਆਂ ਨੂੰ ਰੋਂਦੇ ਹੀ ਸਕੂਲੇ ਛੱਡ ਕੇ ਆਉਣਾ ਪੈਂਦਾ ਅਤੇ ਫਿਰ ਹੌਲੀ-ਹੌਲੀ ਦਿਲ ਲੱਗ ਜਾਂਦਾ।

ਯਾਦ ਹੈ ਕਿ ਪਹਿਲੇ ਦਿਨ ਮੇਰੀ ਵੱਡੀ ਬੇਟੀ ਸਕੂਲ ਗਈ ਤਾਂ ਉਹ ਰਿਕਸ਼ੇ ਤੋਂ ਨਾ ਉਤਰੀ ਅਤੇ ਵਾਪਸ ਘਰ ਨੂੰ ਮੁੜ ਆਈ ਭਾਵੇਂ ਕਿ ਉਸੇ ਵੇਲੇ ਮੈਨੂੰ ਸਕੂਲ ਛੱਡਣ ਜਾਣਾ ਪਿਆ। ਬਹੁਤ ਵਚਿੱਤਰ ਹੁੰਦਾ ਏ ਬੱਚਿਆਂ ਦਾ ਪਹਿਲੇ ਦਿਨ ਸਕੂਲ ਜਾਣਾ ਅਤੇ ਇਨ੍ਹਾਂ ਦਾ ਵਰਤਾਰਾ।

ਪਹਿਲੇ ਦਿਨ ਜਦ ਕੋਈ ਕਾਲਜ ਦੇ ਵਿਹੜੇ ਵੜਦਾ ਤਾਂ ਇਹ ਵਾਤਾਵਰਣ ਸਕੂਲ ਨਾਲੋਂ ਬਿਲਕੁਲ ਵੱਖਰਾ, ਨਵੀਂ ਨਵੀਂ ਮਿਲੀ ਆਜ਼ਾਦੀ। ਇਸੀ ਆਜ਼ਾਦੀ ਵਿਚ ਕਈ ਤਾਂ ਆਪਣੇ ਅੰਬਰ ਨੂੰ ਛੋਹ ਲੈਂਦੇ ਪਰ ਕਈਆਂ ਲਈ ਇਹੀ ਆਜ਼ਾਦੀ ਗਰਕਣੀ ਬਣ ਜਾਂਦੀ। ਇਹ ਕਾਲਜ ਵਿਚ ਮਿਲੀ ਨਵੀਂ ਮਿੱਤਰ-ਮੰਡਲੀ ਅਤੇ ਲੜਕਪੁਣੇ ਦੇ ਅਹਿਸਾਸਾਂ ਨੂੰ ਕੰਟਰੋਲ ਵਿਚ ਰੱਖਣ ਜਾਂ ਇਨ੍ਹਾਂ ਵਿਚ ਵਹਿ ਜਾਣ 'ਤੇ ਨਿਰਭਰ। ਕਲਾਸ ਵਿਚ ਪਹਿਲੇ ਸਥਾਨ 'ਤੇ ਆਉਣ ਦਾ ਜਿੱਥੇ ਵੱਖਰਾ ਹੀ ਹੁਲਾਸ ਹੁੰਦਾ ਉਥੇ ਕਿਸੇ ਕਲਾਸ ਵਿਚੋਂ ਫੇਲ੍ਹ ਹੋਣਾ ਤੁਹਾਡੀਆਂ ਸੋਚਾਂ ਨੂੰ ਸੁੰਨ ਕਰ ਜਾਂਦਾ। ਇਸ ਸੁੰਨਤਾ ਵਿਚੋਂ ਕਿਵੇਂ ਬਾਹਰ ਆਉਣਾ ਅਤੇ ਆਪਣੀਆਂ ਨਾਕਾਮੀਆਂ ਨੂੰ ਕਿਵੇਂ ਕਾਮਯਾਬੀਆਂ ਬਣਾਉਣਾ, ਇਹ ਨਵੇਂ ਮਾਨਸਿਕ ਫ਼ਿਤਰਤ ਅਤੇ ਸੋਚ-ਦਾਇਰੇ ਨੂੰ ਨਵੀਂ ਦਿਸ਼ਾ ਦੇਣ ਅਤੇ ਵਿਕਸਤ ਕਰਨ ਵਿਚੋਂ ਹੀ ਲੱਭਿਆ ਜਾ ਸਕਦਾ। ਪਰ ਬੜਾ ਕਠਿਨ ਹੁੰਦਾ ਹੈ ਪਹਿਲੇ ਦਰਜੇ ਵਿਚ ਪਾਸ ਹੁੰਦਿਆਂ, ਧੜੱਮ ਕਰ ਕੇ ਡਿੱਗਣਾ ਅਤੇ ਫਿਰ ਉਠਣਾ ਹੀ ਮਨੁੱਖੀ ਸਮਝਦਾਰੀ ਅਤੇ ਸਿਦਕਦਿਲੀ ਦਾ ਇਮਤਿਹਾਨ ਹੁੰਦਾ।

ਇਕ ਵਿਕਲੋਤਰਾ ਜਿਹਾ ਹੀ ਪ੍ਰਭਾਵ ਮਿਲਦਾ ਜਦ ਕੋਈ ਪੇਂਡੂ ਜਵਾਕ ਪਹਿਲੀ ਵਾਰ ਯੂਨੀਵਰਸਿਟੀ ਦੇ ਵਿਸ਼ਾਲ ਕੈਂਪਸ ਵਿਚ ਜਾ ਕੇ ਆਪਣੀ ਉਡਾਣ ਅਤੇ ਸੁਪਨਿਆਂ ਨੂੰ ਸੰਜ਼ੀਦਗੀ ਅਤੇ ਸਮਰਪਿਤਾ ਨਾਲ ਪੂਰਨ ਕਰਨ ਦਾ ਤਹੱਈਆ ਕਰਦਾ। ਅਜੇਹੇ ਮਾਹੌਲ ਵਿਚ ਬਹੁਤ ਕੁਝ ਮਨ ਵਿਚ ਪੈਦਾ ਹੁੰਦਾ। ਇਹ ਤੁਹਾਡੀਆਂ ਮਨੋਕਾਮਨਾਵਾਂ, ਲਾਲਸਾਵਾਂ ਅਤੇ ਸਵੈ-ਡਿਸਪਲਿਨ 'ਤੇ ਨਿਰਭਰ ਕਿ ਤੁਸੀਂ ਯੂਨੀਵਰਸਿਟੀ ਵਿਚੋਂ ਇਕ ਵੱਖਰਾ ਇਨਸਾਨ ਬਣ ਕੇ ਦੁਨੀਆਂ ਨੂੰ ਕੁਝ ਚੰਗੇਰਾ ਅਰਪਿਤ ਕਰਨ ਦਾ ਪ੍ਰਣ ਨਿਭਾਉਣਾ ਜਾਂ ਬੇਰੁਜ਼ਗਾਰਾਂ ਦੀ ਢਾਣੀ ਦਾ ਹਿੱਸਾ ਬਣਨਾ।

ਨੌਕਰੀ ਲਈ ਪਹਿਲੀ ਇੰਟਰਵਿਊ ਦਾ ਤਜਰਬਾ ਵੀ ਕਮਾਲ ਦਾ ਹੁੰਦਾ ਕਿਉਂਕਿ ਤੁਹਾਨੂੰ ਦੁਨੀਆਂ ਦੇ ਕਰੂਰ ਸੱਚ ਦਾ ਸਾਹਮਣਾ ਕਰਨਾ ਪੈਂਦਾ ਕਿ ਦੁਨੀਆਂ ਕਿਹੜੇ ਰੂਪ 'ਚ ਤੁਹਾਡੇ ਨਾਲ ਵਿਵਹਾਰ ਕਰਦੀ ਅਤੇ ਤੁਸੀਂ ਆਪਣੇ ਸਥਾਨ ਨੂੰ ਕਿਵੇਂ ਨਿਸ਼ਚਿਤ ਕਰਨਾ। ਯਾਦ ਹੈ ਕਿ ਐਮ.ਐਸਸੀ. ਕਰਨ ਤੋਂ ਬਾਅਦ ਕੁਝ ਦਿਨ ਖਾਲਸਾ ਕਾਲਜ ਜਲੰਧਰ ਪੜ੍ਹਾਇਆ। ਆਸ ਸੀ ਕਿ ਰੈਗੂਲਰ ਨਿਯੁਕਤੀ ਵੀ ਹੋ ਜਾਵੇਗੀ ਪਰ ਸੋਚਣ ਅਤੇ ਹੋਣ ਵਿਚ ਬੜਾ ਫਰਕ ਹੁੰਦਾ ਕਿਉਂਕਿ ਜਦ ਤੁਹਾਡਾ ਕੋਈ ਗਾਡਫਾਦਰ ਨਾ ਹੋਵੇ ਅਤੇ ਤੁਸੀਂ ਕਿਸੇ ਸਾਧਾਰਨ ਪਰਿਵਾਰ ਵਿਚੋਂ ਹੋਵੋ ਤਾਂ ਮੈਰਿਟ ਤੋਂ ਇਲਾਵਾ ਸੱਭ ਕੁਝ ਹੀ ਜਾਇਜ਼ ਸਮਝਿਆ ਜਾਂਦਾ। ਫਿਰ ਤੁਹਾਨੂੰ ਭਰੇ ਮਨ ਨਾਲ ਨਵੇਂ ਮੌਕੇ ਦੀ ਤਲਾਸ਼ ਵਿਚ ਅਖਬਾਰਾਂ ਵਿਚ ਖਾਲੀ ਪੋਸਟਾਂ ਦੇ ਇਸ਼ਤਿਹਾਰ ਪੜ੍ਹਨੇ ਪੈਂਦੇ।

ਸਭ ਤੋਂ ਖੂਬਸੂਰਤ ਪਲ ਉਹ ਹੁੰਦੇ ਜਦ ਤੁਹਾਨੂੰ ਪਹਿਲੀ ਤਨਖ਼ਾਹ ਮਿਲਦੀ ਜੋ ਤੁਹਾਡੀ ਪਹਿਲੀ ਕਮਾਈ ਹੁੰਦੀ। ਤੁਹਾਡੀ ਲਿਆਕਤ ਦਾ ਸ਼ਰਫ਼ ਅਤੇ ਤੁਹਾਡੀ ਯੋਗਤਾ ਦਾ ਪ੍ਰਮਾਣ। ਪਹਿਲੀ ਤਨਖਾਹ ਮਾਪਿਆਂ ਦੇ ਨੈਣਾਂ ਵਿਚ ਅਸੀਮ ਖੁਸ਼ੀ ਧਰ ਜਾਂਦੀ ਕਿ ਉਨ੍ਹਾਂ ਦੀ ਘਾਲਣਾ ਸਫ਼ਲ ਹੋਈ ਹੈ। ਇਹ ਤਨਖਾਹ ਫਿਰ ਹੌਲੀ-ਹੌਲੀ ਤੁਹਾਡੇ ਸਾਈਕਲ ਨੂੰ ਸਕੂਟਰ ਵਿਚ ਬਦਲਦੀ ਅਤੇ ਫਿਰ ਤੁਸੀਂ ਕਾਰ ਦੀ ਸਵਾਰੀ ਕਰਨ ਦੇ ਯੋਗ ਵੀ ਹੋ ਜਾਂਦੇ।



ਸਭ ਤੋਂ ਪਹਿਲੀ ਵਾਰ ਮਿਲਿਆ ਟਰਮੀਨੇਸ਼ਨ ਦਾ ਆਰਡਰ ਬਹੁਤ ਪੀੜਾ ਦਿੰਦਾ ਜਿਸਦਾ ਤੁਸੀਂ ਕਿਆਸ ਨਾ ਕੀਤਾ ਹੋਵੇ ਪਰ ਅਜੇਹਾ ਭਾਣਾ ਵਰਤ ਜਾਵੇ। ਮਨ ਨੂੰ ਸਮਝਾਉਣਾ ਅਤੇ ਬਦਲਦੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਣ ਲਈ ਬੜਾ ਸਮਾਂ ਲੱਗਦਾ।

ਬਹੁਤ ਹੀ ਰਾਂਗਲਾ ਪਲ ਹੁੰਦਾ ਜਦ ਤੁਸੀਂ ਆਪਣੇ ਪਿਆਰੇ ਨੂੰ ਪਹਿਲੀ ਵਾਰ ਮਿਲਦੇ ਹੋ। ਅੱਖਾਂ ਥੀਂ ਉਤਰਦੇ ਹੋ ਅਤੇ ਪਿਆਰ-ਮੁਸਕਣੀ ਵਿਚੋਂ ਜੀਵਨ ਦੀਆਂ ਸੰਦਲੀ ਤਰਜੀਹਾਂ ਅਤੇ ਤਰਤੀਬਾਂ ਨੂੰ ਨਵੀਂ ਦਿਸ਼ਾ ਦਿੰਦੇ ਹੋ। ਇਹ ਪਲ ਹੀ ਹੁੰਦੇ ਜੋ ਸਾਰੀ ਉਮਰ ਤੁਹਾਨੂੰ ਮਗ਼ਰੂਰੀ ਅਤੇ ਸਰੂਰੀ ਨਾਲ ਭਰੀ ਰੱਖਦੇ ਕਿਉਂਕਿ ਇਹ ਪਲ ਉਮਰਾਂ ਤੀਕ ਫੈਲ ਜਾਂਦੇ।

ਪਹਿਲੜੀ ਲਾਂਵ ਵਿਆਹੁਤਾ ਜ਼ਿੰਦਗੀ ਦੀ ਨਵੀਂ ਸ਼ੁਰੂਆਤ। ਜੀਵਨ ਸਾਥੀ ਨੂੰ ਸਦੀਵੀ ਰੂਪ ਵਿਚ ਅਰਪਿਤ ਕਰਨ ਦਾ ਤਹੱਈਆ। ਜੀਵਨ ਦੇ ਦੁੱਖਾਂ-ਸੁੱਖਾਂ ਵਿਚ ਭਾਈਵਾਲੀ। ਜ਼ਿੰਦਗੀ ਦੀਆਂ ਰਾਹਾਂ ਵਿਚ ਇਕ ਦੂਜੇ ਲਈ ਆਸਰਾ ਅਤੇ ਹੰਭਲਾ ਬਣਨ ਦਾ ਗੁਰ-ਮੰਤਰ। ਪਹਿਲੜੀ ਤੋਂ ਚੌਥੀ ਲਾਂਵ ਵਿਚਲਾ ਸਮਾਂ ਤਾਂ ਕੁਝ ਕੁ ਮਿੰਟਾਂ ਦਾ ਹੁੰਦਾ ਪਰ ਇਹ ਬਾਅਦ ਵਿਚ ਸਾਰੀ ਉਮਰ ਲਈ ਵਰਦਾਨ ਬਣ ਜਾਂਦਾ।

ਪਹਿਲੀ ਰਾਤ ਵਿਆਹੁਤਾ ਜ਼ਿੰਦਗੀ ਲਈ ਸ਼ੁੱਭ-ਸ਼ਗਨ। ਨਵੀਂ ਆਰੰਭਤਾ। ਨਵੀਆਂ ਰਾਹਾਂ ਵਿਚ ਸਿਦਕਦਿਲੀ ਅਤੇ ਸਾਬਤ ਕਦਮਾਂ ਨਾਲ ਤੁਰੇ ਜਾਣ ਦਾ ਅਹਿਦ। ਇਕ ਦੂਜੇ ਦੇ ਮਨਾਂ ਵਿਚ ਉਤਰਨਾ। ਰੂਹਾਂ ਵਿਚ ਪਿਘਲ ਜਾਣਾ ਅਤੇ ਇਸ ਪਿਘਲਣ ਨਾਲ ਇਕ ਦੂਜੇ ਦੇ ਸਾਹੀਂ ਜਿਊਣ ਦਾ ਵਾਅਦਾ। ਇਸ ਨਾਲ ਜ਼ਿੰਦਗੀ ਨੂੰ ਨਵੇਂ ਸਬੰਧ, ਨਵੀਆਂ ਰਿਸ਼ਤੇਦਾਰੀਆਂ, ਨਵੀਂ ਦੁਨੀਆਂ ਅਤੇ ਨਵੇਂ ਦਾਇਰੇ ਵਿਚ ਵਿਚਰਨ ਦਾ ਸੁਭਾਗ। ਇਸ ਨਾਲ ਮਨੁੱਖ ਸਮੁੱਚੇ ਰੂਪ ਵਿਚ ਵਿਕਸਤ ਹੁੰਦਾ। ਇਹ ਵਿਗਸਣਾ ਹੀ ਹੌਲੀ ਹੌਲੀ ਇਕ ਪਰਿਵਾਰ ਦਾ ਰੂਪ ਧਾਰ ਕੇ ਸਮਾਜ ਦਾ ਮਾਣਮੱਤਾ ਹਿੱਸਾ ਬਣ ਜਾਂਦਾ।

ਤੁਹਾਨੂੰ ਆਪਣੇ ਪਿੱਤਰੀ ਘਰ ਵਿਚੋਂ ਉਠਾਇਆ ਪਹਿਲਾ ਕਦਮ ਹਮੇਸ਼ਾ ਯਾਦ ਰਹਿੰਦਾ ਜਦ ਤੁਸੀਂ ਬਹੁਤ ਹੀ ਸੀਮਤ ਜਿਹੀਆਂ ਵਸਤਾਂ ਨਾਲ ਨੌਕਰੀ ਦੀ ਮਜਬੂਰੀ ਖਾਤਰ ਘਰ ਤੋਂ ਬਾਹਰ ਪੈਦਾ ਰੱਖਦੇ। ਘਰ ਤੁਹਾਨੂੰ ਨਿਹਾਰਦਾ ਅਤੇ ਤੁਹਾਡੇ ਰਾਹਾਂ ਨੂੰ ਚਾਨਣ ਨਾਲ ਭਰਦਾ ਹੈ ਕਿਉਂਕਿ ਉਹ ਚਾਹੁੰਦਾ ਕਿ ਮੇਰੇ ਜਿਊਣ-ਜੋਗੇ ਦੇ ਰਾਹਾਂ ਵਿਚ ਫੁੱਲ ਉਗਣ। ਉਸਨੂੰ ਆਸ ਹੁੰਦੀ ਕਿ ਮੇਰੇ ਤੋਂ ਦੂਰ ਜਾਣ ਵਾਲੇ ਘਰਾਂ ਨੂੰ ਪਰਤਦੇ ਰਹਿਣਗੇ ਅਤੇ ਮੈਨੂੰ ਮਿਲ ਕੇ ਆਪਣੇ ਬਚਪਨੇ ਨੂੰ ਮੇਰੇ ਰਾਹੀਂ ਆਪਣੇ ਦੀਦਿਆਂ ਵਿਚ ਦ੍ਰਿਸ਼ਟਮਾਨ ਕਰਦੇ ਰਹਿਣਗੇ। ਘਰ ਵੀ ਚਾਹੁੰਦਾ ਕਿ ਮੇਰੇ ਤੋਂ ਦੂਰ ਜਾਣ ਵਾਲਾ ਮੇਰਾ ਲਾਡਲਾ, ਮੇਰੀ ਸੁੱਚੀ ਪਛਾਣ ਬਣੇ ਜਿਸ 'ਤੇ ਮੈਨੂੰ ਅਤੇ ਮੇਰੇ ਕੋੜਮੇ ਨੂੰ ਨਾਜ਼ ਹੋਵੇ।

ਬੰਦੇ ਨੂੰ ਆਪਣੇ ਹੱਥੀਂ ਬਣਾਇਆ ਪਹਿਲਾ ਘਰ ਕਦੇ ਨਹੀਂ ਭੁੱਲਦਾ ਜਿਸ ਦੀ ਹਰ ਕੰਧ, ਬੂਹੇ ਅਤੇ ਬਾਰੀ ਨੂੰ ਕਮਰੇ ਦਾ ਰੂਪ ਧਾਰਦਿਆਂ ਤੇ ਘਰ ਬਣਦਿਆਂ ਦੇਖਿਆ ਹੋਵੇ। ਘਰ ਵਿਚ ਪਰਿਵਾਰ ਨੂੰ ਪਾਲਦਿਆਂ ਅਤੇ ਘਰਾਂ ਵਿਚ ਪਲੇ ਬੱਚਿਆਂ ਨੂੰ ਉਡਾਰੂ ਬਣਾ ਕੇ, ਨਵੇਂ ਅੰਬਰਾਂ ਦੀ ਤਲਾਸ਼ ਵਿਚ ਉਚੇਰੀ ਉਡਾਣ ਭਰਨ ਲਈ ਪ੍ਰੇਰਨਾ ਅਤੇ ਉਤਸ਼ਾਹ ਮਿਲਣਾ। ਇਹ ਘਰ ਤੁਹਾਡੇ ਚੇਤਿਆਂ ਵਿਚ ਹਮੇਸ਼ਾ ਰਹਿੰਦਾ ਭਾਵੇਂ ਤੁਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਹਰੇਕ ਕਿਸਮ ਦੀਆਂ ਸੁੱਖ ਸਹੂਲਤਾਂ ਮਾਣਦੇ ਹੋਵੋ।

ਤੁਹਾਡੇ ਸੁਪਨਿਆਂ ਵਿਚ ਜ਼ਰੂਰ ਹੀ ਤੁਹਾਡਾ ਪਹਿਲਾ ਘਰ ਜਾਂ ਤੁਹਾਡਾ ਪਿੰਡ, ਖੇਤ, ਹਵੇਲੀ ਜਾਂ ਕੱਚੀਆਂ ਕੰਧਾਂ ਜ਼ਰੂਰ ਆਉਣਗੀਆਂ ਜਿਨ੍ਹਾਂ ਨੂੰ ਟੱਪ ਕੇ ਗਵਾਂਢੀਆਂ ਦੇ ਚੌਕੇ ਵਿਚ ਰੋਟੀ ਖਾ ਕੇ ਘਰ ਨੂੰ ਆ ਜਾਈਦਾ ਸੀ।

ਰਿਟਾਇਰਮੈਂਟ ਦਾ ਪਹਿਲਾ ਦਿਨ ਵੀ ਖਾਸ ਹੁੰਦਾ ਅਤੇ ਹਮੇਸ਼ਾਂ ਤਰੋਤਾਜ਼ਾ ਰਹਿੰਦਾ। ਰੁਤਬਿਆਂ ਅਤੇ ਸਲਾਮਾਂ ਨੂੰ ਅਲਵਿਦਾ ਕਹਿਣਾ। ਇਕ ਆਮ ਵਿਅਕਤੀ ਵਜੋਂ ਰਿਟਾਇਰਮੈਂਟ ਦੀ ਜ਼ਿੰਦਗੀ ਜਿਊਣ ਲਈ ਜ਼ਰੂਰੀ ਹੁੰਦਾ ਕਿ ਬਦਲਦੇ ਹਾਲਤਾਂ ਅਨੁਸਾਰ ਖੁਦ ਨੂੰ ਢਾਲਿਆ ਜਾਏ ਵਰਨਾ ਕੁਝ ਤਾਂ ਰਿਟਾਇਰਮੈਂਟ ਦੇ ਕੁਝ ਹੀ ਮਹੀਨਿਆਂ ਬਾਅਦ, ਸੋਗ ਵਿਚ ਸਾਹਾਂ ਨੂੰ ਆਖਰੀ ਅਲਵਿਦਾ ਕਹਿ ਜਾਂਦੇ। ਰਿਟਾਇਰਮੈਂਟ ਦਾ ਪਹਿਲਾ ਦਿਨ ਦਰਅਸਲ ਜ਼ਿੰਦਗੀ ਦੇ ਨਵੇਂ ਪੜਾਅ ਦਾ ਪਹਿਲਾ ਦਿਨ ਹੁੰਦਾ ਜਦੋਂ ਤੁਸੀਂ ਖੁਦ ਸੰਗ ਸੰਵਾਦ ਰਚਾਉਣਾ ਅਤੇ ਖੁਦ ਨੂੰ ਮਿਲਣਾ ਜਿਸਨੂੰ ਮਿਲਣ ਤੋਂ ਤੁਸੀਂ ਸਾਰੀ ਉਮਰ ਹੀ ਟਾਲਾ ਵੱਟਦੇ ਰਹੇ। ਜਾਂ ਆਪਣੇ ਕੁਝ ਕੁ ਅਜੇਹੇ ਸ਼ੌਕਾਂ ਨੂੰ ਵੀ ਪੂਰਾ ਕਰਨਾ ਹੁੰਦਾ ਜਿਹੜੇ ਸ਼ੌਕ ਤੁਸੀਂ ਨੌਕਰੀ ਦੇ ਰੁਝੇਵਿਆਂ ਤੇ ਪਰਿਵਾਰਕ ਖਲਜਗਣ ਕਾਰਨ ਪੂਰੇ ਨਹੀਂ ਕਰ ਸਕੇ। ਨਵੇਂ ਸ਼ੌਕ, ਨਵੀਆਂ ਤਰਜੀਹਾਂ, ਨਵੀਆਂ ਦੋਸਤੀਆਂ ਅਤੇ ਨਵੇਂ ਸੁਪਨੇ ਲੈਣ ਦੀ ਆਦਤ ਪਾ ਲਵੇ ਤਾਂ ਬੰਦਾ ਰਿਟਾਇਰਮੈਂਟ ਨੂੰ ਵੀ ਜਸ਼ਨ ਵਾਂਗ ਮਨਾਉਂਦਾ।

ਉਹ ਪਲ ਬੰਦੇ ਨੂੰ ਹਮੇਸ਼ਾ ਯਾਦ ਰਹਿੰਦੇ ਜਦੋਂ ਉਹ ਮੌਤ ਨੂੰ ਬਹੁਤ ਹੀ ਨੇੜਿਉਂ ਅੱਖੀਂ ਦੇਖਦਾ। ਉਸਨੂੰ ਅਹਿਸਾਸ ਹੁੰਦਾ ਕਿ ਇਹ ਸਾਹਾਂ ਦਾ ਸਾਜ਼ ਪਤਾ ਨਹੀਂ ਕਦੋਂ ਵੱਜਣਾ ਬੰਦ ਹੋ ਜਾਵੇ।

ਮੈਂ ਆਪਣੇ ਬਾਪ ਦੇ ਕੋਲ ਬੈਠਿਆਂ ਜਦ ਉਸਦੇ ਆਖਰੀ ਪਲ ਦੌਰਾਨ ਉਸ ਦੀਆਂ ਅੱਖਾਂ ਸਦਾ ਲਈ ਬੰਦ ਹੁੰਦੀਆਂ ਅਤੇ ਆਖਰੀ ਹਟਕੋਰਾ ਭਰਦਿਆਂ ਅੱਖੀਂ ਦੇਖਿਆ ਤਾਂ ਮਨ ਵਿਚ ਬਹੁਤ ਕੁਝ ਟੁੱਟਿਆ। ਸੋਝੀ ਹੁੰਦੀ ਕਿ ਤੁਹਾਡਾ ਪਿਆਰਾ ਇੰਝ ਵੀ ਤੁਹਾਡੇ ਕੋਲੋਂ ਸਦਾ ਲਈ ਦੂਰ ਚਲੇ ਜਾਂਦਾ ਅਤੇ ਤੁਹਾਡੇ ਹੱਥ ਵਿਚ ਸਿਰਫ਼ ਇਕ ਬੇਜਾਨ ਹੱਥ ਹੀ ਰਹਿ ਜਾਂਦਾ। ਮਿੱਟੀ ਬਣੇ ਆਪਣੇ ਅਤਿ ਪਿਆਰੇ ਨੂੰ ਸੰਭਾਲਣ ਅਤੇ ਸਮਾਜਿਕ ਰਹੁ-ਰੀਤਾਂ ਨੂੰ ਨਿਭਾਉਣ ਦਾ ਕਾਰਜ ਵੀ ਤੁਹਾਨੂੰ ਭਰੇ ਮਨ ਨਾਲ ਨਿਭਾਉਣਾ ਪੈਂਦਾ।

ਬਹੁਤ ਪੀੜਤ ਕਰਦਾ ਜਦ ਤੁਸੀਂ ਪਹਿਲੀ ਵਾਰ ਆਪਣੇ ਅਜ਼ੀਜ਼ ਦੀ ਅਰਥੀ ਨੂੰ ਮੋਢਾ ਦਿੰਦੇ ਹੋ। ਪਿਆਰਾ ਵੀ ਉਹ ਜਿਸਨੇ ਤੁਹਾਨੂੰ ਮੋਢੇ 'ਤੇ ਚੁੱਕ ਕੇ ਖਿਡਾਇਆ ਹੋਵੇ, ਤੁਹਾਨੂੰ ਸੁਪਨੇ ਦਿੱਤੇ ਹੋਣ ਅਤੇ ਤੁਹਾਡੀਆਂ ਖੁਸ਼ੀਆਂ ਦਾ ਸਬੱਬ ਬਣਿਆ ਹੋਵੇ। ਪਰ ਇਹ ਸੱਚ ਜਦ ਤੁਸੀਂ ਪਹਿਲੀ ਵਾਰ ਜਿਉਂਦੇ ਹੋ ਤਾਂ ਬਹੁਤ ਕੁਝ ਟੁੱਟਦਾ ਹੈ ਮਨ ਵਿਚ, ਸੋਚਾਂ ਵਿਚ, ਭਾਵਾਂ ਵਿਚ ਅਤੇ ਤੁਹਾਡੀਆਂ ਅੱਖਾਂ ਦਾ ਖਾਰਾ ਪਾਣੀ ਵੀ ਤੁਹਾਨੂੰ ਪਨਾਹ ਦੇਣ ਤੋਂ ਨਾਬਰ ਹੋ ਜਾਂਦਾ।

ਪਰ ਇਸ ਤੋਂ ਜ਼ਿਆਦਾ ਦੁਖਦਾਈ ਹੁੰਦਾ ਜਦ ਤੁਸੀਂ ਆਪਣੇ ਹੱਥੀਂ ਸੱਜਣ-ਮੀਤ ਦੀ ਚਿਖ਼ਾ ਚਿਣਦੇ ਹੋ। ਸੋਹਲ ਜਹੇ ਸਰੀਰ 'ਤੇ ਲੱਕੜਾਂ ਦਾ ਭਾਰ, ਤੁਹਾਡੀ ਮਾਨਸਿਕਤਾ ਨੂੰ ਤਾਰ-ਤਾਰ ਕਰ ਜਾਂਦਾ। ਫਿਰ ਜਦ ਤੁਸੀਂ ਪਹਿਲੀ ਵਾਰ ਕਿਸੇ ਆਪਣੇ ਦੀ ਚਿਖ਼ਾ ਨੂੰ ਲਾਬੂੰ ਲਾਉਂਦੇ ਹੋ ਤਾਂ ਤੁਹਾਡੇ ਪਿਆਰੇ ਦੇ ਸੜ ਕੇ ਸਵਾਹ ਹੋਣ ਦੇ ਨਾਲ-ਨਾਲ, ਤੁਹਾਡੇ ਅੰਦਰੋਂ ਵੀ ਬਹੁਤ ਕੁਝ ਭਸਮ ਹੋ ਜਾਂਦਾ। ਕਈ ਵਾਰ ਇਕ ਹੀ ਅਜ਼ੀਜ਼ ਦੇ ਜਾਣ ਨਾਲ ਅਜੇਹਾ ਖਲਾਅ ਪੈਦਾ ਹੁੰਦਾ ਜਿਸਨੂੰ ਕੋਈ ਦੂਸਰਾ ਨਹੀਂ ਭਰ ਸਕਦਾ। ਸਿਰਫ਼ ਤੁਸੀਂ ਇਨ੍ਹਾਂ ਵਿੱਥਾਂ ਅਤੇ ਵਿਰਲਾਂ ਨਾਲ ਹੀ ਜਿਊਣ ਗੋਚਰੇ ਰਹਿ ਜਾਂਦੇ।

ਭਗਤ ਪੂਰਨ ਸਿੰਘ ਹੁਰਾਂ ਦਾ ਸਭ ਤੋਂ ਪਹਿਲੀ ਵਾਰ ਪਿਆਰਾ ਸਿੰਘ ਦੀ ਦੇਖ-ਭਾਲ ਵਿਚੋਂ ਪੈਦਾ ਹੋਇਆ ਸਕੂਨ ਹੀ ਪਿੰਗਲਵਾੜਾ ਦਾ ਆਧਾਰ ਬਣਿਆ ਜਿਸ ਨੇ ਮਨੁੱਖਤਾ ਦੀ ਸੇਵਾ ਵਿਚ ਵਿਲੱਖਣਤਾ ਹਾਸਲ ਕੀਤੀ ਹੈ।

ਪਹਿਲਾਂ ਹਮੇਸ਼ਾਂ ਹੀ ਬਿਹਤਰੀਨ ਹੁੰਦੀਆਂ ਕਿਉਂਕਿ ਇਹ ਮਹਾਨਤਾ ਅਤੇ ਮਹਾਨ ਕਾਰਜਾਂ ਦਾ ਸ਼ੁਭ-ਆਰੰਭ ਹੁੰਦੀਆਂ। ਮਹਾਨ ਵਿਅਕਤੀ ਇਕ ਦਿਨ ਵਿਚ ਨਹੀਂ ਬਣਦੇ। ਨਿੱਕੀ ਜਹੀ ਪਹਿਲੀ ਸ਼ੁਰੂਆਤ ਹੀ ਨਵੀਂ ਪੇਸ਼ਬੰਦੀਆਂ ਦਾ ਪੜੁੱਲ ਬਣਦੀ।

ਪਹਿਲੀ ਨਜ਼ਰੇ ਪਿਆਰ, ਮਨ ਵਿਚ ਪੈਦਾ ਹੋਈ ਕਸ਼ਿਸ਼, ਕਿਸੇ ਚੀਜ਼ ਜਾਂ ਵਰਤਾਰੇ ਦਾ ਚੰਗਾ ਲੱਗਣਾ, ਕਿਸੇ ਸੁਪਨੇ ਨੂੰ ਪੂਰਨ ਕਰਨ ਦੀ ਚਾਹਨਾ ਜਾਂ ਜੀਵਨ ਭਰ ਦੀਆਂ ਦੋਸਤੀ ਦਾ ਆਗਾਜ਼ ਹੁੰਦਾ। ਪੌੜੀ 'ਤੇ ਰੱਖਿਆ ਪਹਿਲਾ ਪੌਡਾ ਹੀ ਸਾਰੇ ਡਰ ਦੂਰ ਕਰ ਦਿੰਦਾ ਅਤੇ ਤੁਸੀਂ ਸਿਰੇ 'ਤੇ ਪਹੁੰਚਣ ਤੋਂ ਝਿਜਕਦੇ ਨਹੀਂ।

ਪਹਿਲੀ ਵਾਰ ਪੈਰਾਂ 'ਚ ਪੁੜਿਆ ਕੰਡਾ ਬਹੁਤ ਪੀੜ ਦਿੰਦਾ ਪਰ ਇਹ ਪੀੜ ਹੀ ਹੁੰਦੀ ਜਿਹੜੀ ਤੁਹਾਨੂੰ ਕੁਰਾਹਾਂ ਤੇ ਕੰਡਿਆਂ ਤੋਂ ਸੁਚੇਤ ਹੋਣ ਅਤੇ ਕੰਡਿਆਂ ਤੋਂ ਦੂਰ ਰਹਿ ਕੇ ਫੁੱਲਾਂ ਸੰਗ ਯਾਰੀ ਪਾਉਣ ਲਈ ਉਤਸ਼ਾਹਿਤ ਕਰਦੀ। ਪਹਿਲੇ ਧੋਖੇ ਤੋਂ ਬਾਅਦ ਤੁਸੀਂ ਕਦੇ ਧੋਖਾ ਨਹੀਂ ਖਾਂਦੇ। ਪਹਿਲੀ ਠੋਕਰ ਪੱਬ ਨੂੰ ਚੀਸ ਤਾਂ ਬਹੁਤ ਦਿੰਦੀ ਪਰ ਤੁਸੀਂ ਸਾਰੀ ਉਮਰ ਠੇਡਿਆਂ ਤੋਂ ਬਚ ਕੇ, ਆਪਣੇ ਰਾਹਾਂ ਨੂੰ ਤੈਅ ਕਰਨ ਦੀ ਬਿਰਤੀ ਜ਼ਰੂਰ ਧਾਰਨ ਕਰਦੇ।

ਕੁਝ ਪਹਿਲਾਂ ਖੁਸ਼ੀ ਦਿੰਦੀਆਂ ਅਤੇ ਕੁਝ ਗ਼ਮ। ਕੁਝ ਹਾਸੇ ਦਿੰਦੀਆਂ ਅਤੇ ਕੁਝ ਹਉਕੇ। ਕੁਝ ਦੁੱਖ ਦਿੰਦੀਆਂ ਅਤੇ ਕੁਝ ਸੁੱਖ। ਫਰ ਜ਼ਿੰਦਗੀ ਦਾ ਸਮੁੱਚਾ ਵਰਤਾਰਾ ਹੀ ਵੱਖੋ-ਵੱਖਰੀਆਂ ਪਹਿਲਾਂ ਦਾ ਹੀ ਸੰਗਮ। ਮਨੁੱਖ ਨੂੰ ਇਨ੍ਹਾਂ ਸੰਗ ਜਿਊਂਦਿਆਂ ਹੀ ਜੀਵਨ ਦੀ ਸਾਰਥਿਕਤਾ ਅਤੇ ਅਰਥਮਈ ਵਰਤਾਰਿਆਂ ਨੂੰ ਨਵੇਂ ਅੰਜ਼ਾਮ ਦੇਣੇ।

ਇਨ੍ਹਾਂ ਵਿਚੋਂ ਜੀਵਨ ਦੀ ਅਸੀਮਤਾ, ਅਮੁੱਲਤਾ ਅਤੇ ਅਚੰਭਤਾ ਨੂੰ ਜੀਵਨ ਦੀ ਸੱਤਰੰਗੀ ਭਰਨਾ, ਮਨੁੱਖ ਦਾ ਧਰਮ ਅਤੇ ਇਹੀ ਮਨੁੱਖਤਾ ਦਾ ਪਹਿਲਾ ਪੈਗਾਮ ਅਤੇ ਪ੍ਰਮਾਣ।

ਕਹਾਣੀ

# ਘਰ

ਦੀਪ ਦਵਿੰਦਰ ਸਿੰਘ

ਮੈਂ ਇਸ ਜੀਣ ਤੋਂ ਅੱਕ ਹੀ ਨਹੀਂ ਥੱਕ ਵੀ ਚੁੱਕਾ ਹਾਂ। ਜੀਵਨ ਨਾਲੋਂ ਮੋਹ ਪਤਲਾ ਪੈ ਗਿਆ ਹੈ। ਆਪਣਾ ਆਪ ਇਸ ਧਰਤੀ 'ਤੇ ਬੋਝ ਲਗਦਾ ਹੈ। ਮੁੜ ਮੁੜ ਮਨ ਖੁਦਕਸ਼ੀ ਦੀ ਰਾਹੇ ਪੈਣ ਦੀ ਲੋਚਦਾ ਹੈ। ਇਸ ਵੇਲੇ ਵੀ ਦਿਮਾਗ ਦੀਆਂ ਨਾੜਾਂ ਦਾ ਤਣਾਓ ਸਿਖਰਾਂ 'ਤੇ ਹੈ ਤੇ ਅੱਖਾਂ ਅੱਗੇ ਧੁੰਦਲਕਾ ਜਿਹਾ ਪਸਰ ਰਿਹਾ ਹੈ। ਮੈਂ ਕਦੀ ਜੱਗ ਵਿਚਲੇ ਪਾਣੀ ਦੇ ਛਿੱਟੇ ਅੱਖਾਂ 'ਤੇ ਮਾਰਦਾ ਹਾਂ ਤੇ ਕਦੀ ਜ਼ੋਰ ਜ਼ੋਰ ਝਪਕੀਆਂ ਮਾਰਦਾ ਹਾਂ। ਪੁੜਪੁੜੀਆਂ ਨੂੰ ਦੋਂਹ ਹੱਥਾਂ ਦੇ ਪੋਟਿਆਂ ਨਾਲ ਘੁਟ ਸਿਰ ਨੂੰ ਛੰਡਦਾ ਹਾਂ। ਬੋਝਲ ਦਿਮਾਗ ਦੀਆਂ ਨਸਾਂ ਫਟ ਜਾਣ ਨੂੰ ਆਈਆਂ ਨੇ। ਸਾਰੀ ਰਾਤ ਇਸੇ ਅਵਾਜਾਰੀ 'ਚ ਗੁਜ਼ਰ ਗਈ। ਸੂਰਜ ਚੜਨ ਤੋਂ ਪਹਿਲਾਂ ਹੀ ਮਕਾਨ ਮਾਲਕਣ ਦੇ ਬਾਹਰਲੇ ਦਰਵਾਜ਼ੇ 'ਚ ਖਲੋਤੀ ਦੇ ਗਰਜਦੇ ਬੋਲ 'ਮੇਰੀ ਗਲ ਸੁਣ ਲੈ ਭੌਂਦੂਆ, ਸ਼ਾਮ ਤਕ ਆਪਣਾ ਬੋਰੀਆ ਬਿਸਤਰਾ ਬੰਨ੍ਹ, ਜਵਾਕ ਜੱਲਾ ਚੁੱਕ ਤੇ ਤਿੱਤਰ ਹੋ ਇਥੋਂ। ਇਸ ਨਾਲੋਂ ਤਾਂ ਮਕਾਨ ਖਾਲੀ ਪਿਆ ਰਹੇ ਚੰਗਾ।' ਅਜੇ ਤਕ ਮੇਰੇ ਕੰਨਾਂ ਵਿਚ ਹਥੌੜੇ ਵਾਂਗ ਵਜ ਰਹੇ ਹਨ।

ਪਿਛਲੇ ਕਮਰੇ ਵਿਚ ਸੋਨੂ ਦੀ ਮਾਂ ਮੂੰਹ ਸਿਰ ਵਲ੍ਹੇਟੀ ਪਈ ਹੈ। ਨਾ ਉਸ ਨੇ ਉੱਠ ਕੇ ਕੋਈ ਰੋਟੀ ਟੁੱਕ ਕੀਤਾ ਨਾ ਕੋਈ ਹੋਰ ਆਹਰ। ਸਵੇਰ ਦਾ ਬਾਹਰ ਏਨਾ ਰਾਮ ਰੌਲਾ ਪਿਆ ਹੋਇਆ, ਪਰ ਇਸ ਮਾਂ ਦੀ ਧੀ ਨੇ ਕੋਈ ਹਿਲਜੁਲ ਨਹੀਂ ਕੀਤੀ। ਨਾ ਇਸ ਨੂੰ ਕੋਈ ਭੁਖ ਲੱਗੀ ਨਾ ਤ੍ਰੇਹ ਮਹਿਸੂਸ ਹੋਈ ਹੈ। ਨਾ ਕਿਸੇ ਨੂੰ ਕੰਮ ਧੰਦੇ 'ਤੇ ਭੇਜਣ ਦੀ ਚਿੰਤਾ ਨਾ ਨਿਆਣਿਆਂ ਨੂੰ ਸਕੂਲ ਤੋਰਨ ਦਾ ਕੋਈ ਫਿਕਰ ਹੋਇਆ। ਰਾਤ ਦੀ ਜਿਥੇ ਆਣ ਕੇ ਬੈਠੀ ਹੈ, ਹੁਣ ਤਕ ਉਥੇ ਦੀ ਉਥੇ ਪਈ ਐ। ਮੈਂ ਡਿਉੜੀ ਵਿਚ ਫੋਲਡਿੰਗ ਮੰਜੇ ਉਤੇ ਬੈਠਾ ਕੰਧ ਨਾਲ ਢੋਹ ਲਾਈ ਅੰਦਰ ਬਾਹਰ ਬਿਨ ਮਤਲਬ ਝਾਕੀ ਜਾਂਦਾ ਹਾਂ। ਅੰਦਰ ਹੀ ਅੰਦਰ ਸੋਚ ਦਾ ਯੁੱਧ ਲੜ ਰਿਹਾ ਹਾਂ।

ਸਵੇਰੇ-ਸਵੇਰੇ ਹੋਈ ਕੁੱਤੇ ਖਾਣੀ ਤੇ ਰਾਤ ਭਰ ਦਾ ਉਨੀਂਦਰਾ। ਅੱਜ ਕੰਮ ਧੰਦੇ 'ਤੇ ਜਾਣ ਨੂੰ ਵੀ ਵਢਿਆਂ ਰੂਹ ਨਹੀਂ ਕੀਤੀ। ਇਕ ਦੋ ਵਾਰ ਚਿੱਤ ਕੀਤਾ ਜਾ ਕੇ ਕਿਸੇ ਤੇਜ਼ ਆਉਂਦੀ ਗੱਡੀ ਹੇਠ ਸਿਰ ਦੇ ਦਿਆਂ। ਇਸ ਸੋਚ ਦੇ ਆਉਂਦਿਆ ਹੀ ਮੈਂ ਧੁਰ ਅੰਦਰ ਤੀਕ ਕੰਬ ਜਾਂਦਾ ਹਾਂ, ਕਿਵੇਂ ਪਿਛਲੇ ਮਹੀਨੇ ਇਕ ਅਧਖੜ ਉਮਰ ਦੀ ਔਰਤ ਨੇ ਮੇਰੇ ਵੇਖਦਿਆਂ ਵੇਖਦਿਆਂ ਗੱਡੀ ਮੂਹਰੇ ਛਾਲ ਮਾਰ ਦਿੱਤੀ ਸੀ। ਪਲਾਂ-ਛਿਣਾਂ ਵਿਚ ਹੀ ਉਹ ਕਈ ਟੁਕੜਿਆਂ ਵਿਚ ਵੰਡੀ ਗਈ ਸੀ ਤੇ ਰੂਪੋਂ ਕਰੂਪ ਹੋ ਗਈ ਸੀ।

ਰੂਪੋਂ-ਕਰੂਪ ਤਾਂ ਮੈਂ ਵੀ ਹਾਂ। ਖੱਬੀ ਅੱਖ ਮੇਰੀ ਬਚਪਨ ਵਿਚ ਹੀ ਬਹਿ ਗਈ ਸੀ। ਬੀਬੀ ਦੱਸਦੀ ਹੁੰਦੀ ਸੀ ਕਿ ਉਸ ਸਮੇਂ ਮੈਂ ਚਹੁੰ ਕੁ ਵਰ੍ਹਿਆਂ ਦਾ ਹੋਣੈ। ਮੈਨੂੰ ਤਾਪ ਦੇ ਨਾਲ ਮਾਤਾ ਨਿਕਲ ਆਈ ਸੀ। ਘਰਦਿਆਂ ਦੇ ਓਹੜ ਪੋਹੜ ਕਰਨ 'ਤੇ ਵੀ ਖੱਬੀ ਅੱਖ ਦਾ ਡੇਲਾ ਬਿਲਕੁਲ ਬਹਿ ਗਿਆ। ਮੂੰਹ 'ਤੇ ਮੋਟੇ-ਮੋਟੇ ਦਾਗ ਹੁਣ ਤੀਕ ਦਿਖਾਈ ਦਿੰਦੇ ਹਨ।

ਸੁੱਖੇ ਦਲਾਲ ਦੀ ਘਰ ਵਾਲੀ ਗਲੀ ਵਿਚੋਂ ਅੰਦਰ ਝਾਕਦੀ ਐ। ਮੇਰੇ ਨਾਲ ਨਜ਼ਰ ਮਿਲਦਿਆਂ ਹੀ ਉਹ ਝੂਠੀ ਜਿਹੀ ਪੈ ਕੇ ਅਗਾਂਹ ਨੂੰ ਤੁਰ ਪੈਂਦੀ ਹੈ। ਮੈਂ ਸੋਚਦਾਂ, ਇਨ੍ਹਾਂ ਵਿਹਲੜ ਔਰਤਾਂ ਨੂੰ ਕੰਮ ਕਾਰ ਕੋਈ ਨਹੀਂ। ਸਵੇਰੇ ਹੀ ਘਰੋਂ ਨਿਕਲ ਪੈਂਦੀਆਂ ਨੇ ਸੂਹਾਂ ਲੈਣ। ਉਸ ਘਰ ਦੀ ਇਸ ਘਰ ਤੇ ਇਸ ਘਰ ਦੀ ਉਸ ਘਰ। ਜਿੰਨਾ ਚਿਰ ਸਾਰੀ ਹੱਗਣੀ-ਮੂਤਣੀ ਦਸ ਨਾ ਦੇਣ ਉਨਾ ਚਿਰ ਰੋਟੀ ਹਜ਼ਮ ਨਹੀਂ ਹੁੰਦੀ ਇਨ੍ਹਾਂ ਨੂੰ।

ਸੋਨੂ ਮੇਰੇ ਲਾਗੇ ਪਿਛਾੜੀ ਕਰਕੇ ਲੇਟਿਆ ਏ। ਇਸ ਦੀਆਂ ਦੋਹਾਂ ਵਰਾਛਾਂ ਤੇ ਥੁੱਕ ਵਗ ਕੇ ਸੁੱਕਾ ਪਿਆ ਹੈ। ਸਵੇਰ ਦੀ ਚਾਹ ਇਹਨੇ ਵੀ ਨਹੀਂ ਪੀਤੀ। ਕੁੜੀ ਅੰਦਰ ਭਾਂਡਿਆਂ ਦਾ ਖੜਾਕ ਕਰ ਰਹੀ ਏ। ਸ਼ਾਇਦ ਆਪਣੀ ਹੋਂਦ ਦਾ ਅਹਿਸਾਸ ਕਰਵਾ ਰਹੀ ਹੈ। ਇਹ ਅੱਜ ਸਕੂਲ ਵੀ ਨਹੀਂ ਗਏ।

ਸਕੂਲ ਤਾਂ ਮੈਂ ਵੀ ਚੌਥੀ ਜਮਾਤ ਤੋਂ ਅਗਾਂਹ ਨਹੀਂ ਸੀ ਗਿਆ। ਜਾਂਦਾ ਵੀ ਕਿਵੇਂ? ਸਕੂਲ ਦੇ ਨਿਆਣੇ ਮੈਨੂੰ ਟੀਰਾ ਅਤੇ ਖਰੈਤੀ ਭੈਂਗਾ ਕਹਿ ਕੇ ਛੇੜਿਆ ਕਰਦੇ ਸਨ। ਘਰ ਆ ਕੇ ਮੈਂ ਫੱਟੀ ਬਸਤਾ ਵਗਾਹ ਕੇ ਮਾਰਨਾ ਤੇ ਮਾਂ ਨੂੰ ਕਹਿਣਾ, 'ਬੀਬੀਏ ਮੈਂ ਨਹੀਉਂ ਸਕੂਲ ਜਾਣਾ ਕੱਲ੍ਹ ਤੋਂ। ਤੈਨੂੰ ਹਜ਼ਾਰ ਵਾਰੀ ਆਖਿਆ ਕਿ ਵੱਡੇ ਮਾਸਟਰ ਨੂੰ ਉਲਾਹਮਾ ਦੇ ਕੇ ਆ। ਨਿਆਣੇ ਮੈਨੂੰ ਟੀਰਾ ਟੀਰਾ ਕਹਿ ਕੇ ਛੇੜਦੇ ਨੇ।' ਬੀਬੀ ਨੇ ਮੈਨੂੰ ਗਲ ਨਾਲ ਲਾ ਲੈਣਾ ਤੇ ਕਹਿਣਾ, 'ਜਿਹੜਾ ਮੇਰੇ ਬਲਵੀਰ ਨੂੰ ਏਦਾਂ ਕਹੂ ਮੈਂ ਖਾਖਾਂ ਨਾ ਚੀਰ ਦੂੰ ਉਹਦੀਆਂ। ਨਖੱਤੀਆਂ, ਹਰਾਮ ਦੀ ਉਲਾਦ ਜੰਮ ਕੇ ਪੜ੍ਹਨ ਤੋਰ ਦਿੰਦੀਆਂ ਨੇ। ਗੰਦੀ ਕਤੀੜ ਵਾਧ। ਮਾਵਾਂ ਨੇ ਜੰਮਦਿਆਂ ਨੂੰ ਕਿਤੇ ਪੈਂਦ ਵਲ ਹੀ ਸੁਟ ਛੱਡਿਆ ਇਨ੍ਹਾਂ ਹਰਾਮ ਦੇ ਤੁਖਮਾਂ ਨੂੰ। ਆਉਂਦੀ ਆਂ ਸਕੂਲੇ ਤੇ ਦਿਨੀ ਆ ਮਕਾਣ ਇਨ੍ਹਾਂ ਦੀ।'

ਸਕੂਲ ਲਗਣ ਤੋਂ ਪਹਿਲਾਂ ਵੱਡਾ ਮਾਸਟਰ ਪ੍ਰਾਰਥਨਾ ਸਭਾ ਲਈ ਨਿਆਣਿਆਂ ਦੀਆਂ ਪਾਲਾਂ ਬਣਾਉਂਦਾ। ਮੈਂ ਡਰਦਾ ਮਾਰਾ ਸਭ ਤੋਂ ਪਿਛੇ ਖਲੋਂਦਾ ਸਾਂ। ਪਿਛੇ ਖਲੋਤੇ ਨੂੰ ਵੀ ਨਿਆਣੇ ਮੈਨੂੰ ਛੇੜਨੋਂ ਨਾ ਹਟਦੇ। ਕੋਈ ਅੱਖ ਮੀਟ ਮੇਰੀ ਸਾਂਗ ਲਾਉਂਦਾ। ਕੋਈ ਜ਼ੁਬਾਨ ਕੱਢਦਾ। ਜਦੋਂ ਅੱਧੀ ਛੁੱਟੀ ਵੇਲੇ ਮੁੰਡੇ ਨਾਲ ਵਾਲੇ ਖੂਹ ਦੇ ਔਲੂ 'ਚੋਂ ਆਪੋ ਆਪਣੀਆਂ ਫੱਟੀਆਂ ਪੋਚ ਕੇ ਸੁਕਣੇ ਪਾਉਂਦੇ ਤਾਂ ਕਈ ਉਥੇ ਵੀ ਨਾ ਟਲਦੇ ਤੇ ਬੋਲੀ ਜਾਂਦੇ, 'ਸੂਰਜਾ ਸੂਰਜਾ ਫੱਟੀ ਸੁਕਾ, ਨਹੀਂ ਸੁਕਾਉਣੀ ਤਾਂ ਟੀਰੇ ਘਰ ਜਾ।' ਮੇਰਾ ਰੋਹ ਉਬਾਲੇ ਖਾਣ ਲੱਗਦਾ ਤੇ ਜੀਅ ਕਰਦਾ ਮੈਂ ਇਕ ਅੱਧੇ ਦਾ ਫੱਟੀ ਮਾਰ ਕੇ ਸਿਰ ਪਾੜ ਦਿਆਂ ਜਾਂ ਫਿਰ ਆਪਣਾ ਹੀ ਪਾੜ ਲਵਾਂ। ਪਰ ਮੇਰੇ ਕੋਲੋਂ ਇਸ ਤਰ੍ਹਾਂ ਕੁਝ ਵੀ ਨਾ ਕਰ ਹੁੰਦਾ, ਦੰਦ ਕਰੀਚ ਕੇ ਰਹਿ ਜਾਂਦਾ।

ਪੂਰੇ ਸਕੂਲ ਵਿਚੋਂ ਮੇਰੀ ਲੰਬੜਾਂ ਦੇ ਚੰਨੇ ਨਾਲ ਹੀ ਬਣਦੀ ਸੀ। ਜਿਸ ਦੀ ਇਕ ਲੱਤ ਤੇ ਇਕ ਬਾਂਹ ਕਮਜ਼ੋਰ ਸੀ। ਹਰ ਸਮੇਂ ਉਸਦੀ ਨਲੀ ਵਗਦੀ ਰਹਿੰਦੀ। ਕੋਈ ਵੀ ਉਸਨੂੰ ਆਪਣੇ ਨਾਲ ਤੱਪੜ 'ਤੇ ਨਾ ਬਿਠਾਉਂਦਾ। ਮੈਂ ਬਹੁਤੀ ਵਾਰ ਉਸਦੀ ਫੱਟੀ ਲਿਖ ਦਿੰਦਾ। ਆਪਣੇ ਨਾਲ ਬੋਰੀ 'ਤੇ ਵੀ ਬਿਠਾਉਂਦਾ। ਮੈਨੂੰ ਉਸ ਲਾਗੇ ਬੈਠਣਾ ਚੰਗਾ ਲਗਦਾ ਸੀ। ਘੱਟੋ ਘੱਟ ਉਹ ਮੈਨੂੰ ਤੰਗ ਤਾਂ ਨਹੀਂ ਸੀ ਕਰਦਾ।

ਚੌਥੀ ਜਮਾਤ ਵਿਚ ਪੜ੍ਹਦਿਆਂ ਇਕ ਵਾਰ ਗਿਆਨੀ ਮਾਸਟਰ ਪੜ੍ਹਾ ਰਿਹਾ ਸੀ ਕਿ ਕਿਵੇਂ ਇਕ ਬੁਢੜੀ ਮਾਈ ਮਹਾਰਾਜਾ ਰਣਜੀਤ ਸਿੰਘ ਨੂੰ ਲੋਹੇ ਦਾ ਤਵਾ ਛੁਹਾ ਕੇ ਬਰਾਬਰ ਦਾ ਸੋਨਾ ਲੈ ਗਈ ਸੀ। ਗਿਆਨੀ ਮਾਸਟਰ ਲੰਮੀ ਕਹਾਣੀ ਸੁਣਾ ਕੇ ਅਖੀਰ ਗੱਲ ਮੁਕਾਉਂਦਿਆਂ ਕਹਿਣ ਲਗਾ ਕਿ ਮਹਾਰਾਜਾ ਸਭ ਨੂੰ ਇਕ ਅੱਖ ਨਾਲ ਵੇਖਦਾ ਸੀ, ਜਿਵੇਂ ਆਪਣਾ ਬਲਵੀਰ। ਸਾਰੀ ਜਮਾਤ ਵਿਚ ਹਾਸੜ ਮਚ ਗਈ। ਜਣਾ-ਖਣਾ ਮੈਨੂੰ ਰਣਜੀਤ ਸਿੰਘ ਕਿਹਾ ਕਰੇ। ਉਸ ਦਿਨ ਤੋਂ ਬਾਅਦ ਘਰਦਿਆਂ ਦੇ ਮਾਰਨ ਕੁੱਟਣ 'ਤੇ ਵੀ ਮੇਰੀ ਸਕੂਲ ਵੜਨ ਨੂੰ ਵਢਿਆਂ ਰੂਹ ਨਹੀਂ ਸੀ ਕੀਤੀ।

ਰਸੋਈ ਵਿਚ ਕੁੜੀ ਦੇ ਬੁਸਕਣ ਦੀ ਆਵਾਜ਼ ਸੁਣ ਕੇ ਮੇਰੀ ਸੁਰਤੀ ਉਸ ਵਲ ਮੁੜਦੀ ਹੈ। ਮੇਰਾ ਜੀਅ ਕਰਦਾ ਹੈ ਮੈਂ ਕੁੜੀ ਨੂੰ ਗਲਵੱਕੜੀ 'ਚ ਲਵਾਂ। ਢੇਰ ਸਾਰਾ ਪਿਆਰ ਦੇਵਾਂ। ਪਰ ਮੇਰੀ ਉੱਠਣ ਲਈ ਹਿੰਮਤ ਸਾਥ ਨਹੀਂ ਦਿੰਦੀ। ਮੈਂ ਸੋਚਦਾ ਹਾਂ ਇਨ੍ਹਾਂ ਜਵਾਕਾਂ ਦਾ ਕੀ ਦੋਸ਼? ਸਵੇਰ ਦੇ ਭੁੱਖਣ ਭਾਣੇ ਇਹ ਵੀ ਬੈਠੇ ਨੇ। ਰਾਤ ਭਰ ਚੱਲੀ ਹਨੇਰੀ ਕਰਕੇ ਲਾਈਟ ਵੀ ਬੰਦ ਹੈ। ਪਹਿਲਾਂ ਤਾਂ ਗੁਆਂਢੀਆਂ ਦੀ ਮੋਟਰ ਤੋਂ ਦੋ ਚਾਰ ਬਾਲਟੀਆਂ ਪਾਣੀ ਦੀਆਂ ਭਰ ਲਈਦੀਆਂ ਸਨ। ਅੱਜ ਉਹ ਵੀ ਨਹੀਂ ਭਰ ਹੋਈਆਂ। ਜਦੋਂ ਦੀਆਂ ਗਰਮੀਆਂ ਚੜ੍ਹੀਆਂ, ਵਿਹੜੇ 'ਚ ਲੱਗਾ ਨਲਕਾ ਜਿਹੜਾ ਚੂਲੀ ਚੂਲੀ ਪਾਣੀ ਦਿੰਦਾ ਸੀ, ਉਹ ਵੀ ਗਿਆ। ਮਿਸਤਰੀ ਨੂੰ ਵਿਖਾਇਆ, ਕਹਿੰਦਾ ਨਵਾਂ ਬੋਰ ਕਰਵਾਓ। ਮਸ਼ੀਨ ਪਵਾਓ ਚਾਲੀ ਫੁਟ। ਮੈਂ ਕਿਹਾ, ਭਾ ਜੀ ਆਹ ਪਿਛਲੇਰੇ ਸਾਲ ਤਾਂ ਮਕਾਨ ਮਾਲਕਾਂ ਵੀਹ ਫੁੱਟ ਮਸ਼ੀਨ ਪਵਾ ਕੇ ਦਿੱਤੀ ਐ। ਮਿਸਤਰੀ ਕਹਿੰਦਾ, ਭਾ ਜੀ ਅਸੀਂ ਤਾਂ ਆਪ ਹੈਰਾਨ ਹਾਂ। ਜੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸੇ ਹਿਸਾਬ ਨੀਵਾਂ ਹੁੰਦਾ ਗਿਆ, ਲੋਕ ਪੀਣਗੇ ਕੀ? ਪਿੰਡਾਂ ਥਾਵਾਂ 'ਤੇ ਕਿਰਸਾਨਾਂ ਨੇ ਝੋਨਾ ਲਾ ਲਾ ਕੇ ਇਹ ਹਾਲਤ ਬਣਾ ਦਿੱਤੇ ਨੇ ਕਿ ਵੀਹ-ਵੀਹ ਫੁੱਟ ਡੂੰਘੀਆਂ ਖੂਹੀਆਂ 'ਚ ਲੱਗੀਆਂ ਮੋਟਰਾਂ ਵੀ ਪਾਣੀ ਨਹੀਂ ਚੁਕਦੀਆਂ। ਮੈਂ ਕਿਹਾ, ਭਾਈ ਅਸੀਂ ਖੂਹੀਆਂ ਤੇ ਮੋਟਰਾਂ ਤੋਂ ਕੀ ਲੈਣਾ? ਕਮੇਟੀ ਦੀਆਂ ਟੂਟੀਆਂ ਦੀ ਤਾਂ ਇਧਰ ਕੋਈ ਆਸ ਨਹੀਂ। ਹਾਲ ਦੀ ਘੜੀ ਤਾਂ ਨਲਕੇ ਦੇ ਜੁਗਾੜ ਬਾਰੇ ਹੀ ਸੋਚਣਾ ਪਊ। ਸੌ ਹਾਂਢੇ-ਸਾਂਢੇ ਕਰਕੇ ਸੋਚਿਆ ਸੀ ਇਸ ਵਾਰ ਨਲਕਾ ਲਵਾ ਲਵਾਂਗੇ। ਉਹ ਵੀ ਹੁਣ ਨਵੀਂ ਲੀਲ੍ਹਾ ਗਲ ਆ ਪਈ ਐ।

ਲੀਲ੍ਹਾ ਤਾਂ ਉਸ ਰਾਤ ਵੀ ਬੜੀ ਬਣੀ ਸੀ। ਜਦੋਂ ਮੈਨੂੰ ਮੁੜ੍ਹਕੋ-ਮੁੜਕੀ ਹੋਏ ਨੂੰ ਸੋਨੂ ਦੀ ਮਾਂ ਨੇ ਕਿਹਾ ਸੀ, 'ਚਲ ਛਡ ਪਰੇ ਭਲਿਆ ਲੋਕਾ, ਕੀ ਟੱਕਰਾਂ ਮਾਰਨ ਡਿਹੈਂ। ਤੇਰਾ ਤਾਂ ਹੁਣ ਆਪਣੇ ਨਲਕੇ ਵਾਲਾ ਹਾਲ ਐ। ਜਿਹਦੇ ਮੂੰਹ ਅੱਗੇ ਹੱਥ ਰੱਖ ਗੇੜਦੇ ਰਹੋ। ਖਾਲੀ ਬੋਕੀ ਵੱਜਣ ਦੀ ਆਵਾਜ਼ ਆਉਂਦੀ ਐ। ਆਉਂਦਾ ਜਾਂਦਾ ਵਿਚੋਂ ਕੁਝ ਨਹੀਂ। ਆਪਣੀ ਪਤਨੀ ਦੇ ਮੂੰਹੋਂ ਇਹ ਸੁਣ ਕੇ ਮੈਨੂੰ ਲੱਗਿਆ ਜਿਵੇਂ ਕਿਸੇ ਨੇ ਮੇਰੇ ਸਿਰ ਤੇ ਸੌ ਘੜਾ ਪਾਣੀ ਰੋੜ੍ਹ ਦਿੱਤਾ ਹੋਵੇ। ਮੇਰੀ ਇਸ ਤਰ੍ਹਾਂ ਦੀ ਹਾਲਤ ਵੇਖ ਕੇ ਸੋਨੂ ਦੀ ਮਾਂ ਅਕਸਰ ਉਦਾਸ ਹੋ ਜਾਂਦੀ ਹੈ। ਪਤਾ ਨਹੀਂ ਦਿਲ ਵਿਚ ਕੀ ਸੋਚਦੀ ਹੋਵੇ। ਮੈਂ ਰਾਤ ਦੇ ਘੁੱਪ ਹਨੇਰੇ ਵਿਚ ਉਸ ਦੇ ਨਕਸ਼ਾਂ ਨੂੰ ਗਹੁ ਨਾਲ ਤੱਕਣ ਦੀ ਕੋਸ਼ਿਸ਼ ਕਰਦਾ ਹਾਂ। ਹਨੇਰੇ ਦੇ ਗੋਲ ਗੋਲ ਚੱਕਰ ਮੇਰੀਆਂ ਅੱਖਾਂ ਅੱਗੇ ਇਕ ਦੂਜੇ ਵਿਚ ਗੁੱਥਮ ਗੁੱਥਾ ਹੁੰਦੇ ਨਜ਼ਰੀਂ ਪੈਂਦੇ ਨੇ। ਆਪਣੇ ਨਾਲੋਂ ਨਿੱਖੜ ਕੇ ਪਾਸੇ ਹੋਈ ਪਤਨੀ ਨੂੰ ਮੇਰੇ ਹੱਥ ਟਟੋਲਣ ਲਈ ਅਹੁਲਦੇ ਨੇ, ਪਰ ਬਾਹਾਂ ਵਿਚੋਂ ਜਿਵੇਂ ਸੱਤਿਆ ਖਾਰਜ ਹੋ ਜਾਂਦੀ ਹੈ। ਹਨੇਰੇ ਵਿਚ ਸੰਘਣੀ ਚੁੱਪ ਘੁਲ ਜਾਂਦੀ ਹੈ।

ਕਦੀ-ਕਦੀ ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦੈ, ਜਿਵੇਂ ਮੇਰੇ ਨਾਲ ਉਸ ਦਾ ਵੀ ਮੱਚ ਮਰ ਗਿਆ ਹੋਵੇ। ਉਹ ਮੇਰੇ ਤੋਂ ਇਕ ਵਿੱਥ ਪਾ ਕੇ ਰਹਿਣ ਲੱਗੀ ਹੈ। ਪਿਛਲੇ ਦੋ ਵਰ੍ਹਿਆਂ ਤੋਂ ਉਸਨੇ ਜ਼ਿਆਦਾ ਚਿੱਟੀ ਸਲਵਾਰ ਕਮੀਜ਼ ਪਹਿਨਣੀ ਸ਼ੁਰੂ ਕਰ ਦਿਤੀ ਹੈ। ਗੁਰਦੁਆਰੇ ਸੇਵਾ ਕਰਨ ਲਈ ਹਫਤਾ-ਹਫਤਾ ਘਰ ਨਹੀਂ ਮੁੜਦੀ। ਮੈਂ ਵੀ ਉਸ ਦੇ ਚਿੜਚਿੜੇ ਸੁਭਾਅ ਤੋਂ ਡਰਦਾ ਉਸਨੂੰ ਬਹੁਤਾ ਰੋਕਦਾ ਟੋਕਦਾ ਨਹੀਂ। ਬਹੁਤੀ ਵਾਰ ਉਹਦੀਆਂ ਕਹੀਆਂ ਦਿਲ ਵਾਢਵੀਆਂ ਗੱਲਾਂ ਵੀ ਮਨ ਮਾਰ ਕੇ ਸੁਣ ਲੈਂਦਾ ਹਾਂ ਤੇ ਚੁੱਪ ਧਾਰ ਲੈਂਦਾ ਹਾਂ। ਉਹਦੇ ਵਲ ਵੇਖ ਮਨ ਪਸੀਜਦਾ ਵੀ ਹੈ ਕਈ ਵਾਰ। ਉਸ ਕੀ ਖੱਟਿਆ ਮੇਰੇ ਨਾਲ ਵਿਆਹ ਕਰਵਾ ਕੇ। ਕੀ ਸੁਖ ਦੇ ਸਕਿਆ ਮੈਂ ਇਹਨੂੰ? ਇਹ ਵੀ ਬੜਾ ਅਜੀਬ ਇਤਫ਼ਾਕ ਸੀ, ਜਦੋਂ ਅਸੀਂ ਵਿਆਹ ਦੇ ਬੰਧਨ ਵਿਚ ਬਝੇ ਸਾਂ। ਵਿਆਹ ਵੀ ਕਾਹਦਾ, ਇਹ ਤਾਂ ਮੇਰੀ ਮਾਂ ਦੇ ਪੈਰਾਂ ਹੇਠ ਆਇਆ ਬਟੇਰਾ ਸੀ। ਇਸ ਨੂੰ ਬੀਬੀ ਨੇ ਬੜੀ ਸਮਝ ਅਤੇ ਹੁਸ਼ਿਆਰੀ ਨਾਲ ਖੰਭ ਵੀ ਫਟਕਣ ਨਹੀਂ ਸੀ ਦਿੱਤੇ। ਮੈਂ ਤਾਂ ਜ਼ਨਾਨੀ ਦੀ ਆਸ ਵਿਚ ਤੀਹਾਂ ਨੂੰ ਢੁੱਕਣ ਲੱਗਾ ਸਾਂ। ਮੇਰੀ ਮਾਂ ਵੀ ਸੌ-ਸੌ ਯਤਨ ਕਰਦੀ ਰਹੀ ਸੀ। ਸਾਧਾਂ ਸੰਤਾਂ ਤੋਂ ਧਾਗੇ ਤਵੀਤ ਵੀ ਕਰਾਏ। ਚੁਰਾਹੇ ਵਿਚ ਝਾੜੂ ਵੀ ਖਿਲਾਰਿਆ। ਗਲੀ ਗੁਆਂਢ ਦੀਆਂ ਤੀਵੀਆਂ ਨੂੰ ਚੰਗੇ ਸੂਟ ਬਣਾਉਣ ਦੇ ਲਾਲਚ ਵੀ ਦਿੱਤੇ। ਪਰ ਮੇਰੇ ਲਗਨ ਖੁੱਲ੍ਹਣ 'ਚ ਨਾ ਆਉਂਦੇ। ਜੇ ਕਿਤੇ ਵਰ੍ਹੇ ਛਿਮਾਹੀ ਗੱਲ ਬਣਨ ਹੀ ਲਗਦੀ ਤਾਂ ਕੋਈ ਮੇਰੇ ਚਿਹਰੇ ਦਾ ਰੰਗ ਢੰਗ ਵੇਖ ਕੇ, ਕੋਈ ਮਰੀਅਲ ਸਰੀਰ ਤੇ ਕੋਈ ਘਰ ਦੀ ਹਾਲਤ ਵੇਖ ਕੇ ਪਿਛਾਂਹ ਮੁੜ ਜਾਂਦਾ। ਕਈ ਵਾਰ ਮੈਨੂੰ ਆਪਣਾ ਬਚਪਨ ਵਾਲਾ ਯਾਰ ਚੰਨਾ ਚੇਤੇ ਆਉਂਦਾ। ਜਿਸਦੀ ਪਹਿਲੀ ਜ਼ਨਾਨੀ ਭੱਜ ਗਈ ਤਾਂ ਪਿਉ ਨੇ ਦੂਜਾ ਵਿਆਹ ਕਰ ਦਿੱਤਾ ਸੀ। ਮੈਨੂੰ ਪਤਾ ਸੀ ਵਿਆਹ ਚੰਨੇ ਦਾ ਨਹੀਂ ਉਹਦੇ ਹਿੱਸੇ ਆਉਂਦੀ ਸੱਤ ਕਿੱਲੇ ਜ਼ਮੀਨ ਦਾ ਹੁੰਦਾ ਸੀ। ਮੈਨੂੰ ਕਿਉਂ ਛੋਟੇ ਹੁੰਦੇ ਨੂੰ ਮਾਤਾ ਨਿਕਲੀ? ਮੈਨੂੰ ਕੁਝ ਨਾ ਅਹੁੜਦਾ। ਆਪਣੇ ਆਪ 'ਤੇ ਖਿਝਦਾ ਰਹਿੰਦਾ। ਰਾਤਾਂ ਨੂੰ ਮੈਂ ਬੁੜ ਬੁੜਾ ਕੇ ਉੱਠ ਬੈਠਦਾ ਸਾਂ ਤੇ ਘੰਟਿਆਂ ਬੱਧੀ ਮੇਰੀਆਂ ਨਜ਼ਰਾਂ ਹਨੇਰੇ ਨੂੰ ਫਰੋਲਦੀਆਂ ਰਹਿੰਦੀਆਂ।

ਇਹ ਤਾਂ ਬੀਬੀ ਨੂੰ ਸੂਹ ਮਿਲੀ ਕਿਸੇ ਤੋਂ ਕਿ ਲਾਗਲੀ ਗਲੀ 'ਚ ਕੋਈ ਕਿਰਾਏਦਾਰਨੀ ਆਈ ਐ। ਜਿਸ ਦੀਆਂ ਤਿੰਨ ਕੁੜੀਆਂ ਨੇ। ਪਿਛੋਂ ਕਿਤੇ ਕਾਨ੍ਹਪੁਰੋਂ ਦੰਗਿਆਂ ਵਿਚੋਂ ਉਜੜ ਕੇ ਆਏ ਨੇ। ਉਸਦੇ ਆਦਮੀ ਦੀ ਵੈਲਡਿੰਗ ਦਾ ਕੰਮ ਕਰਦਿਆਂ ਅੱਖਾਂ ਦੀ ਰੌਸ਼ਨੀ ਜਾਂਦੀ ਰਹੀ ਸੀ। ਬਸ ਫਿਰ ਕੀ ਸੀ? ਬੀਬੀ ਜਾ ਪਹੁੰਚੀ ਉਧਰ ਤੇ ਕਰ ਆਈ ਟਾਂਕਾ ਫਿੱਟ। ਮੈਂ ਤਾਂ ਬੀਬੀ ਨੂੰ ਭਾਪੇ ਨਾਲ ਗੱਲਾਂ ਕਰਦੀ ਨੂੰ ਸੁਣਿਆ ਸੀ, 'ਇਹ ਤਾਂ ਬਲਵੀਰ ਵਾਸਤੇ ਪੱਥਰਾਂ ਵਿਚੋਂ ਰਬ ਬਹੁੜਿਆ। ਅਸੀਂ ਤਾਂ ਕਿਸੇ ਧਰੇਵੇ ਜਾਂ ਕੁਦੇਸਣ ਦੀ ਆਸ ਵੀ ਲਾਹ ਬੈਠੇ ਸਾਂ। ਤੁਸੀਂ ਵੇਖੋ ਜਾਹਰੇ ਪੀਰ ਦੇ ਰੰਗ, ਕੁੜੀ ਤਾਂ ਮਿਲ ਗਈ ਮਲੂਕੜੀ ਜਿਹੀ। ਜਿਸਨੂੰ ਕਿਤੇ ਪਿਛਲੇ ਵਰ੍ਹੇ ਹੀ ਮਹੀਨੇ ਦਾ ਦਾਗ ਲਗਣਾ ਸ਼ੁਰੂ ਹੋਇਆ।' ਦਸਦਿਆਂ ਬੀਬੀ ਦੀਆਂ ਗੱਲਾਂ ਲਾਲ ਸੂਹੀਆਂ ਹੋਈ ਜਾਂਦੀਆਂ ਸਨ।

ਸ਼ੁਰੂ ਵਿਚ ਸੋਨੂ ਦੀ ਮਾਂ ਬਹੁਤ ਚੰਗੀ ਸੀ। ਰੰਗ ਉਸਦਾ ਗੋਰਾ ਨਹੀਂ ਸੀ ਪਰ ਚਿਹਰੇ ਦੀ ਜਿਹੜੀ ਦਿਲਕਸ਼ੀ ਸੀ ਉਹ ਅਜੀਬ ਜਿਹੀ ਖਿੱਚ ਪੈਦਾ ਕਰਦੀ ਸੀ। ਮੁਸਕਰਾਹਟ ਨਾਲ ਗੱਲਾਂ ਕਰਦਿਆਂ ਉਸ ਦੀਆਂ ਦੋਹ ਗੱਲ੍ਹਾਂ 'ਚ ਪੈਂਦੇ ਟੋਇਆਂ ਨੂੰ ਵੇਖ ਕੇ ਦਿਲ ਦੀ ਧੜਕਣ ਵਧ ਜਾਂਦੀ ਸੀ। ਉਸ ਦੀਆਂ ਅੱਖਾਂ ਵਿਚਲੀ ਲਿਸ਼ਕ ਨੂੰ ਵੇਖ ਉਸ ਵਲ ਨੀਝ ਲਾ ਕੇ ਵੇਖਣ ਨੂੰ ਜੀਅ ਕਰਦਾ। ਉਸਦੇ ਚਿਹਰੇ ਦੇ ਇਸ ਪ੍ਰਭਾਵ ਕਰਕੇ ਮੈਂ ਆਪਣੇ ਆਪ ਨੂੰ 'ਚੰਦ ਨੂੰ ਪਤੰਗ' ਵਾਂਗ ਸਮਝਣ ਲਗਾ ਸਾਂ।



ਮੈਂ ਉਸ ਕੋਲੋਂ ਵਿਥ ਪਾ ਕੇ ਬੈਠਦਾ। ਮੇਰੇ ਅੰਦਰ ਹੀਣਤਾ ਭਾਵ ਜਿਹਾ ਪੈਂਦਾ। ਆਪਣਾ ਆਪ ਉਹਦੇ ਸਾਹਮਣੇ ਤੁੱਛ ਜਾਪਣ ਲਗਦਾ। ਇਹ ਪਹਿਲਾਂ ਪਹਿਲਾਂ ਤਾਂ ਚਿਹਰੇ ਉਪਰ ਕੋਈ ਪ੍ਰਭਾਵ ਨਹੀਂ ਸੀ ਪੈਣ ਦਿੰਦੀ, ਪਰ ਬਾਅਦ ਵਿਚ ਮੈਂ ਉਸਨੂੰ ਨੇੜੇ ਹੋਣ ਵੇਲੇ ਕਈ ਵਾਰ ਨੱਕ ਬੁਲ੍ਹ ਵਟਦਿਆਂ ਮਹਿਸੂਸ ਕੀਤਾ ਸੀ। ਇਕ ਵਾਰ ਮੈਂ ਟੋਹਣ ਦੇ ਬਹਾਨੇ ਕਿਹਾ ਸੀ, 'ਮੈਨੂੰ ਲਗਦਾ ਤੇਰੇ ਨਾਲ ਜ਼ਿਆਦਤੀ ਹੋਈ ਐ।' ਮੈਨੂੰ ਚੇਤੇ ਐ ਉਸਨੇ ਮੇਰੀ ਗਲ ਦਾ ਕੋਈ ਜਵਾਬ ਨਹੀਂ ਸੀ ਦਿੱਤਾ। ਉਸ ਚੁੱਪ ਵੱਟੀ ਰਖੀ ਸੀ ਤੇ ਨੀਵੀਂ ਪਾਈ ਜ਼ਮੀਨ 'ਤੇ ਲੀਕਾਂ ਮਾਰਨ ਲੱਗੀ ਸੀ। ਪਰ ਇਕ ਦਿਨ ਉਹ ਆਪਣੀ ਵੱਡੀ ਭੈਣ ਨਾਲ ਗੱਲਾਂ ਕਰਦੀ ਕਹਿ ਰਹੀ ਸੀ, 'ਅੰਦਰ ਵੜ ਕੇ ਰੋ ਲੈਨੀ ਐਂ ਤੇ ਬਾਹਰ ਆ ਕੇ ਹੱਸ ਪੈਨੀ ਆਂ।' ਮੈਨੂੰ ਲੱਗਿਆ ਜਿਵੇਂ ਉਸਨੇ ਮੇਰੀ ਗਲ ਦਾ ਜਵਾਬ ਦੇ ਦਿੱਤਾ ਹੋਵੇ। ਮੈਂ ਹੀਣ ਭਾਵਨਾ ਦਾ ਮਾਰਿਆ ਕੰਮ ਤੋਂ ਦੇਰ ਰਾਤ ਨੂੰ ਘਰ ਪਰਤਣ ਲੱਗਾ।

ਸ਼ੁਰੂ ਤੋਂ ਹੀ ਮੇਰੀ ਆਪਣੀ ਪਤਨੀ ਨੇੜੇ ਜਾਣ ਵੇਲੇ ਅਜੀਬ ਮਾਨਸਿਕਤਾ ਬਣ ਗਈ ਸੀ। ਲੱਖ ਚਾਹੁਣ ਦੇ ਬਾਵਜੂਦ ਵੀ ਕੁਝ ਗੱਲਾਂ ਮੇਰਾ ਪਿੱਛਾ ਨਾ ਛਡਦੀਆਂ। ਮੈਂ ਜਦੋਂ ਵੀ ਆਪਣੀ ਪਤਨੀ ਦੇ ਨੇੜੇ ਜਾਂਦਾ ਮੇਰਾ ਦਿਲ ਤੇਜ਼ ਤੇਜ਼ ਧੜਕਣ ਲਗਦਾ ਤੇ ਮੈਂ ਤਰੇਲਿਓ-ਤਰੇਲੀ ਹੋ ਜਾਂਦਾ। ਮੇਰੇ ਵਿਚੋਂ ਉਤੇਜਨਾ ਖਾਰਜ ਹੋ ਜਾਂਦੀ ਤੇ ਮੈਂ ਬੇਜਾਨ ਮਿੱਟੀ ਦੇ ਬੁੱਤ ਵਾਂਗ ਢਹਿ ਪੈਂਦਾ। ਉਹ ਇਸ ਦਾ ਕਾਰਨ ਜਾਨਣ ਦੀ ਕੋਸ਼ਿਸ਼ ਕਰਦੀ। ਮੈਨੂੰ ਜਵਾਬ ਨਾ ਅਹੁੜਦਾ। ਮੈਨੂੰ ਯਾਦ ਐ ਉਸ ਰਾਤ ਉਸਨੇ ਗੂੜ੍ਹੇ ਮੋਹ ਨਾਲ ਨੇੜੇ ਹੁੰਦਿਆਂ ਇਸ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ ਸੀ। ਪਤਾ ਨਹੀਂ ਕਿਸ ਤਰ੍ਹਾਂ ਮੇਰੇ ਕੋਲੋਂ ਇਹ ਕਹਿ ਹੋਇਆ ਸੀ ਕਿ ਤੇਰੇ ਵਿਚੋਂ ਮੈਨੂੰ ਬੀਬੀ ਦਾ ਝਾਉਲਾ ਪੈਂਦਾ ਹੈ।

ਸੁਣ ਕੇ ਉਹ ਤ੍ਰਭਕੀ ਸੀ, 'ਕੀ ਕਹਿੰਦੇ ਓ?'

ਮੈਂ ਕਿਹਾ, 'ਹਾਂ ਇਹ ਸੱਚ ਐ।'

'ਸੱਚ?' ਉਸਨੇ ਹੈਰਾਨੀ ਨਾਲ ਪੁੱਛਿਆ।

ਮੈਂ ਆਖਿਆ ਹਾਂ, 'ਸੱਚੀਂ।'

'ਪਰ ਕਿਵੇਂ?' ਉਹ ਉਤਸੁਕਤਾ ਵਸ ਮੇਰੇ ਹੋਰ ਨੇੜੇ ਹੋ ਗਈ। ਮੇਰੇ ਕੋਲੋਂ ਵਰ੍ਹਿਆਂ ਪੁਰਾਣੀ ਗੰਢ ਖੁੱਲ੍ਹਵਾਉਣ ਦੇ ਖਿਆਲ ਨਾਲ। ਮੈਂ ਹੌਲੀ-ਹੌਲੀ ਉਧੜਦਾ ਗਿਆ। ਚੇਤਿਆਂ ਦੀ ਪਟਾਰੀ ਖੁੱਲ੍ਹਦੀ ਗਈ। ਗਰਮੀਆਂ ਨੂੰ ਸੁਫ਼ੇ ਦੀ ਛੱਤ ਉਤੇ ਸੌਂਦੇ ਸਾਂ। ਇਕ ਰਾਤ ਮੇਰੀ ਜਾਗ ਖੁੱਲ੍ਹੀ ਸੀ। ਮੇਰੇ ਕੋਲ ਡੱਠਾ ਬੀਬੀ ਦਾ ਮੰਜਾ ਖਾਲੀ ਪਿਆ ਸੀ। ਮੇਰਾ ਦਿਲ ਧੜਕਿਆ ਪਰ ਆਵਾਜ਼ ਨਾ ਨਿਕਲੀ। ਆਸੇ ਪਾਸੇ ਸੁੱਤੇ ਲੋਕ ਕੀ ਕਹਿਣਗੇ? ਤ੍ਰੇਹ ਨਾਲ ਮੇਰਾ ਗਲਾ ਸੁੱਕ ਰਿਹਾ ਸੀ। ਮੈਂ ਕੰਬਦੇ ਪੈਰੀਂ ਮੰਜਿਓਂ ਲਹਿ ਕੇ ਪੌੜੀਆਂ ਉਤਰਿਆ। ਹੇਠਾਂ ਕਮਰੇ ਵਿਚ ਜੀਰੋ ਵਾਟ ਦੇ ਬਲਬ ਦਾ ਚਾਨਣ ਸੀ। ਮੈਂ ਢੁਕੇ ਬੂਹੇ ਨੂੰ ਖੋਲ੍ਹ ਅੰਦਰ ਲੰਘਿਆ ਤਾਂ ਬੀਬੀ ਨੰਗੇ ਪਿੰਡੇ ਨੁੱਕਰ ਵਾਲੇ ਕਸ਼ਮੀਰੇ ਨਾਲ ਜੁੜ ਕੇ ਪਈ ਸੀ। ਮੇਰੀ ਬਿੜਕ ਲੈ ਕੇ ਉਹ ਤ੍ਰਭਕ ਕੇ ਉਠੀ ਤੇ ਮੰਜੇ ਵਾਲੀ ਚਾਦਰ ਉਪਰ ਖਿਚਦੀ ਕੜਕੀ, 'ਬਾਖਿਆ ਖੇਹ ਖਾਣ ਆਇਆਂ ਥੱਲੇ, ਵਗ ਜਾ ਉਪਰ ਨਹੀਂ ਤਾਂ ਸਿਰ ਪਾੜ ਦੂੰ ਤੇਰਾ।' ਉਹ ਲੋਹੀ ਲਾਖੀ ਹੋਈ, ਖਾ ਜਾਣ ਵਾਲੀਆਂ ਨਜ਼ਰਾਂ ਨਾਲ ਮੈਨੂੰ ਵੇਖ ਰਹੀ ਸੀ। ਇਹੋ ਜਿਹੀ ਉਹਦੀ ਨਜ਼ਰ ਮੈਂ ਪਹਿਲਾਂ ਕਦੇ ਨਹੀਂ ਸੀ ਵੇਖੀ। ਮੈਂ ਪੱਥਰ ਦਾ ਬੁੱਤ ਬਣਿਆ ਉਨ੍ਹਾਂ ਵਲ ਬਿਟਰ-ਬਿਟਰ ਵੇਖ ਰਿਹਾ ਸਾਂ। ਮੈਂ ਬੀਬੀ ਨੂੰ ਏਨਾ ਉੱਚੀ ਬੋਲਦਿਆਂ ਵੀ ਪਹਿਲੀ ਵਾਰ ਸੁਣਿਆ ਸੀ। ਮੈਂ ਉਸ ਦ੍ਰਿਸ਼ ਨੂੰ ਵੇਖ ਨਹੀਂ ਸੀ ਸਕਿਆ। ਜੀਅ ਕਰਦਾ ਸੀ ਧਰਤੀ ਫਟ ਜਾਵੇ ਤਾਂ ਮੈਂ ਉਸ ਵਿਚ ਗਰਕ ਹੋ ਜਾਵਾਂ। ਉਂਜ ਤਾਂ ਮੈਂ ਬੀਬੀ ਨੂੰ ਪਹਿਲਾਂ ਵੀ ਕਈ ਵਾਰੀ ਕਪੜਿਆਂ ਤੋਂ ਬਿਨਾ ਵੇਖਿਆ ਸੀ। ਕਈ ਵਾਰੀ ਨਹਾਉਂਦੀ ਨੂੰ ਨਲਕਾ ਗੇੜ ਕੇ ਦਿੱਤਾ ਸੀ। ਕਈ ਵਾਰੀ ਉਸ ਦੇ ਪਿੰਡੇ ਤੋਂ ਮੈਲ ਵੀ ਲਾਹੁੰਦਾ ਰਿਹਾ ਸਾਂ। ਪਰ ਇਸ ਤਰ੍ਹਾਂ ਬੀਬੀ ਕਸ਼ਮੀਰੇ ਦੀ ਵੱਖੀ ਨਾਲ ਜੁੜ ਕੇ ਪਈ ਚੰਗੀ ਨਹੀਂ ਸੀ ਲਗੀ। ਤਾਂ ਹੀ ਮੇਰੇ ਖਾਨੇ 'ਚ ਗੱਲ ਪਈ ਕਿ ਲੋਕ ਮੈਨੂੰ ਬੀਰਾ-ਕਸ਼ਮੀਰਾ ਕਹਿ ਕੇ ਕਿਉਂ ਛੇੜਦੇ ਹੁੰਦੇ ਸਨ। ਥੋੜ੍ਹੇ ਚਿਰ ਪਿਛੋਂ ਬੀਬੀ ਚੁੱਪਚਾਪ ਆ ਕੇ ਮੰਜੇ 'ਤੇ ਪੈ ਗਈ ਸੀ। ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆਈ। ਕਈ ਖਿਆਲ ਮੇਰੇ ਦਿਮਾਗ ਨੂੰ ਪ੍ਰੇਸ਼ਾਨ ਕਰਦੇ ਰਹੇ ਸਨ।

ਮੇਰੀ ਪਤਨੀ ਨੇ ਮੇਰੀ ਇਹ ਵਿਥਿਆ ਸੁਣ ਕੇ ਸਹਿਜ ਹੁੰਦਿਆਂ ਪੁਛਿਆ ਸੀ, 'ਉਸ ਸਮੇਂ ਭਾਪਾ ਕਿਥੇ ਹੁੰਦਾ ਸੀ?'

ਮੈਂ ਤ੍ਰੇਲਿਉਂ ਤ੍ਰੇਲੀ ਹੋਏ ਨੇ ਦੱਸਿਆ ਕਿ ਭਾਪਾ ਤਾਂ ਵਿਰਦੀਆਂ ਦੇ ਕਾਰਖਾਨੇ ਰਾਤਾਂ ਲਾਉਂਦਾ ਹੁੰਦਾ ਸੀ।

'ਅੱਛਾ?' ਉਹ ਟਿਚਰ ਜਿਹੀ ਨਾਲ ਬੋਲੀ, 'ਫਿਰ ਘਰਦੀਆਂ ਮਸ਼ੀਨਾਂ ਨੇ ਤਾਂ ਲੋਕਾਂ ਦੀਆਂ ਵੱਖੀਆਂ ਨਾਲ ਹੀ ਜੁੜ ਕੇ ਬਹਿਣੈਂ। ਹੋਰ ਕੀ ਕਰਨੈਂ?'

'ਯਾਰ ਬੰਦੇ ਨੇ ਟੱਬਰ ਵੀ ਤਾਂ ਪਾਲਣੈਂ।' ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ।

'ਓ ਭਲਿਆ ਲੋਕਾ, ਜ਼ਨਾਨੀ ਦਾ ਨਿਰਾ ਢਿਡ ਭਰਿਆਂ ਨਹੀਂ ਨਾ ਸਰਦਾ। ਲੰਮੀਆਂ ਕਾਲੀਆਂ ਰਾਤਾਂ ਨੂੰ ਬੰਦੇ ਦੇ ਨਿੱਘ ਦੀ ਵੀ ਲੋੜ ਹੁੰਦੀ ਐ।'

ਮੈਂ ਦੇਰ ਤੱਕ ਉਹਦੀ ਗੱਲ ਨੂੰ ਆਪਣੇ ਅੰਦਰ ਜਜ਼ਬ ਕਰਦਾ ਰਿਹਾ। ਮੈਥੋਂ ਉਹਦੀ ਗੱਲ ਦਾ ਕੋਈ ਜੁਆਬ ਨਹੀਂ ਸੀ ਦੇ ਹੋਇਆ।

ਗਲੀ ਵਿਚ ਰੌਲਾ ਸੁਣ ਕੇ ਮੇਰਾ ਧਿਆਨ ਉਸ ਪਾਸੇ ਜਾਂਦਾ ਹੈ। ਮੈਂ ਕਾਹਲੀ ਨਾਲ ਮੰਜੇ ਤੋਂ ਹੇਠਾਂ ਉਤਰਦਾ ਹਾਂ। ਮੈਨੂੰ ਨ੍ਹੇਰਨੀ ਜਿਹੀ ਆਉਂਦੀ ਹੈ। ਲੱਤਾਂ ਕੰਬਦੀਆਂ ਹਨ। ਮੇਰਾ ਗੋਡਾ ਮੰਜੇ ਨਾਲ ਟਕਰਾ ਜਾਂਦਾ ਹੈ। ਦਰਦ ਨਾਲ ਕਰਾਹ ਉਠਦਾ ਹਾਂ। ਡਿਗਦਿਆਂ ਡਿਗਦਿਆਂ ਮੰਜੇ 'ਤੇ ਹੀ ਢਹਿ ਪੈਂਦਾ ਹਾਂ। ਮੱਥੇ 'ਤੇ ਆਈਆਂ ਪਸੀਨੇ ਦੀਆਂ ਬੂੰਦਾਂ ਨੂੰ ਗਲ ਪਾਏ ਝੱਗੇ ਨਾਲ ਪੂੰਝਦਾ ਹਾਂ। ਮੈਨੂੰ ਲਗਦਾ ਹੈ ਜਿਵੇਂ ਹੁਣੇ ਬਾਹਰਲਾ ਦਰਵਾਜ਼ਾ ਖੜਕੇਗਾ। ਮੁਹੱਲੇ ਵਾਲੇ ਮੈਨੂੰ ਖਿੱਚ ਕੇ ਗਲੀ ਵਿਚ ਲੈ ਜਾਣਗੇ। ਉਨ੍ਹਾਂ ਦੇ ਤਰ੍ਹਾਂ-ਤਰ੍ਹਾਂ ਦੇ ਸੁਆਲਾਂ ਦਾ ਸਾਹਮਣਾ ਕਰਨਾ ਪਏਗਾ।

ਮੈਨੂੰ ਯਕੀਨ ਨਹੀਂ ਆਉਂਦਾ ਕਿ ਸੋਨੂ ਦੀ ਮਾਂ ਕੁਝ ਅਜਿਹਾ ਵੀ ਕਰੇਗੀ, ਜਿਸ ਨਾਲ ਮੈਂ ਲੋਕਾਂ ਸਾਹਮਣੇ ਮੂੰਹ ਉਤਾਂਹ ਕਰਨ ਜੋਗਾ ਨਹੀਂ ਰਹਾਂਗਾ। ਮੇਰੇ ਲਈ ਤਾਂ ਉਹ ਤਿੰਨ ਦਿਨਾਂ ਤੋਂ ਕਿਸੇ ਗੁਰਦੁਆਰੇ ਦੀ ਸੇਵਾ ਲਈ ਗਈ ਹੋਈ ਸੀ। ਪਿਛਲੀ ਰਾਤ ਮੈਂ ਕਾਫੀ ਪ੍ਰੇਸ਼ਾਨ ਰਿਹਾ ਸਾਂ। ਸਾਰੀ ਰਾਤ ਉਸਲਵੱਟੇ ਭੰਨਦਾ ਰਿਹਾ ਸਾਂ। ਮੁੰਡਾ ਕੁੜੀ ਵੀ ਜਿਵੇਂ ਸਹਿਮੇ ਹੋਏ ਗੁੰਮ ਸੁੰਮ ਪਏ ਰਹੇ। ਦਿਨ ਚੜ੍ਹੇ ਕਿਤੇ ਅੱਖ ਲਗੀ ਤਾਂ ਜ਼ੋਰ ਜ਼ੋਰ ਦੀ ਦਰਵਾਜ਼ਾ ਖੜਕਿਆ ਸੀ। ਮੈਂ ਅੱਖਾਂ ਮਲਦਿਆਂ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਤਿੰਨ ਚਾਰ ਪੁਲਿਸ ਵਾਲੇ ਵੇਖ ਕੇ ਮੈਂ ਹੱਕਾ-ਬੱਕਾ ਰਹਿ ਗਿਆ ਸੀ।

'ਕੀ ਨਾਂ ਐ ਤੇਰਾ ਗਿਆਨੀ?' ਢਿੱਲੀ ਜਿਹੀ ਪੱਗ ਵਾਲੇ ਥਾਣੇਦਾਰ ਨੇ ਰੋਅਬਦਾਰ ਆਵਾਜ਼ ਵਿਚ ਪੁਛਿਆ ਸੀ।

'ਜੀ ਬਲਬੀਰ ਸਿੰਘ।' ਥੁੱਕ ਅੰਦਰ ਲੰਘਾਉਂਦਿਆਂ ਮੇਰੇ ਮੂੰਹੋਂ ਮਸਾਂ ਨਿਕਲਿਆ।

'ਗਿਆਨਣ ਕਿਥੇ ਭੇਜੀ ਊ?' ਉਸਨੇ ਅੰਦਰ ਵਲ ਝਾਤੀ ਮਾਰਦਿਆਂ ਸ਼ਰਾਰਤੀ ਜਿਹਾ ਮੂੰਹ ਬਣਾ ਕੇ ਪੁੱਛਿਆ।

'ਜੀ ਉਹ ਤਾਂ ਪਰਸੋਂ ਦੀ ਸੇਵਾ 'ਤੇ ਗਈ ਐ।' ਦਸਦਿਆਂ ਮੇਰਾ ਸਾਹ ਫੁਲ ਰਿਹਾ ਸੀ।

'ਬੱਲੇ ਸ਼ੇਰਾ! ਉਸ ਦੀ ਸੇਵਾ ਨੇ ਤਾਂ ਕਈ ਦਿਨਾਂ ਦਾ

*(ਬਾਕੀ ਅਗਲੇ ਸਫੇ 'ਤੇ)*

# ਭਗਤ ਸਿੰਘ ਸ਼ਹੀਦ ਦੀਆਂ ਲਿਖਤਾਂ ਤੇ ਲਿਖਣ ਸ਼ੈਲੀ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਸੰਨ 1931 ਦੀ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਨੇ ਫਾਂਸੀ ਦਾ ਫੰਦਾ ਚੁੰਮ ਕੇ ਆਪਣੇ ਦੇਸ਼ ਵਾਸੀਆਂ ਦੀ ਅਣਖ, ਦਲੇਰੀ ਤੇ ਕੁਰਬਾਨੀ ਦਾ ਪਰਚਮ ਲਹਿਰਾਇਆ ਸੀ। ਇਸਦੀ ਮਹਿਮਾ ਤੇ ਮਹਾਨਤ ਏਨੀ ਵੱਡੀ ਸੀ ਕਿ ਅਸੀਂ ਹਰ ਵਰ੍ਹੇ 23 ਮਾਰਚ ਨੂੰ ਇਸ ਕਰਮ ਨੂੰ ਤਾਂ ਚੇਤੇ ਕਰਦੇ ਹਾਂ ਪਰ ਉਸ ਦੀਆਂ ਲਿਖਤਾਂ, ਲਿਖਣ ਸ਼ੈਲੀ ਤੇ ਸ਼ਬਦਾਂ ਦੀ ਸ਼ਕਤੀ ਵੱਲ ਧਿਆਨ ਨਹੀਂ ਜਾਂਦਾ। ਪਟਿਆਲਾ ਨਿਵਾਸੀ ਐਡਵੋਕੇਟ ਸਰਬਜੀਤ ਸਿੰਘ ਵਿਰਕ ਨੇ ਇਸ ਸਭ ਕਾਸੇ ਨੂੰ 'ਸਮੁੱਚੀਆਂ ਲਿਖਤਾਂ ਸ਼ਹੀਦ ਭਗਤ ਸਿੰਘ' (ਵਾਲਨਟ ਪਬਲੀਕੇਸ਼ਨ, ਕਨਾਟ ਪਲੇਸ, ਨਵੀਂ ਦਿੱਲੀ) ਦੇ ਸਿਰਲੇਖ ਥੱਲੇ ਪੁਸਤਕ ਰੂਪ ਦੇ ਕੇ ਪੰਜਾਬੀ ਜਗਤ ਦੀ ਝੋਲੀ ਪਾਇਆ ਹੈ। ਇਸ ਵਿਚ ਭਗਤ ਸਿੰਘ ਵਲੋਂ ਆਪਣੇ ਵਡੇਰਿਆਂ ਨੂੰ ਲਿਖੀਆਂ ਚਿੱਠੀਆਂ ਵੀ ਸ਼ਾਮਲ ਹਨ ਅਤੇ ਉਹ ਵੀ ਜਿਹੜੀਆਂ ਉਸ ਨੇ ਚੱਕ ਨੰਬਰ 105 ਪਾਕਿਸਤਾਨ ਦਾ ਪ੍ਰਾਇਮਰੀ ਸਕੂਲ ਛੱਡਣ ਪਿੱਛੋਂ ਦਯਾਨੰਦ ਐਂਗਲੋ ਵੈਦਿਕ ਸਕੂਲ, ਲਾਹੌਰ ਵਿਚ ਪੜ੍ਹਦੇ ਸਮੇਂ ਲਿਖੀਆਂ ਤੇ ਇਸ ਤੋਂ ਇਨ੍ਹਾਂ ਵਿਚ ਸਿਖਰ ਉੱਤੇ ਓਮ ਲਿਖਿਆ ਹੀ ਨਹੀਂ ਮਿਲਦਾ, ਸਗੋਂ ਸ਼ੁਰੂ ਵਿਚ ਸਤਿ ਸ੍ਰੀ ਅਕਾਲ ਦੀ ਥਾਂ ਨਮਸਤੇ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬਾਲ ਭਗਤ ਸਿੰਘ ਉਤੇ ਆਰੀਆ ਸਮਾਜ ਲਹਿਰ ਦਾ ਪੂਰਾ ਪ੍ਰਭਾਵ ਸੀ। ਆਪਣੇ ਵਡੇਰਿਆਂ ਵਾਂਗ ਪਰ ਜਦੋਂ ਅਕਤੂਬਰ 1921 ਵਿਚ ਨਨਕਾਣਾ ਸਾਹਿਬ ਵਿਖੇ ਮਹੰਤਾਂ ਦੀ ਸ਼ਹਿ ਉੱਤੇ ਸਿੱਖਾਂ ਦਾ ਨਰਸੰਘਾਰ ਹੋਇਆ ਤਾਂ ਉਹ ਇਸਨੂੰ ਵੇਖਣ ਵੀ ਗਿਆ। ਇਸ ਫੇਰੀ ਦਾ ਅਸਰ ਉਸ ਦੀਆਂ ਚਿੱਠੀਆਂ ਵਿਚ ਵੀ ਪ੍ਰਤੱਖ ਹੈ। ਉਸ ਦੀ ਆਪਣੀ ਚਾਚੀ ਨੂੰ ਲਿਖੀ ਚਿੱਠੀ ਦੇ ਆਰੰਭ ਵਿਚ ਤਾਂ 'ਨਮਸਤੇ' ਲਿਖਿਆ ਮਿਲਦਾ ਹੈ ਪਰ ਇਸਦੇ ਅੰਤਲੇ ਵਾਕ ਵਿਚ 'ਕੁਲਤਾਰ ਤੇ ਕੁਲਬੀਰ ਨੂੰ ਸਤਿ ਸਿਰਿ ਅਕਾਲ ਜਾਂ ਨਮਸਤੇ' ਲਿਖਿਆ ਹੋਇਆ ਹੈ। ਕੁਲਤਾਰ ਤੇ ਕੁਲਬੀਰ ਉਸਦੇ ਭਰਾ ਸਨ। ਉਸ ਤੋਂ ਛੋਟੇ। ਪੜ੍ਹੋ:


ਮੇਰੀ ਪਿਆਰੀ ਚਾਚੀ ਜੀ ਨਮਸਤੇ

ਮੈਨੂੰ ਖਤ ਲਿਖਨ 'ਚ ਦੇਰੀ ਹੋ ਗਈ ਹੈ। ਸੋ ਉਮੀਦ ਹੈ ਤੁਸਾਂ ਮੁਆਫ ਕਰੋਗੇ। ਭਾਇਯਾ ਜੀ ਦਿੱਲੀ ਨੂੰ ਗਏ ਹੋਏ ਹਨ। ਬੇਬੇ ਮੋਰਾਂਵਾਲੀ ਨੂੰ ਗਈ ਹੋਇ ਹੈ। ਬਾਕੀ ਸਭ ਰਾਜੀ ਖ਼ੁਸ਼ੀ ਹੈ। ਵੱਡੀ ਚਾਚੀ ਜੀ ਨੂੰ ਮੱਥਾ ਟੇਕਨਾ। ਮਾਤਾ ਜੀ ਨੂੰ ਵੀ ਮੱਥਾ ਟੇਕਨਾ। ਕੁਲਤਾਰ, ਕੁਲਬੀਰ ਸਿੰਘ ਨੂੰ ਸਤਿ ਸਿਰਿ ਅਕਾਲ ਯਾਂ ਨਮਸਤੇ।

ਆਪ ਕਾ ਆਗਯਾਕਾਰੀ ਭਗਤ ਸਿੰਘ ਹੈ ਤੇ ਇਸਦੀ ਸੰਖੇਪਤਾ ਵੀ ਜਨਵਰੀ 1928 ਵਿਚ ਬਚਪਨ ਦੇ ਦੋਸਤ ਅਮਰਚੰਦ ਨੂੰ ਲਿਖੀ ਚਿੱਠੀ ਵੀ ਉਸਦੀ ਸੰਖੇਪਤਾ ਤੇ ਸਪਸ਼ਟਤਾ ਦੀ ਪੁਸ਼ਟੀ ਕਰਦੀ ਹੈ। ਚਿੱਠੀ ਲਿਖਣ ਸਮੇਂ ਅਮਰਚੰਦ ਅਮਰੀਕਾਂ ਦੀ ਕਿਸੇ ਯੂਨੀਵਰਸਟੀ ਵਿਚ ਪੜ੍ਹਨ ਜਾ ਕਿਆ ਹੈ ਤੇ ਚਿੱਠੀ ਉਥੋਂ ਦੇ ਪਤੇ ਉੱਤੇ ਲਿਖੀ ਗਈ ਸੀ।

ਭਾਈ ਸਾਹਬ, ਵਿਦੇਸ਼ ਵਿਚ ਜਾ ਕੇ ਪੜ੍ਹਾਈ ਕਰਨ ਦੀ ਮੇਰੀ ਖਾਹਿਸ਼ ਬਰਬਾਦ ਹੋ ਕੀ ਹੈ। ਖੈਰ, ਤੁਹਾਡੇ ਲਈ ਮੇਰੀਆਂ ਸ਼ੁਭ ਇੱਛਾਵਾਂ ਹਾਜ਼ਰ ਹਨ। ਜੇ ਤੁਹਾਨੂੰ ਮੌਕਾ ਮਿਲਿਆ ਤਾਂ ਕੁਝ ਚੰਗੀਆਂ ਕਿਤਾਬਾਂ ਭੇਜਣ ਦੀ ਤਕਲੀਫ ਉਠਾਉਣਾ।

ਭਗਤ ਸਿੰਘ ਦੀ ਲਿਖਣ ਸ਼ੈਲੀ ਤੇ ਸਮੇਂ ਦੇ ਸਚ ਨੂੰ ਪੇਸ਼ ਕਰਨ ਦਾ ਪਤਾ ਉਸ ਲੇਖ ਤੋਂ ਵੀ ਲਗਦਾ ਹੈ ਜਿਹੜਾ ਉਸਨੇ ਅੰਮ੍ਰਿਤਸਰ ਤੋਂ ਛਪਦੇ 'ਕਿਰਤੀ' ਅਖ਼ਬਾਰ ਵਿਚ ਮਈ 1927 ਦੇ ਕਿਸੇ ਅੰਕ ਲਈ ਲਿਖਿਆ ਸੀ। ਸਿਰਲੇਖ ਸੀ 'ਕਾਕੋਰੀ ਦੇ ਵੀਰਾਂ ਨਾਲ ਜਾਣ ਪਛਾਣ'। ਪੇਸ਼ ਹੈ ਉਸਦਾ ਇੱਕ ਪੈਰ੍ਹਾ ਉਹ ਘੜੀ ਆਈ ਜਦ ਤਿੰਨਾਂ ਨੂੰ ਫਾਂਸੀ ਇੱਕ ਨੂੰ ਉਮਰ ਕੈਦ, ਇਕ ਨੂੰ 14 ਬਰਸ ਦੀ ਕੈਦ, 5 ਨੂੰ 10 ਬਰਸ ਦੀ ਕੈਦ ਅਤੇ ਬਾਕੀਆਂ ਨੂੰ 5 ਤੋਂ ਦਸ ਸਾਲ ਦੀ ਸਖਤ ਕੈਦ ਸੁਣਾ ਕੇ ਜਜ ਬੋਲਿਆ, 'ਤੁਸੀਂ ਸੱਚੇ ਸੇਵਕ ਅਤੇ ਤਿਆਗੀ ਹੈ, ਪਰ ਗਲਤ ਰਾਹ ਤੇ ਪਏ ਹੈ।' ਜੱਜ ਦੇ ਸ਼ਬਦਾਂ ਵਿਚ ਮਜਬੂਰੀ ਤਾਂ ਸੀ ਪਰ ਇਸ ਤੋਂ ਇਹ ਵੀ




ਪ੍ਰਤੱਖ ਸੀ ਕਿ ਗੁਲਾਮ ਭਾਰਤ ਵਿਚ ਹੀ ਸੱਚੇ ਦੇਸ਼ ਭਗਤਾਂ ਦਾ ਏਹ ਹਾਲ ਹੁੰਦਾ ਹੈ।

ਭਗਤ ਸਿੰਘ ਨੇ ਗੁਰਮੁਖੀ ਸਕੂਲ ਵਿਚ ਨਹੀਂ ਇਸ ਤੋਂ ਬਾਹਰਲੇ ਸਮੇਂ ਵਿਚ ਪੜ੍ਹੀ ਸੀ ਜਿਸ ਕਰਕੇ ਉਸਦੀ ਲਿਖਤ ਵਿਚ ਸ਼ਬਦ ਜੋੜ ਕੇ ਵਿਆਕਰਨ ਦੀ ਇਕਸਾਰਤਾ ਤਾਂ ਖਟਕਦੀ ਪਰ ਤੱਤ ਪ੍ਰਭਾਵ ਤੇ ਸੰਦੇਸ਼ ਸਪਸ਼ਟ ਹੈ। ਉਪਰੋਕਤ ਪੈਰ੍ਹੇ ਵਿਚ ਅੱਜ ਦੀ ਮਜਬੂਰੀ ਵਾਲੀ ਭਾਵਨਾ ਵੀ ਬਹੁਤ ਕੁੱਝ ਕਹਿ ਚੁੱਕੀ ਹੈ।

ਉਸ ਦੀਆਂ ਚਿੱਠੀਆਂ ਤੇ ਅਖ਼ਬਾਰਾਂ ਲਈ ਲਿਖੇ ਲੇਖ ਤੇ 'ਮਹਾਂਰਥੀ' ਦੇ ਐਡੀ ਵਾਰਤਾ ਨੂੰ ਲਿਖੇ ਖਤ ਕਾਕੋਰੀ ਦੇ ਸ਼ਹੀਦਾਂ ਵਾਂਗ ਮਦਨ ਲਾਲ ਢੀਂਗਰਾ ਅਤੇ ਮਾਰਸ਼ਲ ਲਾਅ ਵਿਚ ਕੁਰਬਾਨੀ ਦੇਣ ਵਾਲੇ ਖ਼ੁਸ਼ੀ ਰਾਮ ਨੂੰ ਜੀਵਨ ਉੱਤੇ ਹੀ ਨਹੀਂ, ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ ਉੱਤੇ ਵੀ ਚਾਨਣਾ ਪਾਉਂਦੇ ਹਨ:

ਕੀ ਸਾਨੂੰ ਵਾਰ ਵਾਰ ਇਹ ਸੁਣ ਕੇ ਸ਼ਰਮ ਨਹੀਂ ਆਉਂਦੀ ਕਿ ਅਸੀਂ ਆਪਣਾ ਸ਼ਾਸਨ ਚਲਾਉਣ ਦੇ ਯੋਗ ਨਹੀਂ? ਕੀ ਇਹ ਸਾਡੇ ਲਈ ਬੜੀ ਬੇਇਜ਼ਤੀ ਵਾਲੀ ਗੱਲ ਨਹੀਂ ਕਿ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ ਅਤੇ ਹਰੀ ਸਿੰਘ ਨਲੂਏ ਜਿਹੇ ਸੂਰਮਿਆਂ ਦੇ ਵਾਰਸ ਹੁੰਦਿਆਂ ਸਾਨੂੰ ਇਹ ਆਖਿਆ ਜਾਏ ਕਿ ਤੁਸੀਂ ਆਪਣੀ ਹਿਫਾਜ਼ਤ ਕਰਨ ਦੇ ਲਾਇਕ ਨਹੀਂ?

ਨੌਜਵਾਨ ਸਭਾ ਦੇ ਟੀਚੇ ਵਿਚ ਕਿਸਾਨਾਂ ਤੇ ਕਿਰਤੀਆਂ ਦੀ ਸੰਪੂਰਨ ਸੁਤੰਤਰਤਾ ਵਲਾਇਤ ਦੀਆਂ ਚੀਜ਼ਾਂ ਦਾ ਬਾਈਕਾਟ ਅਤੇ ਦੋਬਾਰਾ ਸੰਸਾਰ ਜੰਗ ਲੱਗਣ ਸਮੇਂ ਜਨਤਾ ਨੂੰ ਅੰਗਰੇਜ਼ੀ ਹਕੂਮਤ ਨਾਲ ਸਹਿਯੋਗ ਤੋਂ ਰੋਕਣਾ ਸੀ।

ਆਪਣੀਆਂ ਅਨੇਕਾਂ ਗਤੀਵਿਧੀਆਂ ਵਿਚ ਮਸ਼ੂਗਲ ਹੋਣ ਦੇ ਬਾਵਜੂਦ ਉਹ ਅਛੂਤਾਂ ਜਾਂ ਅਰਾਜਕਤਾਵਾਦੀਆਂ ਨੂੰ ਸਮਝਣ ਤੇ ਉਨ੍ਹਾਂ ਬਾਰੇ ਲਿਖਣ ਦਾ ਸਮਾਂ ਕਿਵੇਂ ਕੱਢ ਲੈਂਦਾ ਸੀ, ਹੈਰਾਨ ਕਰਦਾ ਹੈ। ਪੇਸ਼ ਹੈ ਉਸਦੀ ਅਰਾਜਕਤਾ ਅਤੇ ਟਿੱਪਣੀ: ਅਰਾਜਕਤਾ ਅਨੁਸਾਰ ਜਿਸ ਆਦਰਸ਼ ਨਾਲ ਆਜ਼ਾਦੀ ਦੀ ਕਲਪਨਾ ਕੀਤੀ ਜਾਂਦੀ ਹੈ ਉਹ ਅਜਿਹੀ ਆਜ਼ਾਦੀ ਹੈ ਜਿਸ ਵਿਚ ਤਨ, ਮਨ ਉੱਤੇ ਰੱਬ ਤੇ ਮਜ਼੍ਹਬ ਦਾ ਭੂਤ ਸਵਾਰ ਨਹੀਂ ਹੁੰਦਾ ਅਤੇ ਨਾ ਹੀ ਸਿਰ ਵਿਚ ਮਾਇਆ ਦਾ ਲਾਲਚ ਤੇ ਖਬਤ ਸਮਾਉਂਦਾ ਹੈ। ਏਥੇ ਕਿਸੇ ਪ੍ਰਕਾਰ ਦੀ ਸਰਕਾਰ ਤੇ ਸ਼ਾਸਨ ਸਰੀਰ ਉੱਤੇ ਜ਼ੰਜੀਰਾਂ ਨਹੀਂ ਕਸ ਸਕਦੀ।

ਅਰਾਜਕਤਾ ਦੀ ਮੂਲ ਭਾਵਨਾ ਇਹ ਹੈ ਕਿ ਕੰਮ ਦੀ ਮੰਗ ਪਾਓ ਜੇ ਨਾ ਮਿਲੇ ਤਾਂ ਰੋਟੀ ਮੰਗੋ ਅਤੇ ਜੇ ਕੰਮ ਤੇ ਰੋਟੀ ਨਹੀਂ ਦਿੰਦੇ ਤਾਂ ਰੋਟੀ ਖੋਹ ਲਵੋ।

ਹੱਥਲੀ ਪੁਸਤਕ ਵਿਚ ਉਨ੍ਹਾਂ ਦਰਖਾਸਤਾਂ ਦਾ ਵੀ ਕੋਈ ਅੰਤ ਨਹੀਂ ਜਿਹੜੀਆਂ ਸੁਆਗਤ ਤੋਂ ਪਹਿਲਾਂ ਦਿੱਲੀ ਅਤੇ ਪਾਕਿਸਤਾਨ ਦੇ ਹਿੱਸੇ ਆਈਆਂ ਮੀਆਂ ਵਾਲੀ ਤੇ ਲਾਹੌਰ ਦੀਆਂ ਜੇਲ੍ਹਾਂ ਵਿਚ ਕੈਦ ਕਟਦਿਆਂ ਸਾਥੀ ਕੈਦੀਆਂ ਤੇ ਆਪਣੇ ਆਪ ਲਈ ਜ਼ਰੂਰੀ ਵਸਤਾਂ, ਪੁਸਤਕਾਂ ਤੇ ਲੋੜੀਂਦੇ ਸਲੂਕ ਤੇ ਸਹੂਲਤਾਂ ਦੀ ਮੰਗ ਕਰਦੀਆਂ ਹਨ। ਇਨ੍ਹਾਂ ਦਰਖਾਸਤਾਂ ਵਿਚ ਦਿੱਤੀਆਂ ਦਲੀਲਾਂ ਵਿਚ ਹੋਰਨਾਂ ਮੁਲਕਾਂ ਵਿਚ ਪ੍ਰਾਪਤ ਸਹੂਲਤਾਂ ਤੇ ਅੰਤਰ ਰਾਸ਼ਟਰੀ ਚਿੰਤਕਾਂ ਦੇ ਬੋਲ ਵੀ ਦਰਜ ਹਨ।

ਸਵਾ ਪੰਜ ਸੌ ਪੰਨਿਆਂ ਦਾ ਇਹ ਸਚਿੱਤਰ ਗ੍ਰੰਥ ਪੰਜਾਬੀ ਪਾਠਕਾਂ ਨੂੰ ਪੇਸ਼ ਕਰਨ ਲਈ ਲੇਖਕ ਸ਼ਲਾਘਾ ਤੇ ਸੁਆਗਤ ਦਾ ਹੱਕਦਾਰ ਹੈ। ਪੜ੍ਹੋ ਤੇ ਮਾਣੋ।

**ਅੰਤਿਕਾ**

ਭਗਤ ਕਬੀਰ ਜੀ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥

## ਖ਼ਾਲਸੇ ਦਾ ਹੋਲਾ

ਚਾਰੇ ਪਾਸੇ ਰੌਣਕਾਂ ਤੇ ਖ਼ੂਬ ਮੇਲ-ਜੋਲਾ ਹੁੰਦਾ,
ਚਿੱਟਾ, ਨੀਲਾ, ਕੇਸਰੀ ਨਿਹੰਗਾਂ ਨੇ ਪਾਇਆ ਚੋਲ਼ਾ ਹੁੰਦਾ,
ਉੱਡਦੇ ਗੁਲਾਲ ਅਤੇ ਖ਼ੂਬ ਰੌਲਾ-ਗੌਲਾ ਹੁੰਦਾ,
ਦਲ ਪੰਥਾਂ ਆ ਕੇ ਅਨੰਦਪੁਰੀ ਡੇਰਾ ਲਾਇਆ ਹੁੰਦਾ,
ਘੋੜਿਆਂ ਨਗਾਰਿਆਂ ਨੇ ਲਾਇਆ ਖ਼ੂਬ ਮੇਲਾ ਹੁੰਦਾ,
ਨਿਹੰਗ ਸਿੰਘ ਦਲਾਂ ਵਿਚ ਖ਼ੂਬ ਮੇਲ-ਜੋਲਾ ਹੁੰਦਾ,
ਦੁਨੀਆਂ ਦੀ ਹੋਲੀ, ਪਰ ਖ਼ਾਲਸੇ ਦਾ ਹੋਲਾ ਹੁੰਦਾ।

ਤੀਰ-ਅੰਦਾਜ਼ੀ ਗੱਤਕੇ ਦਾ ਅਖਾੜਾ ਲੱਗਾ ਹੁੰਦਾ,
ਨਗਾਰਿਆਂ ਦੇ ਉੱਤੇ ਪਿਆ ਵੱਜਦਾ ਵੀ, ਡੱਗਾ ਹੁੰਦਾ
ਜਿੱਤਨੇ ਨੂੰ ਜ਼ੋਰ ਹਰ ਇੱਕ ਦਾ ਹੀ ਲੱਗਾ ਹੁੰਦਾ,
ਅਸਲੀ ਜਿਹਾ ਜਾਪੇ, ਨਕਲੀ ਜੋ ਯੁੱਧ ਲੱਗਾ ਹੁੰਦਾ,
ਹੱਲੇ ਵਾਂਗ ਪਿਆ, ਹਰ-ਪਾਸੇ ਕੂਕ-ਰੌਲਾ ਹੁੰਦਾ,
ਦੁਨੀਆਂ ਦੀ ਹੋਲੀ ਪਰ ਖ਼ਾਲਸੇ ਦਾ…।

ਬਾਜਾਂ ਵਾਲਾ ਗੁਰੂ, ਦਲ ਪੰਥਾਂ ਵਿਚ ਆਇਆ ਹੁੰਦਾ,
ਅਨੋਖਾ ਜਿਹਾ ਰੰਗ, ਆਨੰਦਪੁਰੀ ਵਿਚ ਛਾਇਆ ਹੁੰਦਾ,
ਨਿਹੰਗ ਸਿੰਘਾਂ ਰੰਗ ਪਿਆਰ ਵਾਲਾ, ਵਰਸਾਇਆ ਹੁੰਦਾ,
ਖ਼ਾਲਸੇ ਦੇ ਚਿਹਰਿਆਂ 'ਤੇ, ਨੂਰ ਬੜਾ ਛਾਇਆ ਹੁੰਦਾ,
ਜੈਕਾਰਿਆਂ ਨੇ ਗੂੰਜਣ ਅਸਮਾਨ, ਪੂਰਾ ਲਾਇਆ ਹੁੰਦਾ,
ਕੰਮ ਕਾਰ ਛੱਡ ਜਾਪੇ, ਹਰ ਬੰਦਾ ਵਿਹਲਾ ਹੁੰਦਾ,
ਦੁਨੀਆਂ ਦੀ ਹੋਲੀ ਪਰ ਖ਼ਾਲਸੇ ਦਾ…।

ਜੇਤੂਆਂ ਦਾ ਭਾਰੀ ਇਕੱਠ ਵਿਚ, ਸਤਿਕਾਰ ਹੁੰਦਾ,
ਲੜਦਾ ਨਾ ਕੋਈ ਸਭਨਾਂ ਦੇ ਦਿਲੀਂ, ਪਿਆਰ ਹੁੰਦਾ,
ਸੰਗਤਾਂ 'ਚੋਂ ਬਾਜਾਂ ਵਾਲੇ ਗੁਰੂ ਦਾ, ਦੀਦਾਰ ਹੁੰਦਾ,
ਪਾਈ ਸੀ ਪਿਰਤ ਜਿਹੜੀ, ਗੁਰੂ ਦਸਮੇਸ਼ ਨੇ,
ਹਰ ਇਕ ਰੀਤ ਦਾ ਹੈ, ਪੂਰਾ ਸਤਿਕਾਰ ਹੁੰਦਾ,
'ਸੰਦੀਪ' ਜਾ ਕੇ ਅਨੰਦਪੁਰ ਜਨਮ ਸੁਹੇਲਾ ਹੁੰਦਾ,
ਦੁਨੀਆਂ ਦੀ ਹੋਲੀ, ਪਰ ਖ਼ਾਲਸੇ ਦਾ ਹੋਲਾ ਹੁੰਦਾ।

*-ਸੰਦੀਪ ਸਿੰਘ 'ਬਖੋਪੀਰ'*
*ਫੋਨ: 98153-21017*

## ਘਰ

*(ਪਿਛਲੇ ਸਫੇ ਦੀ ਬਾਕੀ)*

ਪੁਲਿਸ ਨੂੰ ਵਖਤ ਪਾਇਆ ਹੋਇਆ।' ਉਹ ਗਲੀ 'ਚ ਖੜੇ ਬੰਦਿਆਂ ਵਲ ਮੂੰਹ ਕਰਕੇ ਉਹ ਫੁੰਕਾਰਿਆ।

'ਜਨਾਬ ਗਲ ਕੀ ਐ?' ਪਾਲੇ ਪ੍ਰਧਾਨ ਨੇ ਥਾਣੇਦਾਰ ਦੇ ਥੋੜ੍ਹਾ ਨੇੜੇ ਹੁੰਦਿਆਂ ਪੁੱਛਿਆ। ਬੰਦਿਆਂ ਵਲ ਮੂੰਹ ਕਰਕੇ ਉਹ ਫੁੰਕਾਰਿਆ।

'ਜਨਾਬ ਗਲ ਕੀ ਐ?' ਪਾਲੇ ਪ੍ਰਧਾਨ ਨੇ ਥਾਣੇਦਾਰ ਦੇ ਥੋੜ੍ਹਾ ਨੇੜੇ ਹੁੰਦਿਆਂ ਪੁੱਛਿਆ।

'ਅਖਬਾਰਾਂ ਨਹੀਂ ਜੇ ਪੜ੍ਹੀਆਂ ਕੱਲ੍ਹ ਦੀਆਂ? ਅੰਮ੍ਰਿਤਸਰ ਸੀ.ਡੀ. ਕਾਂਡ ਦੀ ਚਰਚਾ ਨਹੀਂ ਜੇ ਸੁਣੀ ਪ੍ਰਧਾਨ ਜੀ? ਐਸਾ ਸ੍ਰਦਾਈ ਕੀਤਾ ਲੋਕਾਂ ਨੂੰ ਇਸ ਸੀ.ਡੀ. ਨੇ ਕਿ ਉਪਰ ਤਕ ਤਾਰਾਂ ਖੜਕ ਗਈਆਂ। ਇਹ ਤਾਂ ਰਾਤੀ ਕਾਬੂ ਆ ਗਈ, ਕਿਸੇ ਨਾਲ ਮਟਰ ਗਸ਼ਤੀ ਕਰਦੀ ਗਿਆਨਣ ਤੁਹਾਡੀ, ਨਹੀਂ ਤਾਂ ਪਤਾ ਨਹੀਂ ਹੋਰ ਕਿੰਨਾ ਚਿਰ ਅਸੀਂ ਝੱਖ ਮਾਰਦੇ ਰਹਿੰਦੇ।' ਥਾਣੇਦਾਰ ਨੇ ਗਲ ਮੁਕਾਈ। ਮੇਰੇ ਬੁੱਲ੍ਹ ਸੁੱਕ ਰਹੇ ਸਨ। ਕਿਸੇ ਨਾਲ ਨਜ਼ਰ ਮਿਲਾਉਣ ਦੀ ਹਿੰਮਤ ਨਹੀਂ ਸੀ। ਪੈਰ ਜ਼ਮੀਨ ਵਿਚ ਧੱਸਦੇ ਜਾ ਰਹੇ ਸਨ।

'ਗਿਆਨੀ ਕੀ ਮੋਰ ਵਾਂਗ ਨੀਵੀਂ ਪਾਈ ਝਾਕੀ ਜਾਨੈ ਪੈਰਾਂ ਵਲ। ਬੂਥਾ ਉਤਾਂਹ ਚੁੱਕ ਤੇ ਗੱਲ ਕਰ ਮੇਰੇ ਨਾਲ। ਨਾਲ ਦੀ ਤੇਰੀ ਬਿਠਾਈ ਐ ਸਦਰ ਥਾਣੇ। ਏ ਤੋਂ ਜੈਡ ਤਕ ਦਸ ਤੀ ਕਹਾਣੀ ਉਹਨੇ ਸਾਰੀ ਦੀ ਸਾਰੀ। ਹੁਣ ਬੋਟ ਵਾਂਗ ਮੂੰਹ ਟੱਡਿਆਂ ਨਹੀਂ ਸਰਨਾ। ਮੁਹੱਲੇ ਦੇ ਦੋ ਚਾਰ ਮੋਹਤਬਰ ਨਾਲ ਲੈ ਕੇ ਆ ਜਾ ਥਾਣੇ, ਬਹਿ ਕੇ ਗਲ ਕਰੀਏ ਕੀ ਕਰਨਾ ਉਸਦਾ? ਨਹੀਂ ਤਾਂ ਅੱਜ ਲਵਾਂਗੇ ਰਿਮਾਂਡ ਉਸਦਾ ਤੇ ਵੇਖੀਂ ਫਿਰ ਕਿਵੇਂ ਤੋਤੇ ਵਾਂਗ ਹੋਰ ਅਗਲੀਆਂ ਪਿਛਲੀਆਂ ਪਟਾਕਦੀ ਐ। ਬਾਅਦ 'ਚ ਜੇਲ੍ਹ 'ਚ ਕਰੀਂ ਮੁਲਾਕਾਤਾਂ ਗਿਆਨਣ ਆਪਣੀ ਨਾਲ। ਹੁਣ ਐਵੇਂ ਝਾਕੀ ਜਾਨੈ ਜਿਵੇਂ ਗੁੰਗੀ ਯਕੇ ਵਲ ਝਾਕਦੀ ਐ।' ਏਨਾ ਕਹਿ ਕੇ ਥਾਣੇਦਾਰ ਤਾਂ ਚਲਾ ਗਿਆ ਪਰ ਮੈਨੂੰ ਕਿਸੇ ਅੰਨ੍ਹੇ ਖੂਹ ਵਿਚ ਸੁੱਟ ਗਿਆ। ਕਈ ਭੰਨ ਤੋੜ ਕਰਕੇ ਨਲਕਾ ਲਵਾਉਣ ਲਈ ਇਕੱਠੇ ਕੀਤੇ ਪੈਸੇ ਪਾਲੇ ਪ੍ਰਧਾਨ ਨੂੰ ਫੜਾਏ। ਸਾਰਾ ਦਿਨ ਥਾਣੇ 'ਚ ਗਲੀ ਮੁਹੱਲੇ ਵਾਲਿਆਂ ਸਾਹਮਣੇ ਜ਼ਲੀਲ ਹੁੰਦਾ ਰਿਹਾ। ਰਾਤ ਪਈ ਸੋਨੂ ਦੀ ਮਾਂ ਪ੍ਰਧਾਨ ਦੇ ਨਾਲ ਥਾਣਿਓਂ ਬਾਹਰ ਆਈ। ਬੀਬੀ ਵਲੋਂ ਵਿਆਹ 'ਤੇ ਪਾਈਆਂ ਸੋਨੇ ਦੀਆਂ ਵਾਲੀਆਂ ਉਸਦੇ ਕੰਨਾਂ ਵਿਚੋਂ ਗਾਇਬ ਸਨ। ਇਹ ਵੀ ਇਸ ਸਮਝੌਤੇ ਦੇ ਲੇਖੇ ਲਗ ਗਈਆਂ, ਇਸ ਦੀ ਮੈਨੂੰ ਬਾਅਦ 'ਚ ਸਮਝ ਲੱਗੀ। ਥਾਣਿਓਂ ਘਰ ਆਉਂਦਿਆਂ ਮੈਂ ਟੈਂਪੂ 'ਚ ਇਸ ਤਰ੍ਹਾਂ ਬੈਠਾ ਸਾਂ ਜਿਵੇਂ ਕਿਸੇ ਨੇ ਚੰਗਾ ਕੁੱਟ ਕੁੱਟ ਕੇ ਬੇਹਾਲ ਕੀਤਾ ਹੋਵੇ। ਬੇਸ਼ਕ ਮੈਂ ਆਪਣੀ ਪਤਨੀ ਨੂੰ ਵੇਖ ਵੀ ਰਿਹਾ ਸੀ ਤੇ ਨਿਹਾਰ ਵੀ ਰਿਹਾ ਸੀ, ਪਰ ਨਾਲ ਦੀ ਨਾਲ ਇਹ ਪ੍ਰਭਾਵ ਵੀ ਦੇਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਮੇਰੀ ਉਸ ਵਲ ਬਹੁਤੀ ਤਵਜੋ ਨਹੀਂ। ਅੰਦਰੋਂ ਮੈਂ ਕਾਫੀ ਹਿੱਲ ਗਿਆ ਸਾਂ, ਪਰ ਬਾਹਰੋਂ ਸ਼ਾਂਤ ਅਤੇ ਸੰਜੀਦਾ ਹੋਣ ਦਾ ਮੁਜ਼ਾਹਰਾ ਕਰ ਰਿਹਾ ਸਾਂ। ਮੈਂ ਸੋਨੂੰ ਦੀ ਮਾਂ ਵਲ ਸਰਸਰੀ ਨਜ਼ਰ ਮਾਰਦਾ। ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਜਿਵੇਂ ਮੈਂ ਕੁਝ ਜਾਣਦਾ ਹੀ ਨਾ ਹੋਵਾਂ, ਪਰ ਮੇਰਾ ਸਾਰਾ ਵਜੂਦ ਸੁੱਕੇ ਪੱਤੇ ਵਾਂਗ ਥਰ ਥਰ ਕੰਬ ਰਿਹਾ ਸੀ। ਮੇਰੇ ਦਿਮਾਗ ਵਿਚ ਇਕ ਖਿਆਲ ਆਉਂਦਾ ਤੇ ਇਕ ਜਾਂਦਾ। ਮੈਂ ਇਸ ਸਾਰੇ ਦ੍ਰਿਸ਼ ਨੂੰ ਛੱਡ ਦੇਣ ਦੀ ਕੋਸ਼ਿਸ਼ ਕਰਦਾ ਪਰ ਸਭ ਅਸਫਲ।

ਗਲੀ ਵਿਚ ਹੁਣ ਕੋਈ ਰੌਲਾ ਰੱਪਾ ਸੁਣਾਈ ਨਹੀਂ ਦਿੰਦਾ। ਆਪਣਾ ਬੋਝਲ ਦਿਮਾਗ ਹਲਕਾ ਕਰਨ ਲਈ ਮੈਂ ਕੰਧ ਨਾਲ ਢੋਹ ਲਾਉਂਦਾ ਹਾਂ। ਮੇਰੇ ਮੱਥੇ ਉਪਰ ਡਲ੍ਹਕ ਰਹੇ ਪਸੀਨੇ ਦੇ ਤੁਪਕੇ ਘਟ ਨਹੀਂ ਰਹੇ ਸਗੋਂ ਵਧ ਹੀ ਰਹੇ ਹਨ। ਮੱਥਾ ਪੂੰਝ ਕੇ ਮੈਂ ਆਪਣੇ ਬੁੱਲ੍ਹਾਂ 'ਤੇ ਜ਼ਬਾਨ ਫੇਰਦਾ ਹਾਂ। ਸੁੱਕੇ ਬੁੱਲ੍ਹਾਂ 'ਤੇ ਸਿੱਕਰੀ ਜੰਮੀ ਪਈ ਐ। ਜੱਗ ਵਿਚੋਂ ਦੋ ਘੁਟ ਪਾਣੀ ਪੀ ਕੇ ਆਪਣੇ ਆਪ ਨੂੰ ਸਹਿਜ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਜੱਗ ਹੇਠਾਂ ਰੱਖ ਕੇ ਦੁਬਾਰਾ ਕੰਧ ਨਾਲ ਢੋਹ ਲਾਉਣ ਲਈ ਪਿਛਾਂਹ ਨੂੰ ਖਿਸਕਦਿਆਂ, ਮੈਂ ਲੁਕਵੀਂ ਜਿਹੀ ਨਜ਼ਰੇ ਪਿਛਲੇ ਕਮਰੇ ਵਲ ਝਾਤੀ ਮਾਰਦਾ ਹਾਂ। ਕੋਈ ਖਾਸ ਹਿਲਜੁਲ ਵਿਖਾਈ ਨਹੀਂ ਦਿੰਦੀ। ਪਿਛਲੇ ਕਮਰੇ 'ਚ ਗੁੰਮ-ਸੁੰਮ ਲੇਟੀ ਮੇਰੀ ਪਤਨੀ ਫਿਰ ਮੇਰੀਆਂ ਸੋਚਾਂ ਦਾ ਹਿੱਸਾ ਬਣ ਜਾਂਦੀ ਐ। ਛੋਟੀ ਉਮਰ, ਲੋਹੜੇ ਦਾ ਰੂਪ, ਸਿਖਰ ਦੁਪਹਿਰ ਵਰਗਾ ਲਾਲ ਭਖ-ਭਖ ਕਰਦਾ ਰੰਗ ਤੇ ਦੁੱਧ ਚਿੱਟੇ ਕਪੜੇ ਪਾਈ ਭਰਪੂਰ ਔਰਤ ਜਿਵੇਂ ਮੈਨੂੰ ਕਹਿ ਰਹੀ ਹੋਵੇ, 'ਭਲਿਆ ਲੋਕਾ, ਘਰ ਦੀ ਤੰਗੀ ਤੁਰਸ਼ੀ ਤਾਂ ਮੈਂ ਔਖੇ-ਸੌਖੇ ਝਲਦੀ ਰਹੀ ਹਾਂ, ਹੁਣ ਤੂੰ ਹੀ ਦਸ ਮੈਂ ਕਿਹੜੀ-ਕਿਹੜੀ ਭੁੱਖ ਨੂੰ ਜਰਦੀ? ਕਿੰਜ ਆਪਣੀਆਂ ਖਾਹਸ਼ਾਂ ਨੂੰ ਕਾਬੂ 'ਚ ਰਖਦੀ? ਆਪਣਾ ਦੋਹਾਂ ਦਾ ਤਾਂ ਰੇਲ ਦੀ ਪਟੜੀ ਵਾਂਗ ਕਿਤੇ ਮੇਲ ਹੀ ਨਾ ਹੋਇਆ। ਜਦੋਂ ਤੇਰਾ ਵੇਲਾ ਸੀ ਉਦੋਂ ਮੈਂ ਨਿਆਣੀ ਸਾਂ। ਬੇਸਮਝ। ਜਦੋਂ ਮੈਨੂੰ ਔਰਤ ਮਰਦ ਦੇ ਰਿਸ਼ਤੇ ਵਿਚੋਂ ਮਹਿਕ ਆਉਣ ਲੱਗੀ ਉਦੋਂ ਤੂੰ ਬੁਝਦੇ ਦੀਵੇ ਦੀ ਤਰ੍ਹਾਂ ਛਟਪਟਾਉਣ ਲੱਗਾ। ਇਹ ਤਾਂ ਮਰਦਿਆਂ ਅੱਕ ਚੱਬਿਆ। ਕੋਈ ਸ਼ੌਕ ਨੂੰ ਨਹੀਂ। ਤੈਨੂੰ ਬੜਾ ਫਿਕਰ ਰਹਿੰਦਾ, ਧਰਤੀ ਹੇਠਲੇ ਪਾਣੀ ਦਾ। ਕਿਤੇ ਜੀਵਨ ਦੀ ਡੂੰਘੀ ਖੂਹੀ ਵਿਚ ਵੀ ਲੱਜ ਸੁੱਟ ਕੇ ਵੇਖਣੀ ਸੀ। ਮੇਰੇ 'ਚੋਂ ਦਿਸਦੀ ਕਸ਼ਮੀਰੇ ਦੀ ਵੱਖੀ ਨਾਲ ਜੁੜ ਕੇ ਬੈਠੀ ਆਪਣੀ ਬੀਬੀ ਨੂੰ ਵੇਖ ਕੇ ਹੀ ਕੁਝ ਸਮਝ ਲੈਣਾ ਸੀ।

ਮੇਰੇ ਪੈਰਾਂ ਦੀਆਂ ਤਲੀਆਂ ਵਿਚੋਂ ਸੇਕ ਉਠਣ ਲੱਗਦਾ ਹੈ। ਵਾਰ-ਵਾਰ ਮੱਥਾ ਪੂੰਝਦਿਆਂ ਕਮੀਜ਼ ਦੇ ਕਫ਼ ਗਿਲੇ ਹੋ ਗਏ ਹਨ। ਮੇਰੀ ਸੁਰਤੀ ਕਮਰੇ ਅੰਦਰ ਮੁੜਦੀ ਹੈ। ਕਿਸੇ ਦੇ ਮੰਜੇ ਤੋਂ ਉਠਣ ਤੇ ਪੈਰੀਂ ਚੱਪਲ ਫਸਾਉਣ ਦੀ ਹਿਲਜੁਲ ਸੁਣਦੀ ਹੈ। ਮੇਰੀ ਪਤਨੀ ਆਪਣੀ ਆਦਤ ਮੁਜਬ ਪੈਰ ਘਸੀਟਦੀ ਅੰਦਰੋਂ ਨਿਕਲ ਹੌਲੀ ਹੌਲੀ ਤੁਰਦੀ ਮੇਰੇ ਲਾਗੇ ਆ ਖਲੋਂਦੀ ਹੈ। ਮੇਰੇ ਵਿਚੋਂ ਉਹਦੇ ਚਿਹਰੇ ਵਲ ਤੱਕਣ ਦੀ ਤਾਕਤ ਮਨਫ਼ੀ ਹੋ ਜਾਂਦੀ ਹੈ। ਉਹਦਾ ਸਾਹਮਣਾ ਕਰਨ ਦੀ ਜਿਵੇਂ ਮੇਰੇ ਵਿਚ ਹਿੰਮਤ ਹੀ ਨਾ ਹੋਵੇ। ਸਾਡੇ ਦੋਹਾਂ ਦਰਮਿਆਨ ਸੰਘਣੀ ਹੁੰਦੀ ਚੁੱਪ ਭਾਰੀ ਹੋਣ ਲਗਦੀ ਹੈ। ਫਿਰ ਉਹ ਹਲਕੇ ਜਿਹਾ ਫੁਸਫੁਸਾਉਂਦੀ ਹੈ, 'ਮੈਨੂੰ ਪਤਾ ਹੈ ਤੁਸੀਂ ਦੁਖੀ ਓ, ਮੇਰੇ ਕਾਰਨ ਤੁਹਾਨੂੰ ਨਮੋਸ਼ੀ ਝਲਣੀ ਪਈ ਹੈ। ਪਰ ਵੇਖੋ ਮੈਂ ਵੀ ਤਾਂ ਕਈ ਨਮੋਸ਼ੀਆਂ ਝੱਲੀਆਂ ਨੇ, ਸਜ਼ਾਵਾਂ ਕਟੀਆ ਨੇ…।' ਮੈਂ ਸਿਰ ਸੁੱਟੀ ਉਹਦੀ ਆਵਾਜ਼ ਸੁਣਦਾ ਹਾਂ। ਪਰ ਉਹਦੇ ਵਲ ਤੱਕਣ ਦੀ ਜੁਰਅਤ ਨਹੀਂ ਜੁਟਾ ਪਾਉਂਦਾ। ਮੇਰਾ ਕੋਈ ਹੁੰਗਾਰਾ ਨਾ ਪਾ ਕੇ ਉਹ ਫਿਰ ਗੱਲ ਤੋਰਦੀ ਹੈ।

ਜੋ ਬੀਤ ਗਿਆ ਉਸਨੂੰ ਭੁਲਾਇਆ ਨਹੀਂ ਜਾ ਸਕਦਾ, ਪਰ ਇਹ ਵੀ ਸਚ ਐ ਕਿ ਇਸਨੂੰ ਫਰੋਲਣ ਦਾ ਕੋਈ ਫਾਇਦਾ ਨਹੀਂ। ਜੋ ਹੋ ਗਿਆ ਸੋ ਹੋ ਗਿਆ। ਸ਼ਾਇਦ ਨੀਲੀ ਛਤ ਵਾਲੇ ਨੇ ਇਹੋ ਕੁਝ ਲਿਖਿਆ ਸੀ ਸਾਡੀ ਕਿਸਮਤ ਵਿਚ।' ਮੈਂ ਸਿਰ ਚੁੱਕ ਕੇ ਓਪਰੀ ਨਜ਼ਰੇ ਉਸ ਵਲ ਤਕਦਾ ਹਾਂ। ਉਸਦਾ ਰੰਗ ਪੀਲਾ ਜ਼ਰਦ ਹੋਇਆ ਪਿਆ ਹੈ। ਕਿਸੇ ਮਾਨਸਕ ਵਿਸ਼ਾਦ ਦਾ ਸੰਘਣਾ ਪ੍ਰਛਾਵਾਂ ਉਸਦੇ ਚਿਹਰੇ 'ਤੇ ਵੇਖਦਾ ਹਾਂ। ਉਹ ਮੇਰੇ ਮੋਢੇ 'ਤੇ ਹੱਥ ਰਖਦੀ ਗੱਲ ਅਗਾਂਹ ਤੋਰਦੀ ਹੈ, 'ਜੋ ਕੁਝ ਹੋਇਆ ਉਸਨੂੰ ਮਾੜਾ ਸੁਪਨਾ ਸਮਝਕੇ ਭੁਲ ਜਾਈਏ। ਆਪਣੀ ਜ਼ਿੰਦਗੀ ਦੇ ਤੰਦ ਨੂੰ ਨਵੇਂ ਸਿਰਿਉਂ ਸ਼ੁਰੂ ਕਰੀਏ। ਹਿੰਮਤ ਕਰੀਏ। ਢੇਰੀ ਨਾ ਢਾਹੀਏ। ਰੁਲ ਜਾਣਗੇ ਸਾਡੇ ਛੋਟੇ ਛੋਟੇ ਜੁਆਕ।' ਫਿਰ ਥੋੜ੍ਹਾ ਰੁਕ ਕੇ ਉਹ ਆਪਣੀ ਗਲ ਜਾਰੀ ਰੱਖਦਿਆਂ ਕਹਿੰਦੀ ਹੈ, 'ਤੁਸੀਂ ਕਿਸੇ ਹੋਰ ਮੁਹੱਲੇ 'ਚ ਮਕਾਨ ਲਭੋ। ਮੈਂ ਉਸਨੂੰ ਘਰ ਬਣਾਵਾਂਗੀ। ਆਪਣੇ ਨਿਕੇ-ਨਿਕੇ ਬੋਟਾਂ ਨਾਲ ਨਵੇਂ ਆਲ੍ਹਣੇ 'ਚ ਨਵੀਂ ਸਵੇਰ ਨਾਲ ਨਵਾਂ ਜੀਵਨ ਸ਼ੁਰੂ ਕਰਾਂਗੀ।'

ਆਪਣੀ ਪਤਨੀ ਦੇ ਮੂੰਹੋਂ ਇਹ ਬੋਲ ਸੁਣ ਕੇ ਮੈਨੂੰ ਸਿਰ ਤੋਂ ਪੈਰਾਂ ਤਕ ਝੁਣਝਣੀ ਜਿਹੀ ਫਿਰਦੀ ਹੈ। ਹੈਰਾਨ ਹੁੰਦਾ ਹਾਂ। ਉਸੇ ਤਰ੍ਹਾਂ ਹੈਰਾਨ ਜਿਸ ਤਰ੍ਹਾਂ ਕਿਸੇ ਚਿਰਾਂ ਦੇ ਗੁਆਚੇ ਹੋਏ ਦੇ ਲਭ ਜਾਣ ਦੀ ਖਬਰ ਹੋਵੇ ਜਾਂ ਮੇਰੀ ਖੱਬੀ ਅੱਖ ਵਿਚ ਦੀ ਰੌਸ਼ਨੀ ਪਰਤ ਆਈ ਹੋਵੇ। ਮੈਨੂੰ ਆਪਣੇ ਆਪ 'ਤੇ ਯਕੀਨ ਨਹੀਂ ਆਉਂਦਾ, ਮੇਰੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ। ਕੁਝ ਸਮੇਂ ਬਾਅਦ ਆਪਣੇ ਆਪ ਨੂੰ ਆਮ ਹਾਲਤ ਵਿਚ ਮਹਿਸੂਸ ਕਰਦਾ ਹਾਂ ਤਾਂ ਮੇਰੀ ਨਜ਼ਰ ਵਿਚ ਭਾਈ ਮੰਝ ਵਾਲੀ ਸੜਕ 'ਤੇ ਬਣੀ ਅਬਾਦੀ ਵਾਲੇ ਮਕਾਨ ਘੁੰਮਦੇ ਹਨ, ਜਿਥੇ ਚੰਗੀ ਹਾਲਤ ਵਿਚ ਕਮਰਾ ਮਿਲਣਾ ਕੋਈ ਮੁਸ਼ਕਲ ਨਹੀਂ ਜਾਪਦਾ। ਮੈਂ ਮੰਜੇ ਦੀਆਂ ਬਾਹੀਆਂ ਫੜ ਕੇ ਉਠਣ ਦੀ ਕੋਸ਼ਿਸ਼ ਕਰਦਾ ਹਾਂ। ਸੁੱਤ ਉਨੀਂਦੀਆਂ ਅੱਖਾਂ ਜ਼ੋਰ ਲਾ ਕੇ ਖੋਲ੍ਹਦਾ ਹਾਂ ਤੇ ਗੱਡੇ ਵਾਂਗ ਬੋਝਲ ਹੋਏ ਸਿਰ ਨੂੰ ਚੁੱਕਦਾ ਹਾਂ। ਉਹਦੀਆਂ ਅੱਖਾਂ ਵਿਚ ਝਾਕਦਾ ਹਾਂ। ਉਹ ਮੇਰੇ ਵਲ ਤੱਕਦੇ ਸਾਰ ਅੱਖਾਂ ਨੀਵੀਆਂ ਕਰ ਲੈਂਦੀ ਹੈ। ਉਹਦੇ ਜ਼ਰਦ ਚਿਹਰੇ 'ਤੇ ਨਮੋਸ਼ੀ ਦੀ ਤਹਿ ਜੰਮੀ ਹੋਈ ਮੈਂ ਤੱਕਦਾ ਹਾਂ। ਮੇਰੇ ਜ਼ਿਹਨ 'ਚ ਰਾਤਾਂ ਦੀਆਂ ਸ਼ਿਫਟਾਂ ਲਾਉਂਦੇ ਭਾਪੇ ਦਾ ਅਕਸ ਗੁਜ਼ਰਦਾ ਹੈ, ਫਿਰ ਬੀਬੀ ਦਾ ਗੁਸੈਲ ਚਿਹਰਾ, ਆਪਣੀ ਪਤਨੀ ਦੇ ਬੋਲ, ਆਪਣਾ ਹੀਣਾਪਣ ਤੇ…ਜਾਮ ਹੋਈ ਆਪਣੀ ਸੋਚ ਵਿਚ ਕੁਝ ਸਰਕਦਾ ਮਹਿਸੂਸ ਕਰਦਾ ਹਾਂ। ਪਤਾ ਨਹੀਂ ਕਿਉਂ ਮੇਰੀ ਅੱਖ ਸਿੱਲੀ ਹੋ ਜਾਂਦੀ ਹੈ ਤੇ ਇਕ ਕੋਸਾ ਹੰਝੂ ਅਛੋਪਲੇ ਜਿਹੇ ਸੱਜੀ ਮੁੱਛ ਵਿਚ ਜਾ ਗੁਆਚਦਾ ਹੈ। ਮੈਨੂੰ ਜਾਪਦਾ ਹੈ ਜਿਵੇਂ ਖੌਲਦੇ ਸਾਗਰ ਬਹਿ ਗਏ ਹੋਣ। ਸਭ ਕੁਝ ਆਮ ਵਾਂਗ ਹੋ ਗਿਆ ਹੋਵੇ।

# ਪੰਜਾਬ ਵਿਚ ਵਿੱਦਿਆ ਦੇ ਮੰਦ-ਭਾਗ -1

ਜੇ ਬਿਨਾਂ ਕਿਸੇ ਖੂਨ-ਖਰਾਬੇ ਤੋਂ ਕੋਈ ਕੌਮ ਖਤਮ ਕਰਨੀ ਹੈ ਤਾਂ ਉਸ ਦੀ ਬੋਲੀ ਖਤਮ ਕਰ ਦੇਵੋ; ਜੇ ਨਸਲ ਖਤਮ ਕਰਨੀ ਹੈ ਤਾਂ ਉਨ੍ਹਾਂ ਨੂੰ ਨਸ਼ਿਆਂ 'ਤੇ ਲਾ ਦੇਵੋ; ਜੇ ਮੁਲਕ ਖਤਮ ਕਰਨਾ ਹੈ ਤਾਂ ਉਹਦੀ ਪੜ੍ਹਾਈ ਖਤਮ ਕਰ ਦੇਵੋ। ਪੰਜਾਬ ਉਪਰ ਇਹ ਤਿੰਨੋਂ ਹਮਲੇ ਹੋ ਰਹੇ ਹਨ।

**ਬਰਤਾਨਵੀ ਰਾਜ ਦਾ ਯੋਗਦਾਨ:**

ਪੰਜਾਬੀ ਜ਼ੁਬਾਨ ਦਾ ਪਤਨ, 1849 ਤੋਂ ਸ਼ੁਰੂ ਹੋ ਗਿਆ ਸੀ ਜਦੋਂ ਅੰਗਰੇਜ਼ਾਂ ਵੱਲੋਂ ਪੰਜਾਬ 'ਤੇ ਪੂਰਾ ਕਬਜ਼ਾ ਕਰ ਲਿਆ ਗਿਆ ਸੀ। ਪੰਜਾਬੀ ਜ਼ੁਬਾਨ ਦਾ ਪਤਨ ਕਿਉਂ ਅਤੇ ਕਿਵੇਂ ਕੀਤਾ ਗਿਆ

**ਪ੍ਰੋ. ਡਾ. ਜੈ ਰੂਪ ਸਿੰਘ**
**ਫੋਨ: +91-98769-55155**

ਇਸ ਦਾ ਖੁਲਾਸਾ ਡਾ. ਜੀ. ਡਬਲਿਊ. ਲਾਈਟਨਰ, ਜਿਸ ਨੂੰ ਅੰਗਰੇਜ਼ੀ ਸਾਮਰਾਜ ਵੱਲੋਂ ਇਸ ਕੰਮ ਦਾ ਬੀੜਾ ਚੁਕਾਇਆ ਗਿਆ ਸੀ, ਦੀ ਆਪਣੀ ਇਕ ਕਿਤਾਬ, 'ਪੰਜਾਬ ਵਿਚ ਸੁਦੇਸ਼ੀ ਸਿੱਖਿਆ ਦਾ ਇਤਿਹਾਸ-ਕਬਜ਼ੇ ਵੇਲੇ ਤੇ 1882 ਵਿਚ' ਵਿਚ ਹੈ। ਡਾ. ਲਾਈਟਨਰ ਨੇ ਬੜੇ ਨਿਰਪੱਖ ਤੇ ਸਪਸ਼ਟ ਢੰਗ ਨਾਲ ਪੰਜਾਬ ਦੀ ਅਸਲ ਸਥਿਤੀ ਦਾ ਉਘਾੜ ਆਪਣੀ ਇਸ 1882 ਵਿਚ ਛਪੀ ਕਿਤਾਬ ਵਿਚ ਕੀਤਾ ਹੈ। ਇਸ ਕਿਤਾਬ ਦਾ ਨਿਚੋੜ, ਉਸ ਦੇ ਆਪਣੇ ਸ਼ਬਦਾਂ ਵਿਚ : 'ਪੰਜਾਬ ਦੀ ਅਸਲੀ ਸਿੱਖਿਆ ਲੂਲ੍ਹੀ ਕਰ ਦਿੱਤੀ ਗਈ, ਇਸ 'ਤੇ ਠੱਲ੍ਹ ਪਾ ਦਿੱਤੀ ਤੇ ਤਕਰੀਬਨ ਫਨਾ ਕਰ ਦਿੱਤੀ ਹੈ।'

ਡਾ. ਲਾਈਟਨਰ ਮੁਤਾਬਕ, 1849 ਵੇਲੇ ਕੋਈ ਵੀ ਮਸਜਿਦ, ਮੰਦਰ ਜਾਂ ਧਰਮਸ਼ਾਲਾ ਬਿਨਾਂ ਸਕੂਲ ਤੋਂ ਨਹੀਂ ਸੀ। ਹਜ਼ਾਰਾਂ ਧਰਮ-ਨਿਰਪੱਖ ਸਕੂਲ ਅਜਿਹੇ ਸਨ ਜਿਨ੍ਹਾਂ ਵਿਚ ਮੁਸਲਮਾਨ, ਹਿੰਦੂ ਤੇ ਸਿੱਖ ਇਕੱਠੇ ਪੜ੍ਹਦੇ ਸਨ। ਇਨ੍ਹਾਂ ਸਕੂਲਾਂ ਵਿਚ ਪਰਸ਼ੀਅਨ ਜਾਂ ਲੰਡਿਆਂ ਦੀ ਪੜ੍ਹਾਈ ਹੁੰਦੀ ਸੀ। ਪਹਿਲਾਂ ਪੰਜਾਬੀ ਨੂੰ ਉਜੱਡਾਂ ਦੀ ਜ਼ੁਬਾਨ ਦਾ ਰੁਤਬਾ ਦੇ ਕੇ ਸਕੂਲਾਂ ਵਿਚੋਂ ਕੱਢਿਆ ਗਿਆ ਤੇ ਫੇਰ ਪਰਸ਼ੀਅਨ-ਪੰਜਾਬੀ, ਜੋ ਇਸ ਇਲਾਕੇ ਵਿਚ ਮੁੱਦਤਾਂ ਤੋਂ ਪੜ੍ਹਾਈ ਜਾਂਦੀ ਸੀ-ਉਸ ਦੀ ਥਾਂ ਦਿੱਲੀ ਦੀ ਉਪਭਾਸ਼ਾ ਵਾਲਾ ਉਰਦੂ ਲਾਗੂ ਕੀਤਾ ਗਿਆ ਤੇ ਫੇਰ ਅੰਗਰੇਜ਼ੀ ਨੂੰ ਦਾਖਲ ਕੀਤਾ। ਉਰਦੂ ਤੇ ਅੰਗਰੇਜ਼ੀ ਦੀ ਮੁਹਾਰਤ ਨਾਲ ਨੌਕਰੀਆਂ ਜੋੜ ਦਿੱਤੀਆਂ ਗਈਆਂ। ਪੰਜਾਬ ਦੀ ਅਸਲ ਸਿੱਖਿਆ, ਦਿਮਾਗੀ, ਇਖਲਾਕੀ ਤੇ ਸਭਿਆਚਾਰਕ ਰੰਗ ਵਿਚ ਰਚੀ ਹੋਈ ਸੀ ਤੇ ਇਸ ਨੂੰ ਇਕ ਧਰਮ, ਇਕ ਸਮਾਜਿਕ ਕਰਤੱਵ ਤੇ ਗਿਆਨ ਹਾਸਲ ਕਰਨ ਦਾ ਰਾਹ ਮੰਨਿਆ ਜਾਂਦਾ ਸੀ। ਇਸ ਨੂੰ ਬਦਲ ਕੇ ਇਕ ਨਿਰੋਲ ਦੁਨਿਆਵੀ ਰੰਗਤ ਦੇ ਦਿੱਤੀ ਗਈ ਅਤੇ ਸਿਰਫ ਨੌਕਰੀ ਹਾਸਲ ਕਰਨ ਦਾ ਜ਼ਰੀਆ ਬਣਾ ਦਿੱਤਾ ਗਿਆ। ਜਿਹੜੀ ਸਰਵ-ਧਰਮੀ ਸਿੱਖਿਆ, ਸਾਂਝੇ ਅਦਾਰਿਆਂ ਵਿਚ ਚਲਦੀ, ਇਕ ਦੂਸਰੇ ਦੇ ਧਰਮ ਦੀ ਇੱਜ਼ਤ ਕਰਨਾ ਸਿਖਾਉਂਦੀ ਸੀ, ਉਹ ਮੁਕਾ ਦਿੱਤੀ ਗਈ। ਬਦੇਸ਼ੀ ਜ਼ੁਬਾਨਾਂ (ਉਰਦੂ, ਅੰਗਰੇਜ਼ੀ) ਵਿਚ ਪੜ੍ਹਾਈ ਕਰਨ ਵਾਲੇ ਬੱਚਿਆਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਦੇ ਮਾਪੇ, ਜੋ ਸਿਰਫ ਪੰਜਾਬੀ, ਲੰਡੇ ਜਾਂ ਪਰਸ਼ੀਅਨ ਹੀ ਜਾਣਦੇ ਸਨ, ਸਾਰੇ ਅਨਪੜ੍ਹ ਬਣਾ ਦਿੱਤੇ ਗਏ। ਉਨ੍ਹਾਂ ਲਈ ਅਸਲ ਸਿੱਖਿਆ ਹੁਣ ਸਿਰਫ ਬਰਤਾਨਵੀ ਸਰਕਾਰ ਦੀ ਸਕੂਲੀ ਸਿੱਖਿਆ ਹੀ ਰਹਿ ਗਈ। ਨਤੀਜੇ ਵਜੋਂ ਉਨ੍ਹਾਂ ਨੂੰ ਆਪਣੇ ਮਾਪਿਆਂ ਤੋਂ ਜੋ ਅਸਲ, ਇਖਲਾਕੀ, ਨੈਤਿਕ ਤੇ ਜ਼ਿੰਦਗੀ ਦੇ ਵਿਹਾਰਕ ਫਰਜ਼ਾਂ ਦੀ ਸਿੱਖਿਆ ਲੈਣੀ ਸੀ ਉਸ ਤੋਂ ਵਾਂਝੇ ਕਰ ਦਿੱਤਾ ਗਿਆ। ਇਹ ਬਰਤਾਨਵੀ ਸਰਕਾਰ ਨੂੰ ਬਹੁਤ ਅਨੁਕੂਲ ਆਉਂਦਾ ਸੀ। ਇਹ ਇਕ ਦੋ-ਧਾਰੀ ਹਮਲਾ ਸੀ। ਇਕ ਪਾਸੇ ਅਸਲ ਪੜ੍ਹਾਈ ਖਤਮ ਕਰ ਦਿੱਤੀ ਗਈ; ਪੜ੍ਹੇ ਲਿਖੇ ਅਨਪੜ੍ਹ ਬਣਾ ਦਿੱਤੇ ਗਏ ਤੇ ਅਨਪੜ੍ਹਤਾ ਦੀ ਆੜ ਵਿਚ ਬਜ਼ੁਰਗਾਂ ਦੀ ਕਦਰ ਘਟਾ ਦਿੱਤੀ ਗਈ। ਅੰਗਰੇਜ਼ਾਂ ਦੀ ਦਲੀਲ ਸੀ ਕਿ ਉਹ ਵਧੀਆ ਕਿਸਮ ਦੀ ਉੱਤਮ ਸਿੱਖਿਆ ਦੇ ਰਹੇ ਹਨ ਜਿਸ ਨੂੰ ਹਾਸਲ ਕਰਨ ਉਪਰੰਤ ਦੇਸੀਆਂ ਨੂੰ ਸਰਕਾਰੀ ਨੌਕਰੀਆਂ ਮਿਲ ਸਕਣਗੀਆਂ।

ਇਨ੍ਹਾਂ ਕਾਰਵਾਈਆਂ ਦੀ ਬਦੌਲਤ, ਡਾ. ਲਾਈਟਨਰ ਦੇ ਆਪਣੇ ਸ਼ਬਦਾਂ ਮੁਤਾਬਕ : 'ਇਸ ਵਿਚ ਕੋਈ ਸ਼ੱਕ ਨਹੀਂ ਕਿ ਬਰਤਾਨਵੀ ਰਾਜ ਦੌਰਾਨ ਸੁਦੇਸ਼ੀ ਸਿੱਖਿਆ ਤਹਿਸ-ਨਹਿਸ ਹੋਈ ਅਤੇ ਅਨਪੜ੍ਹਤਾ ਵਧੀ ਹੈ।' ਉਸ ਦੇ ਦਿੱਤੇ ਅੰਕੜਿਆਂ ਮੁਤਾਬਕ ਪੰਜਾਬ ਉਪਰ ਅੰਗਰੇਜ਼ੀ ਕਬਜ਼ਾ ਹੋਣ ਵੇਲੇ 1849 ਵਿਚ ਘੱਟੋ-ਘੱਟ 3,30,000 ਬੱਚੇ ਸਕੂਲਾਂ ਵਿਚ ਪੜ੍ਹਦੇ ਸਨ ਪਰ ਇਹ 1882 ਵਿਚ ਸਿਰਫ 1,90,000 ਦੇ ਕਰੀਬ ਰਹਿ ਗਏ। ਉਸ ਵੇਲੇ ਪੰਜਾਬ ਦਾ ਹੁਸ਼ਿਆਰਪੁਰ ਜ਼ਿਲ੍ਹਾ ਜੋ ਪਿਛੜਿਆ ਗਿਣਿਆ ਜਾਂਦਾ ਸੀ, ਉਥੇ ਵੀ 1849 ਵਿਚ ਹਰ 1782 ਨਿਵਾਸੀਆਂ ਪਿੱਛੇ ਇਕ ਸਕੂਲ ਸੀ, ਪਰ 1882 ਵਿਚ ਇਹ ਘਟ ਕੇ ਹਰ 2819 ਨਿਵਾਸੀਆਂ ਪਿੱਛੇ ਇਕ ਸਕੂਲ ਰਹਿ ਗਿਆ। ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਨਾਲ ਇਹ ਕਿਤਾਬ ਭਰੀ ਪਈ ਹੈ ਕਿ ਕਿਵੇਂ ਬੋਲੀ ਅਤੇ ਪੜ੍ਹਾਈ ਦੋਨੋਂ ਤਬਾਹ ਕੀਤੀਆਂ ਗਈਆਂ।


ਇਹ ਸਾਰਾ ਕੁਝ ਬਹੁਤ ਸੋਚੀ ਸਮਝੀ ਵਿਉਂਤ ਰਾਹੀਂ ਕੀਤਾ ਗਿਆ ਸੀ। ਕਿਉਂਕਿ ਬਰਤਾਨਵੀ ਰਾਜ ਸਰਕਾਰ ਦਾ ਅਸਲ ਟੀਚਾ ਅਜਿਹੇ ਬਾਸ਼ਿੰਦੇ ਬਣਾਉਣੇ ਸਨ ਜੋ ਬਰਤਾਨਵੀ ਹਕੂਮਤ ਦੇ ਰਾਜ ਨੂੰ ਬਰਕਰਾਰ ਰੱਖਣ ਵਿਚ ਅਹਿਮ ਭੂਮਿਕਾ ਅਦਾ ਕਰਨ। ਉਨ੍ਹਾਂ ਨੂੰ ਆਪਣੀ ਪ੍ਰਤੀਨਿਧਤਾ ਕਰਨ ਲਈ ਸਧਾਰਨ ਹੇਠਲੀਆਂ ਪੱਧਰਾਂ ਉਪਰ ਅਧੀਨ-ਅਹਿਲਕਾਰ ਚਾਹੀਦੇ ਸਨ। ਇਸ ਲਈ ਇਕ ਅਜਿਹੀ ਸ਼੍ਰੇਣੀ ਬਣਾਉਣੀ ਸੀ ਜੋ ਦੇਖਣ-ਵੇਖਣ ਨੂੰ ਤੇ ਜਿਨਸੀ ਰੂਪ ਵਿਚ ਦੇਸੀ ਹੋਵੇ ਪਰ ਸੋਚ, ਵਿਚਾਰ, ਰੁਚੀ ਤੇ ਸ਼ੌਕ ਵਿਚ ਵਲੈਤੀ ਹੋਵੇ ਤੇ ਦੋ-ਭਾਸ਼ੀਆ ਨੁਮਾਇੰਦਿਆਂ ਵਾਂਗ ਅੰਗਰੇਜ਼ਾਂ ਦੇ ਹੁਕਮਾਂ ਨੂੰ ਮੁਸਤੈਦੀ ਨਾਲ ਲਾਗੂ ਕਰੇ ਤਾਂ ਜੋ ਅੰਗਰੇਜ਼ਾਂ ਨੂੰ ਰਾਜ ਕਰਨਾ ਸੁਖਾਵਾਂ ਹੋਵੇ। ਇਸ ਸਾਰੀ ਵਿਉਂਤ ਦਾ ਅਸਲ ਨਤੀਜਾ ਇਹ ਹੋਇਆ ਕਿ ਜੋ ਪੜ੍ਹਾਈ ਪਹਿਲਾਂ ਅਕਲ ਦਿੰਦੀ ਸੀ-ਉਹ ਡਿਗਰੀਆਂ ਲੈਣ ਤਕ ਸੀਮਤ ਹੋ ਕੇ ਨੌਕਰੀਆਂ ਰਾਹੀਂ ਹਕੂਮਤ ਦੇ ਭਾਈਵਾਲ ਬਣ ਕੇ ਗੁਲਾਮੀ ਨੂੰ ਸਥਾਈ ਬਣਾਉਣ ਲਈ ਸਹਾਈ ਹੋ ਗਈ।

ਇਹ ਸਿਲਸਿਲਾ ਬਾਖੂਬੀ ਨਾਲ ਆਜ਼ਾਦੀ ਤਕ ਚੱਲਦਾ ਰਿਹਾ। ਆਜ਼ਾਦੀ ਤੋਂ ਬਾਅਦ ਦੀਆਂ ਰਾਜ ਸਰਕਾਰਾਂ ਨੂੰ ਵੀ ਇਹ ਹਕੂਮਤ ਕਰਨ ਦਾ ਤਰੀਕਾ ਬਹੁਤ ਪਸੰਦ ਆਇਆ-ਜਿਸ ਕਰਕੇ ਇਹ ਹੁਣ ਤਾਈਂ ਵਧ ਫੁੱਲ ਰਿਹਾ ਹੈ।

**ਭਾਰਤ ਵਿਚ ਉਚ-ਸਿੱਖਿਆ ਦੀ ਗਿਰਾਵਟ**

ਆਜ਼ਾਦੀ ਤੋਂ ਬਾਅਦ ਜਦੋਂ ਤਕ ਭਾਰਤ ਦੀ ਵਾਗਡੋਰ ਪੜ੍ਹੇ-ਲਿਖੇ ਆਜ਼ਾਦੀ ਘੁਲਾਟੀਆਂ ਦੇ ਵਸ ਰਹੀ ਮੁਲਕ ਵਿਚ ਪੜ੍ਹਾਈ ਦੇ ਖੇਤਰ ਵੱਲ ਧਿਆਨ ਦਿੱਤਾ ਗਿਆ। ਨਵੇਂ ਕਾਲਜ, ਯੂਨੀਵਰਸਿਟੀਆਂ, ਆਈ.ਆਈ.ਟੀ. ਵਰਗੇ ਤਕਨੀਕੀ ਅਦਾਰੇ ਵਗੈਰਾ ਖੋਲ੍ਹੇ ਗਏ ਪਰ ਇਸ ਦੌੜ ਵਿਚ ਇਕ ਪੜਾਅ ਉਪਰ ਪੜ੍ਹਾਈ ਦੀ ਘੋੜੀ ਪਟੜੀ ਤੋਂ ਉਤਰ ਗਈ। ਪੜ੍ਹਿਆਂ ਲਿਖਿਆਂ ਨੇ ਸਰਕਾਰ ਦੀਆਂ ਨੀਤੀਆਂ ਨੂੰ ਘੋਖਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਬਣਦੇ ਹੱਕ ਮੰਗਣੇ ਸ਼ੁਰੂ ਕਰ ਦਿੱਤੇ। ਸਰਕਾਰਾਂ ਲਈ ਅਨਪੜ੍ਹਾਂ ਨੂੰ ਸਬਜ਼ ਬਾਗ ਵਿਖਾ ਕੇ, ਝਾਂਸੇ ਦੇ ਕੇ, ਮਗਰ ਲਾਉਣਾ ਸੌਖਾ ਹੁੰਦਾ ਹੈ। ਪਾੜ੍ਹਿਆਂ ਦੇ ਜਵਾਬ ਦੇਣੇ ਔਖੇ ਹੋ ਜਾਂਦੇ ਹਨ। ਸੋ ਸਰਕਾਰਾਂ ਨੇ ਵਿੱਦਿਆ ਖੇਤਰ ਨੂੰ ਚਿੱਟਾ ਹਾਥੀ ਸਮਝਣਾ ਸ਼ੁਰੂ ਕਰ ਦਿੱਤਾ।

ਮੁਲਕ ਵਿਚ ਸਿੱਖਿਆ ਦੇ ਡਿੱਗ ਰਹੇ ਮਿਆਰ ਬਾਰੇ ਵਾਰ-ਵਾਰ ਕਈ ਵੱਖ-ਵੱਖ ਅਦਾਰਿਆਂ ਵੱਲੋਂ ਚਿੰਤਾ ਜਤਾਈ ਜਾਂਦੀ ਰਹੀ ਹੈ। ਕੰਪਿਊਟਰ ਪ੍ਰੋਗਰਾਮਾਂ ਦੇ ਇਕ ਵੱਡੇ ਅਦਾਰੇ 'ਇਨਫੋਸਿਸ' ਦੀ 2006 ਦੀ ਰਿਪੋਰਟ ਮੁਤਾਬਕ ਉਨ੍ਹਾਂ ਕੋਲ ਆਈਆਂ 13 ਲੱਖ ਕੰਪਿਊਟਰ ਵਾਲਿਆਂ ਦੀਆਂ ਅਰਜ਼ੀਆਂ ਵਿਚੋਂ ਸਿਰਫ 2 ਫੀਸਦੀ ਤੋਂ ਘੱਟ ਉਮੀਦਵਾਰ ਕਿਸੇ ਨੌਕਰੀ ਬਾਰੇ ਜਾਚਣ-ਯੋਗ ਸਨ।




'ਯੂਨੀਵਰਸਿਟੀ ਗਰਾਂਟਸ ਕਮਿਸ਼ਨ' (ਯੂ.ਜੀ.ਸੀ) ਦੀ 2012-13 ਦੀ ਰਿਪੋਰਟ ਮੁਤਾਬਕ ਮੁਲਕ ਦੀਆਂ 28 ਫੀਸਦੀ ਯੂਨੀਵਰਸਿਟੀਆਂ ਅਤੇ 80 ਫੀਸਦੀ ਕਾਲਜ ਮਾੜੇ ਮਿਆਰ ਕਰ ਕੇ, ਇਸ ਅਦਾਰੇ ਵੱਲੋਂ ਮਾਲੀ ਸਹਾਇਤਾ ਲੈਣ ਦੇ ਯੋਗ ਨਹੀਂ ਸਨ। 'ਐਸੋਚੈਮ' ਜੋ ਭਾਰਤ ਦੇ ਵਪਾਰੀਆਂ ਤੇ ਉਦਯੋਗ-ਪਤੀਆਂ ਦੀ ਇਕ ਉਚ-ਸੰਸਥਾ ਹੈ, ਉਨ੍ਹਾਂ ਨੇ 2016 ਵਿਚ ਮੁਲਕ ਦੇ 5500 ਐਮ.ਬੀ.ਏ. ਦੀਆਂ ਡਿਗਰੀਆਂ ਦੇਣ ਵਾਲੀਆਂ ਸੰਸਥਾਵਾਂ ਦੀ ਪੜਤਾਲ ਕਰਵਾਈ ਤੇ ਐਲਾਨਿਆ ਕਿ ਐਮ.ਬੀ.ਏ. ਦੀ ਡਿਗਰੀ ਹਾਸਲ ਕਰਨ ਵਾਲਿਆਂ ਵਿਚੋਂ 95 ਫੀਸਦੀ ਨੌਕਰੀ ਦੇ ਕਾਬਲ ਨਹੀਂ ਹਨ।

ਭਾਰਤ ਵਿਚ ਬਦਲਦੀਆਂ ਸਰਕਾਰਾਂ ਵਿਚਕਾਰ ਕਦੇ-ਕਦੇ ਕਈ ਸੁਨਹਿਰੀ ਵਕਤ ਵੀ ਆਏ ਜਦੋਂ ਉਚ ਕੋਟੀ ਦੀ ਵਿੱਦਿਆ ਦੀ ਮਹੱਤਤਾ ਨੂੰ ਸਰਕਾਰ ਨੇ ਸਮਝਿਆ ਤੇ ਵਧਣ-ਫੁੱਲਣ ਲਈ ਪ੍ਰੇਰਨਾ ਦਿੱਤੀ। ਪਿਛਲੇ ਕੁਝ ਦਹਾਕਿਆਂ ਵਿਚ ਇਹ ਉਹ ਸਮਾਂ ਸੀ ਜਦੋਂ ਡਾ. ਅਬਦੁਲ ਕਲਾਮ ਜਾਂ ਸ੍ਰੀ ਪ੍ਰਣਬ ਮੁਖਰਜੀ ਰਾਸ਼ਟਰਪਤੀ ਸਨ ਜਾਂ ਜਦੋਂ ਡਾ. ਮਨਮੋਹਨ ਸਿੰਘ ਹੋਰੀਂ ਪ੍ਰਧਾਨ ਮੰਤਰੀ ਸਨ। ਇਨ੍ਹਾਂ ਸਿਆਣੇ, ਪੜ੍ਹੇ-ਲਿਖੇ ਉਚ ਕੋਟੀ ਦੇ ਉਘੇ ਸਿਆਸਤਦਾਨਾਂ ਨੇ ਵਾਰ-ਵਾਰ ਪੜ੍ਹਾਈ ਦੇ ਡਿੱਗ ਰਹੇ ਮਿਆਰ ਵੱਲ ਚਿੰਤਾ ਜਤਾਈ ਅਤੇ ਸਸਤੀ ਤੇ ਮਿਆਰੀ ਉਚ-ਸਿੱਖਿਆ ਦੀ ਲੋੜ ਲਈ ਜ਼ੋਰ ਦਿੱਤਾ। ਸੰਨ 2006 ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤੀ ਯੂਨੀਵਰਸਿਟੀਆਂ ਵਿਚ ਸਾਇੰਸ ਦੀ ਖੋਜ ਦਾ ਮਿਆਰ ਬਹੁਤ ਨੀਵਾਂ ਹੈ ਤੇ ਉਹ ਅਗਲੇ ਪੰਜ ਸਾਲਾਂ ਵਿਚ ਸਾਇੰਸ ਤੇ ਤਕਨਾਲੋਜੀ ਦਾ ਬਜਟ ਦੁੱਗਣਾ ਕਰ ਦੇਣਗੇ।

2007 ਵਿਚ ਉਨ੍ਹਾਂ ਨੇ ਫੇਰ ਚਿੰਤਾ ਪ੍ਰਗਟਾਈ ਤੇ ਕਿਹਾ ਕਿ ਮੁਲਕ ਦੀਆਂ 66 ਫੀਸਦੀ ਯੂਨੀਵਰਸਿਟੀਆਂ ਅਤੇ 90 ਫੀਸਦੀ ਕਾਲਜ ਔਸਤ ਦਰਜੇ ਤੋਂ ਹੇਠਾਂ ਹਨ। ਮੁਲਕ ਦੇ ਗਿਆਰਵੇਂ ਰਾਸ਼ਟਰਪਤੀ ਡਾ. ਅਬਦੁਲ ਕਲਾਮ ਨੇ 2012 ਵਿਚ ਕਿਹਾ ਸੀ ਕਿ ਸਾਡੇ ਮੁਲਕ ਵਿਚ ਖੋਜ ਦੀ ਸੰਸਕ੍ਰਿਤੀ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਖੋਜ ਦੇ ਬਜਟ ਨੂੰ ਘੱਟੋ-ਘੱਟ ਤਿੰਨ ਗੁਣਾ ਵਧਾਉਣ ਦੀ ਲੋੜ ਹੈ। ਦਸੰਬਰ 2012 ਨੂੰ ਉਸ ਵੇਲੇ ਦੇ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਦੇਸ਼ ਵਿਚ ਉਚ-ਸਿੱਖਿਆ ਦੇ ਮਿਆਰ ਨੂੰ ਉਚਾ ਕਰਨ ਦੀ ਲੋੜ ਹੈ। ਉਨ੍ਹਾਂ ਨੇ ਮੁੜ 2013 ਵਿਚ ਵੀ ਭਾਰਤ ਦੀ ਉਚੇਰੀ ਸਿੱਖਿਆ ਦੇ ਮਿਆਰ ਬਾਬਤ ਨਿਰਾਸ਼ਾ ਪ੍ਰਗਟਾਈ ਅਤੇ ਕਿਹਾ ਕਿ ਮੁਲਕ ਵਿਚ ਮਿਆਰੀ ਸਿੱਖਿਆ ਦੇਣ ਵਾਲੇ ਉਚ ਅਦਾਰੇ ਬਹੁਤ ਘੱਟ ਹਨ। ਉਨ੍ਹਾਂ ਨੇ ਬਿਆਨ ਦਿੱਤਾ ਕਿ ਵਿੱਦਿਆ ਨੂੰ ਵਪਾਰ ਨਹੀਂ ਬਣਨ ਦੇਣਾ ਚਾਹੀਦਾ ਅਤੇ ਇਸ ਨੂੰ ਤਜਾਰਤੀ ਢੰਗ ਉਤੇ ਨਹੀਂ ਚਲਾਉਣਾ ਚਾਹੀਦਾ। ਇਸੇ ਸਾਲ ਫਰਵਰੀ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਹੋਰਾਂ ਨੇ ਦੁਬਾਰਾ ਕਿਹਾ ਕਿ ਸਾਡੀਆਂ ਉਚ-ਸਿੱਖਿਆ ਵਾਲੀਆਂ ਬਹੁਤੀਆਂ ਸੰਸਥਾਵਾਂ ਮਿਆਰੀ ਨਹੀਂ ਹਨ। ਨਵੰਬਰ ਵਿਚ ਉਨ੍ਹਾਂ ਨੇ ਫੇਰ ਚਿੰਤਾ ਵਿਖਾਈ ਕਿ ਸਾਨੂੰ ਉਚੇਰੀ ਸਿੱਖਿਆ ਦਾ ਮਿਆਰ ਉਚਾ ਕਰਨ ਦੀ ਲੋੜ ਹੈ। ਅਗਸਤ 2014 ਵਿਚ ਰਾਸ਼ਟਰਪਤੀ ਸ੍ਰੀ ਮੁਖਰਜੀ ਨੇ ਫੇਰ ਭਾਰਤ ਵਿਚ ਉਚੇਰੀ ਸਿੱਖਿਆ ਦੇ ਘਟੀਆ ਹੋਣ ਬਾਰੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੇ ਫਰਵਰੀ 2016 ਵਿਚ ਬਹੁਤ ਹੀ ਮਹੱਤਵਪੂਰਨ ਬਿਆਨ ਦਿੱਤਾ ਜਿਸ ਵਿਚ ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਰਤ ਦੀ ਉਚ-ਸਿੱਖਿਆ ਦੇ ਮਿਆਰ ਨੂੰ ਡੇਗਣ ਲਈ ਨਿੱਜੀ ਯੂਨੀਵਰਸਿਟੀਆਂ ਜ਼ਿੰਮੇਵਾਰ ਹਨ।

ਉਪਰ ਦਰਸਾਏ ਤਿੰਨ ਪਤਵੰਤੇ ਸੂਝਵਾਨ ਆਗੂਆਂ ਦੇ ਪਦ ਛੱਡਣ ਤੋਂ ਕੁਝ ਦੇਰ ਬਾਅਦ ਹੀ ਬਿਹਤਰ ਤੇ ਸਸਤੀ ਪੜ੍ਹਾਈ ਸਿਰਫ ਬਿਆਨਬਾਜ਼ੀ ਤਕ ਹੀ ਸੀਮਤ ਹੋ ਗਈ ਤੇ ਸਿਰਫ ਵਿਖਾਵੇ ਲਈ, ਬਿਨਾਂ ਉਚਿਤ ਮਾਲੀ ਸਹਾਇਤਾ ਤੋਂ ਬਿਨਾਂ ਲਾਇਕ ਅਧਿਆਪਕਾਂ ਦੇ, ਮਿਆਰਾਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਨਵੇਂ ਕਾਲਜ ਤੇ ਨਵੀਆਂ ਯੂਨੀਵਰਸਿਟੀਆਂ ਧੜਾ-ਧੜ ਖੋਲ੍ਹ ਦਿੱਤੀਆਂ ਗਈਆਂ। ਨਿੱਜੀ ਅਦਾਰੇ, ਜੋ ਪਹਿਲਾਂ ਸਕੂਲ, ਕਾਲਜ ਆਦਿ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝ ਕੇ ਖੋਲ੍ਹਦੇ ਸਨ, ਉਨ੍ਹਾਂ ਨੇ ਪਹਿਲਾਂ ਸਕੂਲ, ਫੇਰ ਕਾਲਜ ਤੇ ਬਾਅਦ ਵਿਚ ਯੂਨੀਵਰਸਿਟੀਆਂ ਨੂੰ ਟੈਕਸ-ਮੁਕਤ ਆਮਦਨ ਦਾ ਜ਼ਰੀਆ ਬਣਾ ਲਿਆ ਤੇ ਕਈ ਅਦਾਰਿਆਂ ਤੋਂ ਡਿਗਰੀਆਂ ਤਕਰੀਬਨ ਮੁੱਲ ਵਿਕਣ ਲੱਗ ਪਈਆਂ। ਨਤੀਜਾ ਇਹ ਹੋਇਆ ਕਿ ਪੜ੍ਹਾਈ ਦਾ ਮਿਆਰ ਹੋਰ ਹੇਠਾਂ ਡਿੱਗ ਪਿਆ, ਪੜ੍ਹਿਆਂ ਹੋਇਆਂ ਲਈ ਕੋਈ ਨੌਕਰੀਆਂ ਨਹੀਂ ਸਨ ਕਿਉਂਕਿ ਉਨ੍ਹਾਂ ਕੋਲ ਡਿਗਰੀਆਂ ਤਾਂ ਸਨ ਪਰ ਆਉਂਦਾ ਕੁਝ ਨਹੀਂ। ਹੇਠ ਦਿੱਤੇ ਅੰਕੜੇ ਇਹ ਸਪਸ਼ਟ ਕਰਦੇ ਹਨ ਕਿ ਸਿਰਫ ਨੰਬਰਾਂ ਤੇ ਸੰਖਿਆ ਉਪਰ ਜ਼ੋਰ ਦਿੱਤਾ ਗਿਆ, ਉਚ-ਮਿਆਰ ਤੇ ਯੋਗਤਾ ਉਪਰ ਨਹੀਂ।

ਆਜ਼ਾਦੀ ਵੇਲੇ (1947) ਭਾਰਤ ਦੀ ਜਨ-ਸੰਖਿਆ ਤਕਰੀਬਨ 30 ਕਰੋੜ ਸੀ ਅਤੇ ਮੁਲਕ ਵਿਚ 20 ਯੂਨੀਵਰਸਿਟੀਆਂ ਤੇ 496 ਕਾਲਜ ਸਨ ਜਿਨ੍ਹਾਂ ਵਿਚ 2,41,369 ਬੱਚੇ ਪੜ੍ਹਦੇ ਸਨ। ਇਸ ਤੋਂ ਬਾਅਦ ਅਬਾਦੀ ਕਿੰਨੀ ਵਧੀ ਤੇ ਉਸ ਦੀ ਤੁਲਨਾ ਵਿਚ ਕਾਲਜ ਤੇ ਯੂਨੀਵਰਸਿਟੀਆਂ ਕਿਸ

| 1951 | 2021 | ਕਿੰਨੇ ਗੁਣਾ ਵਾਧਾ |
|---|---|---|
| | **ਆਬਾਦੀ** | |
| 37 ਕਰੋੜ | 139.4 ਕਰੋੜ | 3.76 |
| | **ਉਚ ਸਿੱਖਿਆ ਵਾਲੇ ਵਿਦਿਆਰਥੀ** | |
| 4 ਲੱਖ | 326 ਲੱਖ | 18.5 |
| | **ਕਿੰਨੇ ਕਾਲਜ** | |
| 498 | 43,796 | 87.6 |
| | **ਕਿੰਨੀਆਂ ਯੂਨੀਵਰਸਿਟੀਆਂ** | |
| 27 | 1,113 | 55.6 |

ਅਨੁਪਾਤ ਵਿਚ ਵਧੀਆਂ ਇਸ ਦਾ ਵੇਰਵਾ ਗੌਰ ਕਰਨ ਵਾਲਾ ਹੈ। (ਸਰਕਾਰੀ ਅੰਕੜੇ 2021 ਤੱਕ ਹੀ ਮਿਲਦੇ ਹਨ)।

ਇਨ੍ਹਾਂ ਅੰਕੜਿਆਂ ਤੋਂ ਜ਼ਾਹਰ ਹੈ ਕਿ ਕਿਵੇਂ ਧੜਾ-ਧੜ ਘੱਟ ਮਿਆਰ ਵਾਲੇ ਕਾਲਜ ਤੇ ਯੂਨੀਵਰਸਿਟੀਆਂ ਖੁੱਲ੍ਹੀਆਂ। 70 ਸਾਲਾਂ ਵਿਚ ਆਬਾਦੀ ਚਾਰ ਗੁਣਾਂ ਤੋਂ ਘੱਟ ਵਧੀ ਪਰ ਕਾਲਜਾਂ ਦੀ ਗਿਣਤੀ 87.6 ਗੁਣਾ ਵਧੀ ਤੇ ਯੂਨੀਵਰਸਿਟੀਆਂ ਦੀ 55.6 ਗੁਣਾ। ਸਰਕਾਰਾਂ ਵਿਚ ਦੌੜ ਲੱਗੀ ਰਹੀ ਹੈ ਇਹ ਵਿਖਾਉਣ ਲਈ ਕਿ ਸਾਡੇ ਰਾਜ ਵਿਚ ਕਿੰਨੀਆਂ ਨਵੀਆਂ ਯੂਨੀਵਰਸਿਟੀਆਂ ਤੇ ਕਾਲਜ ਖੋਲ੍ਹੇ ਗਏ।

**ਬੇਲੋੜੇ ਖੋਲ੍ਹੇ ਵਿੱਦਿਅਕ ਅਦਾਰਿਆਂ ਦੇ ਨਤੀਜੇ**

9 ਦਸੰਬਰ 2022 ਨੂੰ ਲੋਕ ਸਭਾ ਵਿਚ ਦੱਸਿਆ ਗਿਆ ਕਿ ਮੁਲਕ ਵਿਚ 4 ਲੱਖ 21 ਹਜ਼ਾਰ ਸੀਟਾਂ ਇੰਜੀਨੀਅਰਿੰਗ ਇੰਸਟੀਚਿਊਟਾਂ ਵਿਚ ਖਾਲੀ ਪਈਆਂ ਹਨ-ਜੋ ਤਕਰੀਬਨ 34 ਫੀਸਦੀ ਬਣਦੀਆਂ ਹਨ। 29 ਮਾਰਚ 2023 ਨੂੰ ਸਿਹਤ ਵਾਲੇ ਰਾਜ ਮੰਤਰੀ ਨੇ ਲੋਕ ਸਭਾ ਵਿਚ ਬਿਆਨ ਦਿੱਤਾ ਕਿ 2022 ਵਿਚ 17.64 ਲੱਖ ਬੱਚਿਆਂ ਨੇ ਮੈਡੀਕਲ ਕਾਲਜਾਂ ਵਿਚ ਦਾਖਲਾ ਲੈਣ ਦਾ ਸਾਂਝਾ ਟੈਸਟ ਦਿੱਤਾ ਸੀ। ਇਨ੍ਹਾਂ ਵਿਚੋਂ ਜੋ ਦਾਖਲਾ ਲੈਣ ਦੇ ਯੋਗ ਪਾਏ ਗਏ ਸਨ ਉਨ੍ਹਾਂ ਦੇ ਦਾਖਲੇ ਤੋਂ ਬਾਅਦ 96,077 ਸੀਟਾਂ ਖਾਲੀ ਰਹਿ ਗਈਆਂ ਸਨ। 2020 ਵਿਚ 83, 275 ਸੀਟਾਂ ਖਾਲੀ ਰਹੀਆਂ ਸਨ ਤੇ 2021 ਵਿਚ ਖਾਲੀ ਰਹੀਆਂ ਸੀਟਾਂ ਦੀ ਗਿਣਤੀ 92,065 ਸੀ।

ਹਾਲਾਤ ਇਹ ਹਨ ਕਿ ਇਸ ਸਾਲ ਡਾਕਟਰੀ ਪੇਸ਼ੇ ਵਿਚ ਉਚ ਸਿੱਖਿਆ, ਐੱਮ. ਡੀ. ਐੱਮ.ਐੱਸ. ਅਤੇ ਹੋਰ ਅਜਿਹੇ ਪੋਸਟ-ਗ੍ਰੈਜੂਏਟ ਕੋਰਸਾਂ ਵਿਚ ਦਾਖਲਾ ਲੈਣ ਲਈ ਮੁਲਕ ਪੱਧਰ ਉਪਰ ਇਮਤਿਹਾਨ ਹੋਇਆ ਸੀ ਤੇ ਘੱਟੋ-ਘੱਟ ਮਿੱਥੇ ਹੋਏ ਨੰਬਰ ਵੀ ਬਹੁਤੇ ਵਿਦਿਆਰਥੀ ਨਹੀਂ ਲੈ ਸਕੇ। ਸੋ ਕਾਫੀ ਸੀਟਾਂ ਖਾਲੀ ਰਹਿ ਗਈਆਂ। ਫੇਰ ਦਬਾਅ ਹੇਠਾਂ ਘੱਟੋ-ਘੱਟ ਨੰਬਰਾਂ ਦਾ ਪੱਧਰ ਨੀਵਾਂ ਕਰ ਦਿੱਤਾ। ਇਹ ਪੱਧਰ ਨੀਵਾਂ-ਨੀਵਾਂ ਹੁੰਦਾ ਏਨਾ ਨੀਵਾਂ ਪਹੁੰਚ ਗਿਆ ਕਿ ਜਿਨ੍ਹਾਂ ਡਾਕਟਰਾਂ ਦੇ 'ਜ਼ੀਰੋ ਪ੍ਰਤੀਸ਼ਤ' ਨੰਬਰ ਵੀ ਆਏ ਸਨ ਉਹ ਉਚ-ਡਿਗਰੀਆਂ ਵਾਲੇ ਕੋਰਸਾਂ ਵਿਚ ਦਾਖਲਾ ਲੈਣ ਦੇ ਯੋਗ ਕਰਾਰ ਦੇ ਦਿੱਤੇ ਗਏ। ਇਸ ਦਾ ਘੋਸ਼ਣਾ ਪੱਤਰ ਕੇਂਦਰੀ ਸਰਕਾਰੀ ਸੰਸਥਾ ਵੱਲੋਂ 20 ਸਤੰਬਰ, 2023 ਨੂੰ ਜਾਰੀ ਕੀਤਾ ਗਿਆ। 16 ਨਵੰਬਰ ਦੀ ਇੰਡੀਅਨ ਐਕਸਪ੍ਰੈਸ ਅਖਬਾਰ ਮੁਤਾਬਕ, ਸਤਰ ਨੂੰ 'ਜ਼ੀਰੋ ਪ੍ਰਤੀਸ਼ਤ' 'ਤੇ ਲਿਆਉਣ ਤੋਂ ਬਾਅਦ ਵੀ 1400 ਸੀਟਾਂ ਖਾਲੀ ਹਨ। ਜਿਹੜੇ ਡਾਕਟਰ ਦਾਖਲਾ ਲੈਣ ਲਈ ਇਕ ਨੰਬਰ ਵੀ ਹਾਸਲ ਨਹੀਂ ਕਰ ਸਕੇ ਉਹ ਕਿੰਨੇ ਵਧੀਆ ਵਿਸ਼ੇਸ਼ਗ ਬਣ ਕੇ ਨਿਕਲਣਗੇ ਇਸ ਬਾਰੇ ਤੁਸੀਂ ਆਪ ਕਿਆਸ ਲਾ ਸਕਦੇ ਹੋ। ਜ਼ੋਰ ਸਿਰਫ ਨਫ਼ਰੀ ਵਧਾਉਣ 'ਤੇ ਹੈ ਕਾਬਲੀਅਤ ਜਾਂ ਯੋਗਤਾ 'ਤੇ ਨਹੀਂ ਕਿਉਂਕਿ ਹੁਣ ਬਹੁਤੇ ਮੈਡੀਕਲ ਕਾਲਜ ਨਿੱਜੀ ਅਦਾਰਿਆਂ ਵਿਚ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਮਕਸਦ ਪੈਸੇ ਕਮਾਉਣਾ ਹੈ ਨਾ ਕਿ ਮਰੀਜ਼ ਠੀਕ ਕਰਨੇ।

**ਸਾਬਕਾ ਵਾਈਸ ਚਾਂਸਲਰ*
*ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ*

# ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ

ਦੇਸ਼ ਵਿਚ ਵਿਰੋਧੀਆਂ ਨੂੰ ਨੁਕਰੇ ਲਾ ਕੇ ਲੋਕ ਸਭਾ ਚੋਣਾਂ ਵਿਚ ਵੱਡੀ ਜਿੱਤ ਪ੍ਰਾਪਤ ਕਰਨ ਦੇ ਮੌਜੂਦਾ ਹਾਕਮ ਧਿਰ ਦੇ ਯਤਨ ਲਗਾਤਾਰ ਜਾਰੀ ਹਨ। 'ਕਾਂਗਰਸ ਮੁਕਤ' ਭਾਰਤ ਦੇ ਵਿਚਾਰਾਂ ਤੋਂ ਅੱਗੇ ਤੁਰਦਿਆਂ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੇਸ਼ ਨੂੰ 'ਆਪੋਜ਼ੀਸ਼ਨ ਮੁਕਤ ਭਾਰਤ' ਬਣਾਉਣ ਦੀ ਮੁਹਿੰਮ ਆਰੰਭੀ ਹੋਈ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਿਛਲੇ ਦਿਨੀਂ ਜੇਲ੍ਹ ਭੇਜ ਦਿੱਤੇ ਗਏ ਹਨ। ਉਨ੍ਹਾਂ ਨੂੰ ਕੇਂਦਰੀ ਏਜੰਸੀ ਈਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਵਲੋਂ ਗ੍ਰਿਫਤਾਰ ਕੀਤਾ ਗਿਆ ਹੈ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੁਰੇਨ ਪਹਿਲਾਂ ਹੀ ਜੇਲ੍ਹ ਵਿਚ ਹਨ। ਸਵਾਲ ਇਹ ਹੈ ਕਿ ਭਾਰਤੀ ਚੋਣ ਕਮਿਸ਼ਨ ਵਲੋਂ ਲੋਕ ਸਭਾ ਚੋਣ ਤਾਰੀਖਾਂ ਮਿਥਣ



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਉਪਰੰਤ ਨੇਤਾਵਾਂ ਨੂੰ ਜੇਲ੍ਹੀਂ ਡੱਕਣਾ ਕੀ ਜਾਇਜ਼ ਹੈ?

ਈਡੀ ਵਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਦਾ ਮੁੱਖ ਦੋਸ਼ੀ ਅਰਵਿੰਦ ਕੇਜਰੀਵਾਲ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਵੀ ਕਿਹਾ ਸੀ ਕਿ ਇਸ ਸ਼ਰਾਬ ਘੁਟਾਲੇ ਵਿਚ 300 ਕਰੋੜ ਤੋਂ ਵੱਧ ਦਾ ਲੈਣ-ਦੇਣ ਹੋਇਆ ਹੈ।

ਆਮ ਆਦਮੀ ਪਾਰਟੀ, ਕਾਂਗਰਸ, ਆਰ ਜੇ ਡੀ ਅਤੇ ਕਈ ਹੋਰ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਕੇਂਦਰੀ ਏਜੰਸੀਆਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕਾਰਵਾਈਆਂ ਕਰ ਰਹੀਆਂ ਹਨ ਜਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਦੀਆਂ ਹਨ ਪਰ ਸੱਤਾਧਾਰੀ ਭਾਜਪਾ ਦੇ ਆਗੂਆਂ ਵਿਰੁੱਧ ਉਹ ਕੋਈ ਅਜਿਹੀ ਕਾਰਵਾਈ ਨਹੀਂ ਕਰਦੀਆਂ।

ਇੱਕ ਅਨੁਮਾਨ ਅਨੁਸਾਰ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਰੋਕਣ ਸਬੰਧੀ ਕੇਂਦਰੀ ਏਜੰਸੀਆਂ ਵਲੋਂ ਦਰਜ ਕੀਤੇ ਕੁੱਲ ਕੇਸਾਂ ਵਿਚੋਂ 95 ਫੀਸਦੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਹੀ ਹਨ। ਇੰਜ ਭਾਜਪਾ ਵਲੋਂ ਵਿਰੋਧੀ ਪਾਰਟੀਆਂ ਨੂੰ ਭ੍ਰਿਸ਼ਟਾਚਾਰੀ, ਨਿਕੰਮੀਆਂ ਅਤੇ ਵਿਕਾਸ ਦੀਆਂ ਦੋਖੀ ਗਰਦਾਨ ਕੇ, ਲੋਕ ਕਟਹਿਰੇ 'ਚ ਉਨ੍ਹਾਂ ਦੀ ਦਿੱਖ ਖਰਾਬ ਕਰਨ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ।

ਦੂਜੇ ਪਾਸੇ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਵਾਲ ਖੜ੍ਹੇ ਕੀਤੇ ਹਨ, ਕਿਉਂਕਿ ਸੁਪਰੀਮ ਕੋਰਟ ਵਿਚ ਸੁਣਵਾਈ ਦੌਰਾਨ ਚੋਣ ਬਾਂਡ ਸਬੰਧੀ ਭਾਜਪਾ ਨਿਸ਼ਾਨੇ 'ਤੇ ਰਹੀ। ਕਾਂਗਰਸ ਨੇ ਦੋਸ਼ ਲਾਇਆ ਕਿ ਚੋਣ ਬਾਂਡ 'ਚ ਘੁਟਾਲਾ ਹੋਇਆ ਹੈ ਅਤੇ ਇਹ ਚਾਰ ਤਰੀਕਿਆਂ ਨਾਲ ਕੀਤਾ ਗਿਆ ਹੈ। ਕਾਂਗਰਸ ਨੇਤਾਵਾਂ ਮੁਤਾਬਕ ਪਹਿਲਾ ਤਰੀਕਾ 'ਚੰਦਾ ਦਿਓ, ਧੰਦਾ ਲਓ' ਸੀ, ਭਾਵ ਇਹ ਪ੍ਰੀਪੇਡ ਰਿਸ਼ਵਤ ਸੀ। ਦੂਜਾ ਤਰੀਕਾ 'ਠੇਕਾ ਲਓ, ਰਿਸ਼ਵਤ ਦਿਓ' ਸੀ। ਇਹ 'ਪੋਸਟਪੇਡ' ਰਿਸ਼ਵਤ ਸੀ'। ਤੀਜਾ ਤਰੀਕਾ 'ਹਫ਼ਤਾ ਵਸੂਲੀ' ਦਾ ਸੀ, ਯਾਨੀ ਛਾਪੇ ਮਾਰਨ ਤੋਂ ਬਾਅਦ ਰਿਸ਼ਵਤ ਤੇ ਚੌਥਾ ਤਰੀਕਾ ਫਰਜ਼ੀ ਕੰਪਨੀਆਂ ਦਾ ਸੀ। ਕਾਂਗਰਸੀ ਦਾਅਵਾ ਕਰਦੇ ਹਨ ਕਿ 30 ਅਜਿਹੇ ਕਾਰਪੋਰੇਟ ਗਰੁੱਪਾਂ ਨੇ 'ਚੋਣ ਬਾਂਡ' ਰਾਹੀਂ ਚੰਦਾ ਦਿੱਤਾ ਹੈ, ਜਿਨ੍ਹਾਂ ਨੂੰ ਕੇਂਦਰ ਜਾਂ ਭਾਜਪਾ ਦੀਆਂ ਸੂਬਾ ਸਰਕਾਰਾਂ ਤੋਂ 179 ਮੁੱਖ ਪ੍ਰਾਜੈਕਟ ਮਿਲੇ ਹਨ। ਕਾਂਗਰਸ ਦਾ ਦੋਸ਼ ਹੈ ਕਿ ਹਾਕਮ ਧਿਰ 'ਭ੍ਰਿਸ਼ਟਾਚਾਰ ਨੂੰ ਕਾਨੂੰਨੀ ਬਣਾ ਰਿਹਾ ਹੈ ਤੇ ਇਸ ਨੂੰ ਲੁਕਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ'।

ਦੋਵੇਂ ਭਖਦੇ ਮਾਮਲਿਆਂ ਸਬੰਧੀ ਹਾਕਮ ਧਿਰ ਅਤੇ ਵਿਰੋਧੀ ਧਿਰ ਗੁੱਥਮ-ਗੁੱਥਾ ਹਨ ਅਤੇ ਇੱਕ-ਦੂਜੇ ਉਤੇ ਚਿੱਕੜ ਸੁੱਟ ਰਹੀਆਂ ਹਨ। ਭਾਵੇਂ ਕਿ ਹਮਾਮ ਵਿਚ ਸਭ ਕੁਝ ਨੰਗਾ ਹੀ ਨੰਗਾ ਹੈ।

ਆਮ ਤੌਰ 'ਤੇ ਚੋਣ ਸਮੇਂ ਦੌਰਾਨ ਸਿਆਸੀ ਪਾਰਟੀਆਂ ਆਪਣੇ ਮੈਨੀਫੈਸਟੋ ਜਾਰੀ ਕਰਦੀਆਂ ਹਨ। ਹਾਕਮ ਧਿਰ ਆਪਣੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀਆਂ ਹਨ ਅਤੇ ਤਵੱਕੋ ਰੱਖਦੀਆਂ ਹਨ ਕਿ ਲੋਕ ਉਨ੍ਹਾਂ ਨੂੰ ਵੋਟ ਪਾਉਣ। ਵਿਰੋਧੀ ਧਿਰ, ਹਾਕਮ ਧਿਰ ਦੀ ਆਲੋਚਨਾ ਕਰਦੀ ਹੈ, ਉਸ ਵਲੋਂ ਕੀਤੇ ਗਲਤ ਕੰਮਾਂ ਦੀ ਵਿਆਖਿਆ ਕਰਦੀ ਹੈ। ਲੋਕ ਮੁੱਦੇ ਉਠਾਉਂਦੀ ਹੈ ਅਤੇ ਵੋਟਾਂ ਦੀ ਮੰਗ ਕਰਦੀ ਹੈ।

ਪਰ ਅੱਜ ਸਥਿਤੀ ਕੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਦੇ ਨਾਂਅ ਉਤੇ ਵੋਟਾਂ ਮੰਗਣ ਤੋਂ ਪਹਿਲਾਂ ਧਰਮ ਆਧਾਰਤ ਰਾਜਨੀਤੀ ਦਾ ਪੱਤਾ ਸੁੱਟ ਚੁੱਕੀ ਹੈ। ਉਸ ਵਲੋਂ ਅਯੋਧਿਆ ਮੰਦਰ ਦੇ ਨਿਰਮਾਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਧਾਰਾ 370 ਦੇ ਖ਼ਾਤਮੇ, ਸੀ.ਏ.ਏ. (ਨਾਗਰਿਕ ਕਾਨੂੰਨ) ਨੂੰ ਲਾਗੂ ਕਰਨ ਨੂੰ ਲੋਕ ਹਿੱਤ 'ਚ ਕਿਹਾ ਜਾ ਰਿਹਾ ਹੈ।

ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵਲੋਂ ਵੋਟਾਂ ਲੈਣ ਲਈ "ਗਰੰਟੀਆਂ ਦੇਣ ਦਾ ਕਾਰੋਬਾਰ" ਹਰ ਪੱਧਰ ਉਤੇ ਭਾਵ ਪਾਰਟੀ ਪੱਧਰ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਰਾਹੀਂ ਧੂੰਆਂਧਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ ਕਿ ਭਾਰਤ ਵਿਸ਼ਵਗੁਰੂ ਬਣ ਰਿਹਾ ਹੈ। ਪਰ ਗਰੀਬੀ, ਬੇਰੁਜ਼ਗਾਰੀ, ਅਸਮਾਨਤਾ, ਸਬੰਧੀ ਭਾਜਪਾ ਦੀ ਚੁੱਪੀ ਰੜਕਦੀ ਹੈ। ਕੀ ਦੇਸ਼ ਵਿਚ ਵਿਕਾਸ ਤੇ ਪਰਿਵਰਤਨ ਦਿਖਦਾ ਹੈ। ਰਤਾ ਪੇਂਡੂ ਭਾਰਤ ਦੀ ਇੱਕ ਝਾਤੀ ਤਾਂ ਮਾਰੋ। ਹਾਂ ਸੜਕਾਂ ਬਣੀਆਂ ਹਨ, ਇੰਟਰਨੈਟ ਨੇ ਧੁੰਮ ਮਚਾ ਰੱਖੀ ਹੈ। ਪਰ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕ ਦੋ ਅਮਰੀਕੀ ਡਾਲਰ (160 ਰੁਪਏ) ਨਾਲ ਹੀ ਜੀਵਨ ਬਸਰ ਕਰਦੇ ਹਨ।

ਇੱਕ ਕੌਮਾਂਤਰੀ ਅਧਿਐਨ ਅਨੁਸਾਰ ਭਾਰਤ ਦੇ ਇੱਕ ਫੀਸਦੀ ਧਨਾਢਾਂ ਕੋਲ 40 ਫ਼ੀਸਦੀ ਦੌਲਤ ਹੈ। ਅਰਬਪਤੀ ਵਿਅਕਤੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਸਾਲ 1991 'ਚ ਅਰਬਪਤੀਆਂ ਦੀ ਗਿਣਤੀ ਸਿਰਫ਼ ਇੱਕ ਸੀ ਜੋ 2022 'ਚ ਵਧ ਕੇ 162 ਹੋ ਗਈ। ਭਾਰਤ ਦੇ 10,000 ਸਭ ਤੋਂ ਅਮੀਰ ਵਿਅਕਤੀਆਂ ਕੋਲ ਔਸਤਨ 2260 ਕਰੋੜ ਰੁਪਏ ਦੀ ਧਨ ਸੰਪਤੀ ਹੈ, ਜੋ ਦੇਸ਼ ਦੀ ਔਸਤ ਪ੍ਰਤੀ ਜੀਅ ਦੀ ਸੰਪਤੀ ਦਾ 16,763 ਗੁਣਾ ਹੈ। ਐਡੀ ਅਸਮਾਨਤਾ ਦਾ ਦੌਰ ਭਾਜਪਾ ਰਾਜ 'ਚ ਸਭ ਤੋਂ ਵੱਧ ਹੈ। ਕਾਂਗਰਸ ਇਸ ਸਬੰਧੀ ਕਿੰਤੂ-ਪਰੰਤੂ ਕਰਦਿਆਂ ਇਹ ਤਾਂ ਆਖਦੀ ਹੈ ਕਿ ਅੱਜ ਦਾ ਰਾਜ, ਅਰਬਪਤੀ ਰਾਜ ਹੈ ਅਤੇ ਬਰਤਾਨੀਆ ਰਾਜ ਨਾਲੋਂ ਵਧੇਰੇ ਨਾ-ਬਰਾਬਰੀ ਵਾਲਾ ਹੈ। ਪਰ ਗਰੀਬੀ, ਅਸਮਾਨਤਾ, ਬੇਰੁਜ਼ਗਾਰੀ ਰੋਕਣ ਲਈ ਵਿਰੋਧੀ ਧਿਰ ਵਜੋਂ ਉਸ ਨੇ ਲੋਕ ਸਭਾ ਜਾਂ ਸੂਬਿਆਂ ਦੀ ਵਿਰੋਧੀ ਧਿਰ 'ਚ ਬੈਠ ਕੇ ਕੀ ਰੋਲ ਅਦਾ ਕੀਤਾ? ਕੀ ਉਸ ਵਲੋਂ ਦੇਸ਼ 'ਚ ਲੋਕਾਂ ਦੇ ਮਸਲਿਆਂ ਸਬੰਧੀ ਲੋਕ ਲਹਿਰ ਚਲਾਈ? ਲੋਕਾਂ ਨੂੰ ਉਨ੍ਹਾਂ ਨਾਲ ਹੁੰਦੀ ਬੇਇਨਸਾਫੀ ਪ੍ਰਤੀ ਜਾਗਰੂਕ ਕੀਤਾ? ਹਜ਼ਾਰਾਂ ਬੁੱਧੀਜੀਵੀ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਦੇਸ਼ 'ਚ ਬੁਲਡੋਜ਼ਰ ਦੀ ਨੀਤੀ ਅਪਣਾਈ ਗਈ। ਕਾਂਗਰਸ ਨੇ ਵਿਰੋਧ 'ਚ ਦੇਸ਼ ਵਿਆਪੀ ਕੋਈ ਅੰਦੋਲਨ ਛੇੜਿਆ? ਸਿਰਫ ਲੋਕ ਸਭਾ 'ਚ ਕੁਝ ਮੁੱਦੇ ਚੁੱਕ ਕੇ ਅਤੇ ਬਾਈਕਾਟ ਕਰ ਕੇ ਹੀ ਉਹ ਆਪਣਾ ਵਿਰੋਧੀ ਧਿਰ ਦਾ ਰੋਲ ਅਦਾ ਕੀਤੇ ਜਾਣ ਨੂੰ ਹੀ ਪੂਰਿਆਂ ਹੋ ਗਿਆ ਸਮਝਦੀ ਹੈ?

ਕੀ ਦੇਸ਼ ਵਿਚੋਂ ਆਰਥਿਕਤਾ ਦਾ ਮੁੱਦਾ ਮੁੱਕ ਗਿਆ ਹੈ? ਕੀ ਸਿਹਤ ਤੇ ਸਿੱਖਿਆ ਨਾਲ ਸਬੰਧਤ ਮੁੱਦੇ ਖ਼ਤਮ ਹੋ ਗਏ ਹਨ। ਦੇਸ਼ 'ਚ ਅੱਛੀ ਸਿੱਖਿਆ ਨਹੀਂ। ਆਧੁਨਿਕ ਸਿਹਤ ਸਹੂਲਤਾਂ ਨਹੀਂ। ਕਰੋਨਾ ਕਾਲ 'ਚ ਲੋਕਾਂ ਦੀ ਹੋਈ ਦੁਰਦਸ਼ਾ ਹਾਲੇ ਵੀ ਲੋਕ ਚੇਤਿਆਂ 'ਚ ਹੈ। ਲੋਕਾਂ ਨੂੰ ਰੁਜ਼ਗਾਰ ਲਈ ਆਪਣੇ ਘਰ ਛੱਡ ਕੇ ਦੂਰ ਸ਼ਹਿਰਾਂ 'ਚ ਜਾਣਾ ਪੈਂਦਾ ਹੈ, ਕੀ ਇਹ ਆਪੋਜ਼ੀਸ਼ਨ ਕੋਲ ਵੱਡਾ ਮੁੱਦਾ ਨਹੀਂ? ਕੀ ਕੁਦਰਤੀ ਸੋਮਿਆਂ ਦੀ ਲੁੱਟ ਅਤੇ ਵਾਤਾਵਰਨ ਨਾਲ ਸਬੰਧਤ ਮੁੱਦੇ ਉਠਾਉਣਾ ਹੁਣ ਤਰਕਸੰਗਤ ਨਹੀਂ ਰਿਹਾ? ਕੀ ਨਸ਼ਿਆਂ, ਗੈਂਗਸਟਰਾਂ, ਮਾਫੀਏ ਦੀ ਗੱਲ ਕਰਨੀ ਸਿਆਸਤਦਾਨ ਭੁੱਲੀ ਬੈਠੇ ਹਨ? ਉਂਜ ਭੁੱਲਣ ਵੀ ਕਿਉਂ ਨਾ ਵੱਡੀ ਗਿਣਤੀ 'ਚ ਮਾਫੀਏ, ਨਸ਼ਿਆਂ ਦੇ ਵਪਾਰੀਆਂ ਦੇ ਭਾਈਵਾਲ ਤਾਂ ਵਿਧਾਨ ਸਭਾਵਾਂ ਲੋਕ ਸਭਾ ਵਿਚ ਮੈਂਬਰ ਬਣ ਕੇ 'ਦੇਸ਼ ਸੇਵਕ' ਦਾ ਦਰਜਾ ਹਾਸਲ ਕਰੀ ਬੈਠੇ ਹਨ। ਇਹ 'ਕਰੋਨਾ' ਲਗਭਗ ਸਭ ਪਾਰਟੀਆਂ 'ਚ ਫੈਲ ਚੁੱਕਾ ਹੈ।

ਦੇਸ਼ ਕਰਜ਼ਾਈ ਹੈ। ਹਾਕਮ ਧਿਰ ਲਗਾਤਾਰ ਦੇਸ਼ ਦੇ ਖਜ਼ਾਨੇ ਨੂੰ ਦੋਵੀਂ ਹੱਥੀਂ ਲੁਟਾਈ ਜਾ ਰਹੀ ਹੈ। ਦੇਸ਼ ਦਾ ਕਿਸਾਨ ਪ੍ਰੇਸ਼ਾਨ ਹੈ। ਆਪਣੇ ਮੁੱਦਿਆਂ ਨੂੰ ਸੜਕਾਂ 'ਤੇ ਲਿਆ ਰਿਹਾ ਹੈ। ਦੇਸ਼ ਦਾ ਮਜ਼ਦੂਰ ਬੇਹਾਲ ਹੈ। ਵਿਦਿਆਰਥੀ ਤੇ ਨੌਜਵਾਨ ਪ੍ਰੇਸ਼ਾਨ ਹੈ। ਪਰ ਦੇਸ਼ ਦਾ ਸਿਆਸਤਦਾਨ ਮਿਹਣੋ-ਮਿਹਣੀ ਹੈ।

ਦੇਸ਼ ਦਾ ਕਾਰਪੋਰੇਟ ਲਗਾਤਾਰ ਕਿਸਾਨਾਂ ਦੀ ਜ਼ਮੀਨ ਖੋਹਣ ਹਿੱਤ ਸਰਕਾਰ ਉਤੇ ਦਬਾਅ ਵਧਾਅ ਰਿਹਾ ਹੈ। ਆਪਣੇ ਕਾਰੋਬਾਰ ਦੀ ਸੁਰੱਖਿਆ ਲਈ ਉਹ ਸਰਕਾਰ ਨੂੰ ਨਿੱਜੀਕਰਨ ਦੇ ਰਾਹ ਤੋਰ ਰਿਹਾ ਹੈ। ਸਰਕਾਰ ਨੇ ਤਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਅਤੇ ਕੁਰਸੀ ਪੱਕੇ ਪੈਰੀਂ ਕਰਨ ਦੀ ਉਨ੍ਹਾਂ ਦੀ ਸਹਾਇਤਾ/ ਸਹਿਯੋਗ ਨੂੰ ਪ੍ਰਵਾਨ ਕਰਨਾ ਹੀ ਹੋਇਆ, ਪਰ ਵਿਰੋਧੀ ਧਿਰ ਦੀ ਚੁੱਪੀ ਪ੍ਰੇਸ਼ਾਨੀ ਕਰਨ ਵਾਲੀ ਹੈ। ਕੀ ਵਿਰੋਧੀ ਧਿਰ ਦੇਸ਼ 'ਚ ਸਮਾਜਿਕ ਵਿਤਕਰੇ ਦੇ ਵਾਧੇ, ਸ਼ੋਸ਼ਣ ਵਿਰੁੱਧ ਜਾਂ ਵਧ ਰਹੀ ਮਹਿੰਗਾਈ ਵਿਰੁੱਧ ਲੋਕ ਲਾਮਬੰਦੀ ਨਹੀਂ ਸੀ ਕਰ ਸਕਦੀ? ਕੀ ਉਹ ਵੀ ਕਾਰਪੋਰੇਟਾਂ ਦਾ ਹੱਥ ਠੋਕਾ ਬਣੀ ਹੋਈ ਹੈ?

ਦੇਸ਼ ਦੀਆਂ ਸਥਾਨਕ ਸਰਕਾਰਾਂ, (ਪੰਚਾਇਤਾਂ, ਨਗਰਪਾਲਿਕਾ) ਨੂੰ ਪੰਗੂ ਬਣਾ ਦਿੱਤਾ ਗਿਆ। ਦੇਸ਼ ਦੀਆਂ ਸੂਬਾ ਸਰਕਾਰਾਂ ਦੇ ਅਧਿਕਾਰ ਸੀਮਤ ਕਰ ਦਿੱਤੇ ਗਏ ਹਨ। ਦੇਸ਼ ਦੇ ਸੰਘੀ ਢਾਂਚੇ ਨੂੰ ਵੱਡੀ ਸੱਟ ਮਾਰੀ ਜਾ ਰਹੀ ਹੈ। ਦੇਸ਼ ਦਾ ਲੋਕਤੰਤਰ ਖ਼ਤਰੇ 'ਚ ਦਿਸਦਾ ਹੈ। ਤਾਂ ਫਿਰ ਵੀ ਵਿਰੋਧੀ ਧਿਰ ਦੇਸ਼ 'ਚ ਉਨ੍ਹਾਂ ਮੁੱਦਿਆਂ ਨੂੰ ਹੋਰ ਕਿਸੇ ਸਮੇਂ ਨਾ ਸਹੀ, ਇਸ ਚੋਣਾਂ ਦੇ ਸਮੇਂ 'ਤੇ ਹੀ ਗੰਭੀਰਤਾ ਨਾਲ ਕਿਉਂ ਨਹੀਂ ਉਠਾ ਰਹੀ?

ਭ੍ਰਿਸ਼ਟਾਚਾਰ ਦਾ ਮੁੱਦਾ ਹੀ ਦੇਸ਼ ਦਾ ਇੱਕੋ-ਇੱਕ ਮਸਲਾ ਨਹੀਂ ਹੈ। ਦੇਸ਼ ਦੇ ਵੱਡੇ ਮੁੱਦੇ ਹਨ। ਦੇਸ਼ ਵਿਚ ਲੋਕਤੰਤਰ ਦੀ ਰਾਖੀ ਮੁੱਖ ਮੁੱਦਾ ਹੈ। ਸੰਵਿਧਾਨ ਨੂੰ ਤਰੋੜਨ-ਮਰੋੜਨ ਦਾ ਯਤਨ ਹੋ ਰਿਹਾ ਹੈ। ਦੇਸ਼ ਦੇ ਕੁਦਰਤੀ ਸੋਮਿਆਂ ਦੀ ਧਨ-ਕੁਬੇਰਾਂ ਵਲੋਂ ਲੁੱਟ-ਖਸੁੱਟ ਤੋਂ ਰਾਖੀ ਮੁੱਦਾ ਹੈ। ਦੇਸ਼ ਦੀ ਸੀ.ਬੀ.ਆਈ., ਈ.ਡੀ., ਭਾਰਤੀ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਖੁਦਮੁਖਤਾਰੀ ਬਣਾਈ ਰੱਖਣਾ ਵਿਸ਼ੇਸ਼ ਮੁੱਦਾ ਹੈ। ਦੇਸ਼ ਦੇ ਵੰਨ-ਸੁਵੰਨੇ ਸਭਿਆਚਾਰਾਂ, ਬੋਲੀਆਂ ਦੀ ਰਾਖੀ ਦਾ ਮੁੱਦਾ ਵੀ ਤਾਂ ਦੇਸ਼ ਅੱਗੇ ਮੂੰਹ ਅੱਡੀ ਖੜ੍ਹਾ ਹੈ।

ਦੇਸ਼ ਧਰਮ-ਨਿਰਪੱਖ ਰਹੇ। ਹਰ ਧਰਮ, ਹਰ ਸਭਿਆਚਾਰ, ਹਰ ਬੋਲੀ ਇੱਥੇ ਵਧੇ ਫੁੱਲੇ। ਹਰ ਖਿੱਤੇ ਦੇ ਲੋਕ ਇੱਥੇ ਸੁਰੱਖਿਅਤ ਮਹਿਸੂਸ ਕਰਨ। ਦੇਸ਼ ਦਾ ਕੋਈ ਵੀ ਹਿੱਸਾ ਇਹ ਮਹਿਸੂਸ ਨਾ ਕਰੇ ਕਿ ਉਸ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਦੇਸ਼ ਦੀਆਂ ਘੱਟ-ਗਿਣਤੀਆਂ ਆਪਣੇ ਆਪ ਨੂੰ ਦੋ ਨੰਬਰ ਦਾ ਸ਼ਹਿਰੀ ਨਾ ਸਮਝਣ। ਇਹ ਸਮੇਂ ਦੀ ਲੋੜ ਹੈ।

ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਲੋਕ ਮੁੱਦੇ ਭੁਲਾ ਬੈਠਾ ਹੈ। ਉਸਨੂੰ ਆਪਣੀ ਚਾਰ ਟੰਗੀ ਕੁਰਸੀ ਤੋਂ ਬਿਨਾਂ ਹੋਰ ਕੁਝ ਵਿਖਾਈ ਨਹੀਂ ਦਿੰਦਾ, ਜਿਸ ਨੂੰ ਪ੍ਰਾਪਤ ਕਰਨ ਲਈ ਉਹ ਕਿਸੇ ਵੇਲੇ ਵੀ, ਕੁਝ ਵੀ, ਕਰ ਸਕਦਾ ਹੈ। ਉਹ ਸਿਆਸੀ ਪਾਰਟੀ ਬਦਲ ਸਕਦਾ ਹੈ। ਉਹ ਆਪਣੀ ਬੋਲੀ ਲਗਵਾ ਸਕਦਾ ਹੈ। ਉਹ ਆਪਣੇ ਅਸੂਲ ਤਿਆਗ ਸਕਦਾ ਹੈ। ਮੌਜੂਦਾ ਹਾਕਮਾਂ ਨੇ ਪਿਛਲੇ ਸਾਲਾਂ 'ਚ ਵਿਰੋਧੀ ਪਾਰਟੀਆਂ ਦੀਆਂ ਅਨੇਕਾਂ ਸਰਕਾਰਾਂ ਵੀ ਤੋੜੀਆਂ ਅਤੇ ਅਨੇਕਾਂ ਪਾਰਟੀਆਂ ਨੂੰ ਦੋਫਾੜ ਕੀਤਾ। ਜਿਸ ਵਿਚ ਕਰੋੜਾਂ-ਅਰਬਾਂ ਰੁਪਏ ਦਾ ਖੇਲਾ ਖੇਲਿਆ ਗਿਆ।

ਸਾਲ 2019 ਦੇ ਭਾਜਪਾ ਦੇ ਚੋਣ ਮੈਨੀਫੈਸਟੋ 'ਤੇ ਇਕ ਝਾਤ ਮਾਰੋ। ਉਸ ਦੇ ਸੰਕਲਪ ਪੱਤਰ 'ਚ ਦੇਸ਼ ਵਿਚੋਂ ਗਰੀਬੀ 10 ਫੀਸਦੀ ਘਟਾਉਣ ਦੀ ਗੱਲ ਕੀਤੀ ਗਈ। ਉਸ ਨੇ ਆਜ਼ਾਦੀ ਦੇ 75 ਸਾਲਾਂ ਲਈ 75 ਵਾਇਦੇ ਕੀਤੇ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਇਦਾ ਮੁੱਖ ਸੀ। ਹਰ ਘਰ ਬਿਜਲੀ, ਹਰ ਘਰ ਵਿਚ ਸੌਚਾਲਿਆ, ਹਰ ਪਰਿਵਾਰ ਲਈ ਪੱਕਾ ਮਕਾਨ ਆਦਿ ਮੁੱਖ ਸਨ। ਕਿੰਨੇ ਵਾਇਦੇ ਇਨ੍ਹਾਂ ਪੰਜ ਸਾਲਾਂ 'ਚ ਪੂਰੇ ਹੋਏ?

ਕਾਂਗਰਸ ਨੇ ਗਰੀਬੀ ਉਤੇ ਵਾਰ ਕਰਨ ਦਾ ਵਾਇਦਾ ਕੀਤਾ ਤੇ ਲੋਕਾਂ ਦੀ ਸਾਲਾਨਾ ਆਮਦਨ 72000 ਰੁਪਏ ਕਰਨ ਦਾ ਵਚਨ ਦਿੱਤਾ। ਹਰ ਸਾਲ 22 ਲੱਖ ਸਰਕਾਰੀ ਨੌਕਰੀਆਂ, 10 ਲੱਖ ਨੌਜਵਾਨਾਂ ਨੂੰ ਸਥਾਨਕ ਸਰਕਾਰਾਂ 'ਚ ਨੌਕਰੀਆਂ ਦਾ ਵਾਇਦਾ ਕੀਤਾ। ਸਿਹਤ, ਸਿੱਖਿਆ ਸੁਧਾਰ ਦੀ ਗੱਲ ਵੀ ਕੀਤੀ। ਭਾਵ ਸਿੱਧਾ ਇਹ ਕਿ ਭਾਰਤ ਦੇਸ਼ 'ਚ ਗਰੀਬੀ ਦੀ ਸਮੱਸਿਆ ਨੂੰ ਮੁੱਖ ਮੰਨਿਆ। ਬੇਰੁਜ਼ਗਾਰੀ ਨੂੰ ਮੁੱਖ ਮੰਨਿਆ। ਆਪਣੇ ਕਾਰਜ 'ਚ ਗਰੀਬੀ ਹਟਾਓ ਦਾ ਨਾਹਰਾ ਕਾਂਗਰਸ ਦਾ ਮੁੱਖ ਨਾਹਰਾ ਰਿਹਾ। ਜਿਸਨੂੰ ਸਿਰਫ਼ ਵੋਟ ਪ੍ਰਾਪਤੀ ਦਾ ਇੱਕ ਸੰਦ ਕਾਂਗਰਸ ਵਲੋਂ ਮੰਨਿਆ ਜਾਂਦਾ ਰਿਹਾ।

ਹੁਣ ਦੋਵੇਂ ਧਿਰਾਂ ਹਾਕਮ ਤੇ ਵਿਰੋਧੀ ਧਿਰਾਂ ਸਮੇਤ ਕਾਂਗਰਸ ਲੋਕਾਂ ਨੂੰ ਵਾਇਦਿਆਂ, ਵਚਨਾਂ ਤੋਂ ਅੱਗੇ 'ਗਰੰਟੀਆਂ' ਦੇਣ ਦੇ ਰਾਹ ਹਨ। ਲੋਕ ਸਵਾਲ ਪੁੱਛ ਰਹੇ ਹਨ ਕਿ ਕੀ ਇਹ ਗਰੰਟੀਆਂ, ਵਾਇਦੇ, ਵਚਨ, ਚੋਣ ਦਸਤਾਵੇਜ਼, ਕਾਨੂੰਨੀ ਦਸਤਾਵੇਜ਼ ਬਣ ਸਕਦੇ ਹਨ? ਤਾਂ ਕਿ ਲੋਕ, ਨੇਤਾਵਾਂ ਨੂੰ, ਲੋਕ ਕਚਹਿਰੀ 'ਚ ਖੜ੍ਹਾ ਕਰ ਸਕਣ, ਜੇਕਰ ਉਹ ਦਿੱਤੀਆਂ ਗਾਰੰਟੀਆਂ ਤੋਂ ਮੁੱਖ ਮੋੜਨ ਜਾਂ ਉਨ੍ਹਾਂ ਤੋਂ ਪਿੱਛੇ ਹਟਦੇ ਹਨ।

ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰ ਕੇ, ਰਾਜਸੀ ਕਲਾਬਾਜ਼ੀਆਂ ਨਾਲ ਇੱਕ ਵੇਰ ਫੇਰ ਲੋਕਾਂ ਦੇ ਅੱਖਾਂ 'ਚ ਘੱਟਾ ਪਾਏਗਾ। ਚੋਣਾਂ ਦਾ ਇਹ ਮਹਾਂ ਕੁੰਭ, ਇਸ ਵੇਰ ਵੀ ਪੂਰੀ ਚਲਾਕੀ ਨਾਲ ਲੋਕਾਂ ਤੋਂ ਤਾਕਤ ਹਥਿਆਏਗਾ। ਬਾਤ ਲੋਕਾਂ ਦੀ ਪਾਏਗਾ, ਪਰ ਦੁਕਾਨ ਆਪਣੀ ਚਮਕਾਏਗਾ।

# ਕਵੀਆਂ-ਲਿਖਾਰੀਆਂ ਨੂੰ ਹਉਮੈਂ ਤੇ ਸਾੜੇ ਦਾ ਅਵੱਲਾ ਰੋਗ !

ਮੰਨਿਆਂ ਕਿ ਸ਼ਾਇਰ ਤੇ ਲਿਖਾਰੀ ਲੋਕ ਸੰਵੇਦਨਸ਼ੀਲ ਤੇ ਜਜ਼ਬਾਤੀ ਬਿਰਤੀ ਵਾਲੇ ਹੁੰਦੇ ਹਨ ਪਰ ਆਮ ਦੇਖਣ ਵਿਚ ਆਉਂਦਾ ਹੈ ਕਿ ਸਾਹਿਤਕ ਖੇਤਰ ਵਿਚ ਆਪਣਾ ਨਾਂ ਬਣਾ ਰਹੇ ਜਾਂ ਬਣਾ ਚੁੱਕੇ ਇਨ੍ਹਾਂ ਕਲਮਕਾਰਾਂ ਵਿਚ ਹਉਮੈਂ ਤੇ ਈਰਖਾ ਆਮ ਲੋਕਾਂ ਨਾਲੋਂ ਕੁੱਝ ਜ਼ਿਆਦਾ ਹੀ ਵੱਧ ਹੁੰਦੀ ਹੈ। ਇੱਥੇ ਮੈਂ ਇਸ ਵਿਸ਼ੇ ਦੇ ਆਪਣੇ ਕਿਸੇ ਨਿਜੀ ਤਜਰਬੇ ਦੀ ਵਿਥਿਆ ਲਿਖਣ ਦੀ ਥਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰੀ ਕਵੀਆਂ ਦਾ ਇੱਕ ਬਿਰਤਾਂਤ ਲਿਖਣ



**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: +91-78146-92724**

ਜਾ ਰਿਹਾ ਹਾਂ, ਜਿਸਦਾ ਵਰਣਨ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਨੇ ਬੈਂਤ ਛੰਦ ਵਿਚ ਰਚੇ ਗ੍ਰੰਥ 'ਸ੍ਰੀ ਦਸਮੇਸ਼ ਪ੍ਰਕਾਸ਼' ਦੇ ਸਫਾ 160-163 ਉਤੇ ਕੀਤਾ ਹੋਇਆ ਹੈ।

ਗੁਰੂ ਸਾਹਿਬ ਦੇ ਕਵੀਆਂ ਲਿਖਾਰੀਆਂ ਪ੍ਰਤੀ ਵੱਡੇ ਮੋਹ ਤੇ ਮਾਣ ਸਤਿਕਾਰ ਦੀਆਂ ਖ਼ਬਰਾਂ ਸੁਣ ਕੇ ਬੁੰਦੇਲਖੰਡ ਇਲਾਕੇ ਤੋਂ ਕੁਵਰੇਸ਼ ਨਾਂ ਦਾ ਇੱਕ ਕਵੀ ਆਇਆ ਜੋ ਸੰਸਕ੍ਰਿਤ ਭਾਸ਼ਾ ਵਿਚ ਪ੍ਰਬੀਨ ਹੋਣ ਕਾਰਨ ਭਾਰਤੀ ਗ੍ਰੰਥਾਂ ਦਾ ਗਿਆਤਾ ਸੀ। ਉਸਦੀ ਆਮਦ 'ਤੇ ਗੁਰੂ ਸਾਹਿਬ ਨੇ ਕਵੀਆਂ ਲਈ ਇੱਕ ਖਾਸ ਇਮਾਰਤ ਬਣਵਾਈ! ਕਵੀਆਂ ਨੂੰ ਫਰਮਾਇਸ਼ ਕੀਤੀ ਕਿ ਉਹ ਇਕਲਵੰਜੇ ਬਹਿ ਕੇ ਕਵਿਤਾਵਾਂ ਰਚਿਆ ਕਰਨ ਅਤੇ ਦਰਬਾਰ ਵਿਚ ਲਿਖਤਾਂ ਸੁਣਾਉਣ ਤੇ ਉਨ੍ਹਾਂ ਨੂੰ ਯਥਾ-ਜੋਗ ਇਨਾਮ ਸਨਮਾਨ ਦਿੱਤਾ ਜਾਇਆ ਕਰੇਗਾ। ਪਰ ਨਾਲ ਹੀ ਇੱਕ ਸ਼ਰਤ ਲਾਈ ਕਿ ਇੱਥੇ ਰਚਿਆ ਕੋਈ ਵੀ ਛੰਦ ਕਵਿਤਾ ਆਦਿਕ ਬਾਹਰ ਨਾ ਲਿਜਾਈ ਜਾਵੇ, ਅਸੀਂ ਇੱਥੇ ਹੀ ਰਚਨਾਵਾਂ ਦਾ ਵੱਡਾ ਸੰਗ੍ਰਹਿ ਤਿਆਰ ਕਰਵਾਵਾਂਗੇ।

ਕਹਿੰਦੇ ਕਵਿਤਾਵਾਂ ਵਿਚ ਉਕਤੀਆਂ-ਯੁਕਤੀਆਂ ਵਰਤਣ ਵਿਚ ਬਹੁਤ ਨਿਪੁੰਨ, ਹੰਸ ਰਾਜ ਨਾਮ ਦੇ ਇੱਕ ਕਵੀ ਦੇ ਦਿਲ ਵਿਚ ਕਿਸੇ ਦਿਨ ਖੋਟ ਪੈਦਾ ਹੋ ਗਿਆ ਕਿ ਮੈਂ ਗੁਰੂ ਦਰਬਾਰ ਦੇ ਇਨ੍ਹਾਂ ਸਾਰੇ ਕਵੀਆਂ 'ਚੋਂ ਸਿਰਮੌਰ ਸ਼ਾਇਰ ਹਾਂ! ਜਿਹੜੀ ਗਜ਼ਬ ਦੀ ਕਵਿਤਾ ਮੈਂ ਅੱਜ ਲਿਖੀ ਹੈ ਉਹਦੇ ਇਵਜ਼ ਵਿਚ ਗੁਰੂ ਸਾਹਿਬ ਮੈਨੂੰ ਥੋੜ੍ਹੀ ਜਿਹੀ ਮਾਇਆ ਹੀ ਦੇਣਗੇ। ਮੇਰੀ ਲਿਖਤ ਦਾ 'ਅਸਲ ਮੁੱਲ' ਤਾਂ ਕਿਸੇ ਹੋਰ ਅਮੀਰ ਵਜ਼ੀਰ ਤੋਂ ਮਿਲ ਸਕਦਾ ਐ! ਇਹ ਸੋਚ ਕੇ ਉਸ ਨੇ ਆਪਣੇ ਲਿਖੇ ਛੰਦ ਨੂੰ ਚੋਰੀ-ਚੋਰੀ ਆਪਣੇ ਪੱਟ ਉਤੇ ਲਿਖ ਲਿਆ। ਕਿਉਂਕਿ ਕਵੀਆਂ ਦੇ ਬਾਹਰ-ਅੰਦਰ ਜਾਣ ਸਮੇਂ 'ਕਵੀ-ਨਿਵਾਸ' ਦੇ ਪਹਿਰੇਦਾਰ ਚੌਕਸੀ ਰੱਖਦੇ ਸਨ।

ਉਧਰ ਦਸਮੇਸ਼ ਪਿਤਾ ਨੇ ਕੌਤਕ ਰਚਿਆ ਕਿ ਬਈ ਅੱਜ ਕਵੀ ਸਾਹਿਬਾਨ ਨੂੰ ਦਹੀਂ ਅਤੇ ਗਰਮ ਪਾਣੀ ਨਾਲ ਇਸ਼ਨਾਨ ਕਰਾ ਕੇ ਇਨ੍ਹਾਂ ਦੀ 'ਖੁਸ਼ਕੀ' ਦੂਰ ਕਰੀਏ! ਹੋਰ ਸਾਰੇ ਕਵੀ-ਜਨ ਤਾਂ ਖੁਸ਼ੀ-ਖੁਸ਼ੀ ਸਰੀਰਾਂ 'ਤੇ ਦਹੀਂ ਮਲ ਮਲ ਕੇ ਕੋਸੇ ਪਾਣੀ ਨਾਲ ਨਹਾਉਣ ਲੱਗ ਪਏ ਪਰ ਹੰਸ ਰਾਜ ਨੂੰ ਪੈ ਗਏ ਪਿੱਸੂ...! ਉਸ ਨੇ ਬਹਾਨਾ ਮਾਰਿਆ ਅਖੇ ਮਹਾਰਾਜ ਮੈਨੂੰ ਅੱਜ ਤਾਪ ਚੜ੍ਹਿਆ ਹੋਇਆ ਹੈ ਮੈਂ ਨਹੀਂ ਨਹਾਉਣਾ!

ਗੁਰੂ ਸਾਹਿਬ ਨੇ ਹੱਸਦਿਆਂ ਇੱਕ ਸਿੱਖ ਨੂੰ ਇਸ਼ਾਰਾ ਕੀਤਾ ਕਿ ਭਾਈ ਹੰਸ ਰਾਜ ਦੀ ਨਹਾਉਣ ਵਿਚ 'ਮੱਦਦ' ਕਰੋ! ਸਿੱਖ ਨੇ ਜਦ ਹੰਸ ਰਾਜ ਦੀ ਧੋਤੀ ਦਾ ਲੜ ਖਿੱਚਿਆ ਤਾਂ ਉਸਦੀ ਚੋਰੀ ਜ਼ਾਹਰ ਹੋ ਗਈ! ਮੁਸਕ੍ਰਾਉਂਦਿਆਂ ਗੁਰੂ ਮਹਾਰਾਜ ਨੇ ਹੋਰ ਤਾਂ ਉਹਨੂੰ ਕੁੱਝ ਨਾ ਕਿਹਾ, ਪਰ ਏਨਾ ਕੁ ਆਖਿਆ ਕਿ ਹੰਸ ਰਾਜਾ ਆਪਣੀ ਵਿਦਵਤਾ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਤੈਥੋਂ ਕਿਤੇ ਵਧੀਆ ਛੰਦ ਤਾਂ ਸਾਡੇ ਪਸ਼ੂਆਂ ਘੋੜਿਆਂ ਲਈ ਘਾਹ ਖੋਤਣ ਵਾਲੇ ਘਾਹੀ ਵੀ ਲਿਖ ਸਕਦੇ ਹਨ!

ਹੰਸ ਰਾਜ ਸ਼ਰਮਿੰਦਾ ਤਾਂ ਬਹੁਤ ਹੋਇਆ ਪਰ ਮਨ ਵਿਚ ਖੁਣਸ ਰੱਖੀ। ਇਸੇ ਖੁਣਸ ਕਾਰਨ ਉਸਨੇ ਇੱਕ ਦਿਨ ਦਰਬਾਰ ਵਿਚ ਚਾਂਦ ਕਵੀ ਦਾ ਲਿਖਿਆ ਛੰਦ ਬੋਲ ਕੇ ਕਿਹਾ ਕਿ ਮਹਾਰਾਜ ਇਹੋ ਜਿਹਾ ਛੰਦ ਲਿਖਣਾ ਤਾਂ ਦੂਰ, ਆਪਣੇ ਘਾਹੀ ਪਾਸੋਂ ਇਸ ਛੰਦ ਦੇ ਅਰਥ ਹੀ ਕਰਵਾ ਦੇਵੋ- ਸਵੱਈਆ

'ਨਵ ਸਾਤ ਤੀਏ ਨਵ ਸਾਤ ਕਿਯੇ ਨਵ ਸਾਤ ਪਿਯੇ ਨਵ ਸਾਤ ਪਿਆਏ। ਨਵ ਸਾਤ ਰਚੇ ਨਵ ਸਾਤ ਬਦੇ ਨਵ ਸਾਤ ਪਿਆਰਦੇ ਦਾਯਕ ਪਾਏ। ਜੀਤ ਕਲਾ ਨਵ ਸਤਨ ਕੀ ਨਵ ਸਾਤਨ ਕੇ ਮੁਖ ਅੰਚਰ ਛਾਏ। ਮਾਨਹੁ ਮੇਘ ਕੇ ਮੰਡਲ ਮੈ ਕਵਿ ਚੰਦਨ ਚੰਦ ਕਲੇਵਰ ਛਾਏ।'

ਛੰਦ ਸੁਣ ਕੇ ਸਰੋਤਿਆਂ ਵਿਚ ਸੰਨਾਟਾ ਜਿਹਾ ਛਾਅ ਗਿਆ, ਪਰ ਐਨ ਉਸੇ ਮੌਕੇ ਧੰਨਾਂ ਘਾਹੀ ਹੱਥ ਜੋੜ ਕੇ ਦਰਬਾਰ ਵਿਚ ਆਣ ਖਲੋਤਾ! ਗੁਰੂ ਸਾਹਿਬ ਦੀ ਆਗਿਆ ਪਾ ਕੇ ਘਾਹੀ ਧੰਨਾਂ ਕਹਿਣ ਲੱਗਾ ਕਿ ਜੀ ਇਸ ਲਿਖਤ ਵਿਚ ਔਖਾ ਕੀ ਐ? 'ਨਵ' ਦਾ ਅਰਥ ਨੌਂ ਅਤੇ 'ਸਾਤ' ਦਾ ਮਤਲਬ ਸੱਤ, ਨਵ ਜਮ੍ਹਾਂ ਸਾਤ ਹੋਏ ਸੋਲਾਂ! ਸੋਲਾਂ ਸਾਲ ਦੀ ਇਕ ਇਸਤ੍ਰੀ ਸੋਲਾਂ ਸਾਲ ਦਾ ਉਹਦਾ ਪਤੀ, ਸੋਲਾਂ ਮਹੀਨਿਆਂ ਪਿੱਛੋਂ ਕਿਤਿਉਂ ਆਇਆ, ਇਸਤ੍ਰੀ ਨੇ ਸੋਲਾਂ ਸ਼ਿੰਗਾਰ ਕੀਤੇ। ਸੋਲਾਂ ਹੀ ਖਾਨਿਆਂ ਵਾਲਾ ਚੌਪੜ ਵਿਛਾ ਕੇ ਸੋਲਾਂ ਰੁਪਏ ਦਾ ਦਾਅ ਖੇਲਿਆ, ਉਹ ਸੋਲਾਂ ਰੁਪਏ ਪਤੀ ਦੇ ਪਿਆਦੇ ਨੇ ਮਾਰ ਲਏ ਭਾਵ ਸੋਲਾਂ ਵਾਲੀ ਬਾਜ਼ੀ ਜਿੱਤ ਲਈ। ਸੋਲਾਂ ਸ਼ਿੰਗਾਰਾਂ ਵਾਲੀ ਇਸਤ੍ਰੀ ਨੇ ਸ਼ਰਮ ਨਾਲ ਆਪਣਾ ਮੂੰਹ ਕੱਪੜੇ 'ਚ ਢਕ ਲਿਆ, ਮਾਨੋ ਚੰਦ ਬੱਦਲਾਂ ਵਿਚ ਛੁਪ ਗਿਆ!

ਚਾਂਦ ਕਵੀ ਦੇ ਲਿਖੇ ਬੁਝਾਰਤ-ਨੁਮਾ ਛੰਦ ਦੇ ਇਕ ਘਾਹੀ ਪਾਸੋਂ ਅਰਥ ਸੁਣ ਕੇ ਹੰਸ ਰਾਜ ਛਿੱਥਾ ਪੈ ਗਿਆ ਤੇ ਸਾਰੇ ਕਵੀ ਵੀ ਦੰਗ ਰਹਿ ਗਏ!

ਹੁਣ ਸਤਿਗੁਰਾਂ ਨੇ ਧੰਨੇ ਘਾਹੀ ਨੂੰ ਥਾਪੜਾ ਦਿੰਦਿਆਂ ਆਖਿਆ ਕਿ ਭਾਈ ਧੰਨਾ ਸਿੰਘਾ ਤੂੰ ਵੀ ਕੋਈ ਛੰਦ ਸੁਣਾ ਦੇ! ਗੁਰੂ ਸਾਹਿਬ ਨੂੰ ਨਮਸਕਾਰ ਕਰਕੇ ਭਾਈ ਧੰਨੇ ਨੇ ਇਹ ਸਵੱਈਆ ਬੋਲਿਆ-

'ਮੀਨ ਮਰੇ ਜਲ ਕੇ ਪਰਸੇ ਕਬਹੂੰ ਨਾ ਮਰੇ ਪਰ ਪਾਵਕ ਪਾਏ।

ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨਾ ਮਰੇ ਤਨ ਤਾਪ ਕੇ ਆਏ।

ਤੀਅ ਮਰੇ ਪੀਅ ਕੇ ਪਰਸੇ ਕਬਹੂੰ ਨਾ ਮਰੇ ਪਰਦੇਸ ਸਿਧਾਏ।

ਗੁੜ੍ਹ ਮੈਂ ਬਾਤ ਕਹੀ ਦਿਜਰਾਜ, ਵਿਚਾਰ ਸਕੇ ਨਾ ਬਿਨਾ ਚਿੱਤ ਲਾਏ।'

ਧੰਨੇ ਘਾਹੀ ਦਾ ਇਹ ਸਵੱਈਆ ਸੁਣ ਕੇ ਬਹੁਤੇ ਸਰੋਤਿਆਂ ਸਮੇਤ ਕਈ ਕਵੀ ਜਨ ਵੀ ਚੱਕਰਾਂ 'ਚ ਪੈ ਗਏ! ਅਸਲ ਵਿਚ ਉਹ ਇਸ ਸਵੱਯੀਏ ਦੀਆਂ ਤਿੰਨ ਸਤਰਾਂ ਵਿਚ ਵਰਤੇ ਗਏ 'ਕਬਹੂੰ ਨਾ' ਸ਼ਬਦ ਨੂੰ ਸਤਰ ਦੇ ਦੂਸਰੇ ਅੱਧ ਨਾਲ ਜੋੜਨ ਦੀ ਗਲਤੀ ਕਰ ਰਹੇ ਸਨ! ਇੰਜ ਕੀਤਿਆਂ ਅਰਥ ਦਾ ਅਨਰਥ ਹੁੰਦਾ ਸੀ।

ਅਸਲ ਅਰਥ ਇਹ ਸੀ-

'ਮੱਛੀ ਨਹੀਂ ਮਰਦੀ ਜਲ ਦੇ ਮਿਲਾਪ ਕਰਕੇ, ਮਰ ਜਾਂਦੀ ਹੈ ਅੱਗ 'ਚ ਪਾਇਆਂ! ਹਾਥੀ ਨਹੀਂ ਮਰਦਾ ਸ਼ਰਾਬ ਯਾ ਮਸਤੀ ਦੇ ਮਿਲਿਆਂ ਪਰ ਮਰਦਾ ਹੈ ਤਪਤ ਕਰਕੇ। ਇਸਤ੍ਰੀ ਦੁਖੀ ਨਹੀਂ ਹੁੰਦੀ ਪਤੀ ਦੇ ਮਿਲਣ ਕਰਕੇ, ਪਰ ਦੁਖੀ ਹੁੰਦੀ ਹੈ ਪਤੀ ਦੇ ਪ੍ਰਦੇਸ ਗਿਆਂ!

# ਅਣ-ਫਿਰਿਆ ਮੱਕਾ ਵਿਚ ਰਮਿਆ ਉਂਕਾਰਪ੍ਰੀਤ

ਉਂਕਾਰਪ੍ਰੀਤ ਦੇ ਕਾਵਿ-ਸੰਗ੍ਰਹਿ 'ਅਣ-ਫਿਰਿਆ ਮੱਕਾ' ਦੀ ਚਰਚਾ ਸੋਸ਼ਲ ਮੀਡੀਆ 'ਤੇ ਪੜ੍ਹਦਾ-ਸੁਣਦਾ ਰਿਹਾ ਹਾਂ। ਇੱਥੇ ਕੈਨੇਡਾ ਆਇਆ ਤਾਂ ਇਕ ਸਾਹਿਤਕ ਸਮਾਗਮ ਵਿਚ ਟੱਕਰੇ ਉਂਕਾਰ ਨੇ ਸਤਿਕਾਰ ਸਹਿਤ ਇਹ ਪੁਸਤਕ ਭੇਟ ਕਰ ਦਿੱਤੀ। ਹੁਣ ਜਦ ਇਸ ਨੂੰ ਪੜ੍ਹ ਰਿਹਾ ਹਾਂ ਤਾਂ ਲੱਗਾ ਕਿ ਇਹ ਵੱਖਰੀ ਤਰ੍ਹਾਂ ਦਾ ਕਾਵਿ ਹੈ। ਵੱਖਰਤਾ ਵਡਿਆਈ ਹੁੰਦੀ ਹੈ। ਵਡੱਤਣ ਹੁੰਦੀ ਹੈ। ਡਿਜੀਟਲ ਦੇ ਇਸ ਯੁੱਗ ਵਿਚ ਜਦ ਕਵਿਤਾ ਧੜਾ-ਧੜ ਛਪ ਰਹੀ ਹੈ, ਕੁਝ ਵੱਖਰਾ ਕਰਨ ਦੀ ਲੋੜ ਸਮਿਆਂ ਦੀ ਮੰਗ ਬਣ ਜਾਂਦੀ ਹੈ। ਵੱਖਰੇ ਹੋਵੋਗੇ ਤਾਂ ਤੁਹਾਡੀ ਗੱਲ ਹੋਵੇਗੀ, ਚਰਚਾ ਹੋਵੇਗੀ। ਵੱਖਰੇ

ਮਲਵਿੰਦਰ
ਫੋਨ: +91 97795-91344

ਹੋਵੋਗੇ ਤਾਂ ਪੜ੍ਹੇ ਜਾਓਗੇ। ਅਜੋਕੇ ਸਮਿਆਂ ਵਿਚ ਕਵਿਤਾ ਦਾ ਪੜ੍ਹਿਆ ਜਾਣਾ ਤੁਹਾਡੀ ਪ੍ਰਾਪਤੀ ਹੈ। ਮੈਂ ਉਂਕਾਰਪ੍ਰੀਤ ਨੂੰ ਪੜ੍ਹ ਰਿਹਾ ਹਾਂ। ਉਂਕਾਰਪ੍ਰੀਤ ਕਹਿੰਦਾ ਹੈ, 'ਅਣ-ਫਿਰਿਆ ਮੱਕਾ ਦੀਆਂ ਸਾਰੀਆਂ ਕਵਿਤਾਵਾਂ ਅਜਿਹੇ ਅਣ-ਫਿਰੇ ਮੁੜ ਮਨ ਵਾਲਿਆਂ ਅਤੇ ਉਹਨਾਂ ਵਲੋਂ ਸਿੱਖੀ ਦੇ ਨਾਮ ਹੇਠ ਵਰਤਾਏ ਜਾ ਰਹੇ ਮਨਮੁਖੀ ਭਾਣਿਆਂ ਦੇ ਦਰਮਿਆਨ ਸਿੱਖ ਆਸ਼ੇ ਦੀ ਅਜੋਕੀ ਤਰਾਸਦੀ ਅਤੇ ਦਰਦ ਦਾ ਬਿਆਨ ਹਨ'। ਸ਼ਪਸ਼ਟ ਹੈ ਕਿ ਸ਼ਾਇਰ ਆਪਣੀ ਸਿਰਜਣਾ ਦੇ ਸਰੋਕਾਰਾਂ ਨੂੰ ਸਮਝਦਾ ਹੈ, ਆਪਣੀ ਕਵਿਤਾ ਦੇ ਮਨੋਰਥ ਨੂੰ ਜਾਣਦਾ ਹੈ। ਇਸ ਪੁਸਤਕ ਵਿਚਲੀਆਂ ਕਵਿਤਾਵਾਂ ਵੱਖ-ਵੱਖ ਸਮੇਂ ਫੁਰੇ ਫੁਰਨਿਆਂ ਦਾ ਸੰਗ੍ਰਹਿ ਨਹੀਂ ਹੈ। ਇਹ ਮਿੱਥ ਕੇ ਤੇ ਨਿੱਠ ਕੇ ਕੀਤਾ ਕਾਵਿਕ ਕਾਰਜ ਹੈ। ਇਹ ਸਿੱਖ ਇਤਿਹਾਸ ਦੇ ਪੰਨਿਆਂ ਦਾ ਪੁਨਰ ਉੱਥਾਨ ਜਾਂ ਮੁਲਾਂਕਣ ਵੀ ਨਹੀਂ ਹੈ। ਇਹ ਗੁਰੂ ਨਾਨਕ ਸਮੇਤ ਸਭ ਗੁਰੂਆਂ, ਭਗਤਾਂ ਦੇ ਖਿਆਲਾਂ, ਵਿਚਾਰਾਂ ਅਤੇ ਦਲੀਲਾਂ, ਜੋ ਸਾਡੇ ਮਨਾਂ 'ਚੋਂ ਖਾਰਜ ਹੋ ਚੁੱਕੇ ਹਨ, ਨੂੰ ਸਮਕਾਲ ਅੰਦਰ ਮੁੜ ਚੇਤੇ ਕਰਨ ਤੇ ਕਰਵਾਉਣ ਦਾ ਸੁਹਿਰਦ ਉਪਰਾਲਾ ਹੈ। ਇਸ ਪੁਸਤਕ ਦੀ ਭਾਸ਼ਾ ਇਸ ਵਿਚ ਸ਼ਾਮਲ ਕਾਵਿ ਦੇ ਹਾਣ ਦੀ ਹੈ। ਇਸ ਭਾਸ਼ਾ ਵਿਚ ਅਧਿਆਤਮ ਹੈ, ਲੈਅ ਹੈ, ਗੂੰਜ ਹੈ, ਸੁਰ ਹੈ ਤੇ ਸਭ ਤੋਂ ਮਹੱਤਵਪੂਰਨ ਸਾਦਗੀ ਹੈ, ਸਰਲਤਾ ਹੈ। ਅਜਿਹੀ ਕਵਿਤਾ ਸਿਰਜਣ ਲਈ ਕਵੀ ਮਨ ਨੂੰ ਜਿਸ ਜਿਹੜੀਆਂ ਤਹਿਆਂ ਫਰੋਲਣੀਆਂ ਪੈਂਦੀਆਂ ਹਨ, ਉਂਕਾਰ ਨੇ ਉਸ ਰੂਹਾਨੀ ਸਫ਼ਰ ਦੀਆਂ ਪੈੜਾਂ ਨੂੰ ਜ਼ਰੂਰ ਆਪਣੇ ਅੰਦਰ ਸਾਂਭਿਆ ਹੋਵੇਗਾ।

ਇਸ ਪੁਸਤਕ ਦੇ ਸ਼ੁਰੂ ਵਿਚ ਮੂਲ-ਮੰਤਰ ਦੇ ਅੰਗਾਂ (ਸ਼ਬਦਾਂ) ਨੂੰ ਕਵਿਤਾ ਅੰਦਰ ਢਾਲਿਆ ਹੈ। ਅਜਿਹਾ ਕਰਦਿਆਂ ਉਸ ਮੂਲ-ਮੰਤਰ ਦੀ ਵਿਆਖਿਆ ਨਹੀਂ ਕੀਤੀ। ਉਸ ਨੇ ਇਸ ਅੰਦਰ ਪਏ ਵਿਸਥਾਰਾਂ ਦੇ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਦਿਆਂ ਸਮਕਾਲ ਨੂੰ ਭੰਜੋਤਨ ਦੀ ਕੋਸ਼ਿਸ਼ ਕੀਤੀ ਹੈ। ਇਕ ਓਅੰਕਾਰ ਵਿਚ ਇੱਕ ਦੀ ਹੋਂਦ ਨੂੰ ਦ੍ਰਿੜ ਕਰਦੀ ਨਾਨਕ ਦੀ ਸੋਚ ਨਾਲ ਉਹ ਇੰਝ ਖਲੋਂਦਾ ਹੈ:

ਇਕ ਵਿਚ ਜੋ, ਦੋ ਵਿਚ ਸੋ
ਪੰਜਾਂ ਵਿਚ ਇਕੋ, ਇਕ ਗਿਆਰੀਂ
ਅਰਬੀਂ ਖਰਬੀ ਇਕ ਬੇਸ਼ੁਮਾਰ
—
ਉਪਜੇ ਵਿਗਸੇ ਕਣ-ਕਣ, ਇਕ ਕਮਾਲ
ਬਿਨਸੇ ਬਿਖਰੇ ਕਣ-ਕਣ ਇਕ ਅਕਾਲ
ਇਕ ਨੇ ਪਾਈਆਂ ਬਾਤਾਂ ਗੁੰਝੀਆਂ
ਇਕ ਹੋਏ ਬਿਨ ਜਾਣ ਨਾ ਬੁੱਝੀਆਂ

ਨਾਨਕ, ਬਾਬਰ ਦੇ ਯੁੱਗ ਤੋਂ ਸਾਢੇ ਪੰਜ ਸਦੀਆਂ ਬਾਅਦ ਜਿਨ੍ਹਾਂ ਸਮਿਆਂ ਅੰਦਰ ਅਸੀਂ ਜੀਅ ਰਹੇ ਹਾਂ, ਜਿਸ ਸਿਸਟਮ ਨੂੰ ਭੋਗ ਰਹੇ ਹਾਂ, ਉਸ ਵਿਚ ਸਤਿਨਾਮ ਰਟਣ ਹੋ ਗਿਆ ਹੈ, ਪੁਰਖ ਕਰਤਾ ਹੋ ਗਿਆ ਹੈ, ਹਰ ਥਾਂ ਡਰ ਦਾ ਬੋਲਬਾਲਾ ਹੋ ਗਿਆ ਹੈ, ਕਿੰਝ ਜੀਵੀਏ ਨਿਰਭਉ, ਕੋਈ ਨਿਰਵੈਰ ਨਹੀਂ, ਹਉਂ ਮੈਂ ਬਿਨ ਸਭ ਦੁਸ਼ਮਣ-ਗੈਰ ਹੋ ਗਏ ਹਨ। ਅਕਾਲ ਮੂਰਤ ਦੇ ਅਰਥ ਬਦਲ ਗਏ ਹਨ, ਜੂਨੀ ਤੋਂ ਅਜੂਨੀ ਦਾ ਮਹਾਂਸਫ਼ਰ ਅਮੁੱਕ ਹੋ ਗਿਆ ਹੈ ਤੇ ਅਸੰਭਵ ਹੋ ਗਿਆ ਹੈ ਸੈਭੰ ਹੋਣਾ। ਗੁਰ ਪ੍ਰਸਾਦ ਦੇ ਅਰਥ ਪੂੰਜੀਵਾਦ ਦੇ ਤਲਿਸਮ 'ਚ ਘੁਲ ਗਏ ਹਨ। ਗੁਰ ਪ੍ਰਸਾਦ ਤਾਂ ਆਪਣਾ ਮੂਲ ਪਛਾਣਨ ਜਾਨਣ, ਅਨਿਕ ਨਾਲ ਏਕਾ ਮਾਨਣ ਵਾਲਾ ਰਾਹ ਹੈ। ਇੰਝ ਇਹ ਕਵਿਤਾਵਾਂ ਸਮਿਆਂ ਦੇ ਬੇਤਰਤੀਬ ਹੋਏ ਵਰਤਾਰਿਆਂ ਨਾਲ ਸੰਵਾਦ ਰਚਾਉਂਦੀਆਂ ਹਨ।


ਉਂਕਾਰਪ੍ਰੀਤ ਕੋਲ ਸਿਰਜੇ ਜਾ ਰਹੇ ਕਾਵਿ ਦੀ ਢੁੱਕਵੀਂ ਕਾਵਿ-ਜੁਗਤ ਹੈ। ਨਾਨਕ ਨੂੰ ਪਰਿਭਾਸ਼ਤ ਕਰਦਿਆਂ ਉਸ ਦੀ ਕਵਿਤਾ ਮਹੀਨ, ਅਤਿ ਸੂਖਮ ਤ੍ਰੇਲ-ਤੁਪਕੇ ਅੰਦਰਲੀ ਪਾਰਦਰਸ਼ ਸਮਾਧੀ ਹੋ ਜਾਂਦੀ ਹੈ। ਨਾਨਕ ਦੀ ਆਮਦ ਨਾਲ ਮੱਸਿਆ ਦਾ ਨੇਰ੍ਹ ਪੂਰਨਮਾਸ਼ੀ ਹੋ ਜਾਂਦਾ ਹੈ। ਨਾਨਕਸ਼ਾਹੀ ਦੇ ਸੱਚ ਦੀ ਸਚਾਈ ਬਿਆਨਦਿਆਂ ਉਹ ਭੇਖ ਬਣ ਚੁੱਕੇ ਖਾਲਸਾਈ ਰੂਪ ਦੀ ਗੱਲ ਬੜੀ ਨਿਡਰਤਾ ਤੇ ਦ੍ਰਿੜਤਾ ਨਾਲ ਕਰਦਾ ਹੈ। ਰੂਹ ਦੀ ਰਬਾਬ ਛੇੜ ਉਹ ਕਹਿੰਦਾ ਹੈ:

ਸਪਤ ਸੁਰੇ, ਨੌਂ ਸੁਰੇ
ਸੁਰ, ਤਾਲ, ਰਾਗ, ਨਾਦ
ਲੰਘ ਜਾਣ ਦੇ ਨਿਰਉਚੇਚ
ਜਿਉਂ ਵਾਅ ਲੰਘੇ ਰੁੱਖਾਂ 'ਚੋਂ

'ਬਾਬੇ ਨੂੰ ਖ਼ਤ', 'ਬੱਚਾ ਤੇ ਧਰਮ', ਜੋਗਾ, ਖੰਡ ਪਾਠ, ਖੰਡ ਪਾਠ ਤੋਂ ਡਰਦੀ ਕਵਿਤਾ ਆਦਿ ਕਵਿਤਾਵਾਂ ਵਿਚ ਉਹ ਸਦੀ ਦੇ ਇਸ ਸਰਮਾਇਦਾਰੀ ਨਿਜ਼ਾਮ ਅੰਦਰ ਲਾਲੋਆਂ ਦੇ ਸਮਕਾਲੀ ਨਕਸ਼ਾਂ ਦੇ ਫੈਲਾਅ ਦਾ ਜ਼ਿਕਰ ਕਰਦਿਆਂ ਅੱਜ ਵੀ ਧੁਰ ਕੀ ਬਾਣੀ ਦੀ ਸਾਰਥਿਕਤਾ ਦੀ ਗੱਲ ਵੀ ਕਰਦਾ ਹੈ। ਪਰ ਧਰਮ ਵਿਚ ਪ੍ਰਵੇਸ਼ ਕਰ ਗਈ ਕੱਟੜਤਾਨੇ ਜਾਗਦੀ ਸੋਚ ਵਾਲੇ ਮੱਥਿਆਂ ਅੰਦਰ ਡਰ ਬਿਠਾ ਦਿੱਤਾ ਹੈ:

ਸ੍ਰਿਸ਼ਟੀ ਦਾ ਬੀਜ-ਨੂਹ-ਮਹਾਂ ਆਤਮਾਂ
ਨਿਰਭਉ-ਨਿਰਵੈਰ 'ਆਖੰਡ ਕਵਿਤਾ'
ਡਰੀ ਡਰੀ ਸੋਚੇ ਜੇ ਖੰਡ ਪਾਠੀਆਂ
ਮੈਨੂੰ ਵੇਖ ਲਿਆ ਤਾਂ ਕੀ ਬਣੇਗਾ??

ਖ਼ਾਲਿਸਤਾਨ... ਬੜੀ ਭਾਵਪੂਰਤ ਨਜ਼ਮ ਹੈ। ਵਿਸ਼ਵ ਦੇ ਵੱਖ-ਵੱਖ ਖਿਤਿਆਂ ਵਿਚ ਕੁਝ ਕੌਮਾਂ ਆਪਣੇ ਲਈ ਵੱਖਰੇ ਘਰ ਦੀ ਮੰਗ ਕਰਦੀਆਂ ਹਨ। ਭਾਰਤ ਵਿਚ ਵੀ ਇਸ ਵੱਖਰੇ ਖਿੱਤੇ ਦੀ ਮੰਗ ਲਈ ਪੰਜਾਬ ਨੇ ਪਿਛਲੇ ਚਾਰ ਦਹਾਕਿਆਂ ਦੌਰਾਨ ਕਈ ਦੁਖਾਂਤ ਵੇਖੇ ਝੱਲੇ ਹਨ। ਪਰ ਇਸ ਵੱਖਰੇ ਖਿੱਤੇ ਦੀ ਮੰਗ ਕਰਦੇ ਬਹੁਤੇ ਲੋਕਾਂ ਨੂੰ ਸਪਸ਼ਟ ਨਹੀਂ ਕਿ ਇਹ ਹੋਂਦ ਵਿਚ ਆਉਣ ਵਾਲਾ ਵੱਖਰਾ ਦੇਸ਼ ਕਿਹੋ ਜਿਹਾ ਹੋਵੇਗਾ ਜਾਂ ਹੋਣਾ ਚਾਹੀਦਾ ਹੈ। ਕਦੀ ਭਗਤ ਰਵੀਦਾਸ ਜੀ ਮਹਾਰਾਜ ਨੇ ਕਿਹਾ ਸੀ:




ਬੇਗਮਪੁਰਾ ਸਹਰ ਕਾ ਨਾਉ ।
ਦੁਖ ਅੰਦੋਹ ਨਹੀ ਤਿਹਿ ਠਾਉ
..........................
ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੁ ਮੀਤ ਹਮਾਰਾ

ਉਂਕਾਰਪ੍ਰੀਤ ਨੇ ਵੀ ਅਜਿਹੇ ਹੀ ਖਿੱਤੇ ਦਾ ਸੁਪਨਾ ਸਿਰਜਿਆ ਹੈ। ਚਹੁੰ ਪੰਨਿਆਂ 'ਤੇ ਫੈਲੀ ਇਸ ਨਜ਼ਮ ਦੀ ਹਰ ਸਤਰ 'ਚ ਇਕ ਸੁਪਨਾ ਹੈ। ਹਰ ਸੁਪਨਾ ਅਜਿਹਾ ਸਿਸਟਮ ਸਾਂਭੀ ਬੈਠਾ ਹੈ ਜਿਸ ਵਿਚ ਇਨਸਾਨ ਖੁੱਲ੍ਹ ਕੇ ਸਾਹ ਲੈ ਸਕੇ, ਦੂਜਿਆਂ ਦੇ ਦੁੱਖ ਦਰਦ ਸਮਝ ਤੇ ਵੰਡਾ ਸਕੇ। ਧਰਮ ਧਾਰਮਿਕ ਸਥਾਨਾਂ ਦੀ ਬਜਾਏ ਦਿਲਾਂ ਤੋਂ ਸ਼ੁਰੂ ਹੁੰਦਾ ਹੋਵੇ। ਇਸ ਨਜ਼ਮ ਦੀਆਂ ਆਖਰੀ ਸਤਰਾਂ ਸਾਂਝੀਆਂ ਕਰਦੇ ਹਾਂ

ਜਿਸਦਾ ਘੇਰਾ...ਪੂਰਾ ਵਿਸ਼ਵ ਹੋਵੇ
ਨਕਸ਼ਾ...ਪੂਰਾ ਬ੍ਰਹਿਮੰਡ
ਝੰਡਾ...ਪਾਣੀ ਰੰਗਾ, ਨਿਰਮਲ ਤੇ ਸਵੱਛ
ਕੌਮੀ ਨਾਹਰਾ...ਇਨਸਾਨੀਅਤ ਦਾ
ਬੋਲਬਾਲਾ
ਕੌਮੀ ਤਰਾਨਾ 'ਗਗਨ ਮਹਿ ਥਾਲ' ਵਾਲਾ
ਨਾਨਕ ਦਾ ਗੀਤ

ਵਿਕਾਸ ਦੇ ਨਵ-ਉਦਾਰਵਾਦੀ ਯੁੱਗ 'ਚ ਸਿੱਖੀ ਸਿਧਾਂਤ 'ਚ ਮਾਰਕਸਵਾਦ ਦਾ ਸਿਧਾਂਤ ਲਾਗੂ ਹੁੰਦਾ ਲੱਗਦਾ ਹੈ। ਇਸ ਯੁੱਗ 'ਚ ਲਾਲੋਆਂ 'ਚ ਨਵੇਂ ਲਾਲੋਆਂ ਦੀ ਇਕ ਜਮਾਤ ਵਿਕਸਤ ਹੋ ਗਈ ਹੈ। ਨਵੇਂ ਜਲਾਦ ਹੋਂਦ ਵਿਚ ਆ ਗਏ ਹਨ। ਨਵੇਂ ਲਾਲੋ ਭਾਗੋ ਤੇ ਨਵੇਂ ਜੱਲਾਦ ਕਵਿਤਾਵਾਂ ਇਸੇ ਕਰਵਟ ਦਾ ਕਾਵਿ-ਚਿਤਰਣ ਹਨ। ਇਸੇ ਸਿਧਾਂਤ 'ਚ ਉਦੈ ਤੇ ਖ਼ਪਤ ਹੁੰਦੇ ਪ੍ਰੋਫੈਸਰ ਦਾ ਬਿਰਤਾਂਤ ਸਿਰਜਿਆ ਹੈ ਪ੍ਰੋਫੈਸਰ ਨਜ਼ਮ ਵਿਚ। ਇਹ ਕਵਿਤਾਵਾਂ ਸਿੱਖੀ ਸਿਧਾਂਤ ਦੇ ਹੱਕ 'ਚ ਨਿੱਤਰੀਆਂ ਕਾਵਿ-ਬਿਆਨੀਆਂ ਨਹੀਂ ਹਨ। ਇਹ ਤਾਂ ਗੁਰੂ ਅਤੇ ਗੁਰਬਾਣੀ ਪ੍ਰੰਪਰਾ ਅੰਦਰ ਪ੍ਰਵੇਸ਼ ਕਰ ਗਏ ਕਰਮਕਾਂਡਾਂ ਨੂੰ ਨਿੰਦਦੀਆਂ ਚੁਣੌਤੀਆਂ ਹਨ। ਅਜਿਹੇ ਬਿਰਤਾਂਤ ਸਿਰਜਣੇ ਧਾਰਮਿਕ ਪ੍ਰੰਪਰਾਵਾਂ ਨਾਲ ਜੁੜੇ ਇਕ ਵਰਗ ਨਾਲ ਦੁਸ਼ਮਣੀ ਲੈਣ ਦੇ ਬਰਾਬਰ ਹੁੰਦੇ ਹਨ। ਇਸ ਨਵੇਂ ਯੁੱਗ ਦੀ ਪਰਿਭਾਸ਼ਾ ਇਹ ਹੈ ਕਿ:

ਬਾਬਾ ਹੁਣ ਨੇ ਨਵੇਂ ਜਮਾਨੇ
ਨਵੇਂ ਖ਼ਸਮ, ਨਵੇਂ ਖ਼ਸਮਾਨੇ

ਵਿਕਾਸ ਦੇ ਸਮਕਾਲੀ ਨਕਸ਼ਾਂ ਦੇ ਵਿਗਾੜਾਂ ਨੂੰ ਸਦੀਆਂ ਪਹਿਲਾਂ ਹੋਏ ਵਾਪਰੇ ਮਾਣਮੱਤੇ ਛਿਣਾਂ ਦੇ ਸਨਮੁੱਖ ਖੜ੍ਹਾ ਕਰਨਾ ਤੇ ਮੌਜੂਦਾ ਸਿਸਟਮ ਨੂੰ ਵੰਗਾਰਨਾ ਇਸ ਕਾਵਿ ਦਾ ਜੁਅਰਤ ਵਾਲਾ ਕਾਰਜ ਹੈ। ਸ਼ਾਇਰ ਤੱਥਾਂ, ਮਿੱਥਾਂ ਨੂੰ ਤੋੜਦਾ, ਨਵੇਂ ਅਰਥ ਸਾਕਾਰ ਕਰਦਾ ਹੈ। ਅਰਥ ਜੋ ਸਾਡੇ ਸਮਿਆਂ ਦੇ ਹਾਣੀ ਹੋਣ। ਅਰਥ ਜੋ ਮਾਨਵਵਾਦੀ ਸੋਚ ਨੂੰ ਪ੍ਰਣਾਏ ਹੋਣ। ਜਦ ਵਿਰੋਧ ਵਾਲੀ ਧਿਰ ਧਰਮ ਹੋਵੇ ਤਾਂ ਹਰ ਕੋਈ ਬਚਣ ਦੀ ਕੋਸ਼ਿਸ਼ ਕਰਦਾ ਹੈ। ਪਰ ਉਂਕਾਰਪ੍ਰੀਤ ਇਸ ਕਰਮ-ਕਾਂਡੀ ਵਿਵਸਥਾ ਖ਼ਿਲਾਫ਼ ਜੁਅਰਤ ਨਾਲ ਖੜ੍ਹਾ ਨਜ਼ਰ ਆਉਂਦਾ ਹੈ। ਉਸ ਦੇ ਵਿਰੋਧ ਦੇ ਕਲਾਵੇ 'ਚ ਅੰਤਰਰਾਸ਼ਟਰੀ ਵਰਤਾਰੇ ਵੀ ਆ ਜਾਂਦੇ ਹਨ। ਗੁਰੂ ਗ੍ਰੰਥ ਜੀ, ਮਾਨਿਓ ਕਵਿਤਾ ਵਿਚਲਾ ਵਿਅੰਗ ਕਵੀ ਦੇ ਨਿਰਭਉ ਇਰਾਦਿਆਂ ਦੀ ਦੱਸ ਪਾਉਂਦਾ ਹੈ:

ਉਨ੍ਹਾਂ ਦੀ ਮਰਿਯਾਦਾ
-ਜੋਤ ਜਗਾਉਣੀ
-ਧੂਫ਼ ਧੁਖਾਉਣੀ
-ਨਰੇਲ ਸਜਾਉਣੇ
-ਕੁੰਭ ਬਣਾਉਣੇ
ਗੁਰ-ਸ਼ਬਦ ਨੂੰ ਸੁੰਦਰ ਪੋਸ਼ਾਕੇ ਪਹਿਨਾਉਣ ਦੇ ਤਰੀਕੇ
ਚੌਰ ਕਰਨ ਦੀ ਕਲਾ, ਆਰਤੀ ਦੇ ਦੀਵਿਆਂ ਭਰੇ ਥਾਲ
ਘੁੰਮਾਉਣ ਵਿਚ ਪ੍ਰਬੀਨਤਾ, ਤੁਹਾਨੂੰ ਸੋਨ-ਪਲੰਘਾਂ 'ਤੇ
ਰੇਸ਼ਮੀ ਪਰਦਿਆਂ ਉਹਲੇ, ਸੁਖ-ਆਸਣ ਦੀ ਕੁਸ਼ਲਤਾ

ਕਿਸੇ ਧਾਰਮਿਕ ਸਥਾਨ ਦੀ ਮਰਿਆਦਾ ਦੇ ਨਾਂ 'ਤੇ ਅਮਾਨਵੀ ਰਸਮਾਂ, ਰੀਤਾਂ, ਤੇ ਕਰਮ-ਕਾਂਡਾਂ ਦਾ ਬੋਲਬਾਲਾ ਸੰਵੇਦਨਸ਼ੀਲ ਮਨਾਂ ਨੂੰ ਪ੍ਰੇਸ਼ਾਨ ਕਰਦਾ ਹੈ। ਉਹ ਸੋਚਦਾ ਹੈ ਕਿ ਅਖੌਤੀ ਸਿੱਖਾਂ 'ਚੋਂ ਹੁਣ ਨਾਨਕ ਵਾਲੀ ਸਿੱਖੀ ਗਾਇਬ ਹੋ ਗਈ ਹੈ। ਇਹ ਨਾਨਕ ਨੂੰ ਮੰਨਦੇ ਪਰ ਨਾਨਕ ਦੀ ਨਾ ਮੰਨਦੇ ਸਿੱਖਾਂ ਦੀ ਹੋਣੀ ਹੈ। ਅਜਿਹੇ ਸਮਿਆਂ 'ਚ ਸੁਨਹਿਰੀ ਮਿਆਨ ਵਾਲੀ ਤਲਵਾਰ ਭੈਅਭੀਤ ਹੈ। ਭੈਅ ਨਾਲ ਕੰਬਦੀ ਹੈ। ਕਿਉਂਕਿ ਸਿੱਖਾਂ ਦੇ ਵਰਤਮਾਨ ਬਾਣੇ ਨੇ ਢਾਈ ਸਦੀਆਂ ਲਾ ਕੇ ਸਿਰਜੀ ਕਿਰਪਾਨ ਨੂੰ ਮੌਜੂਦਾ ਸਰੂਪ ਦਿੱਤਾ ਹੈ। 'ਦੇਹ ਧਾਰੀ ਪੁਸਤਕ' ਅਜਿਹੀ ਥੋਪੀ ਗਈ ਮਰਿਆਦਾ 'ਤੇ ਕਿੰਤੂ-ਪ੍ਰੰਤੂ ਕਰਦੀ ਨਜ਼ਮ ਹੈ:

ਜਦੋਂ ਕੋਈ ਨੂਰੀ ਪੁਸਤਕ/ ਪੇਟਾਂ, ਗੋਲਕਾਂ ਦੇ ਵੱਸ
ਆਦਮ-ਦੇਹ ਬਣਦੀ ਹੈ
ਉਸ ਵਿਚਲਾ ਦਸ ਸੂਰਜੀ ਚਾਨਣ ਵੀ
ਰਹਿ ਜਾਂਦਾ ਬੱਸ ਦੇਹ ਦਾ ਪ੍ਰਛਾਵਾਂ

ਇਹ ਸਾਡਾ ਕੌਣ ਹੈ, ਓੜਕ ਸੱਚ ਰਹੀ ਅਤੇ ਇਸ ਕਿਤਾਬ ਦੇ ਸਿਰਲੇਖ ਵਾਲੀ ਕਵਿਤਾ ਅਣ-ਫਿਰਿਆ ਮੱਕਾ ਇਸ ਪੁਸਤਕ ਦੇ ਅੰਤਿਮ ਅਤੇ ਪ੍ਰਭਾਵਸ਼ਾਲੀ ਪੰਨੇ ਬਣਦੇ ਹਨ। ਇੱਕ ਲੰਮੇ ਰੂਹਾਨੀ ਸਫ਼ਰ ਤੋਂ ਬਾਅਦ ਜਿਵੇਂ ਵਿਛੀ ਧੁੱਪ ਦਾ ਚਾਨਣ ਅਦਬ ਵਿਚ ਝੁਕਿਆ ਹੋਵੇ। ਇਸ ਪੁਸਤਕ ਵਿਚਲਾ ਕਾਵਿ ਪਾਪੂਲਰ ਨਹੀਂ ਹੈ। ਇਹ ਮਾਨਵਵਾਦੀ ਤੇ ਤਰਕਸ਼ੀਲ ਹਿਰਦਿਆਂ ਦੇ ਸੁਹਜ ਦੀ ਤ੍ਰਿਪਤੀ ਕਰਦੀ ਸ਼ਾਇਰੀ ਹੈ। ਇਸ ਦੇ ਪਾਠਕ ਥੋੜ੍ਹੇ ਪਰ ਸਿਆਣੇ ਹੋਣਗੇ। ਇਹ ਪੁਖ਼ਤਾ ਸੋਚ ਵਾਲੇ ਪਾਠਕਾਂ ਦੀ ਬੁੱਕ-ਸੈਲਫ਼ 'ਤੇ ਸਾਂਭਣ ਵਾਲੀ ਕਿਰਤ ਹੈ। ਇਸ ਤੋਂ ਪਹਿਲਾਂ ਉਸ ਦੇ ਤਿੰਨ ਨਾਟਕ ਅਤੇ ਦੋ ਗ਼ਜ਼ਲ-ਸੰਗ੍ਰਹਿ ਛਪ ਚੁੱਕੇ ਹਨ। ਨਜ਼ਮਾਂ ਦੀ ਇਹ ਉਸਦੀ ਪਹਿਲੀ ਕਿਤਾਬ ਹੈ। ਅਸੀਂ ਇਸ ਪੁਸਤਕ ਦਾ ਸਵਾਗਤ ਕਰਦੇ ਹਾਂ।

# ਆਪਣੀ ਹੋਂਦ ਕਾਇਮ ਰੱਖਣ ਲਈ ਜੂਝ ਰਹੀ ਕਿਸਾਨੀ ਦੀਆਂ ਕਹਾਣੀਆਂ -ਜੜ੍ਹ ਮੂਲ


ਭੋਲਾ ਸਿੰਘ ਸੰਘੇੜਾ ਦਾ ਸ਼ੁਮਾਰ ਉਨ੍ਹਾਂ ਗਲਪਕਾਰਾਂ ਵਿਚ ਹੈ ਜਿਨ੍ਹਾਂ ਨੂੰ ਪੰਜਾਬੀ ਕਹਾਣੀਕਾਰਾਂ ਦੀਆਂ ਤਿੰਨ ਪੀੜ੍ਹੀਆਂ ਦੇ ਸਮਕਾਲੀ ਹੋਣ ਦਾ ਮਾਣ ਹਾਸਲ ਹੈ। ਆਪਣੇ ਚਾਰ ਦਹਾਕਿਆਂ ਦੇ ਸਾਹਿਤਕ ਸਫ਼ਰ ਦੌਰਾਨ ਉਸ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਪੜਾਅਵਾਰ ਆਈਆਂ ਵਿਸ਼ਾਗਤ ਤੇ ਰੂਪਕ ਤਬਦੀਲੀਆਂ ਮੁਤਾਬਿਕ ਆਪਣੀਆਂ ਕਹਾਣੀਆਂ ਦੇ ਕਲਾਤਮਕ ਮੁਹਾਂਦਰੇ

ਨਿਰੰਜਣ ਬੋਹਾ
ਫੋਨ: 89682-82700

ਪੁਸਤਕ ਚਰਚਾ

ਦਾ ਨਵੀਨੀਕਰਨ ਵੀ ਕੀਤਾ ਹੈ। ਭਾਵੇਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਉਸ ਦੀ ਉਘੜਵੀਂ ਪਛਾਣ ਪੇਂਡੂ ਅਰਥਚਾਰੇ ਤੇ ਕਿਸਾਨੀ ਜੀਵਨ ਦੇ ਵਿਸ਼ੇਸ਼ਗ ਵਜੋਂ ਬਣੀ ਹੋਈ ਹੈ ਪਰ ਉਸ ਨੇ ਸ਼ਹਿਰੀ, ਮਹਾਂਨਗਰੀ ਤੇ ਪਰਵਾਸੀ ਜੀਵਨ ਬਾਰੇ ਵੀ ਬਹੁਤ ਸਾਰੀਆਂ ਖ਼ੂਬਸੂਰਤ ਕਹਾਣੀਆਂ ਲਿਖੀਆਂ ਹਨ। ਪੂੰਜੀਵਾਦ ਦੇ ਅਜੋਕੇ ਸਿਖ਼ਰਲੇ ਦੌਰ ਵਿਚ ਜਦੋਂ ਪੰਜਾਬ ਦੀ ਕਿਸਾਨੀ ਸਮਾਜਿਕ ਤੇ ਆਰਥਿਕ ਧਰਾਤਲ 'ਤੇ ਆਪਣੀ ਹੋਂਦ ਦੀਆਂ ਉੱਖੜ ਰਹੀਆਂ ਜੜ੍ਹਾਂ ਨੂੰ ਬਚਾਉਣ ਲਈ ਫੈਸਲਾਕੁਨ ਲੜਾਈ ਲੜ ਰਹੀ ਹੈ ਤਾਂ ਸੰਘੇੜਾ ਦੀਆਂ ਕਹਾਣੀਆਂ ਨੇ ਉਸਨੂੰ ਆਪਣੀ ਨੈਤਿਕ ਹਮਾਇਤ ਦੇਣ ਦੀ ਜ਼ਿੰਮੇਵਾਰੀ ਸੁਚੇਤ ਪੱਧਰ 'ਤੇ ਸੰਭਾਲੀ ਹੋਈ ਹੈ। ਉਸ ਦੀਆਂ ਇਹ ਕਹਾਣੀਆਂ ਜਿੱਥੇ ਆਪਣੇ ਸਮਕਾਲੀ ਸਮਾਜਿਕ ਯਥਾਰਥ ਨੂੰ ਉਸਦੇ ਬਾਹਰੀ ਤੇ ਅੰਦਰੂਨੀ ਗੁਣਾਂ-ਅਵਗੁਣਾਂ ਸਮੇਤ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੀਆਂ ਹਨ, ਉੱਥੇ ਇਸ ਯਥਾਰਥ ਵਿਚ ਕਿਸਾਨ-ਮਜ਼ਦੂਰ ਹਿਤਾਂ ਦੇ ਅਨੁਸਾਰੀ ਦਖ਼ਲਅੰਦਾਜ਼ੀ ਕਰ ਕੇ ਇਸਦੀ ਦਿਸ਼ਾ ਤੇ ਦਸ਼ਾ ਤਬਦੀਲ ਕਰਨ ਦੀ ਵਚਨਬੱਧਤਾ ਨਾਲ ਵੀ ਜੁੜੀਆਂ ਹੋਈਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਸਰਹੱਦ' ਅਨੁਸਾਰ ਪਰਿਵਾਰਕ ਧਰਾਤਲ 'ਤੇ ਆਰਥਿਕ ਹਿੱਤਾਂ ਦੇ ਵਧ ਰਹੇ ਟਕਰਾਅ ਨੇ ਹੁਣ ਖ਼ੂਨ ਦੇ ਰਿਸ਼ਤਿਆਂ ਵਿਚ ਵੀ ਅਜਿਹੀਆਂ ਸਰਹੱਦਾਂ ਕਾਇਮ ਕਰ ਦਿੱਤੀਆਂ ਹਨ ਜੋ ਇੱਕ ਭਰਾ ਨੂੰ ਦੂਜੇ ਭਰਾ ਨਾਲ ਮਿਲਣ ਨਹੀਂ ਦਿੰਦੀਆਂ। ਜਰਨੈਲ ਸਿੰਘ ਤੇ ਉਸਦੇ ਭਰਾ ਵਿਚਕਾਰ ਚੱਲਣ ਵਾਲੀ ਆਰਥਿਕ ਹਿੱਤਾਂ ਦੀ ਲੜਾਈ ਜ਼ਮੀਨ ਜਾਇਦਾਦ ਦੀ ਵੰਡ ਨਾਲ ਹੀ ਖਤਮ ਨਹੀਂ ਹੁੰਦੀ, ਸਗੋਂ ਥਾਣੇ-ਕਚਹਿਰੀਆਂ ਵਿਚੋਂ ਹੁੰਦੀ ਹੋਈ ਪੱਕੀ ਦੁਸ਼ਮਣੀ ਵਿਚ ਬਦਲ ਜਾਂਦੀ ਹੈ। ਜਦੋਂ ਜਰਨੈਲ ਸਿੰਘ ਦੇ ਕੈਨੇਡਾ ਰਹਿ ਰਹੇ ਨੂੰਹ ਤੇ ਪੁੱਤਰ ਦੇ ਹਿੱਤਾਂ ਦੇ ਆਪਸੀ ਟਕਰਾਓ ਦਾ ਸਮਝੌਤਾ ਇਸ ਸ਼ਰਤ 'ਤੇ ਹੁੰਦਾ ਹੈ ਕਿ ਦੋਵਾਂ ਵਿਚੋਂ ਕੋਈ ਵੀ ਆਪਣੇ ਮਾਪਿਆਂ ਨੂੰ ਏਧਰ ਨਹੀਂ ਬੁਲਾਵੇਗਾ ਤਾਂ ਪਿਓ-ਪੁੱਤਰ ਦੇ ਰਿਸ਼ਤੇ ਖੜ੍ਹੀ ਹੋਈ ਨਵੀਂ ਸਰਹੱਦ ਜਰਨੈਲ ਸਿੰਘ ਨੂੰ ਮਾਨਸਿਕ ਤੌਰ 'ਤੇ ਬਿਲਕੁਲ ਤੋੜ ਦਿੰਦੀ ਹੈ। ਉਸਦੀ ਇਸ ਮਾਨਸਿਕ ਅਵਸਥਾ ਵਿਚੋਂ ਭੱਜੀਆਂ ਬਾਹਾਂ ਗਲ ਨੂੰ ਆਉਣ ਦੀ ਭਾਵੁਕ ਧਾਰਨਾ ਜਨਮ ਲੈਂਦੀ ਹੈ ਤਾਂ ਉਸਦੇ ਪੈਰ ਆਪ ਮੁਹਾਰੇ ਉਸ ਸਰਹੱਦ ਨੂੰ ਪਾਰ ਕਰ ਜਾਂਦੇ ਹਨ, ਜੋ ਉਸ ਆਪਣੇ ਤੇ ਆਪਣੇ ਭਰਾ ਦੇ ਘਰ ਵਿਚਕਾਰ ਆਪ ਖੜ੍ਹੀ ਕੀਤੀ ਸੀ। ਜਦੋਂ ਉਹ ਆਪਣੇ ਭਰਾ ਦੇ ਗਲ ਲੱਗ ਕੇ ਰੋਂਦਾ ਹੈ ਤਾਂ ਕਹਾਣੀ ਸਹਿਜੇ ਹੀ ਪਰਿਵਾਰਕ ਰਿਸ਼ਤਿਆਂ ਵਿਚੋਂ ਮਨਫ਼ੀ ਹੁੰਦੀ ਜਾ ਰਹੀ ਨਿੱਘ ਨੂੰ ਵਾਪਸ ਲਿਆਉਣ ਦੇ ਮੰਤਵੀ ਉਦੇਸ਼ ਨੂੰ ਹਾਸਿਲ ਕਰ ਲੈਂਦੀ ਹੈ।




ਕਹਾਣੀ 'ਜੜ੍ਹ ਮੂਲ' ਆਪਣਾ ਮੁਲਕ ਛੱਡ ਕੇ ਦੂਸਰੇ ਮੁਲਕਾਂ ਵਿਚ ਪਰਵਾਸ ਕਰਨ ਨੂੰ ਆਪਣੇ ਜੜ੍ਹ ਮੂਲ ਨਾਲੋਂ ਟੁੱਟਣ ਦਾ ਨਾਂ ਦਿੰਦੀ ਹੈ। ਪਰਵਾਸ ਵੱਲ ਝੁਕਾਅ ਰੱਖਦੀ ਪੇਂਡੂ ਕਿਸਾਨੀ ਦੀ ਨਵੀਂ ਪੀੜ੍ਹੀ ਨੂੰ ਤਾਂ ਨਵੇਂ ਸਮਾਜਿਕ ਤੇ ਸਭਿਆਚਾਰਕ ਧਰਾਤਲ ਵਿਚ ਆਪਣੀਆਂ ਜੜ੍ਹਾਂ ਲਾਉਣ ਸਮੇਂ ਵਧੇਰੇ ਪ੍ਰੇਸ਼ਾਨੀ ਨਹੀਂ ਆਉਂਦੀ ਪਰ ਆਪਣੇ ਖੇਤਾਂ ਦੀ ਮਿੱਟੀ ਨਾਲ ਉਮਰ ਭਰ ਜੁੜੇ ਰਹੇ ਗੁਰਮੁਖ

(ਬਾਕੀ ਅਗਲੇ ਸਫੇ 'ਤੇ)

# ਵਿਅੰਗ

# 'ਬਸ ਹੁਣੇ ਆਇਆ'

ਸਾਡੇ ਇੱਥੇ ਜੇ ਕੋਈ ਕਹੇ ਕਿ 'ਬਸ ਹੁਣੇ ਆਇਆ' ਤਾਂ ਸਮਝੋ ਇਕ-ਦੋ ਘੰਟੇ ਲਾ ਕੇ ਆਊ; ਜੇ ਕੋਈ ਕਹੇ ਕਿ 'ਰੀਣ ਕੁ ਦੇਰ ਨਾਲ ਆਊਂ' ਤਾਂ ਸਮਝੋ ਦਿਨ ਢਲੇ ਆਊ ਅਤੇ ਜੇ ਕੋਈ ਇਹ ਕਹਿ ਕੇ ਜਾਏ ਕਿ 'ਜ਼ਰਾ ਠਹਿਰ ਕੇ ਆਊਂ' ਤਾਂ ਸਮਝੋ ਫਿਰ ਅਗਲੇ ਦਿਨ ਆਊ!

ਇਸ ਨੂੰ 'ਭਾਰਤੀ ਸਮਾਂ' ਭਾਵ 'ਇੰਡੀਅਨ ਟਾਈਮ' ਕਿਹਾ ਜਾਂਦੈ। ਜਿਵੇਂ ਪਿਆਕੜਾਂ ਵਿਚ ਪਟਿਆਲਾ ਪੈੱਗ ਮਸ਼ਹੂਰ ਹੈ, ਉਵੇਂ ਹੀ ਪਿਛਾਕੜਾਂ ਵਿਚ ਭਾਰਤੀ ਸਮੇਂ ਦੀ ਪੈਂਠ ਹੈ। ਜਦ ਕੋਈ ਨਸ਼ੇੜੀ ਦੋ-ਚਾਰ ਛੋਟੇ ਪੈੱਗਾਂ ਨੂੰ ਮਿਲਾ ਕੇ ਇਕ ਕਰ ਲਵੇ ਜਾਂ 'ਐਕਸਟਰਾ ਲਾਰਜ' ਪੈੱਗ (ਵੱਡਾ ਹਾੜ੍ਹਾ) ਬਣਾ ਲਵੇ ਤਾਂ ਪਟਿਆਲਾ ਪੈੱਗ ਬਣ ਜਾਂਦੈ ਅਤੇ ਜਦ ਕੋਈ ਨੇਸਤੀ ਨਿਰਧਾਰਤ ਸਮੇਂ ਤੋਂ ਅੱਧਾ-ਪੌਣਾ ਜਾਂ ਇਕ ਘੰਟਾ ਪਛੜ ਕੇ ਪਹੁੰਚੇ ਤਾਂ ਆਪਣੇ ਵਤਨ ਦਾ ਵੇਲਾ ਬਣ ਜਾਂਦੈ!

ਸਾਡੇ ਮੁਲਕ ਵਿਚ 'ਪੰਕਚੂਐਲਿਟੀ' (ਸਮੇਂ ਦੀ ਪਾਬੰਦੀ) ਸਭ ਤੋਂ ਵਡੀ 'ਕੈਯੁਐਲਿਟੀ' (ਮਾਰੂ ਹਾਦਸਾ) ਹੈ! ਇਥੇ ਲੇਟ-ਲਤੀਫ ਹੋਣਾ ਟੌਹਰ ਸਮਝਿਆ ਜਾਂਦਾ ਹੈ। ਕੋਈ ਅੱਧਾ ਘੰਟਾ ਲੇਟ ਆਵੇ ਤਾਂ ਗਿਲਾ ਕੀਤਿਆਂ ਅਗੋਂ ਜਵਾਬ ਮਿਲੇਗਾ, "ਯਾਰ, ਭਾਰਤੀ ਸਮੇਂ ਤੋਂ ਤਾਂ ਅੱਧਾ ਘੰਟਾ ਪਹਿਲਾਂ ਪਹੁੰਚਿਆ ਹਾਂ"।



ਵਰਤਮਾਨ ਵਿਚ ਵਿਚਰਨਾ ਬਹੁਤਿਆਂ ਦੇ ਵੱਸ ਦਾ ਰੋਗ ਨਹੀਂ। ਕਿਸੇ ਸਮਾਗਮ ਵਿਚ ਜੇ ਕੋਈ ਵਿਰਲਾ-ਟਾਂਵਾਂ ਬੰਦਾ ਸਮੇਂ ਸਿਰ ਅੱਪੜ ਜਾਏ ਤਾਂ ਅਗੋਂ ਲਗਾਈਆਂ ਜਾ ਰਹੀਆਂ ਕੁਰਸੀਆਂ ਹੀ ਸਵਾਗਤ ਕਰਦੀਆਂ ਹਨ। ਜੇ ਚੰਗੇ ਕਰਮਾਂ ਨੂੰ ਕੋਈ ਸਮਾਗਮ ਸਮੇਂ ਸਿਰ ਸ਼ੁਰੂ ਹੋ ਜਾਏ ਤਾਂ ਬਹੁਤੇ ਲੋਕੀਂ ਸਮਾਪਤੀ ਵੇਲੇ ਹੀ ਪੁੱਜਦੇ ਹਨ!

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਥੋੜੇ ਬਹੁਤੇ ਫਰਕ ਤੋਂ ਇਲਾਵਾ ਅਸੀਂ ਇਥੇ 'ਵਰਕ-ਕਲਚਰ' (ਕੰਮ-ਸਭਿਆਚਾਰ) ਦੀ ਬਜਾਏ 'ਸ਼ਰਕ-ਕਲਚਰ' (ਕੰਮਚੋਰ-ਸਭਿਆਚਾਰ) ਬੜੀ ਠਾਠ ਨਾਲ ਸਾਂਭ ਕੇ ਰੱਖਿਆ ਹੈ। ਸਾਨੂੰ ਬਹੁਤਿਆਂ ਨੂੰ ਉਹ ਕੰਮ ਚੰਗਾ ਲੱਗਦਾ ਹੈ ਜਿਸ ਵਿਚ ਮਿਹਨਤ ਘੱਟ ਹੋਵੇ ਅਤੇ ਮਾਲ ਵੱਧ ਮਿਲੇ। ਜੇ ਕੰਮ ਨਾ ਹੀ ਕਰਨਾ ਪਵੇ ਤਾਂ ਹੋਰ ਵੀ ਚੰਗੀ ਗੱਲ ਹੈ। ਜੇ 'ਉਪਰਲੀ' (ਜਾਂ ਹੇਠਲੀ) ਕਮਾਈ ਹੋਵੇ ਤਾਂ ਫਿਰ ਕਹਿਣੇ ਹੀ ਕੀ!

ਅਸੀਂ ਹਫਤੇ ਵਿਚਲੇ ਅੱਧੇ ਦਿਨ ਤਾਂ ਉਂਝ ਹੀ ਸ਼ੁੱਭ ਨਹੀਂ ਮੰਨਦੇ। ਸ਼ਨਿਚਰਵਾਰ 'ਤੇ ਤਾਂ ਛਨਿਛਰ/ਛਨੀ ਹੀ ਚੜ੍ਹਿਆ ਰਹਿੰਦੈ। ਐਤਵਾਰ ਤੋਂ ਇਲਾਵਾ ਦਿਨ-ਦਿਹਾਰਾਂ ਦੀਆਂ ਅਨੇਕਾਂ ਛੁੱਟੀਆਂ। ਫਿਰ ਆਪ ਵੀ ਤਾਂ ਛੁੱਟੀਆਂ ਲਈਆਂ ਜਾ ਸਕਦੀਆਂ ਹਨ-ਬੰਦਾ ਬੀਮਾਰ-ਠਮਾਰ ਹੋ ਜਾਂਦੈ, ਕੋਈ ਸ਼ਾਦੀ-ਗਮੀ ਆ ਜਾਂਦੀ ਐ ਜਾਂ ਕਈ ਵਾਰ ਉਂਝ ਹੀ ਮੂਡ ਜਿਹਾ ਨਹੀਂ ਹੁੰਦਾ ਕੰਮ 'ਤੇ ਜਾਣ ਦਾ, ਸੋ ਛੁੱਟੀ ਕਰ ਲਈ।

ਭਾਵੇਂ ਲੱਗੂ ਤਾਂ ਬੁਰਾ ਪਰ ਸਾਡੇ 'ਚੋਂ ਬਹੁਤੇ ਦਲਿੱਦਰੀਆਂ ਦੇ ਦੇਸ਼ ਦੇ ਵਾਸੀ ਹਨ; ਰੱਜ ਕੇ ਸੁਸਤ, ਨੇਸਤੀ, ਪੋਸਤੀ, ਬੀਤੇ ਦੇ ਰੋਂਦੜ, ਵਰਤਮਾਨ ਦੇ ਵਿਹਲੜ, ਭਵਿੱਖ ਦੇ ਗੋਂਦੜ (ਮਿਹਨਤੀ ਅਤੇ ਚੁਸਤ-ਫੁਰਤੀਲੇ ਸੱਜਣ/ਸੱਜਣੀਆਂ ਮਾਫ ਕਰਨ)।

ਖੈਰ, ਸਮਾਂ ਆਖਿਰ ਹੁੰਦਾ ਕੀ ਹੈ?

ਅੰਗਰੇਜ਼ੀ ਦਾ ਲੇਖਕ ਲੌਂਗਫੈਲੋ ਸਮੇਂ ਨੂੰ ਬਹੁਤ ਸੁੰਦਰ ਢੰਗ ਨਾਲ ਪਰਿਭਾਸ਼ਿਤ ਕਰਦਾ ਹੈ। ਉਹ ਪੁੱਛਦਾ ਹੈ ਕਿ ਆਖਿਰ ਟਾਈਮ ਹੈ ਕੀ? ਘੜੀ ਦੀ ਡਾਇਲ 'ਤੇ ਪੈ ਰਿਹਾ ਪ੍ਰਛਾਵਾਂ? ਘੜੀ ਦੀ ਟਿਕ- ਟਿਕ? ਰਾਤ, ਦਿਨ, ਸਰਦੀ, ਗਰਮੀ, ਮਹੀਨੇ, ਸਾਲ, ਸਦੀਆਂ? ਫਿਰ ਉਹ ਆਪ ਹੀ ਜਵਾਬ ਦਿੰਦਾ ਹੈ ਕਿ ਉਪਰੋਕਤ ਸਭ ਤਾਂ ਸਮਾਂ ਮਿਣਨ ਦੇ ਬਾਹਰਮੁਖੀ ਸਾਧਨ ਹਨ, ਸਮਾਂ ਤਾਂ ਦਰਅਸਲ ਆਤਮਾ ਦਾ ਜੀਵਨ ਹੈ।

ਪਰ ਵਿਲੀਯਮ ਸ਼ੇਕਸਪੀਅਰ ਅਤੇ ਜੌਹਨ ਮਿਲਟਨ ਸਮੇਤ ਕਈ ਅੰਗਰੇਜ਼ੀ ਕਵੀਆਂ ਨੇ ਸਮੇਂ ਨੂੰ ਬਦਲਾਖੋਰ, ਮਾਰਖੋਰਾ, ਭੁਆਂਟਣੀਬਾਜ਼, ਫਿਰਕੀ ਅਤੇ ਜ਼ਹਿਰ ਤਕ ਵੀ ਕਿਹਾ ਹੈ।

ਬੜਿਆਂ ਨੇ ਬੜੀਆਂ ਸਿਫਤਾਂ ਦੇ ਪੁਲ ਵੀ ਬੰਨ੍ਹੇ ਹਨ।

ਵਿਆਕਰਨ ਵਾਲਿਆਂ ਨੇ ਸਮੇਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ-ਭੂਤਕਾਲ, ਵਰਤਮਾਨ ਅਤੇ ਭਵਿੱਖ। ਭਾਵੇਂ ਸਮਾਂ ਇਕ ਨਿਰੰਤਰ ਵਹਿਣ ਹੈ ਅਤੇ ਇਸ ਦੀ ਦਰਜਾਬੰਦੀ ਨਹੀਂ ਕੀਤੀ ਜਾ ਸਕਦੀ ਪਰ ਸਿਖਾਂਦਰੂਆਂ ਦੀ ਸਹੂਲਤ ਲਈ ਇਹ ਵੰਡ ਕੀਤੀ ਗਈ ਹੈ।



ਵੈਸੇ ਤਾਂ ਹਰ ਵੇਲਾ ਹੀ ਵਰਤਮਾਨ ਹੈ। ਕੱਲ੍ਹ ਕਦੀ ਨਹੀਂ ਪਰਤਦਾ, ਭਲਕ ਦਾ ਪਤਾ ਭਲਕੇ। ਜੋ ਹੈ ਸੋ ਅੱਜ ਹੈ, ਹੁਣ ਹੀ ਹੈ! 1965 ਦੀ ਸੁਪਰਹਿੱਟ ਫਿਲਮ 'ਵਕਤ' ਦੇ ਇਕ ਗੀਤ ਦੀਆਂ ਲਾਈਨਾਂ ਹਨ-

"ਆਗੇ ਭੀ ਜਾਨੇ ਨਾ ਤੂ, ਪੀਛੇ ਭੀ ਜਾਨੇ ਨਾ ਤੂ, ਜੋ ਭੀ ਹੈ ਬਸ ਯਹੀ ਇਕ ਪਲ ਹੈ"।

ਅਜੋਕੀਆਂ ਫਿਲਮਾਂ 'ਹੇ ਬੇਬੀ' ਅਤੇ 'ਕੱਲ੍ਹ ਹੋ ਨਾ ਹੋ' ਵੀ ਵੱਖਰੇ ਅੰਦਾਜ਼ ਵਿਚ ਇਹੀ ਗੱਲ ਕਹਿੰਦੀਆਂ ਹਨ-

"ਹੇ ਬੇਬੀ! ਜੀਅ ਲੇਨੇ ਦੇ ਇਸ ਪਲ ਕੋ, ਕੱਲ੍ਹ ਕੀ ਦੇਖੇਂਗੇ ਕੱਲ੍ਹ ਕੋ' ਅਤੇ

"ਹਰ ਪਲ ਯਹਾਂ ਜੀਅ ਭਰ ਕੇ ਜੀਓ ਜੋ ਹੈ ਸਮਾਂ ਕਲ੍ਹ ਹੋ ਨਾ ਹੋ'।

ਜਾਣੀ ਕੱਲ੍ਹ ਕਰੇ ਸੋ ਆਜ ਕਰ, ਆਜ ਕਰੇ ਸੋ ਅਬ। ਇਸ ਬਾਰੇ ਬੈਂਜਾਮਿਨ ਫ੍ਰੈਂਕਲਿਨ ਦੀ ਲਾਈਨ ਤਾਂ ਮੁਹਾਵਰਾ ਹੀ ਬਣ ਗਈ ਹੈ ਕਿ ਜੋ ਅੱਜ ਕੀਤਾ ਜਾ ਸਕਦਾ ਹੈ ਉਸ ਨੂੰ ਕਦੀ ਵੀ ਭਲਕ 'ਤੇ ਨਾ ਛੱਡੋ। ਵੈਸੇ ਵੀ ਪੱਤਣਾਂ ਹੇਠੋਂ ਲੰਘ ਗਏ ਪਾਣੀਆਂ ਨਾਲ ਕਦੇ ਵੀ ਘਰਾਟ ਨਹੀਂ ਚਲਦੇ ਅਤੇ ਪੀਸਣ ਨਹੀਂ ਪੀਸੇ ਜਾ ਸਕਦੇ। ਇਸ ਤੇਜ਼ ਰਫਤਾਰ, ਤਰੱਕੀ ਅਤੇ ਤਕਨਾਲੌਜੀ ਦੇ ਦੌਰ ਵਿਚ ਅੱਜ ਦੀ ਹੀ ਔਕਾਤ ਹੈ, ਹੁਣ ਦੀ ਹੀ ਹੋਂਦ ਹੈ, ਮੌਜੂਦਾ ਪਲ ਦੀ ਹੀ ਪੁੱਛ ਹੈ। ਕੱਲ੍ਹ ਨਾਮ ਕਾਲ ਦਾ। ਅੰਗਰੇਜ਼ੀ ਕਵੀ ਪੀ.ਬੀ. ਸ਼ੈਲੀ ਤਾਂ ਸਾਡੇ ਅੱਗੜ-ਪਿੱਛੜ ਝਾਕਣ ਅਤੇ ਅਣਮਿਲੇ ਉਪਰ ਝੂਰਨ ਨੂੰ ਹੀ ਸਭ ਸਿਆਪਿਆਂ ਦੀ ਜੜ੍ਹ ਸਮਝਦਾ ਹੈ। ਅਖਤਰ ਅਨਸਾਰੀ ਦੁਆ ਕਰਦਾ ਹੈ-"ਯਾਦੇ ਮਾਜ਼ੀ ਆਜ਼ਾਬ ਹੈ ਯਾ ਰੱਬ ਛੀਨ ਲੇ ਮੁਝ ਸੇ ਹਾਫਿਜ਼ਾ ਮੇਰਾ"।

ਜੋ ਵੇਲਾ ਨਹੀਂ ਸਾਂਭਦੇ ਵੇਲਾ ਉਨ੍ਹਾਂ ਨੂੰ ਨਹੀਂ ਸਾਂਭਦਾ। ਕਈ ਵੇਰਾਂ ਇਕ ਪਲ ਦਾ ਖੁੰਝਿਆ ਵਰ੍ਹਿਆਂ 'ਤੇ ਜਾ ਪੈਂਦਾ ਹੈ। ਮੁਜ਼ੱਫਰ ਰਜ਼ਮੀ ਨੇ ਖੂਬ ਕਿਹੈ-

"ਯੇਹ ਜਬਰ ਭੀ ਦੇਖਾ ਹੈ ਤਾਰੀਖ ਕੀ ਨਜ਼ਰੋਂ ਨੇ,
ਲਮਹੋਂ ਨੇ ਖਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ"।

ਸਮਾਂ ਇਕ ਬੇਲਗਾਮ, ਅਮੋੜ ਘੋੜਾ ਹੈ ਜੋ ਪਹਾੜ ਦੀ ਢਲਵਾਨ ਤੋਂ ਸਰਪਟ ਹੇਠਾਂ ਦੁੜੰਗੇ ਲਾਉਂਦਾ ਜਾ ਰਿਹੈ। ਐਂਵੇਂ ਤਾਂ ਨਹੀਂ ਪੰਜਾਬੀ ਦਾ ਦਰਵੇਸ਼ ਸ਼ਾਇਰ ਭਾਈ ਵੀਰ ਸਿੰਘ ਕਹਿੰਦੈ-

"ਰਹੀ ਵਾਸਤੇ ਘਤ ਸਮੇਂ ਨੇ ਇਕ ਨਾ ਮੰਨੀ,
ਮੈਂ ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ...।
ਹੋ! ਅਜੇ ਸੰਭਾਲ ਇਸ 'ਸਮੇਂ' ਨੂੰ
ਕਰ ਸਫਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨਾ ਜਾਣਦਾ
ਲੰਘ ਗਿਆ ਨਾ ਮੁੜ ਕੇ ਆਂਵਦਾ"।

ਪੰਜਾਬ ਦੀ ਰੂਹ ਵਾਰਸ ਸ਼ਾਹ ਦੀ ਸੁਣ ਲਓ:
"ਵਾਰਸ ਸ਼ਾਹ ਮੀਆਂ ਇਹ ਵਕਤ ਘੁਥਾ
ਕਿਸੇ ਪੀਰ ਨੂੰ ਨਾ ਹੱਥ ਆਂਵਦਾ ਜੇ"।

ਵਾਰਸ ਨੂੰ ਪੁਕਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਦੀ ਆਖੀ ਗੌਲ ਲਓ:

"ਪਾਣੀ ਜੋ ਅੱਜ ਪਤਣੇ ਲੰਘਦਾ ਫੇਰ ਨਾ ਆਉਂਦਾ ਭਲਕੇ"।

ਉਰਦੂ ਸ਼ਾਇਰ ਨਿਦਾ ਫਾਜ਼ਲੀ ਦਾ ਅੰਦਾਜ਼ ਜ਼ਰਾ ਅੱਡ ਹੈ:
"ਜਬ ਭੀ ਤੁਮ ਚਾਹੋ ਇਨਾਇਤ ਸੇ ਬੁਲਾ ਲੋ ਮੁਝ ਕੋ,
ਮੈਂ ਕੋਈ ਗਯਾ ਵਕਤ ਨਹੀਂ ਹੂੰ ਫਿਰ ਆ ਭੀ ਨਾ ਸਕੂੰ"।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ ਸਮਾਂ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਚਾਰ ਅਰਥ ਹਨ: 1.ਵਰ੍ਹਾ, ਸਾਲ, 2. ਰੁੱਤ, ਮੌਸਮ, 3. ਅੱਧਾ ਸਾਲ, ਤਿੰਨ ਰੁੱਤਾਂ 4. ਸਮਯ, ਕਾਲ, ਵੇਲਾ। ਵੇਲਾ ਵੀ ਸੰਸਕ੍ਰਿਤ ਦਾ ਹੀ ਸ਼ਬਦ ਹੈ ਜਿਸ ਦੇ ਕੋਸ਼ ਵਿਚ 7 ਅਰਥ ਕੀਤੇ ਗਏ ਹਨ, ਜਿਨ੍ਹਾਂ 'ਚੋਂ ਇਕ ਅਰਥ ਹੈ ਸਮਾਂ, ਵਕਤ- "ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ"॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ-4)। ਵੇਲਾ ਵਕਤੁ ਜਾਂ ਵੇਲਾ ਵਖਤੁ ਜੁੱਟਾਂ ਦੇ ਰੂਪ ਵਿਚ ਵੀ ਵਰਤੇ ਜਾਂਦੇ ਹਨ। ਵਕਤ ਅਰਬੀ ਦਾ ਲਫਜ਼ ਹੈ ਜਿਸ ਦਾ ਅਰਥ ਵੀ ਸਮਾਂ ਹੈ।

ਅੰਗਰੇਜ਼ੀ ਵਿਚ ਸਮੇਂ ਨੂੰ 'ਟਾਈਮ' ਕਹਿੰਦੇ ਹਨ। ਸ਼ਬਦ ਵਿਗਿਆਨ ਦੇ ਸਰੋਤਾਂ ਅਤੇ ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਅਨੁਸਾਰ ਇਹ ਸ਼ਬਦ ਪੁਰਾਤਨ ਅੰਗਰੇਜ਼ੀ ਦੇ 'ਟਾਈਮਾ/ਟਾਈਡ', ਪਰੋਟੋ-ਜਰਮੈਨਿਕ ਦੇ 'ਟਾਈਮੋਨ', ਲਾਤੀਨੀ ਦੇ 'ਟੈਂਪ', ਫਰਾਂਸਿਸੀ ਦੇ 'ਟੈਂਪਸ', ਓਲਡ ਨੌਰਸ ਦੇ 'ਟਿਮੀ' ਤੋਂ ਹੁੰਦਾ ਹੋਇਆ ਆਪਣੇ ਮੌਜੂਦਾ ਰੂਪ ਵਿਚ ਪੁੱਜਾ।

ਮੰਨਿਆ ਜਾਂਦੈ ਕਿ ਐਂਗਲੋ-ਸੈਕਸਨਾਂ ਨੇ ਪੰਜਵੀਂ ਸਦੀ ਵਿਚ 'ਟਾਈਮ' ਸ਼ਬਦ ਦੀ ਵਰਤੋਂ ਸ਼ੁਰੂ ਕੀਤੀ। ਇਸ ਨੂੰ ਮਿਸਰ 'ਤੇ ਹੀਬਰੂ ਚਿੰਨ੍ਹ/ਸਿੰਬਲ 'ਤੋਂ ਹਾਸਲ ਕੀਤਾ।

ਸਮਾਂ ਅਨੰਤ ਹੈ। ਸੰਸਾਰ ਦੀ ਸ੍ਰਿਸ਼ਟੀ ਤੋਂ ਪਹਿਲਾਂ ਵੀ ਸਮਾਂ ਸੀ ਤੇ ਸਮੇਂ ਤੋਂ ਪਹਿਲਾਂ ਵੀ ਸਮਾਂ ਸੀ! ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਇਸ ਗੱਲ ਦਾ ਬੜਾ ਸਿੱਧਾ ਸਪੱਸ਼ਟ ਨਬੇੜਾ ਕੀਤਾ ਗਿਐ-'ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ'॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 4-5) (ਭਾਵ ਜਦੋਂ ਜਗਤ ਬਣਿਆ ਸੀ ਉਦੋਂ ਕਿਹੜੀ ਤਰੀਕ, ਕਿਹੜਾ ਵਾਰ ਸੀ, ਇਹ ਗੱਲ ਕੋਈ ਜੋਗੀ ਵੀ ਨਹੀਂ ਜਾਣਦਾ। ਕੋਈ ਮਨੁੱਖ ਨਹੀਂ ਦੱਸ ਸਕਦਾ ਕਿ ਕਦੋਂ ਕਿਹੜੀ ਰੁੱਤ ਸੀ, ਕਿਹੜਾ ਮਹੀਨਾ ਸੀ। ਜੋ ਸਿਰਜਣਹਾਰ ਇਸ ਜਗਤ ਨੂੰ ਪੈਦਾ ਕਰਦਾ ਹੈ, ਉਹ ਆਪ ਹੀ ਜਾਣਦੈ ਕਿ ਜਗਤ ਕਦੋਂ ਰਚਿਆ-ਪ੍ਰੋ. ਸਾਹਿਬ ਸਿੰਘ)।

2011 ਦੀ ਹਿੰਦੀ ਫਿਲਮ 'ਰੌਕਸਟਾਰ' ਦਾ ਇਕ ਗੀਤ ਹੈ-'ਕੁੰਨ ਫਾਇਆ ਕੁੰਨ...ਜਬ ਕਹੀਂ ਪੇ ਕੁਛ ਨਹੀਂ ਭੀ ਨਹੀਂ ਥਾ, ਵਹੀ ਥਾ ਵਹੀ ਥਾ...'।

ਪੰਜਾਬੀ ਮਾਂ ਬੋਲੀ ਨੇ ਸਮੇਂ, ਵਕਤ, ਵੇਲੇ ਬਾਰੇ ਅਨੇਕਾਂ ਅਖਾਣ, ਮੁਹਾਵਰੇ ਸਾਨੂੰ ਬਖਸ਼ੇ ਹਨ। ਕੁਝ ਕੁ ਪੇਸ਼ ਹਨ- ਵੇਲਾ/ਵਕਤ ਟਪਾਉਣਾ, ਵਕਤ ਨੂੰ ਧੱਕਾ ਦੇਣਾ, ਵਖਤ ਪਾਉਣਾ, ਵੇਲਾ ਸਾਂਭਣਾ, ਸਮਾਂ ਸਮਾਂ ਸਮਰੱਥ, ਘੜੀ 'ਚ ਤੋਲਾ ਘੜੀ 'ਚ ਮਾਸਾ, ਸਮੇਂ ਦੀ ਸਾਰ ਸਮੇਂ ਸਿਰ ਲੈ ਲਓ ਵਰਨਾ ਸਮਾਂ ਸਿਰ ਪੈ ਜਾਏਗਾ, ਸਮੇਂ ਨੂੰ ਚੂੰਡਿਓਂ ਫੜੋ ਨਹੀਂ ਤਾਂ ਇਹ ਖਿਸਕ ਜਾਏਗਾ, ਸਮਾਂ ਅਤੇ ਮੌਤ ਕਿਸੇ ਦੀ ਉਡੀਕ ਨਹੀਂ ਕਰਦੇ, ਸਮਾਂ ਮਾੜਾ ਹੋਵੇ ਤਾਂ ਊਠ ਉਪਰ ਬੈਠੇ ਨੂੰ ਵੀ ਕੁੱਤਾ ਕਟ ਲੈਂਦੈ, ਕਰਤੇ ਨੇ ਕਾਲ ਬਣਾਇਆ ਕਿਰਤ ਨੇ ਕਾਹਲ, ਤੁਸੀਂ ਮਿੰਟਾਂ ਦੀ ਫਿਕਰ ਕਰੋ ਘੰਟੇ ਆਪਣੀ ਫਿਕਰ ਆਪ ਕਰ ਲੈਣਗੇ, ਇਕ ਤੋਪਾ ਸਮੇਂ ਸਿਰ ਲਾਇਆ ਨੌਂ ਤੋਪਿਆਂ ਤੋਂ ਲੀੜਾ ਬਚਾਇਆ, ਵੇਲਾ ਵਖਤ ਵਿਹਾਇਆ ਕੀ ਬਣਨਾ ਪਛੋਤਾਇਆ, ਵੇਲਾ ਨਿਕਲ ਜਾਂਦਾ ਏ ਗਲ ਰਹਿ ਜਾਂਦੀ ਏ, ਵੇਲੇ ਦੀ ਨਿਮਾਜ਼ ਕੁਵੇਲੇ ਦੀਆਂ ਟੱਕਰਾਂ, ਆਪ ਕਹਿੰਦੇ ਹੋ ਸਮਾਂ ਗੁਜ਼ਰ ਜਾਂਦੈ, ਨਹੀਂ, ਅਫਸੋਸ, ਆਪਾਂ ਗੁਜ਼ਰ ਜਾਂਦੇ ਹਾਂ, ਸਮਾਂ ਟਿਕਿਆ ਰਹਿੰਦੈ, ਆਦਿ।

ਗੁਰਬਾਣੀ ਵਿਚ ਸਮੇਂ ਬਾਰੇ ਬੜਾ ਜ਼ਿਕਰ ਐ। ਬਸ ਇਕ-ਦੋ ਟੂਕਾਂ ਦਾ ਹਵਾਲਾ ਹੀ ਦਿਆਂਗੇ-'ਵਖਤੁ ਵੀਚਾਰੇ ਸੁ ਬੰਦਾ ਹੋਇ'॥ (ਅੰਗ-84), 'ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ' (ਭਾਈ ਗੁਰਦਾਸ)।

ਅੰਤ ਵਿਚ ਇਹੀ ਗੱਲ ਨਾਲ ਗੱਲ ਮੁਕਾਵਾਂਗੇ ਕਿ ਅਸੀਂ ਸਮੇਂ ਵਰਗੇ ਨਾਯਾਬ ਖਜ਼ਾਨੇ ਨੂੰ ਕਿਸ ਕਦਰ ਕੈਯੂਅਲੀ ਲੈਂਦੇ ਹਾਂ, ਇਸ ਬਾਰੇ ਇਕ ਟੋਟਕੇਬਾਜ਼ ਦੀ ਗੱਲ ਸੁਣ ਲਵੋ- ਇਕ ਲੇਟ-ਲਤੀਫ ਦੇ ਆਮ ਵਾਂਗ ਦੇਰ ਨਾਲ ਆਉਣ 'ਤੇ ਆਦਤਨ ਸਮੇਂ ਦੇ ਪਾਬੰਦ ਰਹਿਣ ਵਾਲੇ ਨੇ ਪੁੱਛਿਆ,"ਕੀ ਟਾਈਮ ਹੈ"? ਜਵਾਬ ਮਿਲਿਆ,"ਬੜਾ ਮਾੜਾ ਟਾਈਮ ਆ ਜੀ'। ਪੁੱਛਣ ਵਾਲੇ ਨੇ ਸਪੱਸ਼ਟ ਕੀਤਾ, "ਮੇਰਾ ਮਤਲਬ ਵਕਤ ਕੀ ਐ"? ਲਪੇਟਵਾਂ ਉੱਤਰ ਮਿਲਿਆ, "ਜਨਾਬ! ਵਕਤ ਦੇ ਤਾਂ ਮਾਰੇ ਹੋਏ ਹਾਂ"। ਪ੍ਰਸ਼ਨ-ਕਰਤਾ ਖਿਝ ਕੇ ਬੋਲਿਆ,"ਮੈਂ ਪੁੱਛਿਐ ਵੇਲਾ ਕੀ ਐ"? ਚਾਲੂ ਲੇਟ-ਲਤੀਫ ਨੇ ਫਿਰ ਡਾਹ ਨਾ ਦਿੱਤੀ, "ਵੇਲਾ ਕਿਹੜਾ ਚੰਗੈ, ਹਜ਼ੂਰ"। ਸਵਾਲ ਕਰਤਾ ਚਾਰੇ ਖੁਰ ਚੁੱਕ ਕੇ ਪਿਆ, "ਖੋਤਿਆ! ਮੇਰਾ ਮਤਲਬ ਘੜੀ ਦੇ ਸਮੇਂ ਤੋਂ ਐ"। ਅਗੋਂ ਘੋਕਲ ਕੰਨਵਾਂ ਜਵਾਬ ਮਿਲਿਆ, "ਮਾੜੀ ਘੜੀ ਕਾਰਨ ਹੀ ਤਾਂ ਸਮਾਂ ਮਾੜਾ ਆਉਂਦੈ, ਮੋਤੀਆਂਵਾਲੀ ਸਰਕਾਰ"!

---

## ਆਪਣੀ ਹੋਂਦ ਕਾਇਮ ਰੱਖਣ ਲਈ ਜੂਝ ਰਹੀ ਕਿਸਾਨੀ ਦੀਆਂ ਕਹਾਣੀਆਂ -ਜੜ੍ਹ ਮੂਲ

*(ਪਿਛਲੇ ਸਫੇ ਦੀ ਬਾਕੀ)*

ਸਿੰਘ ਵਰਗੇ ਬਜ਼ੁਰਗਾਂ ਲਈ ਇਹ ਆਸਾਨ ਕੰਮ ਨਹੀਂ ਹੈ। ਗੁਰਮੁਖ ਸਿੰਘ ਦਾ ਵਿਦੇਸ਼ ਗਿਆ ਪੁੱਤਰ ਆਪਣੇ ਮਾਪਿਆਂ 'ਤੇ ਇਹ ਦਬਾਓ ਬਣਾਉਂਦਾ ਹੈ ਕਿ ਉਹ ਪਿੰਡ ਵਿਚਲੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਪੱਕੇ ਤੌਰ 'ਤੇ ਇੱਥੇ ਆ ਜਾਣ। ਪੁੱਤ ਦੀ ਇੱਛਾ ਅਨੁਸਾਰ ਜ਼ਮੀਨ ਨਾਲੋਂ ਟੁੱਟਣ ਜਾਂ ਆਪਣੀ ਇੱਛਾ ਅਨੁਸਾਰ ਇਸ ਨਾਲ ਜੁੜੇ ਰਹਿਣ ਦੇ ਦਵੰਦ ਵਿਚ ਪੈਦਾ ਹੋਇਆ ਤਣਾਅ ਭਾਵੇਂ ਟਕਰਾਅ ਦਾ ਰੂਪ ਤਾਂ ਨਹੀਂ ਧਾਰਦਾ ਪਰ ਗੁਰਮੁਖ ਸਿੰਘ ਅੰਦਰ ਇਹ ਕਹਿਣ ਦੀ ਹਿੰਮਤ ਜ਼ਰੂਰ ਪੈਦਾ ਕਰ ਦਿੰਦਾ ਹੈ, 'ਸਾਡੀ ਕੋਈ ਮਜਬੂਰੀ ਨ੍ਹੀਂ ਬਈ ਕੈਨੇਡਾ ਆਉਣ ਖਾਤਰ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਆਈਏ। ਜਿੰਨਾ ਚਿਰ ਜਿਉਂਦੇ ਆਂ ਓਨਾ ਚਿਰ ਤਾਂ ਵੇਚਣ ਵਾਲੀ ਮੁੜ ਕੇ ਗੱਲ ਨਾ ਕਰੀਂ।'

ਕਹਾਣੀ 'ਨਹੀਂ ਪਾਪਾ ਨਹੀਂ' ਧੀਆਂ ਨੂੰ ਵਿਦੇਸ਼ ਵਿਚ ਸੈੱਟ ਕਰਨ ਲਈ ਮੁੰਡੇ ਵਾਲਿਆਂ ਤੋਂ ਪੈਸੇ ਖਰਚਾਉਣ ਦੇ ਵਧ ਰਹੇ ਰੁਝਾਨ 'ਤੇ ਚਿੰਤਾ ਵੀ ਵਿਅਕਤ ਕਰਦੀ ਹੈ ਤੇ ਇਸ ਰੁਝਾਨ ਨੂੰ ਧੀਆਂ ਨਾਲ ਹੋਣ ਵਾਲੀ ਅਮਾਨਵੀ ਜ਼ਿਆਦਤੀ ਵੀ ਠਹਿਰਾਉਂਦੀ ਹੈ। ਕਹਾਣੀ ਵਿਚਲੀ ਸ਼ਰਨ ਦੇ ਮਾਪੇ ਉਸ ਦੀ ਮਰਜ਼ੀ ਪੁੱਛੇ ਬਿਨਾਂ ਮੁੰਡੇ ਵਾਲਿਆਂ ਦੇ ਖਰਚ 'ਤੇ ਉਸਨੂੰ ਕੈਨੈਡਾ ਭੇਜ ਦਿੰਦੇ ਹਨ। ਕੈਨੇਡਾ ਪਹੁੰਚ ਕੇ ਜਦੋਂ ਉਸਨੂੰ ਇਸ ਗੱਲ ਦਾ ਪਤਾ ਚਲਦਾ ਹੈ ਤਾਂ ਉਸ ਅੰਦਰ ਇਹ ਬਗ਼ਾਵਤੀ ਭਾਵ ਪੈਦਾ ਹੋਣ ਲੱਗਦੇ ਹਨ ਕਿ ਪੜ੍ਹ-ਲਿਖ ਕੇ ਵੀ ਔਰਤ ਆਪਣੇ ਜੀਵਨ ਦੇ ਫੈਸਲੇ ਆਪ ਕਿਉਂ ਨਹੀਂ ਕਰ ਸਕਦੀ? ਜਦੋਂ ਉਹ ਆਪਣੀ ਮਿਹਨਤ ਨਾਲ ਕਮਾਏ ਦਸ ਲੱਖ ਰੁਪਏ ਮੁੰਡੇ ਵਾਲਿਆਂ ਨੂੰ ਵਾਪਸ ਕਰਨ ਲਈ ਆਪਣੇ ਮਾਪਿਆਂ ਨੂੰ ਭੇਜਦੀ ਹੈ ਤਾਂ ਇਸ ਨਾਲ ਪਾਠਕੀ ਮਨਾਂ ਵਿਚ ਅੱਜ ਦੀ ਸੰਘਰਸ਼ੀ ਔਰਤ ਦਾ ਸਕਾਰਾਤਮਕ ਬਿੰਬ ਸਥਾਪਿਤ ਹੁੰਦਾ ਹੈ। ਇਹ ਦਸ ਲੱਖ ਰੁਪਏ ਕੇਵਲ ਉਸ ਦੇ ਮਾਪਿਆਂ ਨੂੰ ਹੀ ਮਾਨਸਿਕ ਸੰਤਾਪ ਵਿਚੋਂ ਨਹੀਂ ਕੱਢਦੇ ਸਗੋਂ ਔਰਤ ਦੀ ਆਜ਼ਾਦ ਸਮਾਜਿਕ ਹੋਂਦ ਦੀ ਸਥਾਪਨਾ ਵਿਚ ਵੀ ਸਹਾਈ ਬਣਦੇ ਹਨ। ਇਕ ਪੜ੍ਹੀ-ਲਿਖੀ ਕੁੜੀ ਦਾ ਕੈਨੇਡਾ ਪਹੁੰਚਣ ਤੱਕ ਇਸ ਗੱਲ ਤੋਂ ਅਣਜਾਣ ਰਹਿਣਾ ਮੈਨੂੰ ਸੁਭਾਵਿਕ ਨਹੀਂ ਲੱਗਿਆ ਕਿ ਉਸ ਦੇ ਗਰੀਬ ਮਾਪਿਆਂ ਨੇ ਉਸਨੂੰ ਵਿਦੇਸ਼ ਭੇਜਣ ਲਈ ਪੰਦਰਾਂ ਲੱਖ ਦਾ ਇੰਤਜ਼ਾਮ ਕਿਵੇਂ ਤੇ ਕਿੱਥੋਂ ਕੀਤਾ ਹੈ?

ਕਹਾਣੀ 'ਵਾਅਦਾ' ਇਕ ਔਰਤ ਵੱਲੋਂ ਪਹਿਲ ਦੇ ਆਧਾਰ 'ਤੇ ਪੁਗਾਏ ਜਾਣ ਯੋਗ ਵਾਅਦਿਆਂ ਤੇ ਵਚਨ-ਬੱਧਤਾਵਾਂ ਦੀ ਸ਼ਨਾਖਤ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਕੰਵਲਜੀਤ ਭਾਵੇਂ ਆਪਣੇ ਦੋਸਤ ਤੇ ਸਹਿਪਾਠੀ ਜਸ਼ਨਦੀਪ ਦੀ ਨੇੜਤਾ ਮਾਣਨ ਲਈ ਆਪਣੇ ਪੇਪਰ ਦੀ ਤਿਆਰੀ ਛੱਡ ਕੇ ਉਸ ਨਾਲ ਮੌਲ ਵਿਚ ਫਿਲਮ ਵੇਖਣ ਦੀ ਹਾਮੀ ਭਰ ਦਿੰਦੀ ਪਰ ਜਦੋਂ ਉਸਦੀ ਮਾਂ ਵੱਲੋਂ ਆਏ ਫੋਨ 'ਤੇ ਉਸਨੂੰ ਆਪਣੀਆਂ ਫਸਲਾਂ ਗੜ੍ਹੇਮਾਰੀ ਨਾਲ ਤਬਾਹ ਹੋਣ ਦਾ ਪਤਾ ਲੱਗਦਾ ਹੈ ਤਾਂ ਘਰ ਤੇ ਖੇਤਾਂ ਪ੍ਰਤੀ ਉਸਦੀ ਵਚਨਬੱਧਤਾ ਦਾ ਅਹਿਸਾਸ ਪ੍ਰੇਮੀ ਨਾਲ ਕੀਤਾ ਵਾਅਦਾ ਪੁਗਾਉਣ ਦੀ ਬਜਾਏ ਉਸਦੇ ਕਦਮਾਂ ਨੂੰ ਉਸਦੇ ਘਰ ਵੱਲ ਲੈ ਜਾਂਦਾ ਹੈ। ਜਦੋਂ ਉਸ ਦਾ ਪ੍ਰੇਮੀ ਉਸ ਨੂੰ ਉਸਦੇ ਵਾਅਦਿਆਂ ਦੀ ਯਾਦ ਕਰਾਉਂਦਾ ਹੈ ਤਾਂ ਇਸ ਲਈ ਉਹ ਮੋੜਵੇਂ ਰੂਪ ਵਿਚ ਆਖਦੀ ਹੈ, 'ਵਾਅਦੇ ਨਹੀਂ ਜਸ਼ਨ ਦਰਅਸਲ ਭੁੱਲ ਤਾਂ ਮੈਂ ਆਪਣਾ ਘਰ ਅਤੇ ਖੇਤ ਗਈ ਸੀ।'

ਪਿਛਲੇ ਸਾਲਾਂ ਦੌਰਾਨ ਪੈਦਾ ਹੋਈ ਕਰੋਨਾ ਮਹਾਂਮਾਰੀ ਵੱਲੋਂ ਮਨੁੱਖੀ ਜੀਵਨ ਦੇ ਪਾਏ ਦੀਰਘ ਕਾਲੀ ਪ੍ਰਭਾਵਾਂ 'ਤੇ ਨਜ਼ਰਸਾਨੀ ਕਰਨ ਲਈ ਇਸ ਸੰਗ੍ਰਹਿ ਵਿਚ ਤਿੰਨ ਕਹਾਣੀਆਂ ਨੂੰ ਉਚੇਚੀ ਥਾਂ ਮਿਲੀ ਹੈ। ਕਹਾਣੀ 'ਬੰਦੇ ਦੇ ਪੁੱਤ' ਦੇ ਗੈਰ-ਮਨੁੱਖੀ ਪਾਤਰ (ਪੰਛੀ ਤੇ ਜਾਨਵਰ) ਦਾ ਆਪਸੀ ਸੰਵਾਦ ਇਸ ਬਿਮਾਰੀ ਦੀ ਪੈਦਾਇਸ਼ ਲਈ ਸਿੱਧੇ ਤੌਰ 'ਤੇ ਮਨੁੱਖ ਅੰਦਰ ਤੇਜ਼ੀ ਨਾਲ ਵਿਕਸਿਤ ਹੋਈਆਂ ਲੋਭ- ਲਾਲਚ ਦੀਆਂ ਪ੍ਰਵਿਰਤੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਕਹਾਣੀ ਅਨੁਸਾਰ ਜਦੋਂ ਕੁਦਰਤ ਨਾਲ ਕੀਤੇ ਖਿਲਵਾੜ ਦੇ ਨਤੀਜੇ ਵਜੋਂ ਕੁਦਰਤੀ ਵਾਤਾਵਰਣ, ਮਨੁੱਖੀ ਖਾਧ-ਖੁਰਾਕ ਤੇ ਜਲ-ਪਾਣੀ ਸਭ ਕੁਝ ਹੀ ਪ੍ਰਦੂਸ਼ਿਤ ਹੋ ਜਾਵੇ ਤਾਂ ਸੁਭਾਵਿਕ ਤੌਰ 'ਤੇ ਅਜਿਹੀਆਂ ਮਹਾਂਮਾਰੀਆਂ ਪੈਦਾ ਹੋਣ ਲੱਗਦੀਆਂ ਹਨ। ਕਹਾਣੀ 'ਧੁੰਦ' ਕਾਰਪੋਰਟ ਜਗਤ ਵੱਲੋਂ ਅਜਿਹੀਆਂ ਮਹਾਂਮਾਰੀਆਂ ਨੂੰ ਇਕ ਕਮਾਊ ਉਦਯੋਗ ਵਿਚ ਤਬਦੀਲ ਕਰਨ ਦੀ ਸਾਜ਼ਿਸ਼ ਤੋਂ ਪਰਦਾ ਚੁੱਕਦੀ ਹੈ। ਕਹਾਣੀ ਅਨੁਸਾਰ ਜਿੱਥੇ ਦਵਾਈ ਉਦਯੋਗ 'ਤੇ ਕਾਬਜ਼ ਕਾਰਪੋਰੇਟਾਂ ਨੇ ਮਨੁੱਖੀ ਸਰੀਰ ਵਿਚ ਆਮ ਪਾਏ ਜਾਂਦੇ ਵਾਇਰਸ ਨੂੰ ਜਾਨਲੇਵਾ ਸਾਬਿਤ ਕਰ ਕੇ ਅਰਬਾਂ-ਕਰੋੜਾ ਦਾ ਕਾਰੋਬਾਰ ਕੀਤਾ ਹੈ ਉੱਥੇ ਰਿਸ਼ਤਿਆਂ ਵਿਚਲੀ ਨੇੜਤਾ ਤੇ ਨਿੱਘ ਨੂੰ ਖਤਮ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ।

ਕਹਾਣੀ 'ਪਰਤ ਆਵਾਂਗਾ ਮੈਂ" ਅਨੁਸਾਰ ਸਮੇਂ ਦੀਆਂ ਸਰਕਾਰਾਂ ਵੱਲੋਂ ਕੋਵਿਡ ਤੋਂ ਬਚਾਓ ਦੇ ਕੀਤੇ ਨਾਕਸ ਪ੍ਰਬੰਧਾਂ ਕਾਰਨ ਪਰਵਾਸੀ ਮਜ਼ਦੂਰਾਂ ਲਈ ਇਹ ਸਮਾਂ ਬਹੁਤ ਭਿਆਨਕ ਹੋ ਨਿੱਬੜਿਆ ਸੀ। ਇਨ੍ਹਾਂ ਪਰਵਾਸੀ ਪਰਿਵਾਰਾਂ ਨੇ ਛੋਟੇ-ਛੋਟੇ ਬੱਚਿਆਂ ਸਮੇਤ ਆਪਣੀ ਜਾਨ ਨੂੰ ਜੋਖ਼ਮ ਵਿਚ ਪਾ ਕੇ ਆਪਣੇ 'ਦੇਸ਼' ਪਹੁੰਚਣ ਲਈ ਸੈਂਕੜੇ ਮੀਲਾਂ ਦਾ ਪੈਂਡਾਂ ਤੈਅ ਕਰਦਿਆਂ ਇਹ ਸਾਬਤ ਕੀਤਾ ਕਿ ਮਨੁੱਖ ਔਖੇ ਤੋਂ ਔਖੇ ਸਮੇਂ ਦਾ ਸਾਹਮਣਾ ਕਰਦਿਆਂ ਵੀ ਜੀਵਨ ਜਿਉਣ ਸਬੰਧੀ ਆਪਣੀ ਯੋਗਤਾ ਨੂੰ ਬਰਕਰਾਰ ਰੱਖਦਾ ਹੈ। ਕਹਾਣੀ ਦੇ ਪਰਵਾਸੀ ਪਾਤਰ ਸੁੰਦਰ ਲਾਲ ਵੱਲੋਂ ਆਪਣੇ ਬੱਚਿਆਂ ਤੇ ਪਤਨੀ ਦੇ ਸਫ਼ਰ ਨੂੰ ਸੁਖਾਲਾ ਬਣਾਉਣ ਦੇ ਮੰਤਵ ਨਾਲ ਸਾਈਕਲ ਦੀ ਕੀਤੀ ਚੋਰੀ ਨੂੰ ਮਨੁੱਖੀ ਸੰਘਰਸ਼ ਦੀ ਇਕ ਲੋੜ ਵਜੋਂ ਪੇਸ਼ ਕਰ ਕੇ ਮਾਨਵੀ ਸੰਵੇਦਨਾਵਾਂ ਦਾ ਇਕ ਭਾਵਪੂਰਤ ਪਸਾਰ ਸਿਰਜਦੀ ਹੈ। ਭਾਵੇਂ ਕਹਾਣੀ ਵਿਚ ਅਖਬਾਰੀ ਰਿਪੋਰਟਿੰਗ ਵਰਗੇ ਕੁਝ ਅੰਸ਼ ਵੀ ਮਿਲਦੇ ਹਨ ਪਰ ਇਹ ਇਸਦੀ ਪੜ੍ਹਨ ਯੋਗਤਾ 'ਤੇ ਅਸਰ ਅੰਦਾਜ਼ ਨਹੀਂ ਹੁੰਦੇ।

ਭੋਲਾ ਸਿੰਘ ਸੰਘੇੜਾ ਦੀਆਂ ਕਹਾਣੀਆਂ ਬੇਲੋੜੀ ਜਟਿਲਤਾ ਤੋਂ ਸੁਚੇਤ ਪੱਧਰ 'ਤੇ ਆਪਣੀ ਦੂਰੀ ਬਣਾ ਕੇ ਰੱਖਦੀਆਂ ਹਨ, ਇਸ ਲਈ ਇਨ੍ਹਾਂ ਦੀ ਸੰਵਾਦਕ ਸਮਰੱਥਾ ਪੰਜਾਬੀ ਕਹਾਣੀ ਦੇ ਪਾਠਕੀ ਘੇਰੇ ਵਿਚ ਵਾਧਾ ਕਰਨ ਵਾਲੀ ਹੈ। ਇਹ ਕਹਾਣੀਆਂ ਸਾਹਿਤ ਦੇ ਨਵੇਂ ਬਣੇ ਪਾਠਕ ਤੋਂ ਲੈ ਕੇ ਗਹਿਰ ਗੰਭੀਰ ਬਿਰਤੀ ਦੇ ਬੌਧਿਕ ਪਾਠਕ ਤੱਕ ਹਰੇਕ ਦੀ ਸੁਹਜ ਸੰਤੁਸ਼ਟੀ ਕਰਾਉਣ ਦੇ ਸਮਰੱਥ ਹਨ। ਉਸਦਾ ਵਿਚਾਰਧਾਰਕ ਨਜ਼ਰੀਆ ਵੀ ਬਹੁਤ ਸਪਸ਼ਟ ਹੈ ਜਿਸ ਰਾਹੀਂ ਉਹ ਸਮਾਜਿਕ ਮਸਲਿਆਂ ਦੀਆਂ ਉਲਝੀਆਂ ਤੰਦਾਂ ਨੂੰ ਸੁਲਝਾਉਣ ਵਿਚ ਸਫਲ ਰਹਿੰਦਾ ਹੈ। ਕਿਸੇ ਵੀ ਕਹਾਣੀ ਦੇ ਪਾਠ ਦੇ ਅੰਤਲੇ ਪੜਾਅ 'ਤੇ ਪਹੁੰਚਣ ਤੋਂ ਪਹਿਲਾਂ ਪਾਠਕ ਨੂੰ ਲੱਗਦਾ ਹੈ ਕਿ ਕਹਾਣੀ ਤਾਂ ਉਲਝ ਗਈ ਹੈ ਪਰ ਕਹਾਣੀਕਾਰ ਅਛੋਪਲੇ ਜਿਹੇ ਹੀ ਉਸ ਦਿਸ਼ਾ ਵੱਲ ਇਸ਼ਾਰਾ ਕਰ ਦਿੰਦਾ ਹੈ ਜਿਹੜੀ ਨਵੀਂ ਹੋਣ ਦੇ ਨਾਲ ਮਨੁੱਖੀ ਜੀਵਨ ਤੋਰ ਨੂੰ ਅੱਗੇ ਲਿਜਾਣ ਵਾਲੀ ਵੀ ਹੁੰਦੀ ਹੈ। 112 ਪੰਨਿਆਂ 'ਤੇ ਆਧਾਰਿਤ 190 ਰੁਪਏ ਮੁੱਲ ਵਾਲੀ ਇਸ ਪੁਸਤਕ ਨੂੰ ਕੈਲੀਬਰ ਪਬਲਿਕੇਸ਼ਨ, ਪਟਿਆਲਾ ਨੇ ਛਾਪਿਆ ਹੈ।

# ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਹਕੀਕਤ

*ਪੰਜਾਬ ਸਿਰ ਕਰਜ਼ਾ ਚੜ੍ਹਨ ਦਾ ਮੁੱਢ 1980ਵਿਆਂ ਦੇ ਅੱਧ (1984-85) ਵਿਚ ਬੱਝਾ ਜਦੋਂ ਪਹਿਲੀ ਵਾਰ ਸਰਕਾਰੀ ਮਾਲੀਆ ਘਾਟਾ ਸਾਹਮਣੇ ਆਇਆ। ਇਹ ਮਾਲੀਆ ਘਾਟਾ 1987-88 ਤੋਂ ਲਗਾਤਾਰ ਵਧ ਰਿਹਾ ਹੈ। ਉਹ ਸਮਾਂ ਪੰਜਾਬ ਵਿਚ ਰਾਜਸੀ ਅਤੇ ਸਮਾਜਿਕ ਉਥਲ-ਪੁਥਲ ਦਾ ਸੀ। ਉਦੋਂ ਮਾਲੀਆ ਉਗਰਾਹੀ ਕਰਨ ਸਮੇਤ ਸਾਰੇ ਸਰਕਾਰੀ ਅਦਾਰੇ ਅਸਮੱਰਥ ਹੋ ਗਏ ਸਨ ਅਤੇ ਅੱਜ ਤੱਕ ਕਈ ਸਰਕਾਰਾਂ ਹੋਂਦ ਵਿਚ ਆਉਣ ਦੇ ਬਾਵਜੂਦ ਇਨ੍ਹਾਂ ਅਦਾਰਿਆਂ ਦਾ ਕੰਮਕਾਜ ਬਹਾਲ ਨਹੀਂ ਹੋ ਸਕਿਆ। ਸਪੱਸ਼ਟ ਹੈ ਕਿ ਸੂਬਾ ਬਹੁਤ ਗੰਭੀਰ ਵਿੱਤੀ ਤੇ ਆਰਥਿਕ ਸੰਕਟ ਵਿਚ ਫਸ ਗਿਆ ਹੈ। ਇਸ ਲਈ ਸਥਿਤੀ ਅਤੇ ਸਮਾਂ ਮੰਗ ਕਰਦਾ ਹੈ ਕਿ ਸਰਕਾਰ ਵਿੱਤੀ ਅਤੇ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੁਝ ਸਖ਼ਤ ਫ਼ੈਸਲੇ ਕਰੇ।*



**ਡਾ. ਕੇਸਰ ਸਿੰਘ ਭੰਗੂ**
ਫੋਨ: +91-98154-27127

ਪਿਛੇ ਜਿਹੇ ਪੰਜਾਬ ਸਰਕਾਰ ਨੇ ਵਿੱਤੀ ਸਾਲ 2024-25 ਲਈ ਆਪਣਾ ਬਜਟ ਵਿਧਾਨ ਸਭਾ ਵਿਚ ਪਾਸ ਕੀਤਾ ਹੈ। ਐਤਕੀਂ ਇਹ ਬਜਟ ਦੋ ਲੱਖ ਕਰੋੜ ਰੁਪਏ ਤੋਂ ਪਾਰ ਹੋ ਗਿਆ; ਇਹ ਪਿਛਲੇ ਵਿੱਤੀ ਵਰ੍ਹੇ ਸੋਧੇ ਬਜਟ ਅਨੁਮਾਨਾਂ ਨਾਲੋਂ ਸਿਰਫ 2.93 ਪ੍ਰਤੀਸ਼ਤ ਜ਼ਿਆਦਾ ਹੈ। ਇਸ ਲੇਖ ਵਿਚ ਬਜਟ ਦੇ ਖਾਸ ਨੁਕਤਿਆਂ ਅਤੇ ਪਹਿਲੂਆਂ 'ਤੇ ਵਿਚਾਰ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਸੂਬੇ ਸਿਰ ਵਧਦੇ ਕਰਜ਼ੇ ਦੀ ਪੰਡ, ਅਗਲੇ ਵਰ੍ਹੇ ਦੇ ਬਜਟ ਵਿਚ ਕਰਜ਼ਾ ਲੈ ਕੇ ਖਰਚ ਕਰਨ ਦੇ ਉਪਬੰਧ ਆਦਿ।

ਪੰਜਾਬ ਸਿਰ ਕਰਜ਼ਾ ਚੜ੍ਹਨ ਦਾ ਮੁੱਢ 1980ਵਿਆਂ ਦੇ ਅੱਧ (1984-85) ਵਿਚ ਬੱਝਾ ਜਦੋਂ ਪਹਿਲੀ ਵਾਰ ਸਰਕਾਰੀ ਮਾਲੀਆ ਘਾਟਾ ਸਾਹਮਣੇ ਆਇਆ। ਇਹ ਮਾਲੀਆ ਘਾਟਾ 1987-88 ਤੋਂ ਲਗਾਤਾਰ ਵਧ ਰਿਹਾ ਹੈ। ਉਹ ਸਮਾਂ ਪੰਜਾਬ ਵਿਚ ਰਾਜਸੀ ਅਤੇ ਸਮਾਜਿਕ ਉਥਲ-ਪੁਥਲ ਦਾ ਸੀ। ਉਦੋਂ ਮਾਲੀਆ ਉਗਰਾਹੀ ਕਰਨ ਸਮੇਤ ਸਾਰੇ ਸਰਕਾਰੀ ਅਦਾਰੇ ਅਸਮੱਰਥ ਹੋ ਗਏ ਸਨ ਅਤੇ ਅੱਜ ਤੱਕ ਕਈ ਸਰਕਾਰਾਂ ਹੋਂਦ ਵਿਚ ਆਉਣ ਦੇ ਬਾਵਜੂਦ ਇਨ੍ਹਾਂ ਅਦਾਰਿਆਂ ਦਾ ਕੰਮਕਾਜ ਬਹਾਲ ਨਹੀਂ ਹੋ ਸਕਿਆ। ਹੁਣ ਜਦੋਂ ਅਸੀਂ ਪੰਜਾਬ ਸਿਰ ਚੜ੍ਹੇ ਕਰਜ਼ੇ 'ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਮਾਰਚ 2024 ਦੇ ਅੰਤ ਵਿਚ ਸੂਬੇ ਸਿਰ 343626.39 ਕਰੋੜ ਰੁਪਏ ਕਰਜ਼ਾ ਹੋਵੇਗਾ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਪ੍ਰਤੀਸ਼ਤ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨਾਂ ਮੁਤਾਬਿਕ ਮਾਰਚ 2025 ਵਿਚ ਇਹ ਕਰਜ਼ਾ 374091.31 ਕਰੋੜ ਰੁਪਏ ਹੋ ਜਾਵੇਗਾ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਪ੍ਰਤੀਸ਼ਤ ਹੋਵੇਗਾ। ਜੇ ਅਗਲੇ ਕੁਝ ਸਾਲਾਂ ਵਿਚ ਵੀ ਅਜਿਹੀ ਹਾਲਤ ਬਣੀ ਰਹੀ ਤਾਂ ਪੰਜਾਬ ਕਰਜ਼ੇ ਦੇ ਜਾਲ ਵਿਚ ਬਹੁਤ ਡੂੰਘਾ ਧਸ ਜਾਵੇਗਾ। ਇਸ ਸਮੇਂ ਸੂਬੇ ਦੀ ਕਰਜ਼ੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਅਨੁਪਾਤ ਦੇਸ਼ ਦੇ ਪੰਦਰਾਂ ਮੁੱਖ ਸੂਬਿਆਂ ਵਿਚ ਸਭ ਤੋਂ ਵੱਧ ਹੈ। ਇਹ ਬਹੁਤ ਗੰਭੀਰ ਮਸਲਾ ਹੈ ਅਤੇ ਸੂਬੇ ਲਈ ਖ਼ਤਰੇ ਦੀ ਘੰਟੀ ਤੋਂ ਘੱਟ ਨਹੀਂ।

ਜਦੋਂ ਇਹ ਦੇਖਣ ਦੀ ਕੋਸ਼ਿਸ਼ ਕੀਤੀ ਕਿ ਸੂਬੇ ਦੇ ਖਰਚਿਆਂ ਦਾ ਪ੍ਰਬੰਧ ਕਿਥੋਂ ਕਿਥੋਂ ਕੀਤਾ ਜਾਵੇਗਾ ਤਾਂ ਕੁਝ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਸਰਕਾਰ ਖਰਚਿਆਂ ਦਾ ਪ੍ਰਬੰਧ ਮੁੱਖ ਤੌਰ 'ਤੇ ਤਿੰਨ ਤਰੀਕਿਆਂ ਨਾਲ ਕਰਦੀ ਹੈ। ਪਹਿਲਾ, ਸੂਬਿਆਂ ਦੀ ਵੱਖ ਵੱਖ ਸਰੋਤਾਂ ਤੋਂ ਆਪਣੀ ਆਮਦਨ; ਦੂਜਾ, ਬਾਜ਼ਾਰ ਅਤੇ ਬੈਂਕਾਂ ਤੋਂ ਲਏ ਜਾਂਦੇ ਲੰਮੇ ਸਮੇਂ ਲਈ ਜਨਤਕ ਕਰਜ਼ੇ ਅਤੇ ਤੀਜਾ, ਭਾਰਤੀ ਰਿਜ਼ਰਵ ਬੈਂਕ ਤੋਂ ਲਏ ਜਾਂਦੇ ਥੋੜ੍ਹੇ ਸਮੇਂ (90 ਦਿਨਾਂ ਲਈ) ਦੇ ਕਰਜ਼ੇ ਜਿਨ੍ਹਾਂ ਨੂੰ ਬਜਟ ਵਿਚ ਉਪਾਅ ਅਤੇ ਸਾਧਨ ਪੇਸ਼ਗੀਆਂ ਕਿਹਾ ਜਾਂਦਾ ਹੈ।

ਕੇਂਦਰ ਅਤੇ ਸੂਬਾ ਸਰਕਾਰਾਂ ਲਈ ਉਪਾਅ ਅਤੇ ਸਾਧਨ ਪੇਸ਼ਗੀਆਂ ਦਾ ਪ੍ਰਬੰਧ ਰਿਜ਼ਰਵ ਬੈਂਕ ਨੇ ਰਿਜ਼ਰਵ ਬੈਂਕ ਐਕਟ-1934 ਅਧੀਨ 1997 ਵਿਚ ਕੀਤਾ ਸੀ। ਇਸ ਤੋਂ ਪਹਿਲਾਂ ਸਰਕਾਰਾਂ ਨੂੰ ਰਿਜ਼ਰਵ ਬੈਂਕ ਤੋਂ ਥੋੜ੍ਹੇ ਸਮੇਂ ਲਈ ਕਰਜ਼ੇ ਲੈਣ ਲਈ ਕੁਝ ਨਾ ਕੁਝ ਗਹਿਣੇ ਰੱਖਣਾ ਪੈਂਦਾ ਸੀ; ਆਮ ਤੌਰ 'ਤੇ ਸਰਕਾਰੀ ਸਕਿਓਰਿਟੀਆਂ ਗਹਿਣੇ ਰੱਖੀਆਂ ਜਾਂਦੀਆਂ ਸਨ। ਉਪਾਅ ਅਤੇ ਸਾਧਨ ਪੇਸ਼ਗੀਆਂ ਮੱਦ ਅਧੀਨ ਵਿਆਜ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ; ਭਾਵ, ਜਿਸ ਵਿਆਜ ਦਰ 'ਤੇ ਰਿਜ਼ਰਵ ਬੈਂਕ ਮੈਂਬਰ ਬੈਂਕਾਂ ਨੂੰ ਕਰਜ਼ੇ ਦਿੰਦਾ ਹੈ। ਸਰਕਾਰਾਂ ਇਹ ਕਰਜ਼ੇ ਥੋੜ੍ਹੇ ਸਮੇਂ, ਭਾਵ 90 ਦਿਨਾਂ ਲਈ ਲੈ ਸਕਦੀਆਂ ਹਨ। ਇਨ੍ਹਾਂ ਕਰਜ਼ਿਆਂ ਦਾ ਮੁੱਖ ਮੰਤਵ ਸਰਕਾਰਾਂ ਦੇ ਵਿੱਤੀ ਪ੍ਰਬੰਧਨ, ਵਿੱਤੀ ਅਸਥਿਰਤਾ ਅਤੇ ਵਿੱਤੀ ਗੜਬੜੀ ਨੂੰ ਤੁਰੰਤ ਠੀਕ ਕਰਨਾ ਹੁੰਦਾ ਹੈ; ਭਾਵ, ਅੱਜ ਕੱਲ੍ਹ ਜਦੋਂ ਵੀ ਪੰਜਾਬ ਸਰਕਾਰ ਦੇ ਖਾਤੇ ਵਿਚ ਇੱਕ ਕਰੋੜ 56 ਲੱਖ ਰੁਪਏ ਤੋਂ ਰਕਮ ਘਟ ਜਾਵੇ ਤਾਂ ਇਸ ਸਹੂਲਤ ਅਧੀਨ ਕਰਜ਼ਾ ਲਿਆ ਜਾ ਸਕਦਾ ਹੈ। ਸਰਕਾਰਾਂ ਅਧੀਨ ਕਰਜ਼ੇ ਤਿੰਨ ਤਰੀਕਿਆਂ ਨਾਲ ਲੈ ਸਕਦੀਆਂ ਹਨ। ਪਹਿਲਾ, ਵਿਸ਼ੇਸ਼ ਸਹੂਲਤ ਉਪਾਅ ਤੇ ਸਾਧਨ ਪੇਸ਼ਗੀਆਂ ਤਹਿਤ ਸਰਕਾਰੀ ਸਕਿਓਰਿਟੀਆਂ ਰਿਜ਼ਰਵ ਬੈਂਕ ਕੋਲ ਗਹਿਣੇ ਰੱਖ ਕੇ। ਇਸ ਸਹੂਲਤ ਅਧੀਨ ਵਿਆਜ ਦੀ ਦਰ ਰੈਪੋ ਦਰ ਤੋਂ ਘੱਟ ਹੁੰਦੀ ਹੈ। ਦੂਜਾ, ਆਮ ਉਪਾਅ ਤੇ ਸਾਧਨ ਪੇਸ਼ਗੀਆਂ ਤਹਿਤ। ਇਸ ਅਧੀਨ ਵਿਆਜ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ। ਤੀਜਾ, ਓਵਰ ਡ੍ਰਾਫਟ ਰਾਹੀਂ। ਇਸ ਅਧੀਨ ਵਿਆਜ ਦੀ ਦਰ ਰੈਪੋ ਦਰ ਤੋਂ ਜ਼ਿਆਦਾ ਹੁੰਦੀ ਹੈ। ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਕਰਜ਼ੇ ਦੀ ਮਾਤਰਾ ਸੂਬੇ ਦੇ ਪਿਛਲੇ ਤਿੰਨ ਸਾਲਾਂ ਦੇ ਸ਼ੁੱਧ ਖਰਚੇ ਅਤੇ ਆਮਦਨ ਦੇ ਔਸਤ ਦੇ ਬਰਾਬਰ ਹੁੰਦੀ ਹੈ। ਪੰਜਾਬ ਸਰਕਾਰ ਪਹਿਲਾਂ ਉਪਾਅ ਅਤੇ ਸਾਧਨ ਪੇਸ਼ਗੀਆਂ ਦੀ ਸਹੂਲਤ ਦੀ ਕਦੇ ਕਦਾਈਂ ਵਰਤੋਂ ਕਰਦੀ ਸੀ ਪਰ ਹੁਣ ਰਿਪੋਰਟਾਂ ਦੱਸਦੀਆਂ ਹਨ ਕਿ ਇਸ ਸਹੂਲਤ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ। ਉਦਾਹਰਨ ਦੇ ਤੌਰ 'ਤੇ 2022-23 ਦੌਰਾਨ ਸਰਕਾਰ ਨੇ ਇਸ ਸਹੂਲਤ ਤਹਿਤ 116 ਵਾਰੀ ਕਰਜ਼ਾ ਲਿਆ। ਇਥੇ ਹੀ ਬੱਸ ਨਹੀਂ, ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲਏ ਜਾਣ ਵਾਲੇ ਫੰਡਾਂ ਵਿਚ ਵੀ ਚੋਖਾ ਵਾਧਾ ਹੋਇਆ ਹੈ।

ਹੁਣ ਬਜਟ ਦਸਤਾਵੇਜ਼ ਉਤੇ ਨਿਗ੍ਹਾ ਮਾਰੀਏ ਤਾਂ ਪਤਾ ਲੱਗਦਾ ਹੈ ਕਿ 2023-24 ਵਿਚ ਸੋਧੇ ਅਨੁਮਾਨਾਂ ਅਨੁਸਾਰ ਪੰਜਾਬ ਸਰਕਾਰ ਦਾ ਕੁੱਲ ਖਰਚਾ 199076.36 ਕਰੋੜ ਰੁਪਏ ਸੀ। ਇਸ ਵਿਚੋਂ 98939.73 ਕਰੋੜ ਰੁਪਏ, ਭਾਵ 49.69 ਪ੍ਰਤੀਸ਼ਤ ਹੀ ਸਰਕਾਰ ਦੀ ਸਾਲਾਨਾ ਆਮਦਨ ਵਿਚੋਂ ਸੀ, ਬਾਕੀ 97031.63 ਕਰੋੜ, ਭਾਵ 48.74 ਪ੍ਰਤੀਸ਼ਤ ਕਰਜ਼ੇ ਲੈ ਕੇ ਖਰਚ ਕੀਤੇ ਗਏ। ਇਸ ਵਿਚ ਕੁੱਲ ਖਰਚੇ ਦਾ 22.12 ਪ੍ਰਤੀਸ਼ਤ (44031.63 ਕਰੋੜ ਰੁਪਏ) ਜਨਤਕ ਕਰਜ਼ੇ ਲੈ ਕੇ ਅਤੇ 26.62 ਪ੍ਰਤੀਸ਼ਤ (53000 ਕਰੋੜ ਰੁਪਏ) ਦੇ ਕਰਜ਼ੇ ਉਪਾਅ ਤੇ ਸਾਧਨ ਪੇਸ਼ਗੀਆ ਤਹਿਤ ਲੈ ਕੇ ਖਰਚੇ ਗਏ। ਇਸੇ ਤਰ੍ਹਾਂ 2024-25 ਦੇ ਬਜਟ ਵਿਚ ਵੀ ਤਜਵੀਜ਼ਸ਼ੁਦਾ ਕੁੱਲ ਖਰਚਾ 204917.67 ਕਰੋੜ ਰੁਪਏ ਰੱਖਿਆ ਗਿਆ ਹੈ ਜਿਸ ਵਿਚੋਂ 50.72 ਪ੍ਰਤੀਸ਼ਤ (103936.19 ਕਰੋੜ ਰੁਪਏ) ਹੀ ਸਰਕਾਰ ਦੀ ਸਾਲਾਨਾ ਆਪਣੀ ਆਮਦਨ ਹੋਵੇਗੀ, ਬਾਕੀ 48.23 ਪ੍ਰਤੀਸ਼ਤ (98831.48 ਕਰੋੜ ਰੁਪਏ) ਦੇ ਕਰਜ਼ੇ ਲੈ ਕੇ ਖਰਚ ਕੀਤੇ ਜਾਣਗੇ।

ਇਸ ਵਿਚ ਵੀ ਕੁੱਲ ਖਰਚਿਆਂ ਦਾ 20.41 ਪ੍ਰਤੀਸ਼ਤ (41831.48 ਕਰੋੜ ਰੁਪਏ) ਦੇ ਜਨਤਕ ਕਰਜ਼ੇ ਲੈਣ ਅਤੇ 27.82 ਪ੍ਰਤੀਸ਼ਤ (57000 ਕਰੋੜ ਰੁਪਏ) ਦੇ ਕਰਜ਼ੇ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲਏ ਜਾਣ ਦੀ ਤਜਵੀਜ਼ ਹੈ। ਅੱਜ ਕੱਲ੍ਹ ਸਰਕਾਰ ਦੇ ਜਨਤਕ ਕਰਜ਼ੇ ਦੀ ਮਾਤਰਾ ਅਤੇ ਉਪਾਅ ਤੇ ਸਾਧਨ ਪੇਸ਼ਗੀਆਂ ਤਹਿਤ ਕਰਜ਼ਿਆਂ ਦੀ ਮਾਤਰਾ ਕਾਫੀ ਵਧ ਗਈ ਹੈ। ਉਦਾਹਰਨ ਵਜੋਂ 2011-12 ਦੌਰਾਨ 8860 ਕਰੋੜ ਰੁਪਏ ਦੇ ਜਨਤਕ ਕਰਜ਼ੇ ਸਨ ਜਿਹੜੇ ਹੁਣ 44832 ਕਰੋੜ ਰੁਪਏ ਦੇ ਹੋ ਜਾਣਗੇ। ਇਵੇਂ ਹੀ 2011-12 ਦੌਰਾਨ ਉਪਾਅ ਤੇ ਸਾਧਨ ਪੇਸ਼ਗੀਆਂ ਤਹਿਤ 6011 ਕਰੋੜ ਰੁਪਏ ਦੇ ਕਰਜ਼ੇ ਸਨ ਜੋ ਹੁਣ 57000 ਕਰੋੜ ਰੁਪਏ ਦੇ ਹੋ ਜਾਣਗੇ। ਸਪੱਸ਼ਟ ਹੈ ਕਿ ਪੰਜਾਬ ਦੀ ਆਰਥਿਕਤਾ ਕਰਜ਼ਿਆਂ ਉਤੇ ਨਿਰਭਰ ਹੋ ਗਈ ਹੈ।

ਇਥੇ ਇਕ ਹੋਰ ਖਰਚੇ (ਪੂੰਜੀਗਤ ਖਰਚ) ਦਾ ਜ਼ਿਕਰ ਜ਼ਰੂਰੀ ਹੈ। ਇਸ ਨਾਲ ਕਿਸੇ ਵੀ ਆਰਥਿਕਤਾ ਵਿਚ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਹੁੰਦਾ ਹੈ। ਇਸ ਬਾਬਤ ਬਜਟ ਦਾ ਵਿਸ਼ਲੇਸ਼ਣ ਕਰੀਏ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। 2023-24 ਵਿਚ ਕੁੱਲ ਪ੍ਰਭਾਵੀ ਪੂੰਜੀਗਤ ਖਰਚ ਸਰਕਾਰ ਦੇ ਕੁੱਲ ਖਰਚਿਆਂ ਵਿਚੋਂ 7194.55 ਕਰੋੜ ਰੁਪਏ ਸੀ ਜਿਹੜਾ ਬਜਟ ਦਾ ਮਹਿਜ਼ 3.61 ਪ੍ਰਤੀਸ਼ਤ ਸੀ। 2024-25 ਵਿਚ ਪ੍ਰਭਾਵੀ ਪੂੰਜੀਗਤ ਖ਼ਰਚ 8399.09 ਕਰੋੜ ਰੁਪਏ ਰੱਖਿਆ ਹੈ ਜੋ ਬਜਟ ਦਾ ਸਿਰਫ 4.10 ਪ੍ਰਤੀਸ਼ਤ ਹੀ ਹੋਵੇਗਾ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੂੰਜੀਗਤ ਖਰਚ ਦਾ ਇੱਕ ਕਿਸਮ ਦਾ ਅਕਾਲ ਪਿਆ ਹੋਇਆ ਹੈ ਅਤੇ ਇਹ ਵੀ ਬਹੁਤ ਗੰਭੀਰ ਮਸਲਾ ਹੈ ਅਤੇ ਖ਼ਤਰੇ ਦੀ ਘੰਟੀ ਤੋਂ ਘੱਟ ਨਹੀਂ।

ਸਪੱਸ਼ਟ ਹੈ ਕਿ ਸੂਬਾ ਬਹੁਤ ਗੰਭੀਰ ਵਿੱਤੀ ਤੇ ਆਰਥਿਕ ਸੰਕਟ ਵਿਚ ਫਸ ਗਿਆ ਹੈ। ਇਸ ਲਈ ਸਥਿਤੀ ਅਤੇ ਸਮਾਂ ਮੰਗ ਕਰਦਾ ਹੈ ਕਿ ਸਰਕਾਰ ਵਿੱਤੀ ਅਤੇ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੁਝ ਸਖ਼ਤ ਫ਼ੈਸਲੇ ਕਰੇ। ਪਹਿਲਾਂ ਤਾਂ ਸਾਰੀਆਂ ਹੀ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਦਾ ਤੁਰੰਤ ਜਾਇਜ਼ਾ ਲੈ ਕੇ ਇਨ੍ਹਾਂ ਨੂੰ ਤਰਕਸੰਗਤ ਬਣਾਇਆ ਜਾਵੇ; ਭਾਵ, ਇਹ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਲੋੜਵੰਦਾਂ ਨੂੰ ਹੀ ਦਿੱਤੀਆਂ ਜਾਣ। ਦੂਜਾ, ਫਜ਼ੂਲ ਖਰਚੀ 'ਤੇ ਵੀ ਤੁਰੰਤ ਰੋਕ ਲਗਾਈ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸੂਬਾ ਕੁਝ ਸਾਲਾਂ ਵਿਚ ਹੀ ਕਰਜ਼ੇ ਦੇ ਜਾਲ ਵਿਚ ਇਸ ਕਦਰ ਧਸ ਜਾਵੇਗਾ ਜਿਥੋਂ ਆਰਥਿਕਤਾ ਨੂੰ ਕੱਢਣਾ ਅਸੰਭਵ ਹੋ ਜਾਵੇਗਾ। ਤੀਜਾ, ਟੈਕਸਾਂ ਤੋਂ ਆਮਦਨ ਅਤੇ ਗੈਰ-ਟੈਕਸ ਆਮਦਨ ਵਧਾਉਣ ਲਈ ਯਤਨ ਕੀਤੇ ਜਾਣ। ਚੌਥਾ, ਨਿਵੇਸ਼ ਤੇ ਪੂੰਜੀਗਤ ਖਰਚ ਵਧਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ। ਇਸ ਸਬੰਧੀ ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰ ਕੇ ਲੰਮੇ ਸਮੇਂ ਲਈ ਨਿਵੇਸ਼ ਪੈਕੇਜ ਅਤੇ ਕਰਜ਼ਾ ਰਾਹਤ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਵਿਚ ਨਿਵੇਸ਼ ਅਤੇ ਪੂੰਜੀਗਤ ਖਰਚ ਦਾ ਅਕਾਲ ਖਤਮ ਕੀਤਾ ਜਾ ਸਕੇ।

ਇਸ ਤੋਂ ਇਲਾਵਾ ਸਰਕਾਰ ਕਰਜ਼ੇ ਦੀ ਵਾਪਸੀ ਤੇ ਰੋਕ ਦੀ ਮੰਗ ਕਰ ਸਕਦੀ ਹੈ ਜਿਸ ਨਾਲ ਨਾ ਸਿਰਫ ਕਰਜ਼ੇ ਦੀ ਅਦਾਇਗੀ ਨੂੰ ਰੋਕਿਆ ਜਾ ਸਕੇਗਾ ਬਲਕਿ ਜਮ੍ਹਾਂ ਕਰਜ਼ੇ 'ਤੇ ਵਸੂਲਿਆ ਜਾਣ ਵਾਲਾ ਵਿਆਜ ਵੀ ਰੋਕ ਦਿੱਤਾ ਜਾਵੇਗਾ।

# ਅੰਦੋਲਨ ਦੇ ਰਾਹ ਪਏ ਕਿਸਾਨ ਅਤੇ ਮੰਡੀ ਦੀਆਂ ਮੁਸ਼ਕਿਲਾਂ

**ਦਵਿੰਦਰ ਸ਼ਰਮਾ**

ਇਸ ਵਕਤ ਭਾਰਤ ਅਤੇ ਯੂਰਪ ਦੇ ਕਈ ਹਿੱਸਿਆਂ ਵਿਚ ਕਿਸਾਨਾਂ ਦੇ ਅੰਦੋਲਨ ਚੱਲ ਰਹੇ ਹਨ। ਜਨਵਰੀ 2023 ਤੋਂ ਬਾਅਦ ਹੁਣ ਤੱਕ ਲਗਭਗ 65 ਮੁਲਕਾਂ ਦੇ ਕਿਸਾਨਾਂ ਨੇ ਰੋਸ ਮੁਜ਼ਾਹਰੇ ਕੀਤੇ ਹਨ। ਅੰਦੋਲਨਾਂ ਦੀ ਇਸ ਬੇਮਿਸਾਲ ਲਹਿਰ ਪਿਛੇ ਕਾਰਨ ਵੱਖੋ-ਵੱਖਰੇ ਹਨ ਪਰ ਇਨ੍ਹਾਂ ਨੂੰ ਜੋੜਨ ਵਾਲੀ ਸਾਂਝੀ ਤੰਦ ਇਹ ਹੈ ਕਿ ਬੇਲਗਾਮ ਮੰਡੀ ਅਰਥਚਾਰਾ ਖੇਤੀਬਾੜੀ ਨੂੰ ਹੰਢਣਸਾਰ ਬਣਾਉਣ ਵਿਚ ਨਾਕਾਮ ਸਾਬਤ ਹੋਇਆ ਹੈ।

ਅੰਦੋਲਨਕਾਰੀ ਕਿਸਾਨ ਆਪਣੀ ਨਾਰਾਜ਼ਗੀ ਜ਼ਾਹਿਰ ਕਰਨ ਲਈ ਜਿਹੜੇ ਸ਼ਬਦ ਵਰਤ ਰਹੇ ਹਨ, ਉਹ ਦੇਸ਼/ਖਿੱਤੇ ਦੇ ਹਿਸਾਬ ਨਾਲ ਵੱਖ-ਵੱਖ ਹੋ ਸਕਦੇ ਹਨ ਪਰ ਇਨ੍ਹਾਂ ਵਿਚਲਾ ਸੁਨੇਹਾ ਇੱਕੋ ਹੀ ਹੈ: ਪੂਰੀ ਦੁਨੀਆ ਵਿਚ ਮੰਡੀਆਂ ਕਿਤੇ ਵੀ ਖੇਤੀ ਤੋਂ ਹੁੰਦੀ ਆਮਦਨ 'ਚ ਵਾਧਾ ਨਹੀਂ ਕਰ ਸਕੀਆਂ। ਭਾਰਤ ਵਿਚ ਕਿਸਾਨ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਖ਼ਰੀਦ ਦਾ ਕਾਨੂੰਨੀ ਹੱਕ ਚਾਹੁੰਦੇ ਹਨ; ਯੂਰਪ ਦੇ ਕਿਸਾਨ ਆਪਣੀ ਜਿਣਸ ਦੀ ਸਹੀ ਕੀਮਤ ਮੰਗ ਰਹੇ ਹਨ। ਜਰਮਨੀ, ਫਰਾਂਸ ਤੇ ਬੈਲਜੀਅਮ ਸਣੇ ਯੂਰਪ ਦੇ ਕਈ ਮੁਲਕਾਂ 'ਚ ਕਿਸਾਨਾਂ ਦੇ ਪ੍ਰਦਰਸ਼ਨਾਂ ਦੌਰਾਨ ਉਤਪਾਦਨ ਮੁੱਲ ਵਧਣ, ਸਸਤੀ ਦਰਾਮਦ ਤੇ ਅੰਤਿਮ ਵਿਕਰੀ ਕੀਮਤਾਂ ਡਿੱਗਣ ਦੇ ਮੁੱਦੇ ਉਭਾਰੇ ਗਏ ਹਨ। ਇਸ ਤੋਂ ਇਲਾਵਾ ਕੀਨੀਆ ਵਿਚ ਆਲੂ ਦੀਆਂ ਕੀਮਤਾਂ ਡਿੱਗਣ ਤੇ ਨੇਪਾਲ ਵਿਚ ਸਬਜ਼ੀਆਂ ਦਾ ਬੇਹੱਦ ਘੱਟ ਮੁੱਲ ਮਿਲਣ ਦਾ ਮਾਮਲਾ ਵੀ ਉਭਰਿਆ ਹੈ।

ਸਪੇਨ ਵਿਚ ਕਿਸਾਨਾਂ ਨੇ 4 ਲੱਖ ਲਿਟਰ ਦੁੱਧ ਸੜਕਾਂ 'ਤੇ ਰੋੜ੍ਹ ਦਿੱਤਾ; ਮਲੇਸ਼ੀਆ ਦੇ ਕਾਸ਼ਤਕਾਰਾਂ ਨੇ ਚੌਲਾਂ ਦੀ ਘੱਟ ਕੀਮਤ ਮਿਲਣ 'ਤੇ ਰੋਸ ਜਤਾਇਆ ਹੈ। ਫਰਾਂਸ ਵਿਚ ਛੋਟੇ ਕਿਸਾਨਾਂ ਦੀ ਜਥੇਬੰਦੀ 'ਕਨਫੈਡਰੇਸ਼ਨ ਪੈਜ਼ੇਨ' ਨੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਹੋਈ ਬੈਠਕ 'ਚ ਭਰੋਸਾ ਮੰਗਿਆ ਹੈ ਕਿ ਗਾਰੰਟੀਸ਼ੁਦਾ ਕੀਮਤ ਤੋਂ ਘੱਟ ਕਿਸੇ ਵੀ ਖੇਤੀ ਉਤਪਾਦ ਦੀ ਖ਼ਰੀਦ ਦੀ ਇਜਾਜ਼ਤ ਨਾ ਦਿੱਤੀ ਜਾਵੇ ਜਿਸ ਵਿਚ ਲਾਗਤ ਖ਼ਰਚ ਦੇ ਨਾਲ-ਨਾਲ ਲਾਹੇਵੰਦ ਕੀਮਤ ਨੂੰ ਵੀ ਸ਼ਾਮਲ ਕੀਤਾ ਜਾਵੇ।

ਕਿਸਾਨਾਂ ਨੇ ਵਪਾਰਕ ਉਦਾਰੀਕਰਨ ਨੂੰ ਵੀ ਨਿਸ਼ਾਨੇ 'ਤੇ ਲਿਆ ਹੈ। ਜਰਮਨੀ, ਫਰਾਂਸ, ਰੋਮਾਨੀਆ, ਇਟਲੀ ਤੇ ਪੋਲੈਂਡ ਦੇ ਕਿਸਾਨਾਂ ਨੇ ਯੂਕਰੇਨ ਤੋਂ ਹੋ ਰਹੀ ਸਸਤੀ ਦਰਾਮਦ ਵਿਰੁੱਧ ਝੰਡਾ ਚੁੱਕਿਆ ਹੈ ਤੇ ਨਾਲ ਹੀ ਉਹ ਮੁਕਤ ਵਪਾਰ ਸਮਝੌਤਿਆਂ ਦੀ ਮੁੜ ਸਮੀਖਿਆ ਦੀ ਮੰਗ ਰਹੇ ਹਨ। ਉਨ੍ਹਾਂ ਰਾਜਮਾਰਗ ਠੱਪ ਕਰ ਦਿੱਤੇ ਹਨ, ਦਰਾਮਦ ਕੀਤੇ ਖੇਤੀ ਉਤਪਾਦ ਲਿਆ ਰਹੇ ਟਰੱਕਾਂ ਨੂੰ ਰੋਕ ਦਿੱਤਾ ਹੈ ਤੇ ਕਈ ਥਾਵਾਂ 'ਤੇ ਬਾਹਰੋਂ ਆਏ ਖ਼ੁਰਾਕੀ ਪਦਾਰਥਾਂ ਨੂੰ ਨਸ਼ਟ ਵੀ ਕਰ ਦਿੱਤਾ ਹੈ। ਫਰਾਂਸ ਵਿਚ ਹਜ਼ਾਰਾਂ ਕਿਸਾਨਾਂ ਤੇ ਮਛੇਰਿਆਂ ਨੇ ਬਾਹਰੋਂ ਸਸਤੀ ਮੱਛੀ ਮੰਗਵਾਉਣ ਵਿਰੁੱਧ ਬੰਦਰਗਾਹਾਂ 'ਤੇ ਰੋਸ ਪ੍ਰਗਟਾਇਆ ਹੈ, ਉਨ੍ਹਾਂ ਮੁਤਾਬਿਕ ਇਸ ਨਾਲ ਖੇਤੀਬਾੜੀ 'ਚ ਗੁਜ਼ਾਰਾ ਔਖਾ ਹੋ ਰਿਹਾ ਹੈ। ਭਾਰਤ ਵਿਚ ਅੰਦੋਲਨਕਾਰੀ ਕਿਸਾਨਾਂ ਨੇ ਆਪਣੀ ਮੰਗ ਦੁਹਰਾਉਂਦਿਆਂ ਕਿਹਾ ਹੈ ਕਿ ਭਾਰਤ ਨੂੰ ਸੰਸਾਰ ਵਪਾਰ ਸੰਗਠਨ ਤੋਂ ਨਾਤਾ ਤੋੜ ਲੈਣਾ ਚਾਹੀਦਾ ਹੈ। 'ਡਾਊਨ ਟੂ ਅਰਥ' ਰਸਾਲੇ ਦੀ ਇਕੱਤਰ ਜਾਣਕਾਰੀ ਮੁਤਾਬਿਕ ਯੂਰਪ ਦੇ 24 ਮੁਲਕਾਂ ਵਿਚ ਰੋਸ ਪ੍ਰਦਰਸ਼ਨ ਹੋਏ ਹਨ, ਅਫਰੀਕਾ ਦੇ 12, ਏਸ਼ੀਆ ਦੇ 11, ਇਵੇਂ ਹੀ ਦੱਖਣੀ, ਉੱਤਰੀ ਤੇ ਕੇਂਦਰੀ ਅਮਰੀਕਾ ਦੇ ਅੱਠ-ਅੱਠ ਅਤੇ ਮਹਾਸਾਗਰੀ ਮੁਲਕਾਂ 'ਚੋਂ ਦੋ ਨੇ ਪਿਛਲੇ ਸਾਲ ਕਿਸਾਨਾਂ ਦੇ ਰੋਸ ਮੁਜ਼ਾਹਰੇ ਦੇਖੇ ਹਨ।

ਯੂਰਪ ਦੇ ਆਜ਼ਾਦਾਨਾ ਮੀਡੀਆ ਨੈੱਟਵਰਕ 'ਯੂਰੈਕਟਿਵ' ਦੇ ਅਧਿਐਨ ਮੁਤਾਬਿਕ ਯੂਰਪੀ ਦੇਸ਼ਾਂ ਵਿਚ ਹਾਲ ਹੀ ਵਿਚ (ਜਨਵਰੀ-ਫਰਵਰੀ 2024) ਵਿਚ ਹੋਏ ਰੋਸ ਪ੍ਰਦਰਸ਼ਨਾਂ ਦੌਰਾਨ ਕਿਸਾਨਾਂ ਲਈ ਵਾਜਬ ਤੇ ਲਾਹੇਵੰਦ ਭਾਅ ਦੀ ਮੰਗ ਉੱਭਰ ਕੇ ਸਾਹਮਣੇ ਆਈ ਹੈ। ਇਹ ਜ਼ਿਆਦਾਤਰ ਫਰਾਂਸ, ਜਰਮਨੀ, ਸਪੇਨ ਤੇ ਇਟਲੀ ਵਿਚੋਂ ਉੱਠ ਰਹੀ ਹੈ। ਬੈਲਜੀਅਮ ਦੇ ਕਿਸਾਨ ਫੂਡ ਚੇਨਾਂ (ਭੋਜਨ ਲੜੀਆਂ) ਵਿਚ ਵੀ ਸੁਰੱਖਿਆ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਗੁੱਸਾ ਸਖ਼ਤ ਵਾਤਾਵਰਨ ਨੇਮਾਂ ਵੱਲ ਵੀ ਸੇਧਿਤ ਹੈ ਜੋ ਯੂਰਪੀ ਕਮਿਸ਼ਨ ਜ਼ੀਰੋ ਕਾਰਬਨ ਨਿਕਾਸੀ ਦਾ ਟੀਚਾ ਹਾਸਿਲ ਕਰਨ ਲਈ ਥੋਪਣ ਦੀ ਕੋਸ਼ਿਸ਼ ਕਰ ਰਿਹਾ ਹੈ। ਖੇਤੀਬਾੜੀ ਖੇਤਰ 'ਤੇ ਵਪਾਰ ਦੇ ਅਸਰ ਤੋਂ ਯੂਰਪੀ ਕਿਸਾਨ ਫ਼ਿਕਰਮੰਦ ਹਨ। ਜਰਮਨੀ ਦੇ ਕਿਸਾਨ ਮੁੱਖ ਤੌਰ 'ਤੇ ਈਂਧਨ ਉੱਤੇ ਮਿਲਦੀ ਟੈਕਸ ਛੋਟ ਖ਼ਤਮ ਹੋਣ ਵਿਰੁੱਧ ਰੋਸ ਜ਼ਾਹਿਰ ਕਰ ਰਹੇ ਹਨ। ਖੇਤੀ ਵਾਹਨਾਂ 'ਤੇ ਮਿਲਦੀ ਇਸ ਛੋਟ ਨੂੰ ਜਰਮਨੀ ਦੀ ਸਰਕਾਰ ਹੌਲੀ-ਹੌਲੀ ਖ਼ਤਮ ਕਰ ਰਹੀ ਹੈ। ਇਸ ਤੋਂ ਇਲਾਵਾ ਉਥੇ ਕਿਸਾਨ ਵਾਤਾਵਰਨ ਨਾਲ ਸਬੰਧਿਤ ਨਵੇਂ ਨੇਮਾਂ-ਖ਼ਾਸਕਰ ਨਾਈਟ੍ਰੇਟ ਸਬੰਧੀ ਹਦਾਇਤਾਂ ਦਾ ਵਿਰੋਧ ਕਰ ਰਹੇ ਹਨ, ਘੱਟ ਭਾਅ ਮਿਲਣ ਕਾਰਨ ਹੋ ਰਹੇ ਨੁਕਸਾਨ ਦੀ ਪੂਰਤੀ ਲਈ ਬੋਨਸ ਆਦਿ ਮੰਗ ਰਹੇ ਹਨ। ਸਾਰ-ਤੱਤ ਇਹ ਹੈ ਕਿ ਕਈ ਮਹਾਦੀਪਾਂ 'ਚ ਹੋ ਰਹੇ ਜ਼ਿਆਦਾਤਰ ਰੋਸ ਪ੍ਰਦਰਸ਼ਨ ਮੁੱਢਲੇ ਤੌਰ 'ਤੇ ਜਿਣਸਾਂ ਦੀ ਘੱਟ ਕੀਮਤ, ਵਧੇ ਲਾਗਤ ਖ਼ਰਚ, ਸਸਤੀ ਦਰਾਮਦ ਅਤੇ ਵੱਖ-ਵੱਖ ਤਰ੍ਹਾਂ ਦੀ ਸਹਾਇਤਾ ਬੰਦ ਹੋਣ 'ਤੇ ਕੇਂਦਰਿਤ ਹਨ; ਕੁਝ ਮੁਕਾਮੀ ਮੁੱਦੇ ਵੀ ਹਨ। ਖੇਤੀਬਾੜੀ ਨੂੰ ਬਾਜ਼ਾਰਾਂ ਹਵਾਲੇ ਕਰਨ ਨਾਲ ਖੇਤੀ ਖੇਤਰ ਦਾ ਕੋਈ ਫ਼ਾਇਦਾ ਨਹੀਂ ਹੋਇਆ। ਭਾਰਤੀ ਖੇਤੀਬਾੜੀ 'ਤੇ ਉਹ ਵਿੱਤੀ ਸੋਚ ਹਾਵੀ ਰਹੀ ਹੈ ਜਿਸ ਨੇ ਸੋਚੇ-ਸਮਝੇ ਢੰਗ ਨਾਲ ਇਹ ਯਕੀਨੀ ਬਣਾਇਆ ਕਿ ਮਹਿੰਗਾਈ 'ਤੇ ਕਾਬੂ ਪਾਉਣ ਲਈ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਘੱਟ ਰੱਖੀਆਂ ਜਾਣ। ਇਹ ਵੇਲਾ ਵਿਹਾਅ ਚੁੱਕੀ ਪਹੁੰਚ ਹੈ। ਹੁਣ ਸਮਾਂ ਆ ਗਿਆ ਹੈ ਕਿ ਭਾਰਤੀ ਰਿਜ਼ਰਵ ਬੈਂਕ ਵਿਆਪਕ ਅਰਥਚਾਰੇ (ਮੈਕਰੋ ਇਕੋਨੌਮਿਕਸ) ਬਾਰੇ ਆਪਣੀਆਂ ਨੀਤੀਆਂ ਨੂੰ ਸਮੇਂ ਦੇ ਹਾਣ ਦੀਆਂ ਬਣਾਉਣ ਲਈ ਇਨ੍ਹਾਂ 'ਤੇ ਮੁੜ ਗੌਰ ਕਰੇ। ਘਰੇਲੂ ਖ਼ਰਚ ਬਾਰੇ 2022-23 ਦਾ ਸਰਵੇਖਣ ਦੱਸਦਾ ਹੈ ਕਿ ਖ਼ੁਰਾਕੀ ਵਸਤਾਂ 'ਤੇ ਖ਼ਰਚ ਘਟ ਗਿਆ ਹੈ; ਇਸ ਦੇ ਨਾਲ ਹੀ ਹਰ ਪਰਿਵਾਰ 'ਤੇ ਰਿਹਾਇਸ਼, ਸਿਹਤ ਅਤੇ ਸਿੱਖਿਆ ਦੇ ਲਗਾਤਾਰ ਵਧ ਰਹੇ ਖ਼ਰਚੇ ਦਾ ਬੋਝ ਵੀ ਪਿਆ ਹੈ ਜਿਸ ਨੂੰ ਖ਼ਪਤ ਵਾਲੇ ਖਾਤੇ 'ਚ ਢੁਕਵੇਂ ਤਰੀਕੇ ਨਾਲ ਨਹੀਂ ਦਰਸਾਇਆ ਗਿਆ।

ਜਿਉਂ ਹੀ ਤੁਸੀਂ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਵਿਆਪਕ ਅਰਥਚਾਰੇ ਦੇ ਸ਼ਿਕੰਜੇ ਤੋਂ ਮੁਕਤ ਕਰਨ ਦੇ ਅਤਿ ਲੋੜੀਂਦੇ ਪੱਖ ਉਪਰ ਜ਼ੋਰ ਦਿੰਦੇ ਹੋ ਤਾਂ ਇਸ ਦਾ ਜ਼ਬਰਦਸਤ ਵਿਰੋਧ ਦੇਖਣ ਨੂੰ ਮਿਲਦਾ ਹੈ। ਇਹ ਚਿਤਾਵਨੀਆਂ ਆਉਂਦੀਆਂ ਹਨ ਕਿ ਇਸ ਨਾਲ ਮਹਿੰਗਾਈ ਦਰ ਵਧ ਜਾਵੇਗੀ ਅਤੇ ਮੰਡੀ ਵਿਚ ਤਰਥੱਲੀ ਮੱਚ ਜਾਵੇਗੀ। ਜਦੋਂ ਵੀ ਕਦੇ ਕਿਸਾਨ ਨਿਸ਼ਚਿਤ ਕੀਮਤ ਦੀ ਲੋੜ ਉਪਰ ਜ਼ੋਰ ਦਿੰਦੇ ਹਨ ਤਾਂ ਇਹ ਨੁਕਤਾਚੀਨੀ ਹੋਣ ਲੱਗ ਪੈਂਦੀ ਹੈ। ਦੂਜੇ ਪਾਸੇ, ਕੋਈ ਕਾਰਪੋਰੇਟ ਕੰਪਨੀ ਮਹਾਮਾਰੀ ਦੇ ਸਾਲਾਂ ਦੌਰਾਨ 57 ਫ਼ੀਸਦੀ ਕੀਮਤਾਂ ਵਧਾ ਕੇ ਅਤੇ 2023 ਦੇ ਕਾਫ਼ੀ ਅਰਸੇ ਦੌਰਾਨ ਵੀ 53 ਫ਼ੀਸਦੀ ਕੀਮਤਾਂ ਵਧਾ ਕੇ ਮਹਿੰਗਾਈ ਵਧਾਉਂਦੀ ਹੈ ਤਾਂ ਇਹੀ ਆਰਥਿਕ ਸੋਚ ਸੁਸਰੀ ਵਾਂਗ ਸੌਂ ਜਾਂਦੀ ਹੈ। ਨੰਗੇ ਚਿੱਟੇ ਲਾਲਚ ਕਾਰਨ ਮੰਡੀ ਵਿਚ ਹੋਣ ਵਾਲੀ ਉਥਲ-ਪੁਥਲ ਉਪਰ ਉਦੋਂ ਤੱਕ ਕੋਈ ਚੀਕ-ਚਿਹਾੜਾ ਨਹੀਂ ਪੈਂਦਾ ਜਦੋਂ ਤੱਕ ਮੈਸਾਚਿਊਸੈਟਸ ਯੂਨੀਵਰਸਿਟੀ ਦੀ ਅਰਥ ਸ਼ਾਸਤਰੀ ਇਸਾਬੇਲਾ ਐੱਮ ਵੈਬਰ ਸਾਨੂੰ ਇਹ ਨਹੀਂ ਦੱਸਦੀ ਕਿ ਇਸ ਦਾ ਕਾਰਨ 'ਵਿਕਰੇਤਾ ਦਾ ਮੁਨਾਫ਼ਾ' ਹੈ ਜਿਸ ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਆਪਣੇ ਹਾਲੀਆ ਕੌਮ ਦੇ ਨਾਂ ਭਾਸ਼ਣ ਵਿਚ ਪ੍ਰਵਾਨ ਕਰਦਿਆਂ ਇਸ ਸਬੰਧੀ ਦਰੁਸਤੀ ਕਾਰਵਾਈ ਕਰਨ ਦਾ ਵਾਅਦਾ ਕੀਤਾ ਹੈ।

ਇਸ ਲਈ ਖੁੱਲ੍ਹੀ ਮੰਡੀ ਕੋਈ ਹੱਲ ਨਹੀਂ ਹੈ। ਦਰਅਸਲ, ਇਹ ਖੇਤੀ ਸੰਕਟ ਜਾਰੀ ਰਹਿਣ ਦਾ ਕਾਰਨ ਹੈ। ਜੇ ਮੰਡੀਆਂ ਕੋਲ ਹੀ ਲਿਆਕਤ ਹੁੰਦੀ ਅਤੇ ਇਹ ਕੁਸ਼ਲਤਾ ਨੂੰ ਉਤਸ਼ਾਹਿਤ ਕਰਦੀਆਂ ਹੁੰਦੀਆਂ ਤਾਂ ਖੇਤੀਬਾੜੀ ਦੇ ਘਾਟੇ ਦਾ ਧੰਦਾ ਬਣਨ ਦਾ ਕੋਈ ਕਾਰਨ ਨਹੀਂ ਸੀ ਹੋਣਾ। ਦੁਨੀਆ ਭਰ ਵਿਚ ਉਠ ਰਹੇ ਕਿਸਾਨ ਅੰਦੋਲਨ ਇਸ ਗੱਲ ਦਾ ਪ੍ਰਮਾਣ ਹਨ ਕਿ ਅਰਥਚਾਰਾ ਕਿੰਨਾ ਨੁਕਸਦਾਰ ਬਣਿਆ ਹੋਇਆ ਹੈ। ਹੁਣ ਆਰਥਿਕ ਢਾਂਚੇ ਦੀ ਕਾਇਆ ਕਲਪ ਕਰਨ ਦਾ ਸਮਾਂ ਹੈ ਜਿਸ ਨੇ ਖੇਤੀਬਾੜੀ ਨੂੰ ਗਿਣ ਮਿਥ ਕੇ ਸਾਹਸਤਹੀਣ ਬਣਾਇਆ ਹੋਇਆ ਹੈ। ਕਾਨੂੰਨੀ ਤੌਰ 'ਤੇ ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ ਨਾ ਸਿਰਫ ਭਾਰਤੀ ਕਿਸਾਨਾਂ ਲਈ ਸਗੋਂ ਦੁਨੀਆ ਭਰ ਦੇ ਕਾਸ਼ਤਕਾਰਾਂ ਲਈ ਮਾਰਗ ਦਰਸ਼ਕ ਹੋਵੇਗੀ। ਮੰਡੀਆਂ ਇਸ ਦੇ ਹਿਸਾਬ ਨਾਲ ਆਪਣੇ ਆਪ ਨੂੰ ਢਾਲ ਲੈਣਗੀਆਂ।

# ‘ਚਾਂਦਨੀ ਬਾਰ’ ਦਾ ਅਗਲਾ ਜਲਵਾ





*ਫਿਲਮ ‘ਚਾਂਦਨੀ ਬਾਰ’ ਵਿਚ ਅਦਾਕਾਰਾ ਤੱਬੂ ਅਤੇ (ਸੱਜੇ) ਤੱਬੂ ਦੀ ਇਕ ਹਾਲੀਆ ਤਸਵੀਰ।*

ਕੌਮੀ ਪੁਰਸਕਾਰ ਜੇਤੂ ਫਿਲਮ ‘ਚਾਂਦਨੀ ਬਾਰ’ ਦਾ ਅਗਲਾ ਭਾਗ ਬਣ ਰਿਹਾ ਹੈ। ਇਸ ਸਾਲ ਦੇ ਮੱਧ ਤੱਕ ਇਸ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ। ਮੋਹਨ ਆਜ਼ਾਦ ਨੇ 2001 ਵਿਚ ਰਿਲੀਜ਼ ਹੋਈ ਫਿਲਮ ਦੀ ਕਹਾਣੀ ਅਤੇ ਡਾਇਲਾਗ ਲਿਖੇ ਸਨ। ਉਹ ਹੁਣ ਅਗਲੀ ਕੜੀ ਵਿਚ ਵੀ ਕੰਮ ਕਰ ਰਿਹਾ ਹੈ। ਫਿਲਮ ਦਸੰਬਰ 2025 ਵਿਚ ਰਿਲੀਜ਼ ਹੋਵੇਗੀ। ਹਾਲਾਂਕਿ ਹੁਣ ਤੱਕ ਕਿਸੇ ਵੀ ਅਦਾਕਾਰ ਨਾਲ ਸੰਪਰਕ ਨਹੀਂ ਕੀਤਾ ਗਿਆ ਪਰ ਨਵੀਂ ਫਿਲਮ ਲਈ ਪਹਿਲੀ ਦੇ ਕੁਝ ਕਲਾਕਾਰਾਂ ’ਤੇ ਵਿਚਾਰ ਕੀਤਾ ਜਾ ਸਕਦਾ ਹੈ। ਫਿਲਮ ਦੇ ਅਗਲੇ ਹਿੱਸੇ ਬਾਰੇ ਗੱਲ ਕਰਦਿਆਂ ਮੋਹਨ ਆਜ਼ਾਦ ਨੇ ਕਿਹਾ ਕਿ ਇਸ ਦੇ ਨਿਰਮਾਤਾ ਆਰ. ਮੋਹਨ ਨੇ ‘ਚਾਂਦਨੀ ਬਾਰ’ ਦੇ ਅਗਲੇ ਭਾਗ ਸਬੰਧੀ ਕਾਫ਼ੀ ਪਹਿਲਾਂ ਇੱਛਾ ਪ੍ਰਗਟਾਈ ਸੀ ਜਿਸ ਦੀ ਕਹਾਣੀ ਬਾਰੇ ਅਸੀਂ ਕਾਫ਼ੀ ਦੁਚਿੱਤੀ ਵਿਚ ਸੀ ਪਰ ਸਾਨੂੰ ਖੁਸ਼ੀ ਹੈ ਕਿ ਅਸੀਂ ਇਸ ਨੂੰ ਲਿਖਿਆ ਹੈ। ਦੂਜੇ ਭਾਗ ਦੀ ਕਹਾਣੀ ਬਹੁਤ ਜ਼ਬਰਦਸਤ ਹੈ। ਉਨ੍ਹਾਂ ਕਿਹਾ ਕਿ ਸਾਨੂੰ ਯਕੀਨ ਹੈ ਕਿ ਆਉਣ ਵਾਲੇ ਸਾਲ ਵਿਚ ਉਹ ਚਾਂਦਨੀ ਬਾਰ ਦੀ ਪਹਿਲਾਂ ਵਾਲੀ ਸਫ਼ਲਤਾ ਦੁਹਰਾਉਣਗੇ। 2001 ਵਿਚ ਰਿਲੀਜ਼ ਹੋਈ ਫਿਲਮ ‘ਚਾਂਦਨੀ ਬਾਰ’ ਦਾ ਨਿਰਦੇਸ਼ਨ ਮਧੁਰ ਭੰਡਾਕਰ ਨੇ ਕੀਤਾ ਸੀ। ਉਨ੍ਹਾਂ ਫਿਲਮ ‘ਪੇਜ 3’ ਅਤੇ ‘ਫੈਸ਼ਨ’ ਨਾਲ ਆਪਣੀ ਪਛਾਣ ਬਣਾਈ ਹੈ। ਫਿਲਮ ਵਿਚ ਤੱਬੂ ਨੇ ਮੁੱਖ ਭੂਮਿਕਾ ਨਿਭਾਈ ਸੀ। ਐਕਟਿੰਗ ਅਤੇ ਲੇਖਨ ਮਗਰੋਂ ਮੋਹਨ ਆਜ਼ਾਦ ‘ਚਾਂਦਨੀ ਬਾਰ-2’ ਨਾਲ ਨਿਰਦੇਸ਼ਨ ਵਿਚ ਕਦਮ ਰੱਖ ਰਿਹਾ ਹੈ। ਉਸ ਵੱਲੋਂ ਨਿਰਦੇਸ਼ਿਤ ਫਿਲਮ ‘ਵੱਟ ਏ ਕਿਸਮਤ’ ਕਾਮੇਡੀ ਫਿਲਮ ਹੈ ਜੋ 22 ਮਾਰਚ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋ ਗਈ। ਫਿਲਮ ਦਾ ਨਿਰਮਾਣ ਅਖਿਲੇਸ਼ ਰਾਏ ਅਤੇ ਆਰ.ਜੀ. ਪ੍ਰੋਡਕਸ਼ਨ ਦਾ ਹੈ। ***-ਗੁਰਜੰਟ ਸਿੰਘ***

# ਸੰਗੀਤ ਤੇ ਅਦਾਕਾਰੀ ਦਾ ਜਸ਼ਨ ਫਿਲਮ ‘ਇਲੀਆਰਾਜਾ’

ਦੱਖਣ ਦਾ ਕਹਿੰਦਾ-ਕਹਾਉਂਦਾ ਅਦਾਕਾਰ ਧਨੁਸ਼ ਮਿਸਾਲੀ ਸੰਗੀਤਕਾਰ ਇਲੀਆਰਾਜਾ ਦੇ ਜੀਵਨ ਅਤੇ ਕੰਮਾਂ ‘ਤੇ ਆਧਾਰਿਤ ਫਿਲਮ ਬਣਾ ਰਿਹਾ ਹੈ। ਇਸ ਫਿਲਮ ਦਾ ਨਾਂ ਇਲੀਆਰਾਜਾ ਦੇ ਨਾਂ ਉਤੇ ਹੀ ‘ਇਲੀਆਰਾਜਾ’ ਰੱਖਿਆ ਗਿਆ ਹੈ। ਹਾਲ ਹੀ ਵਿਚ ਫਿਲਮ ਦਾ ਪਹਿਲਾ ਪੋਸਟਰ ਜਾਰੀ ਕਰ ਦਿੱਤਾ ਗਿਆ। ਇਸ ਫਿਲਮ ਦਾ ਨਿਰਦੇਸ਼ਨ ਅਰੁਣ ਮਤੇਸ਼ਵਰਨ ਕਰ ਰਿਹਾ ਹੈ।

**ਆਮਨਾ ਕੌਰ**


ਧਨੁਸ਼ ਦੀ ਅਦਾਕਾਰੀ ਨਾਲ ਸਜੀ ਉਸ ਦੀ ਇਕ ਹੋਰ ਫਿਲਮ ‘ਕੈਪਟਨ ਮਿਲਰ’ ਪਿੱਛੇ ਜਿਹੀ ਹੀ ਰਿਲੀਜ਼ ਹੋਈ ਹੈ।


ਯਾਦ ਰਹੇ ਕਿ ਇਲੀਆਰਾਜਾ ਨੂੰ ਭਾਰਤ ਦੇ ਬਿਹਤਰੀਨ ਸੰਗੀਤਕਾਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਹੁਣ ਤੱਕ ਉਹ 1000 ਤੋਂ ਵੀ ਵੱਧ ਫਿਲਮਾਂ ਲਈ 7000 ਤੋਂ ਉਪਰ ਗੀਤਾਂ ਲਈ ਸੰਗੀਤ ਤਿਆਰ ਕਰ ਚੁੱਕਾ ਹੈ। ਇਸ ਤੋਂ ਇਲਾਵਾ ਉਹ ਸੰਸਾਰ ਭਰ ਵਿਚ 20000 ਹਜ਼ਾਰ ਤੋਂ ਵੱਧ ਸਮਾਗਮਾਂ ਵਿਚ ਆਪਣੇ ਫਨ ਦਾ ਮੁਜ਼ਾਹਰਾ ਕਰ ਚੁੱਕਾ ਹੈ। ਸੰਗੀਤ ਦੇ ਖੇਤਰ ਵਿਚ ਉਸ ਦੀ ਇਸ ਵਡਮੁੱਲੀ ਦੇਣ ਸਦਕਾ ਭਾਰਤ ਸਰਕਾਰ ਨੇ ਉਸ ਨੂੰ ਪਦਮ ਵਿਭੂਸ਼ਨ ਦੇ ਖਿਤਾਬ ਨਾਲ ਨਵਾਜਿਆ ਸੀ। ਇਲੀਆਰਾਜਾ ਦਾ ਜਨਮ 3 ਜੂਨ 1943 ਨੂੰ ਹੋਇਆ ਸੀ। ਤਾਮਿਲ ਫਿਲਮਾਂ ਵਿਚ ਉਸ ਦੇ ਨਾਂ ਦੀ ਤੂਤੀ ਬੋਲਦੀ ਹੈ।

ਜਾਣਕਾਰੀ ਅਨੁਸਾਰ ਫਿਲਮ ‘ਇਲੀਆਰਾਜਾ’ ਤਾਮਿਲ, ਤੈਲਗੂ, ਮਲਿਆਲਮ, ਕੰਨੜ ਤੋਂ ਇਲਾਵਾ ਹਿੰਦੀ ਵਿਚ ਡਬ ਕੀਤੀ ਜਾਵੇਗੀ ਅਤੇ ਸਾਰੇ ਥਾਈਂ ਇਕੋ ਦਿਨ ਰਿਲੀਜ਼ ਕੀਤੀ ਜਾਵੇਗੀ।

40 ਵਰ੍ਹਿਆਂ ਦਾ ਅਦਾਕਾਰ ਧਨੁਸ਼ ਵੀ ਤਾਮਿਲ ਨਾਡੂ ਦਾ ਸਟਾਰ ਅਦਾਕਾਰ ਹੈ। ਉਸ ਦਾ ਜਨਮ 28 ਜੁਲਾਈ 1983 ਨੂੰ ਹੋਇਆ। ਹੁਣ ਤੱਕ ਉਹ 50 ਦੇ ਕਰੀਬ ਵਿਚ ਅਦਾਕਾਰੀ ਦੇ ਜਲਵੇ ਦਿਖਾ ਚੁੱਕਾ ਹੈ। ਉਸ ਦੀ ਪਹਿਲੀ ਫਿਲਮ ‘ਤੁਲੂਵਾਧੋ ਇਮਾਈ’ ਸਾਲ 2002 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਦਾ ਨਿਰਦੇਸ਼ਨ ਉਸ ਦੇ ਪਿਤਾ ਕਸਤੂਰੀ ਰਾਜਾ ਨੇ ਕੀਤਾ ਸੀ। ਇਸ ਫਿਲਮ ਅਤੇ ਧਨੁਸ਼ ਦੀ ਉਦੋਂ ਖੂਬ ਚਰਚਾ ਹੋਈ ਸੀ। ਇਸ ਤੋਂ ਬਾਅਦ ਸਾਲ 2007 ਵਿਚ ਰਿਲੀਜ਼ ਹੋਈ ਫਿਲਮ ‘ਪੋਲਾਧਵਨ’ ਨਾਲ ਉਸ ਦੀਆਂ ਧੁੰਮਾਂ ਪੈ ਗਈ ਅਤੇ ਉਹ ਸਟਾਰ ਬਣ ਗਿਆ। ਅਗਲੇ ਸਾਲ, ਭਾਵ 2008 ਵਿਚ ਆਈ ਫਿਲਮ ‘ਯਾਰਾਦੀ ਨੀ ਮੋਹਿਨੀ’ ਨੇ ਰਹਿੰਦੀਆਂ ਕਸਰਾਂ ਕੱਢ ਦਿੱਤੀਆਂ ਅਤੇ ਉਸ ਦੀ ਚਰਚਾ ਚਾਰ-ਚੁਫੇਰੇ ਹੋਣ ਲੱਗੀ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ! ਫਿਰ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

ਧਨੁਸ਼ ਨੇ ਹਿੰਦੀ ਫਿਲਮਾਂ ਵਿਚ ਆਪਣੀ ਕਿਸਮਤ ਅਜ਼ਮਾਈ। ਹਿੰਦੀ ਫਿਲਮ ‘ਰਾਂਝਨਾ’ ਵਿਚ ਉਸ ਦੀ ਅਦਾਕਾਰੀ ਬਹੁਤ ਪਸੰਦ ਕੀਤੀ ਗਈ ਸੀ। ਇਹ ਫਿਲਮ ਸਾਲ 2013 ਵਿਚ ਰਿਲੀਜ਼ ਹੋਈ ਸੀ ਅਤੇ ਇਸ ਫਿਲਮ ਵਿਚ ਧਨੁਸ਼ ਤੋਂ ਇਲਾਵਾ ਸੋਨਮ ਕਪੂਰ ਅਤੇ ਅਭੈ ਦਿਓਲ ਨੇ ਵੀ ਅਦਾਕਾਰੀ ਦੇ ਜੌਹਰ ਦਿਖਾਏ ਸਨ। ਇਸ ਤੋਂ ਬਾਅਦ 2014 ਵਿਚ ਧਨੁਸ਼ ਦੀ ਫਿਲਮ ‘ਸ਼ਮਿਤਾਭ’ ਰਿਲੀਜ਼ ਹੋਈ। 2021 ਵਿਚ ਉਹ ਇਕ ਹੋਰ ਹਿੰਦੀ ਫਿਲਮ ‘ਅਤਰੰਗੀ ਰੇ’ ਨਾਲ ਹਾਜ਼ਰ ਹੋਇਆ। ਅੱਜ ਕੱਲ੍ਹ ਉਹ ‘ਰਾਇਨ’ ਅਤੇ ‘ਕੁਬੇਰਾ’ ਫਿਲਮਾਂ ਦੇ ਨਿਰਮਾਣ ਵਿਚ ਰੁੱਝਿਆ ਹੋਇਆ ਹੈ।









*ਉੱਘਾ ਸੰਗੀਤਕਾਰ ਇਲੀਆਰਾਜਾ ਜਿਸ ਉੱਤੇ ਫਿਲਮ ‘ਇਲੀਆਰਾਜਾ’ ਬਣਾਈ ਗਈ ਹੈ, (ਵਿਚਕਾਰ) ਫਿਲਮ ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਨਾਇਕ ਧਨੁਸ਼।*

# ਇਕ ਪਾਸੜ ਵਿਚਾਰਾਂ ਵਾਲੀ ਫਿਲਮ ‘ਸਵਤੰਤਰ ਵੀਰ ਸਾਵਰਕਰ’

ਉਘੇ ਅਦਾਕਾਰ ਰਣਦੀਪ ਹੁੱਡਾ ਦੀ ਫਿਲਮ ‘ਸਵਤੰਤਰ ਵੀਰ ਸਾਵਰਕਰ’ 22 ਮਾਰਚ ਨੂੰ ਰਿਲੀਜ਼ ਹੋ ਗਈ। ਫਿਲਮ ਬਾਰੇ ਰਿਪੋਰਟਾਂ ਹਨ ਕਿ ਇਹ ਫਿਲਮ ਇਕਪਾਸੜ ਢੰਗ ਨਾਲ ਬਣਾਈ ਹੈ ਅਤੇ ਇਸ ਫਿਲਮ ਮਕਸਦ ਸਿਰਫ ਪ੍ਰਾਪੇਗੰਡਾ ਜਾਪਦਾ ਹੈ। ਯਾਦ ਰਹੇ ਕਿ ਸਾਵਰਕਰ ਨੂੰ

**ਕੁਦਰਤ ਕੌਰ**

ਹਿੰਦੂਤਵ ਵਿਚਾਰਾਂ ਦਾ ਪਿਤਾਮਾ ਮੰਨਿਆ ਜਾਂਦਾ ਹੈ। ਜਦੋਂ ਤੋਂ 2014 ਵਿਚ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਹੈ, ਸਾਵਰਕਰ ਨੂੰ ਬਹੁਤ ਵੱਡੇ ਦੇਸ਼ਭਗਤ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਸਿਆਸੀ ਸਰਪ੍ਰਸਤ ਜਥੇਬੰਦੀ, ਰਾਸ਼ਟਰੀ ਅਵੈਮਸੇਵਕ ਸੰਘ (ਆਰ.ਐੱਸ.ਐੱਸ.) ਦਾ ਪੂਰਾ ਜ਼ੋਰ ਇਹ ਸਾਬਤ ਕਰਨ ‘ਤੇ ਲੱਗਿਆ ਹੋਇਆ ਕਿ ਸਾਵਰਕਰ ਨੇ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਸਮੁੱਚੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਜਦਕਿ ਹਕੀਕਤ ਇਹ ਹੈ ਕਿ ਆਰ.ਐੱਸ.ਐੱਸ. ਦੇ ਕਿਸੇ ਵੀ ਲੀਡਰ ਨੇ ਆਜ਼ਾਦੀ ਦੇ ਸੰਘਰਸ਼ ਵਿਚ ਹਿੱਸਾ ਨਹੀਂ ਲਿਆ। ਜਦੋਂ ਭਾਰਤ ਦੇ ਦੇਸ਼ਭਗਤ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੇ ਰਹੇ ਸਨ ਤਾਂ ਆਰ.ਐੱਸ.ਐੱਸ. ਇਹ ਪ੍ਰਚਾਰ ਕਰ ਰਹੀ ਸੀ ਕਿ ਅੰਗਰੇਜ਼ਾਂ ਨਾਲ ਲੜ ਕੇ ਆਪਣੀ ਤਾਕਤ ਜਾਇਆ ਨਹੀਂ ਕਰਨੀ ਚਾਹੀਦੀ ਸਗੋਂ ਹਿੰਦੂ ਰਾਸ਼ਟਰ ਲਈ ਇਹ ਤਾਕਤ ਬਚਾ ਕੇ ਰੱਖਣੀ ਚਾਹੀਦੀ ਹੈ। ਇਹੀ ਪ੍ਰਚਾਰ ਹਿੰਦੂ ਮਹਾਂ ਸਭਾ ਕਰਦੀ ਸੀ ਜਿਸ ਦਾ ਕਰਤਾ-ਧਰਤਾ ਸਾਵਰਕਰ ਸੀ। ਜਦੋਂ ਸਿਆਸੀ ਸਰਗਰਮੀ ਕਾਰਨ ਸਾਵਰਕਰ ਨੂੰ ਕਾਲੇਪਾਣੀ ਦੀ ਸਜ਼ਾ ਹੋਈ ਸੀ ਤਾਂ ਉਹ ਅੰਗਰੇਜ਼ ਹਾਕਮਾਂ ਤੋਂ ਲਿਖਤੀ ਮੁਆਫੀ ਮੰਗ ਕੇ ਰਿਹਾਅ ਹੋ ਗਿਆ ਸੀ ਜਦਕਿ ਗਦਰੀ ਅੰਗਰੇਜ਼ਾਂ ਦੇ ਜ਼ੁਲਮਾਂ ਦਾ ਟਾਕਰਾ ਕਰ ਰਹੇ ਸਨ। ਇਹ ਸਭ ਇਤਿਹਾਸ ਇਸ ਫਿਲਮ ਵਿਚ ਲੁਕੋ ਲਿਆ ਗਿਆ ਹੈ।








*ਬੌਟਮ 1-2-3. ਫਿਲਮ ‘ਸਵਤੰਤਰ ਵੀਰ ਸਾਵਰਕਰ’ ਦਾ ਪੋਸਟਰ, (ਵਿਚਕਾਰ) ਅਦਾਕਾਰ ਰਣਦੀਪ ਹੁੱਡਾ ਅਤੇ (ਐਨ ਸੱਜੇ) ਫਿਲਮ ‘ਸਵਤੰਤਰ ਵੀਰ ਸਾਵਰਕਰ’ ਦਾ ਦ੍ਰਿਸ਼।*

ਇਸ ਫਿਲਮ ਵਿਚ ਗਾਂਧੀ ਦੇ ਕਤਲ ਨੂੰ ਬੜੇ ਉਚੇਚ ਨਾਲ ਫਿਲਮਾਇਆ ਗਿਆ ਹੈ। ਇਤਿਹਾਸ ਦੱਸਦਾ ਹੈ ਕਿ ਸਾਵਰਕਰ ਦੇ ਪ੍ਰੇਰਨ ‘ਤੇ ਹੀ ਨੱਥੂਰਾਮ ਗੌਡਸੇ ਨੇ ਗਾਂਧੀ ਦਾ ਕਤਲ ਕੀਤਾ ਸੀ। ਬਾਅਦ ਵਿਚ ਜਦੋਂ ਮੁਕੱਦਮਾ ਚੱਲਿਆ ਤਾਂ ਸ਼ੱਕ ਦੀ ਸੂਈ ਸਾਵਰਕਰ ਵੱਲ ਘੁੰਮੀ ਸੀ ਪਰ ਫਿਰ ਸਾਰਾ ਮਸਲਾ ਲਾਂਭੇ ਖਿਸਕਾ ਦਿੱਤਾ ਗਿਆ। ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਚਿਰਾਂ ਤੋਂ ਨੱਥੂਰਾਮ ਗੌਡਸੇ ਦੀ ਮਹਿਮਾ ਕਰ ਰਹੀ ਹੈ। ਇਕ ਥਾਂ ਤਾਂ ਉਸ ਦੇ ਨਾਂ ‘ਤੇ ਮੰਦਰ ਵੀ ਬਣਾ ਦਿੱਤਾ ਗਿਆ ਹੈ।

ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਫਿਲਮਾਂ ਆ ਰਹੀਆਂ ਜਿਨ੍ਹਾਂ ਰਾਹੀਂ ਆਰ.ਐੱਸ.ਐੱਸ. ਦੀ ਵਿਚਾਰਧਾਰਾਂ ਦਾ ਦੱਬ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ। ‘ਸਵਤੰਤਰ ਵੀਰ ਸਾਵਰਕਰ’ ਵੀ ਅਜਿਹੀ ਹੀ ਫਿਲਮ ਹੈ। ਫਿਲਮ ਵਿਚ ਮੁੱਖ ਰੋਲ ਅਦਾਕਾਰ ਰਣਦੀਪ ਹੁੱਡਾ ਨੇ ਨਿਭਾਇਆ ਹੈ ਅਤੇ ਫਿਲਮ ਦਾ ਨਿਰਦੇਸ਼ਨ ਵੀ ਉਸ ਨੇ ਖੁਦ ਕੀਤਾ ਹੈ। ਫਿਲਮ ਦਾ ਨਿਰਮਾਤਾ ਵੀ ਰਣਦੀਪ ਹੁੱਡਾ ਆਪ ਹੀ ਹੈ। ਇਸ ਫਿਲਮ ਦੀ ਚਰਚਾ ਤਾਂ ਹੋਈ ਹੈ ਪਰ ਇਸ ਚਰਚਾ ਦੀ ਟੋਨ ਨਕਾਰਾਤਮਕ ਵਧੇਰੇ ਹੈ। ਸਾਰੇ ਫਿਲਮ ਆਲੋਚਕਾਂ ਨੇ ਇਸ ਨੂੰ ਇਕਪਾਸੜ ਫਿਲਮ ਕਰਾਰ ਦਿੱਤਾ ਹੈ। ਉਂਝ, ਰਣਦੀਪ ਹੁੱਡਾ ਦੀ ਅਦਾਕਾਰੀ ਦੀ ਸਭ ਨੇ ਤਾਰੀਫ ਕੀਤੀ ਹੈ। ਉਸ ਨੇ ਸਾਰਵਕਰ ਵਾਲਾ ਰੋਲ ਨਿਭਾਉਣ ਲਈ ਆਪਣਾ ਭਾਰ ਵੀ ਤਕਰੀਬਨ 26 ਕਿੱਲੋ ਘਟਾ ਲਿਆ ਸੀ।

ਰਣਦੀਪ ਹੁੱਡਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮ ‘ਵੈਡਿੰਗ ਮਾਨਸੂਨ’ ਨਾਲ ਸਾਲ 2001 ਵਿਚ ਕੀਤੀ ਸੀ। ਉਸ ਦੀ ਇਕ ਹੋਰ ਫਿਲਮ ‘ਤੇਰਾ ਕਯਾ ਹੋਗਾ ਲਵਲੀ’ ਵੀ ਮਾਰਚ ਮਹੀਨੇ ਹੀ ਰਿਲੀਜ਼ ਹੋਈ ਪਰ ਇਸ ਦੀ ਬਹੁਤੀ ਚਰਚਾ ਨਹੀਂ ਹੋਈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 25210 century oaks Cir Castro valley, CA , 94552
2. 15583 via vega San Lorenzo, CA, 94580
3. 2478 Shield Dr Union city CA 94587
4. 3626 Platt ct S Pleasanton CA 94588
5. 1401 Angus St Patterson, CA, 95363
6. 1548 Spring St Mountain View, CA, 94043
7. 1978 Catalpa Way Hayward, CA, 94545
8. 298 Churchill Pl Gilroy, CA, 95020
9. 4294 Comet Cir Union City, CA, 94587
10. 2793 San Minete Dr Livermore, CA, 94550
11. 383 Sedgefield Ave San Ramon, CA, 94583
12. 728 City Walk Pl APT 6 Hayward, CA, 94541
13. 4153 Settlers Ridge way Roseville, CA, 95747
14. 5163 Westport Way Union City, CA, 94587

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095